Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼


Punjab Times, Vol 13, Issue 48, December 1st, 2012
20451 N Plum Grove Rd. Palatine, IL 60074
Ph:847-359-0746, Fax:847-705-9388

## ਗਰਮਖਿਆਲੀਏ ਪੰਜਾਬ ਦੇ ਚੋਣ ਪਿੜ 'ਚੋਂ ਬਾਹਰ

### ਦੋ ਦਹਾਕਿਆਂ 'ਚ ਨਾਕਾਮੀ ਪੱਲੇ ਪਈ | ਬਦਲਵੀਂ ਸਿਆਸਤ ਦੇਣ 'ਚ ਅਸਫਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀ ਚੋਣ ਸਿਆਸਤ ਦੇ ਪਿੜ ਵਿਚੋਂ ਗਰਮਖਿਆਲੀ ਬਾਹਰ ਹੋ ਗਏ ਹਨ। ਦੋ ਦਹਾਕਿਆਂ ਤੱਕ ਲੋਕਾਂ ਦਾ ਧਿਆਨ ਖਿੱਚਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਤੇ ਉਸ ਤੋਂ ਬਾਅਦ ਵਿਧਾਨ ਸਭਾ ਚੋਣਾਂ 'ਚ ਬੇਹੱਦ ਮਾੜੀ ਕਾਰਗੁਜ਼ਾਰੀ ਨੂੰ ਵੇਖਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਚੋਣ ਅਮਲ ਤੋਂ ਬਾਹਰ ਹੋਣ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਇਕ ਹੋਰ ਗਰਮਖਿਆਲੀ ਧੜੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੇ ਚੋਣ ਸਿਆਸਤ ਤੋਂ ਲਾਂਭੇ ਹੋਣ ਦੇ ਸੰਕੇਤ ਦਿੱਤੇ ਸਨ।

ਅਸਲ ਵਿਚ ਗਰਮਖਿਆਲੀ ਜਥੇਬੰਦੀਆਂ ਪੰਜਾਬ 'ਤੇ ਵਾਰੋ-ਵਾਰੀ ਰਾਜ ਕਰਨ ਵਾਲੀਆਂ ਦੋ ਵੱਡੀਆਂ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ (ਬ) ਤੇ ਕਾਂਗਰਸ ਦੀ ਮੁਖਾਲਫ਼ਤ ਤਾਂ ਜ਼ੋਰ-ਸ਼ੋਰ ਨਾਲ ਕਰਦੀਆਂ ਰਹੀਆਂ ਪਰ ਉਨ੍ਹਾਂ ਦੇ ਮੁਕਾਬਲੇ ਲੋਕਾਂ ਨੂੰ ਕੋਈ ਵੀ ਠੋਸ ਪ੍ਰੋਗਰਾਮ ਨਾ ਦੇ ਸਕੀਆਂ। ਦੋ ਦਹਾਕਿਆਂ ਦੌਰਾਨ ਇਨ੍ਹਾਂ ਨੇ ਦਫਤਰਾਂ ਵਿਚ ਬੈਠ ਕੇ ਧਾਰਮਿਕ ਮਾਮਲਿਆਂ ਨੂੰ ਆਧਾਰ ਬਣਾ ਕੇ ਹੀ ਸਿਆਸਤ ਕਰਨ 'ਤੇ ਜ਼ੋਰ ਦਿੱਤਾ ਅਤੇ ਹੇਠਲੇ ਪੱਧਰ 'ਤੇ ਆਮ ਲੋਕਾਂ ਤੱਕ ਕੋਈ ਪਹੁੰਚ ਨਾ ਕੀਤੀ। ਹੋਰ ਤਾਂ ਹੋਰ ਧਾਰਮਿਕ ਮਸਲਿਆਂ 'ਤੇ ਵੀ ਉਹ ਸਿੱਖਾਂ ਦੀ ਸਹੀ ਨੁਮਾਇੰਦਗੀ ਨਾ ਕਰ ਸਕੇ।

### ਪੰਥਕ ਮੋਰਚਾ ਖੇਰੂੰ-ਖੇਰੂੰ?

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਇਸ ਵਾਰ ਪੰਥਕ ਮੋਰਚੇ ਦਾ ਸਾਥ ਦੇਣ ਦੇ ਰੌਂਅ ਵਿਚ ਨਹੀਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਸਿਆਸੀ ਬਦਲਾਅ ਲਿਆਉਣ ਲਈ ਮਿਹਨਤ ਕਰਨੀ ਪੈਂਦੀ ਹੈ ਜਦੋਂਕਿ ਪੰਥਕ ਮੋਰਚਾ ਚੋਣਾਂ ਦੇ ਨੇੜੇ ਆ ਕੇ ਜਾਗ ਪੈਂਦਾ ਹੈ ਅਤੇ ਉਹ ਮੋਰਚੇ ਦੀ ਇਸ ਰਾਜਨੀਤੀ ਨਾਲ ਸਹਿਮਤ ਨਹੀਂ ਹਨ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਪਰਮਜੀਤ


*(ਬਾਕੀ ਸਫਾ 6 'ਤੇ)*

ਉਂਜ ਵੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਗਰਮਖਿਆਲੀਆਂ ਜਿਨ੍ਹਾਂ ਵਿਚ ਦਲਜੀਤ ਸਿੰਘ ਬਿੱਟੂ ਮੁੱਖ ਹਨ, ਨੂੰ ਜੇਲ੍ਹਾਂ ਵਿਚ ਡੱਕੀ ਰੱਖਣ ਦੀ ਅਪਨਾਈ ਰਣਨੀਤੀ ਨੇ ਇਨ੍ਹਾਂ ਦੀਆਂ ਸਰਗਰਮੀਆਂ ਠੱਪ ਕਰ ਕੇ ਰੱਖ ਦਿੱਤੀਆਂ। ਸੁਖਬੀਰ ਬਾਦਲ ਨੇ ਕਿਸੇ ਨਾ ਕਿਸੇ ਕੇਸ 'ਚ ਉਲਝਾ ਕੇ ਗਰਮਖਿਆਲੀ ਆਗੂਆਂ ਨੂੰ ਜੇਲ੍ਹ ਵਿਚੋਂ ਬਾਹਰ ਹੀ ਨਹੀਂ ਆਉਣ ਦਿੱਤਾ ਜਿਸ ਕਰ ਕੇ ਇਨ੍ਹਾਂ ਦਾ ਰਹਿੰਦਾ-ਖੂੰਹਦਾ ਤਾਣਾਬਾਣਾ ਵੀ ਟੁੱਟ ਗਿਆ। ਹੁਣ ਹਾਲਾਤ ਇਹ ਬਣ ਗਏ ਸਨ ਕਿ ਗਰਮਖਿਆਲੀ ਧਿਰਾਂ ਨੂੰ ਚੋਣ ਲੜਾਉਣ ਲਈ ਉਮੀਦਵਾਰ ਹੀ ਨਹੀਂ ਲੱਭ ਰਹੇ ਸਨ ਤੇ ਜੇ ਕੋਈ ਉਮੀਦਵਾਰ ਖੜ੍ਹਾ ਹੋ ਵੀ ਜਾਂਦਾ ਸੀ ਤਾਂ ਉਸ ਦੀ ਜ਼ਮਾਨਤ ਜ਼ਬਤ ਹੋ ਜਾਂਦੀ ਅਤੇ ਨਾਲ ਹੀ ਉਹ ਚੋਣ ਲੜਨ ਪਿਛੋਂ ਕੰਗਾਲ ਹੋ ਜਾਂਦਾ।

ਅਜਿਹੇ ਹਾਲਾਤ ਨੂੰ ਵੇਖਦਿਆਂ ਹੀ ਗਰਮਖਿਆਲੀਆਂ ਨੇ ਮਹਿਸੂਸ ਕੀਤਾ ਹੈ ਕਿ ਚੋਣ ਸਿਆਸਤ 'ਚ ਉਨ੍ਹਾਂ ਦੀ ਦਾਲ ਨਹੀਂ ਗਲਣੀ। ਅਕਾਲੀ ਦਲ (ਪੰਚ ਪ੍ਰਧਾਨੀ) ਤੇ ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਵੀ ਚੋਣ ਪਿੜ ਛੱਡਣ ਤੋਂ ਬਾਅਦ ਹੁਣ ਚੋਣ

*(ਬਾਕੀ ਸਫਾ 6 'ਤੇ)*

## ਡੇਰਾ ਪ੍ਰੇਮੀਆਂ ਤੇ ਸਿੱਖਾਂ ਦਰਮਿਆਨ ਟਕਰਾਅ



*ਡੇਰਾ ਪ੍ਰੇਮੀਆਂ ਵੱਲੋਂ ਉਲਟਾਈ ਗੱਡੀ ਦੀ ਤਸਵੀਰ।*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿਰਸਾ ਵਿਚ ਡੇਰਾ ਪ੍ਰੇਮੀਆਂ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵਿਚਾਲੇ ਹੋਏ ਟਕਰਾਅ ਦੌਰਾਨ ਇਕ ਗੱਲ ਖੁੱਲ੍ਹ ਕੇ ਸਾਹਮਣੇ ਆਈ ਹੈ ਕਿ ਡੇਰਾ ਪ੍ਰੇਮੀ ਹੁਣ ਚੁੱਪਚਾਪ ਆਪਣੇ ਰਾਹ ਤੁਰਨ ਦੀ ਬਜਾਏ ਉਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਟੱਕਰ ਦੇਣ ਲਈ ਤਿਆਰ ਹੋ ਗਏ ਹਨ। ਇਸ ਵਾਰ ਹੋਏ ਟਕਰਾਅ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਸਮੇਤ ਛੇ ਜਣੇ ਫੱਟੜ ਹੋ ਗਏ।

ਅਸਲ ਵਿਚ ਡੇਰਾ ਮੁਖੀ ਰਾਮ ਰਹੀਮ ਸਿੰਘ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਦੇ ਮਾਮਲੇ 'ਤੇ ਸਿੱਖ ਜਥੇਬੰਦੀਆਂ ਨੇ ਉਸ ਦਾ ਸਖ਼ਤ ਵਿਰੋਧ ਕੀਤਾ ਸੀ ਅਤੇ ਡੇਰਿਆਂ ਵਿਚ ਹੁੰਦੇ ਐਤਵਾਰ ਦੇ ਸਮਾਗਮ ਵੀ ਬੰਦ ਕਰਵਾ ਦਿੱਤੇ ਸਨ। ਇਸ ਨਾਲ ਡੇਰੇ ਦੀ ਸਰਗਰਮੀਆਂ ਠੱਪ ਹੋ ਕੇ ਰਹਿ ਗਈਆਂ ਸਨ। ਵਿਧਾਨ ਸਭਾ ਚੋਣ ਵਿਚ ਡੇਰਾ ਮੁਖੀ ਵੱਲੋਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬ) ਨਾਲ ਨੇੜਤਾ ਬਣਾ ਕੇ ਆਪਣੇ 'ਕਾਰੋਬਾਰ' ਨੂੰ ਮੁੜ ਰੇੜ੍ਹਨ ਦਾ ਰਾਹ ਮੋਕਲਾ ਕਰ ਲਿਆ ਸੀ। ਇਸ ਤੋਂ ਬਾਅਦ ਬੜੀ ਵਿਉਂਤਬੰਦੀ ਨਾਲ ਐਤਵਾਰ ਦੇ ਸਮਾਗਮ ਹੋਣ ਲੱਗੇ ਤੇ ਵਿਰੋਧ ਕਰਨ ਵਾਲਿਆਂ ਨਾਲ ਵੀ ਡੇਰਾ ਪ੍ਰੇਮੀਆਂ ਨੇ ਸ਼ਰੇਆਮ ਵੰਗਾਰਿਆ ਤੇ ਲਗਾਤਾਰ ਟਕਰਾਅ ਹੁੰਦੇ ਰਹੇ।

ਤਾਜ਼ਾ ਘਟਨਾ ਵਿਚ ਡੇਰਾ ਪ੍ਰੇਮੀਆਂ ਵੱਲੋਂ

*(ਬਾਕੀ ਸਫਾ 6 'ਤੇ)*

REAL ESTATE & HOME LOANS

ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21
M&M and Associates
209.918.6464
ahundal@c21mm.com
605 Standiford Ave, Ste D • Modesto, CA 95350
SFR SHORT SALES & FORECLOSURE RESOURCE
CDPE CERTIFIED DISTRESSED PROPERTY EXPERT
MASTERS emerald

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਅਮਰੀਕਾ ਦੀ ਕਬੱਡੀ ਟੀਮ ਵਿਸ਼ਵ ਕੱਪ ਲਈ ਤਿਆਰ-ਬਰ-ਤਿਆਰ

**ਫਰਿਜ਼ਨੋ (ਬਿਊਰੋ):** ਪੰਜਾਬ ਵਿਚ ਪਹਿਲੀ ਦਸੰਬਰ ਤੋਂ ਸ਼ੁਰੂ ਹੋ ਰਹੇ ਵਰਲਡ ਕਬੱਡੀ ਕੱਪ 'ਚ ਸ਼ਾਮਿਲ ਹੋਣ ਵਾਲੀ ਅਮਰੀਕਾ ਦੀ ਕਬੱਡੀ ਟੀਮ ਪੂਰੀ ਤਰ੍ਹਾਂ ਤਿਆਰ ਹੈ। ਟੀਮ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਪੰਜਾਬ ਐਂਟਰਟੇਂਨਮੈਂਟ ਐਂਡ ਸਪੋਰਟਸ ਕਲੱਬ ਯੂ.ਐਸ.ਏ. ਅਤੇ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਦੇ ਅਹੁਦੇਦਾਰਾਂ ਦੀ



*ਮੀਟਿੰਗ ਤੋਂ ਬਾਅਦ ਦੋਹਾਂ ਕਲੱਬਾਂ ਦੇ ਮੈਂਬਰ*

ਇਕ ਹੰਗਾਮੀ ਮੀਟਿੰਗ ਇੰਡੀਆ ਓਵਨ ਰੈਸਟੋਰੈਂਟ 'ਚ ਹੋਈ ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੇਅਰਮੈਨ ਹੈਰੀ ਗਿੱਲ ਨੇ ਕੀਤੀ।

ਮੀਟਿੰਗ ਤੋਂ ਬਾਅਦ ਐਂਟਰਟੇਂਨਮੈਂਟ ਐਂਡ ਸਪੋਰਟਸ ਕਲੱਬ ਯੂਐਸਏ ਦੇ ਪ੍ਰਧਾਨ ਅਤੇ ਸ਼੍ਰੋਮਣੀ ਯੂਥ ਅਕਾਲੀ ਦਲ ਕੈਲੀਫੋਰਨੀਆ ਦੇ ਸੀਨੀਅਰ ਮੀਤ ਪ੍ਰਧਾਨ ਵਿਨੈ ਵੋਹਰਾ ਅਤੇ ਚੇਅਰਮੈਨ ਗੁਰਮੀਤ ਸਿੰਘ ਗਾਜੀਆਣਾ ਨੇ ਦੱਸਿਆ ਕਿ ਸਾਡੀ ਕਬੱਡੀ ਟੀਮ 'ਚ ਬਹੁਤ ਹੀ ਨਾਮਵਰ ਖਿਡਾਰੀ ਸ਼ਿਰਕਤ ਕਰਨਗੇ, ਸਾਨੂੰ ਪੂਰੀ ਉਮੀਦ ਹੈ ਕਿ ਇਸ ਵਾਰ ਵਰਲਡ ਕਬੱਡੀ ਕੱਪ ਅਸੀਂ ਜਿੱਤਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੌਡੀਆਂ ਦੀ ਖੇਡ ਕਬੱਡੀ ਨੂੰ ਕਰੋੜਾਂ ਦੀ ਖੇਡ ਬਣਾਇਆ ਹੈ। ਇਸ ਲਈ ਅਸੀਂ ਸਾਰੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਕਰੋੜਾਂ ਦੇ ਪ੍ਰੋਜੈਕਟ ਅਰੰਭੇ ਹਨ।

ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਅਜੀਤ ਸਿੰਘ ਗਿੱਲ (ਡਾਇਮੰਡ ਸਪੋਰਟਸ ਕਲੱਬ), ਹਰਪ੍ਰੀਤ ਸਿੰਘ ਸਿੱਧੂ (ਚੇਅਰਮੈਨ ਯੂਥ ਅਕਾਲੀ ਦਲ ਕੈਲੀਫੋਰਨੀਆ), ਟੋਨੀ ਗਿੱਲ (ਸੀਨੀਅਰ ਮੀਤ ਪ੍ਰਧਾਨ ਯੂਥ ਅਕਾਲੀ ਦਲ, ਕੈਲੀਫੋਰਨੀਆ), ਵਿਕਰਮ ਵੋਹਰਾ (ਮੀਤ ਪ੍ਰਧਾਨ ਯੂਥ ਅਕਾਲੀ ਦਲ, ਕੈਲੀਫੋਰਨੀਆ), ਅਮਰੀਕ ਸਿੰਘ (ਸਕੱਤਰ ਪੰਜਾਬ ਐਂਟਰਟੇਂਨਮੈਂਟ ਕਲੱਬ), ਪੁਨੀਤ ਅਰੋੜਾ, ਸੁਪਨਦੀਪ ਭੁੱਲਰ, ਕਰਨੈਲ ਸਿੰਘ, ਡਾ. ਬਲਦੇਵ ਸਿੰਘ ਭੰਗੂ, ਗੁਰਪ੍ਰੀਤ ਸਿੰਘ ਸਰਾਏ, ਪਵਨਦੀਪ ਸਿੰਘ ਸਰਾਏ, ਚਰਨਜੀਤ ਸਿੰਘ ਮਾਂਗਟ, ਨਵਤੇਜ ਸਿੰਘ, ਸ਼ੰਮੀ ਸੋਢੀ, ਰਾਜਪਾਲ ਸਿੰਘ ਰਾਇਕਾ, ਅਵਤਾਰ ਸਿੰਘ ਗਿੱਲ, ਜਗਜੀਤ ਕਾਉਂਕੇ, ਇੰਦਰਜੀਤ ਸਿੰਘ ਬੱਲੂ, ਇੰਦਰਜੀਤ ਸਿੰਘ ਨਾਗਰਾ, ਕੁਲਵੰਤ ਸਿੰਘ ਖਹਿਰਾ (ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਮਰੀਕਾ), ਮੰਗਲ ਸਿੰਘ ਭੰਡਾਲ ਅਤੇ ਕੁਲਦੀਪ ਸਿੰਘ ਸੇਖੋਂ ਹਾਜ਼ਰ ਸਨ।


## ਘਰ ਖਰੀਦਣਾ ਹੈ ਜਾਂ ਵੇਚਣਾ!

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

ਫੋਨ:209-856-2131



Jarnail Singh Lallria
Broker Associate
DRE#01440382

Century 21
M&M AND ASSOCIATES
Each office is independently owned and operated.

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

2995 "R" Street, Suite # 102, Merced, CA 95348



## Pacific Coast Law Firm P.C.

A Professional Corporation

2351 W. March Lane, Ste A, Stockton, CA 95207
704 I Street, Ste B, Modesto, CA 95253

(209) 475-6001

**DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)**
* Child Custody/Visitation
* Child Support
* Spousal Support/Alimony
* Property Division
* Restraining Orders
* Guardianships

**IMMIGRATION LAW (ਇਮੀਗਰੇਸ਼ਨ ਲਾਅ)**
* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

**BANKRUPTCY (ਬੈਂਕਰਪਸੀ)**
* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

**WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)**
· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

**TAX LAW (ਟੈਕਸ ਲਾਅ)**
* Offers In Compromise * Payment Plans

**SOCIAL SECURITY & VETERAN DISABILITY (ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)**
* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*




# ਓਬਾਮਾ ਪ੍ਰਸ਼ਾਸਨ ਨੂੰ ਪਟੀਸ਼ਨ www.wh.gov/XZj1

(Note: The web address is case sensitive)

# "ਸਿੱਖ ਨਸਲਕੁਸ਼ੀ" ਨੂੰ ਮਾਨਤਾ ਦਿੱਤੀ ਜਾਵੇ

## ਨਵੰਬਰ 1984 ਦੌਰਾਨ ਭਾਰਤ ਵਿੱਚ 30,000 ਤੋਂ ਵੱਧ ਦਾ ਕਤਲੇਆਮ – "ਹਾਂ ਇਹ ਨਸਲਕੁਸ਼ੀ ਹੈ"

# 15 ਦਸੰਬਰ, 2012 ਤੱਕ 25000 ਦਸਤਖ਼ਤਾਂ ਦੀ ਜਰੂਰਤ

### ਅਸੀਂ ਓਬਾਮਾ ਪ੍ਰਸ਼ਾਸਨ ਨੂੰ ਪਟੀਸ਼ਨ ਦਿੰਦੇ ਹਾਂ ਤਾਂ ਜੋ –

"ਸਿੱਖ ਨਸਲਕੁਸ਼ੀ" ਨੂੰ ਮਾਨਤਾ ਦਿੱਤੀ ਜਾਵੇ - ਨਵੰਬਰ 1984 ਦੌਰਾਨ ਭਾਰਤ ਵਿੱਚ 30,000 ਤੋਂ ਵੱਧ ਦਾ ਕਤਲੇਆਮ - "ਹਾਂ ਇਹ ਨਸਲਕੁਸ਼ੀ ਹੈ"

ਨਵੰਬਰ 1984 ਦੌਰਾਨ ਭਾਰਤ ਦੀ ਕਾਂਗਰਸ ਪਾਰਟੀ ਨੇ ਸਿੱਖ ਭਾਈਚਾਰੇ ਦਾ ਨਾਮੋ ਨਿਸ਼ਾਨ ਮਿਟਾਉਣ ਦੇ ਇਰਾਦੇ ਨਾਲ ਯੋਜਨਾ-ਬੱਧ ਤਰੀਕੇ ਨਾਲ ਹਿੰਸਾ ਫੈਲਾਈ ਜਿਸ ਦੇ ਨਤੀਜੇ ਵਜੋਂ 30,000 ਤੋਂ ਵੱਧ ਕਤਲੇਆਮ ਹੋਇਆ, ਔਰਤਾਂ ਨਾਲ ਬਲਾਤਕਾਰ ਹੋਇਆ, ਗੁਰਦੁਆਰੇ ਸਾੜ ਦਿੱਤੇ ਗਏ ਤੇ 300,000 ਤੋਂ ਵੱਧ ਲੋਕ ਬੇਘਰ ਹੋ ਗਏ। ਸਿੱਖਾਂ ਦੇ ਖਿਲਾਫ ਇਸ ਯੋਜਨਾ-ਬੱਧ ਹਿੰਸਾ ਨੂੰ ਭਾਰਤ ਸਰਕਾਰ ਵਲੋਂ ਸਿੱਖ ਵਿਰੋਧੀ ਦੰਗੇ ਦਾ ਨਾਂਅ ਦੇ ਕੇ ਛੁਪਾਇਆ ਗਿਆ।

ਨਵੰਬਰ 1984 ਦੌਰਾਨ ਸਿੱਖ ਜਾਨਾਂ, ਜਾਇਦਾਦਾਂ ਤੇ ਧਾਰਮਿਕ ਸਥਾਨਾਂ 'ਤੇ ਜਾਣ-ਬੁੱਝਕੇ ਯੋਜਨਾ-ਬੱਧ ਤਰੀਕੇ ਨਾਲ ਕੀਤੇ ਗਏ ਹਮਲੇ "ਨਸਲਕੁਸ਼ੀ" ਅਪਰਾਧ ਹੈ ਜਿਵੇਂ ਕਿ 18 ਯੂ ਐਸ ਸੀ 1091 ਅਤੇ ਨਸਲਕੁਸ਼ੀ ਬਾਰੇ ਯੂ. ਐਨ. ਕਨਵੈਨਸ਼ਨ ਦੀ ਧਾਰਾ 2 ਵਿਚ ਦਰਸਾਇਆ ਗਿਆ ਹੈ।

ਨਵੰਬਰ 1984 ਦੌਰਾਨ ਕਤਲ ਕੀਤੇ ਗਏ ਸਿੱਖਾਂ ਦੀਆਂ ਵਿਆਪਕ ਕਬਰਗਾਹਾਂ ਦੇ 2011-12 ਵਿਚ ਭਾਰਤ ਭਰ ਵਿਚ ਹੋਏ ਖੁਲਾਸੇ ਇਸ ਗੱਲ ਦੇ ਪੱਕੇ ਤੇ ਨਾ-ਝੁਠਲਾਉਣ ਯੋਗ ਸਬੂਤ ਹਨ ਕਿ 1984 ਵਿਚ ਸਿੱਖਾਂ ਖਿਲਾਫ ਹਿੰਸਾ ਨਸਲਕੁਸ਼ੀ ਸੀ।



# 28 ਨਵੰਬਰ ਨੂੰ ਗੁਰਪੁਰਬ ਦੇ ਸਮਾਗਮਾਂ ਦੌਰਾਨ ਅਤੇ 2 ਦਸੰਬਰ ਨੂੰ ਵੱਖ-ਵੱਖ ਗੁਰੂ ਘਰਾਂ ਵਿੱਚ ਨਸਲਕੁਸ਼ੀ ਪਟੀਸ਼ਨ ਸਾਈਨ ਕਰਨ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ

## ਤੁਸੀਂ ਖੁਦ ਵੀ online ਜਾ ਕੇ ਪਟੀਸ਼ਨ ਸਾਈਨ ਕਰ ਸਕਦੇ ਹੋ: www.wh.gov/XZj1

(Note: The web address is case sensitive)

SIKHS FOR JUSTICE
A HUMAN RIGHTS ADVOCACY GROUP

## ਤੁਸੀਂ ਸਾਥ ਦੇਵੋ, ਅਸੀਂ ਵਚਨਵੱਧ ਹਾਂ

WWW.SIKHSFORJUSTICE.ORG E: SUPPORT@SIKHSFORJUSTICE.ORG

EMPIRE STATE BUILDING
350 FIFTH AVE., 59TH FLOOR
NEW YORK, NY 10118

# ਰਾਸ਼ਟਰਪਤੀ ਬਰਾਕ ਓਬਾਮਾ ਨੂੰ 'ਸਿੱਖ ਨਸਲਕੁਸ਼ੀ ਪਟੀਸ਼ਨ'

## *15 ਦਸੰਬਰ 2012 ਤੱਕ 25,000 ਦਸਤਖਤਾਂ ਦੀ ਲੋੜ*

**ਫਰੀਮਾਂਟ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਭਾਰਤ ਵਿਚ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ 'ਨਸਲਕੁਸ਼ੀ' ਵਜੋਂ ਮਾਨਤਾ ਦੇਣ ਲਈ ਓਬਾਮਾ ਪ੍ਰਸ਼ਾਸਨ ਨੂੰ ਅਪੀਲ ਕਰਨ ਵਾਸਤੇ ਇਕ ਆਨਲਾਈਨ ਪਟੀਸ਼ਨ ਸ਼ੁਰੂ ਕੀਤੀ ਹੈ।

ਇਸ ਪਟੀਸ਼ਨ 'ਤੇ ਵਾਈਟ ਹਾਊਸ ਦੀ ਵੈਬਸਾਈਟ www.wh.gov/XZj1 'ਤੇ ਜਾ ਕੇ ਦਸਤਖਤ ਕੀਤੇ ਜਾ ਸਕਦੇ ਹਨ। ਸਰਕਾਰ ਦੀ ਨੀਤੀ ਅਨੁਸਾਰ 15 ਦਸੰਬਰ ਤੱਕ ਇਸ ਪਟੀਸ਼ਨ 'ਤੇ 25,000 ਦਸਤਖਤਾਂ ਦੀ ਲੋੜ ਹੈ ਫਿਰ ਹੀ ਰਾਸ਼ਟਰਪਤੀ ਇਸ ਦਾ ਜਵਾਬ ਦੇਣਗੇ।

ਸਿੱਖਸ ਫਾਰ ਜਸਟਿਸ ਦੀ ਕੋਆਰਡੀਨੇਸ਼ਨ ਕਮੇਟੀ ਨੇ ਅਮਰੀਕਾ ਵਿਚ ਰਹਿ ਰਹੇ ਸਿੱਖ ਭਾਈਚਾਰੇ ਨੂੰ ਆਨਲਾਈਨ ਜਾ ਕੇ ਇਸ ਪਟੀਸ਼ਨ 'ਤੇ ਦਸਤਖਤ ਕਰਨ ਲਈ ਅਪੀਲ ਕਰਦਿਆਂ ਐਲਾਨ ਕੀਤਾ ਹੈ ਕਿ 28 ਨਵੰਬਰ ਨੂੰ ਗੁਰਪੁਰਬ ਸਮਾਰੋਹਾਂ ਅਤੇ 2 ਦਸੰਬਰ ਨੂੰ ਅਮਰੀਕਾ ਭਰ 'ਚ ਗੁਰਦੁਆਰਿਆਂ ਅੰਦਰ ਵਲੰਟੀਅਰ ਮੌਜੂਦ ਹੋਣਗੇ ਜੋ ਇਸ 'ਸਿੱਖ ਨਸਲਕੁਸ਼ੀ ਪਟੀਸ਼ਨ' 'ਤੇ ਸਿੱਖ ਭਾਈਚਾਰੇ ਦੇ ਦਸਤਖਤ ਲੈਣਗੇ।

ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਓਬਾਮਾ ਪ੍ਰਸ਼ਾਸਨ ਨੂੰ ਪਟੀਸ਼ਨ ਦੇਣਾ ਸਿੱਖ ਭਾਈਚਾਰੇ ਲਈ ਇਕ ਵਿਲੱਖਣ ਮੌਕਾ ਹੈ ਤਾਂ ਜੋ ਨਵੰਬਰ 1984 'ਸਿੱਖ ਨਸਲਕੁਸ਼ੀ' ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ ਤੇ ਇਸ ਨੂੰ ਮਾਨਤਾ ਦਿਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪਟੀਸ਼ਨ ਅਮਰੀਕੀ ਅਤੇ ਕੌਮਾਂਤਰੀ ਕਾਨੂੰਨ ਤਹਿਤ ਦਾਇਰ ਕੀਤੀ ਜਾ ਰਹੀ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਨਵੰਬਰ 1984 ਦੌਰਾਨ ਭਾਰਤ ਦੀ ਕਾਂਗਰਸ ਪਾਰਟੀ ਨੇ ਸਿੱਖ ਭਾਈਚਾਰੇ ਨੂੰ ਤਬਾਹ ਕਰਨ ਦੇ ਇਰਾਦੇ ਨਾਲ ਹਿੰਸਾ ਫੈਲਾਈ ਤੇ ਇਸ ਦੀ ਸਾਜਿਸ਼ ਰਚੀ ਜਿਸ ਦੇ ਸਿੱਟੇ ਵਜੋਂ 30,000 ਤੋਂ ਵੱਧ ਕਤਲ ਹੋਏ, ਔਰਤਾਂ ਦਾ ਬਲਾਤਕਾਰ ਹੋਇਆ, ਗੁਰਦੁਆਰੇ ਸਾੜ ਦਿੱਤੇ ਗਏ ਤੇ 300,000 ਤੋਂ ਵੱਧ ਲੋਕ ਬੇਘਰ ਹੋ ਗਏ। ਸਿੱਖਾਂ ਦੇ ਖਿਲਾਫ ਇਸ ਯੋਜਨਾਬੱਧ ਹਿੰਸਾ ਨੂੰ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਸਿੱਖ ਵਿਰੋਧੀ ਦੰਗਿਆਂ ਦਾ ਨਾਂ ਦੇ ਕੇ ਛੁਪਾਇਆ ਹੈ।

# ਕੁਲਵੰਤ ਸਿੰਘ ਵਲੋਂ ਸੈਨ ਹੋਜ਼ੇ ਗੁਰੂ ਘਰ ਦੇ ਕਮੇਟੀ ਮੈਂਬਰਾਂ ਵਿਰੁਧ ਦਾਇਰ ਕੇਸ ਖਾਰਜ

**ਸੈਨ ਹੋਜ਼ੇ (ਬਿਊਰੋ):** ਸੈਂਟਾ ਕਲਾਰਾ ਸੁਪੀਰੀਅਰ ਅਦਾਲਤ ਦੇ ਮਾਣਯੋਗ ਜੱਜ ਮੈਰੀ ਗਰੀਨਵੁੱਡ ਨੇ ਸੋਮਵਾਰ 26 ਨਵੰਬਰ ਨੂੰ ਦਿੱਤੇ ਇਕ ਅਹਿਮ ਫੈਸਲੇ ਵਿਚ ਸੈਨ ਹੋਜ਼ੇ ਵਾਸੀ ਕੁਲਵੰਤ ਸਿੰਘ ਵਲੋਂ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਸੱਤ ਮੈਂਬਰਾਂ ਖਿਲਾਫ ਰਿਸਟਰੇਨਿੰਗ ਆਰਡਰ ਲੈਣ ਲਈ ਦਰਜ਼ ਕਰਵਾਇਆ ਗਿਆ ਕੇਸ ਖਾਰਜ ਕਰ ਦਿੱਤਾ। ਇਸ ਕੇਸ ਵਿਚ ਇਹ ਵੀ ਮੰਗ ਕੀਤੀ ਗਈ ਸੀ ਕਿ ਇਨ੍ਹਾਂ 7 ਕਮੇਟੀ ਮੈਂਬਰਾਂ ਵਿਰੁਧ ਹੁਕਮ ਪਾਸ ਕੀਤੇ ਜਾਣ ਕਿ ਉਹ ਗੁਰਦੁਆਰਾ ਸੈਨ ਹੋਜ਼ੇ ਦੀ ਹਦੂਦ ਤੋਂ 300 ਫੁੱਟ ਦੂਰ ਰਹਿਣ।

ਜ਼ਿਕਰਯੋਗ ਹੈ ਕਿ ਬਚਾਓ ਪੱਖ ਅਨੁਸਾਰ ਬੀਤੀ 16 ਸਤੰਬਰ ਐਤਵਾਰ ਵਾਲੇ ਦਿਨ ਗੁਰੂ ਘਰ ਦੇ ਸਕੱਤਰ ਪ੍ਰੀਤਮ ਸਿੰਘ ਗਰੇਵਾਲ ਨੇ ਕੁਲਵੰਤ ਸਿੰਘ ਪਾਸੋਂ ਆਪਣੇ ਪਿਤਾ ਬਾਰੇ ਫੇਸ ਬੁੱਕ 'ਤੇ ਊਲ-ਜਲੂਲ ਲਿਖਤ ਬਾਰੇ ਪੁਛ-ਗਿੱਛ ਕੀਤੀ ਸੀ ਜਿਸ 'ਤੇ ਕੁਲਵੰਤ ਸਿੰਘ ਨੇ ਉਸ ਲਿਖਤ ਬਾਰੇ ਮੁਆਫੀ ਮੰਗੀ ਅਤੇ ਕਿਹਾ ਕਿ ਉਹ ਫਿਰ ਇਹੋ ਜਿਹਾ ਨਹੀਂ ਲਿਖੇਗਾ। ਸ. ਗਰੇਵਾਲ ਅਨੁਸਾਰ ਉਸ ਦਿਨ ਸਿਰਫ ਇੰਨੀ ਹੀ ਗੱਲ ਹੋਈ ਸੀ।



*ਕੁਲਵੰਤ ਸਿੰਘ*

ਬਚਾਓ ਪੱਖ ਨੇ ਦੋਸ਼ ਲਾਇਆ ਕਿ ਇਸ ਪਿਛੋਂ ਕੁਲਵੰਤ ਸਿੰਘ ਨੇ ਪੁਲਿਸ ਨੂੰ ਚਾਰ ਵਾਰ 911 'ਤੇ ਫੋਨ ਕੀਤਾ ਅਤੇ ਹਸਪਤਾਲ ਚਲਾ ਗਿਆ। ਉਸ ਨੇ ਪੁਲਿਸ ਰਿਪੋਰਟ ਲਿਖਵਾਈ ਕਿ ਉਸ ਦੇ ਮੋਢੇ 'ਤੇ ਸੱਟਾਂ ਮਾਰੀਆਂ ਗਈਆਂ ਹਨ। ਗੁਰਦੁਆਰਾ ਪ੍ਰਬੰਧਕਾਂ ਅਨੁਸਾਰ ਕੁਲਵੰਤ ਸਿੰਘ ਦੇ ਸਾਥੀ ਹਰਬੰਸ ਸਿੰਘ ਸਰਾਂ ਕੁਲਵੰਤ ਸਿੰਘ ਨੂੰ ਹਸਪਤਾਲ ਮਿਲਣ ਗਏ ਅਤੇ ਬਾਅਦ ਵਿਚ 15-20 ਹੋਰ ਸਾਥੀਆਂ ਸਮੇਤ ਕੁਲਵੰਤ ਸਿੰਘ ਨੂੰ ਪੁਲਿਸ ਦਫਤਰ ਲੈ ਕੇ ਗਏ। ਇਹ ਵੀ ਕਿਹਾ ਗਿਆ ਹੈ ਕਿ ਉਸੇ ਦਿਨ ਕੁਲਵੰਤ ਸਿੰਘ ਨੇ ਆਪਣੀ ਸੱਜੀ ਬਾਂਹ 'ਤੇ ਸਲਿੰਗ ਪਾ ਕੇ ਫੋਟੋ ਫੇਸ ਬੁੱਕ 'ਤੇ ਪਾਈ ਅਤੇ ਇੱਕ ਪੰਜਾਬੀ ਅਖਬਾਰ ਵਿਚ ਛਪਵਾਈ ਤਾਂ ਕਿ ਇੰਜ ਲੱਗੇ ਕਿ ਉਸ ਦੀ ਬਾਂਹ 'ਤੇ ਸੱਟ ਵੱਜੀ ਹੈ।

ਸੂਤਰਾਂ ਅਨੁਸਾਰ ਕੁਲਵੰਤ ਸਿੰਘ ਨੇ ਸੱਤ ਕਮੇਟੀ ਮੈਂਬਰਾਂ ਖਿਲਾਫ ਰਿਸਟਰੇਨਿੰਗ ਆਰਡਰ ਲੈਣ ਲਈ ਦੋ ਵਕੀਲ ਕਰਕੇ ਅਦਾਲਤ ਵਿਚ ਲੰਘੀ 20 ਸਤੰਬਰ ਨੂੰ ਕੇਸ ਦਰਜ ਕਰਵਾ ਦਿੱਤਾ। ਅਦਾਲਤ ਵਿਚ 6 ਦਿਨ ਚੱਲੀ ਸੁਣਵਾਈ ਦੌਰਾਨ ਕੁਲਵੰਤ ਸਿੰਘ ਦੇ ਸਾਥੀ-ਗੁਰਦੁਆਰਾ ਸੁਧਾਰ ਕਮੇਟੀ ਦੇ ਲੀਡਰ ਤਰਲੋਚਨ ਸਿੰਘ ਨਾਹਲ, ਗੁਰਮੇਲ ਸਿੰਘ ਬਾਠ, ਭੁਪਿੰਦਰ ਸਿੰਘ ਚੀਮਾ ਅਤੇ ਹਰਬੰਸ ਸਿੰਘ ਸਰਾਂ ਤੋਂ ਇਲਾਵਾ ਬਲਬੀਰ ਸਿੰਘ ਢਿੱਲੋਂ, ਜਸਕਰਨ ਸਿੰਘ ਦਿਉਲ, ਕੁਲਵੰਤ ਕੌਰ ਚਾਹਲ ਆਦਿ ਜਾਂਦੇ ਰਹੇ। ਜਸਪਾਲ ਸਿੰਘ ਸੈਣੀ ਅਤੇ ਤਰਲੋਚਨ ਸਿੰਘ ਨਾਹਲ ਅਤੇ ਕੁਲਵੰਤ ਕੌਰ ਚਾਹਲ ਨੇ ਗਵਾਹੀਆਂ ਵੀ ਦਿੱਤੀਆਂ। ਕੁਲਵੰਤ ਸਿੰਘ ਨੇ ਅੰਮ੍ਰਿਤ ਛਕੇ ਹੋਣ ਅਤੇ ਮਿਸ਼ਨਰੀ ਹੋਣ ਦਾ ਦਾਅਵਾ ਕਰਕੇ ਕਿਹਾ ਕਿ ਉਹ ਝੂਠ ਨਹੀਂ ਬੋਲਦਾ।

ਮਾਣਯੋਗ ਜੱਜ ਮੈਰੀ ਗਰੀਨਵੁੱਡ ਨੇ ਦੋਹਾਂ ਪੱਖਾਂ ਦੀਆਂ ਦਲੀਲਾਂ ਸੁਣਨ ਉਪਰੰਤ ਕੇਸ ਖਾਰਜ ਕਰ ਦਿੱਤਾ। ਕੁਲਵੰਤ ਸਿੰਘ ਨੇ ਦਰਜ ਕਰਵਾਏ ਕੇਸ ਵਿਚ ਦਾਅਵਾ ਕੀਤਾ ਸੀ ਕਿ 16 ਸਤੰਬਰ 2012 ਵਾਲੇ ਦਿਨ ਪ੍ਰੀਤਮ ਸਿੰਘ ਗਰੇਵਾਲ ਨੇ ਉਸ ਦੀ ਛਾਤੀ 'ਤੇ ਹੱਥ ਰੱਖਿਆ ਅਤੇ ਕਮੀਜ਼ ਪਾੜ ਦਿੱਤੀ, ਸਰਬਜੋਤ ਸਿੰਘ ਸਵੱਦੀ ਅਤੇ ਬਹਾਦਰ ਸਿੰਘ ਦਿਉਲ ਨੇ ਉਸ ਦੀ ਪਿੱਠ 'ਤੇ ਮਾਰਿਆ, ਕਿਰਪਾਲ ਸਿੰਘ ਅਟਵਾਲ ਨੇ ਉਸ ਦੀ ਖੱਬੀ ਅੱਖ 'ਤੇ ਮੁੱਕਾ ਮਾਰਿਆ, ਪ੍ਰੀਤਮ ਸਿੰਘ ਦੇ ਲੜਕੇ ਦੇਵ ਗਰੇਵਾਲ ਨੇ ਉਸ ਦੀ ਖੱਬੀ ਲੱਤ 'ਤੇ ਮਾਰਿਆ, ਰਾਜੂ ਪਵਾਰ ਨੇ ਉਸ ਦਾ ਰਾਹ ਰੋਕਿਆ ਅਤੇ ਧੱਕੇ ਮਾਰੇ ਅਤੇ ਸੁਖਦੇਵ ਸਿੰਘ ਬੈਨੀਵਾਲ ਉਸ ਦੇ ਪਿੱਛੇ ਦੌੜਿਆ। ਬਚਾਓ ਪੱਖ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ।

## ਸਿੰਧੀ ਭਾਈਚਾਰੇ ਵਲੋਂ ਗੁਰੂ ਨਾਨਕ ਪ੍ਰਕਾਸ਼ ਦਿਹਾੜੇ 'ਤੇ ਸਮਾਗਮ

**ਸੈਨ ਫਰਾਂਸਿਸਕੋ (ਬਿਊਰੋ):** ਉਤਰੀ ਕੈਲੀਫੋਰਨੀਆ ਦੇ ਸਿੰਧੀ ਭਾਈਚਾਰੇ ਵਲੋਂ ਹੋਰ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਸ੍ਰੀ ਲਛਮਣ ਚੇਲਾਰਾਮ ਜੀ ਦੀ ਰਹਿਨੁਮਾਈ ਹੇਠ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 25 ਨਵੰਬਰ ਤੋਂ 4 ਦਸੰਬਰ ਤੱਕ ਫਰੀਮਾਂਟ, ਸੈਨ ਹੋਜ਼ੇ, ਸੈਨ ਫਰਾਂਸਿਸਕੋ ਅਤੇ ਲਾਸ ਏਂਜਲਸ ਵਿਚ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਅਤੇ ਹਰ ਰੋਜ਼ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਹੋਰ ਜਾਣਕਾਰੀ ਲਈ ਕਮਲ ਤੇ ਮੰਜੂ ਮੀਰਚੰਦਾਨੀ ਫੋਨ 510-657-4401, 510-648-0606, ਕਿਸ਼ਨ ਹਿੰਗੋਰਾਨੀ 949-857-5379 ਤੇ ਹਰੀ ਡਡਲਾਨੀ 562-569-8440 ਉਤੇ ਸੰਪਰਕ ਕੀਤਾ ਜਾ ਸਕਦਾ ਹੈ। ਸ੍ਰੀ ਲਛਮਣ ਚੇਲਾਰਾਮ ਜੀ ਨਾਲ ਅਮਰੀਕਾ ਵਿਚ ਸੰਪਰਕ ਫੋਨ 631-877-6400 ਉਤੇ ਹੋ ਸਕਦਾ ਹੈ।

## ਸਾਬਕਾ ਪੁਲਿਸ ਅਫ਼ਸਰ ਫੇਰੂਰਾਏ ਨੂੰ ਦੋ ਸਾਲ ਕੈਦ

**ਪਟਿਆਲਾ:** ਅਦਾਲਤ ਨੇ ਸਾਬਕਾ ਪੁਲੀਸ ਅਧਿਕਾਰੀ ਦਰਸ਼ਨ ਸਿੰਘ ਫੇਰੂਰਾਏ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਉਹ ਪੰਜਾਬ ਵਿਚ ਜ਼ਿਲ੍ਹਾ ਪੁਲਿਸ ਮੁਖੀ ਵਜੋਂ ਵੀ ਕਈ ਸਾਲ ਤਾਇਨਾਤ ਰਹੇ ਹਨ। ਸ. ਫੇਰੂਰਾਏ 'ਤੇ ਦੋਸ਼ ਸਨ ਕਿ ਉਨ੍ਹਾਂ ਆਪਣੀ ਪੁੱਤਰੀ ਨੂੰ ਪੀ.ਸੀ.ਐਸ. ਦੀ ਭਰਤੀ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਤਤਕਾਲੀਨ ਚੇਅਰਮੈਨ ਰਵਿੰਦਰਪਾਲ ਸਿੰਘ ਸਿੱਧੂ ਉਰਫ ਰਵੀ ਸਿੱਧੂ ਨਾਲ ਰਿਸ਼ਵਤ ਦਾ ਲੈਣ ਦੇਣ ਕੀਤਾ ਸੀ। ਰਵੀ ਸਿੱਧੂ ਕਾਂਡ ਦੇ ਉਜਾਗਰ ਹੋਣ ਮਗਰੋਂ ਇਥੇ ਵਿਜੀਲੈਂਸ ਬਿਊਰੋ ਪਟਿਆਲਾ ਵੱਲੋਂ 5 ਸਤੰਬਰ, 2002 ਨੂੰ ਮੁਕੱਦਮਾ ਦਰਜ ਕੀਤਾ ਗਿਆ ਸੀ।

ਜ਼ਿਲ੍ਹਾ ਪੁਲੀਸ ਮੁਖੀ ਅਹੁਦੇ ਤੋਂ ਸੇਵਾਮੁਕਤ ਹੋਏ ਇਸ ਅਧਿਕਾਰੀ ਨੂੰ ਅਦਾਲਤ ਵੱਲੋਂ ਦੋ ਸਾਲ ਦੀ ਕੈਦ ਦੀ ਸਜ਼ਾ ਦੇਣ ਤੋਂ ਇਲਾਵਾ 10 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਉਂਜ ਇਹ ਸਜ਼ਾ 3 ਸਾਲ ਤੋਂ ਘੱਟ ਹੋਣ ਕਾਰਨ ਅਦਾਲਤ ਨੇ ਜਾਤੀ ਮੁਚਲਕੇ 'ਤੇ ਉਸ ਨੂੰ ਰਿਹਾ ਕਰ ਦਿੱਤਾ।

## ਆਕਾਸ਼ਦੀਪ ਦਾ ਗੀਤ 'ਐਸੇ ਹਮਲੇ ਹੋਣ ਨਾ ਦੁਬਾਰਾ ਸਿੱਖਾਂ 'ਤੇ' ਚਰਚਾ 'ਚ

**ਫਰੀਮਾਂਟ (ਐਸ ਅਸ਼ੋਕ ਭੌਰਾ):** ਨਾਮਵਰ ਪੰਜਾਬੀ ਗਾਇਕ ਆਕਾਸ਼ਦੀਪ ਦਾ ਇਕ ਗੀਤ 'ਮਾਲਕਾ ਐਸੇ ਹਮਲੇ ਹੋਣ ਨਾ ਫਿਰ ਦੁਬਾਰਾ ਸਿੱਖਾਂ 'ਤੇ' ਅੱਜ ਕੱਲ੍ਹ ਬਹੁਤ ਚਰਚਾ ਵਿਚ ਹੈ। ਇਹ ਗੀਤ ਲੰਘੀ 5 ਅਗਸਤ ਨੂੰ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਇਕ ਸਿਰਫਿਰੇ ਜਨੂਨੀ ਵਲੋਂ ਗੋਲੀ ਚਲਾ ਕੇ ਛੇ ਸਿੱਖਾਂ ਨੂੰ ਮਾਰ ਦੇਣ ਅਤੇ ਹੋਰ ਕਈਆਂ ਨੂੰ ਜ਼ਖਮੀ ਕਰ ਦੇਣ ਦੀ ਗਾਥਾ ਨੂੰ ਰੂਪਮਾਨ ਕਰਦਾ ਹੈ।



ਆਕਾਸ਼ਦੀਪ ਅਨੁਸਾਰ ਇਹ ਗੀਤ ਦਲਬੀਰ ਭੁੱਲਰ ਦਾ ਲਿਖਿਆ ਹੋਇਆ ਹੈ ਤੇ ਸੰਗੀਤ ਅਮਨ ਅਰੋੜਾ ਦਾ ਹੈ। ਗੀਤ ਦੀ ਕੰਪੋਜੀਸ਼ਨ ਅਤੇ ਸ਼ਬਦਾਵਲੀ ਆਮ ਸਿੱਖ ਨੂੰ ਧੁਰ ਅੰਦਰ ਤੱਕ ਪ੍ਰਭਾਵਿਤ ਕਰਦੀ ਹੈ। ਇਹ ਗੀਤ ਯੂ ਟਿਊਬ ਉਤੇ ਵੀ ਸੁਣਿਆ ਜਾ ਸਕਦਾ ਹੈ। ਵੱਖ ਵੱਖ ਸਿੱਖ ਜਥੇਬੰਦੀਆਂ ਅਤੇ ਗੁਰੂ ਘਰਾਂ ਨੇ ਆਕਾਸ਼ਦੀਪ ਦੇ ਇਸ ਯਤਨ ਨੂੰ ਸਲਾਹਿਆ ਹੈ ਤੇ ਮਾਣ-ਸਨਮਾਨ ਦੇਣ ਦੀ ਗੱਲ ਆਖੀ ਹੈ।

## ਚੱਢਾ ਭਰਾਵਾਂ ਦੇ ਕਤਲ ਕੇਸ 'ਚ ਨਾਮਧਾਰੀ ਫਸਿਆ

**ਨਵੀਂ ਦਿੱਲੀ:** ਸ਼ਰਾਬ ਦੇ ਕਾਰੋਬਾਰੀ ਪੌਂਟੀ ਚੱਢਾ ਤੇ ਉਸ ਦੇ ਭਰਾ ਹਰਦੀਪ ਸਿੰਘ ਹੱਤਿਆ ਕਾਂਡ ਦੇ ਮਾਮਲੇ ਵਿਚ ਦਿੱਲੀ ਪੁਲਿਸ ਨੇ ਸੁਖਦੇਵ ਸਿੰਘ ਨਾਮਧਾਰੀ ਨੂੰ ਗ੍ਰਿਫਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਦਿੱਲੀ ਦੇ ਫਾਰਮ ਹਾਊਸ 'ਤੇ ਕਬਜ਼ੇ ਨੂੰ ਲੈ ਕੇ ਪੌਂਟੀ ਚੱਢਾ ਤੇ ਉਸ ਦੇ ਭਰਾ ਹਰਦੀਪ ਸਿੰਘ ਵੱਲੋਂ ਇਕ-ਦੂਜੇ 'ਤੇ ਚਲਾਈਆਂ ਗੋਲੀਆਂ ਦੌਰਾਨ ਦੋਵਾਂ ਦੀ ਮੌਤ ਹੋ ਗਈ ਸੀ ਤੇ ਇਸ ਘਟਨਾ ਮੌਕੇ ਉਤਰਾਖੰਡ ਦੇ ਘੱਟ-ਗਿਣਤੀ ਕਮਿਸ਼ਨ ਦੇ ਤਤਕਾਲੀ ਚੇਅਰਮੈਨ ਸੁਖਦੇਵ ਸਿੰਘ ਨਾਮਧਾਰੀ ਵੀ ਮੌਜੂਦ ਸੀ।

ਆਪਣੀ ਮੌਜੂਦਗੀ ਕਾਰਨ ਹੀ ਉਨ੍ਹਾਂ ਨੂੰ ਆਪਣੇ ਅਹੁਦੇ ਤੋਂ ਹੱਥ ਧੋਣੇ ਪਏ ਹਨ। ਪੁਲੀਸ ਦਾ ਕਹਿਣਾ ਹੈ ਕਿ ਪੌਂਟੀ ਚੱਢਾ ਤੇ ਉਸ ਦੇ ਭਰਾ ਦੀ ਹੱਤਿਆ ਦੇ ਕੇਸ ਵਿਚ ਨਾਮਧਾਰੀ ਮੁੱਖ ਸਾਜ਼ਿਸ਼ਕਾਰ ਹੈ ਜਿਸ ਨੇ ਹਰਦੀਪ ਸਿੰਘ ਨੂੰ ਗੋਲੀਆਂ ਮਾਰੀਆਂ। ਇਸ ਦੇ ਨਾਲ ਹੀ ਚੱਢਾ ਭਰਾਵਾਂ ਦੇ ਕਤਲ ਦਾ ਮਾਮਲਾ ਜਾਂਚ ਲਈ ਅਪਰਾਧ ਸ਼ਾਖਾ ਨੂੰ ਸੌਂਪ ਦਿੱਤਾ ਗਿਆ ਹੈ। ਪੁਲੀਸ ਅਨੁਸਾਰ ਨਾਮਧਾਰੀ ਨੇ ਮੰਨਿਆ ਸੀ ਕਿ ਜਦੋਂ ਪੌਂਟੀ ਚੱਢਾ ਦੇ ਭਰਾ ਹਰਦੀਪ ਚੱਢਾ ਨੇ ਉਸ 'ਤੇ ਗੰਨ ਤਾਣ ਲਈ ਸੀ ਤਾਂ ਉਸ ਨੇ ਉਸ ਹਰਦੀਪ 'ਤੇ ਆਪਣੀ ਪਿਸਤੌਲ ਨਾਲ ਗੋਲੀ ਚਲਾਈ ਸੀ। ਪੁਲਿਸ ਨੇ ਦਾਅਵਾ ਕੀਤਾ ਕਿ 1993 ਤੋਂ 2003 ਤਕ ਨਾਮਧਾਰੀ ਵਿਰੁੱਧ ਉਤਰਾਖੰਡ ਵਿਚ 26 ਫੌਜਦਾਰੀ ਕੇਸ ਦਰਜ ਸਨ ਜਿਨ੍ਹਾਂ ਵਿਚੋਂ ਅੱਠ ਕੇਸ ਕਤਲਾਂ ਦੇ ਸਨ।

## ਐਨ ਆਰ ਆਈ ਮੀਡੀਆ ਐਸੋਸੀਏਸ਼ਨ ਦਾ ਗਠਨ

**ਚੰਡੀਗੜ੍ਹ (ਬਿਊਰੋ):** ਪੰਜਾਬ, ਚੰਡੀਗੜ੍ਹ ਤੇ ਹੋਰਨਾਂ ਥਾਂਵਾਂ ਉਤੇ ਐਨਆਰਆਈ ਮੀਡੀਆ ਲਈ ਕੰਮ ਕਰਦੇ ਮੀਡੀਆ ਕਰਮੀਆਂ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਕਰਨ ਲਈ ਇਕ ਮੀਡੀਆ ਸੰਸਥਾ 'ਐਨਆਰਆਈ ਮੀਡੀਆ ਐਸੋਸੀਏਸ਼ਨ' ਬਣਾਈ ਗਈ ਹੈ ਜਿਸ ਦਾ ਮੁੱਖ ਦਫਤਰ ਚੰਡੀਗੜ੍ਹ ਹੋਵੇਗਾ। ਇਹ ਸੰਸਥਾ ਐਨਆਰਆਈ ਮੀਡੀਆ ਨੂੰ ਸਰਕਾਰਾਂ ਅਤੇ ਹੋਰ ਅਦਾਰਿਆਂ ਵਲੋਂ ਮਾਨਤਾ ਦਿੱਤੇ ਜਾਣ, ਇਸ਼ਤਿਹਾਰਾਂ ਸਬੰਧੀ ਨੀਤੀ ਤੈਅ ਕਰਵਾਉਣ ਤੋਂ ਇਲਾਵਾ ਦਰਪੇਸ਼ ਪੇਸ਼ੇਵਰ, ਪ੍ਰਸ਼ਾਸਨਿਕ ਅਤੇ ਵਿੱਤੀ ਸਮੱਸਿਆਵਾਂ ਸਰਕਾਰ ਜਾਂ ਸਬੰਧਤ ਅਦਾਰਿਆਂ ਕੋਲ ਉਠਾਵੇਗੀ।



ਮੀਡੀਆ ਕਰਮੀਆਂ ਦੀ ਇਕ ਮੀਟਿੰਗ ਦੌਰਾਨ ਇੱਕ ਐਡਹਾਕ ਕਮੇਟੀ ਦਾ ਗਠਨ ਕਰਕੇ ਇੰਡੋ ਕਨੇਡੀਅਨ ਟਾਈਮਜ਼ ਅਤੇ ਓਮਨੀ ਟੀਵੀ ਕੈਨੇਡਾ ਦੇ ਪ੍ਰਤੀਨਿਧ ਉਘੇ ਪੱਤਰਕਾਰ ਬਲਜੀਤ ਬੱਲੀ ਨੂੰ ਕਨਵੀਨਰ ਨਿਯੁਕਤ ਕੀਤਾ ਗਿਆ। ਐਡਹਾਕ ਕਮੇਟੀ ਦੇ ਹੋਰਨਾਂ ਮੈਂਬਰਾਂ ਵਿਚ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਮਰੀਕਾ ਦੇ ਸੰਪਾਦਕ ਦਲਜੀਤ ਸਿੰਘ ਸਰਾ ਤੇ ਸਮਾਚਾਰ ਸੰਪਾਦਕ ਗੌਤਮ ਰਿਸ਼ੀ, ਹਮਦਰਦ ਵੀਕਲੀ ਦੇ ਸੰਪਾਦਕ ਮਹਿਤਾਬ ਉਦ ਦੀਨ, ਸਾਡੇ ਲੋਕ ਵੀਕਲੀ ਅਮਰੀਕਾ ਦੇ ਆਨਰੇਰੀ ਸੰਪਾਦਕ ਖੁਸ਼ਹਾਲ ਲਾਲੀ, ਪਰਵਾਸੀ ਵੀਕਲੀ ਦੇ ਸਮਾਚਾਰ ਸੰਪਾਦਕ ਦੀਪਕ ਸ਼ਰਮਾ, ਰੇਡੀਓ ਚੰਨ ਪ੍ਰਦੇਸੀ ਅਮਰੀਕਾ ਤੇ ਰੇਡੀਓ ਤਰਾਨਾ ਨਿਊਜ਼ੀਲੈਂਡ ਦੇ ਪ੍ਰਤੀਨਿਧ ਪਰਮਿੰਦਰ ਟਿਵਾਣਾ ਅਤੇ ਜੀ-ਪੰਜਾਬ ਟੀਵੀ ਉੱਤਰੀ ਅਮਰੀਕਾ ਦੇ ਸੀਨੀਅਰ ਪ੍ਰੋਡਿਊਸਰ ਉੱਜਲ ਸਤਨਾਮ ਸ਼ਾਮਲ ਹਨ।

## *ਦਿਲ ਨਿੱਜਰ ਪੰਜਾਬੀ ਸਾਹਿਤ ਸਭਾ ਦੇ ਨਵੇਂ ਪ੍ਰਧਾਨ ਬਣੇ*

**ਸੈਕਰਾਮੈਂਟੋ:** ਸ੍ਰੀ ਦਲਵੀਰ ਦਿਲ ਨਿੱਜਰ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ/ਯੂਬਾ ਸਿਟੀ ਦੇ ਸਰਬਸੰਮਤੀ ਨਾਲ ਨਵੇਂ ਪ੍ਰਧਾਨ ਚੁਣੇ ਗਏ ਹਨ। ਇਸ ਸਬੰਧੀ ਫੈਸਲਾ ਇਥੇ ਗੁਰਦੁਆਰਾ ਰੀਓ ਲਿੰਡਾ ਦੇ ਕਾਨਫਰੰਸ ਹਾਲ ਵਿਚ ਨਾਵਲਕਾਰ ਇੰਦਰ ਸਿੰਘ ਖਾਮੋਸ਼ ਦੀ ਸਰਪ੍ਰਸਤੀ ਹੇਠ ਹੋਈ ਸਭਾ ਦੀ ਮੀਟਿੰਗ ਵਿਚ ਲਿਆ ਗਿਆ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਬਾਕੀ ਅਹੁਦੇਦਾਰਾਂ ਵਿਚ ਮੀਤ ਪ੍ਰਧਾਨ ਗੁਰਬਚਨ ਚੋਪੜਾ, ਜਨਰਲ ਸਕੱਤਰ ਗੁਰਬਚਨ ਭਾਟੀਆ ਤੇ ਇੰਦਰਜੀਤ ਗਰੇਵਾਲ, ਪ੍ਰੈਸ ਸਕੱਤਰ ਜਸਵੰਤ ਜੱਸੀ ਸ਼ੀਮਾਰ, ਖਜ਼ਾਨਚੀ ਮਹਿੰਦਰ ਸਿੰਘ ਘੱਗ ਤੇ ਹਰਭਜਨ ਸਿੰਘ ਢੇਰੀ ਅਤੇ ਆਰਗੇਨਾਈਜ਼ਰ ਜੀਵਨ ਰੱਤੂ, ਡਾ. ਗੁਰਦੇਵ ਘਣਗੱਸ ਤੇ ਰਾਜ ਸਿੰਘ ਚੁਣੇ ਗਏ। ਮੀਟਿੰਗ ਵਿਚ ਪੁਰਾਣੇ ਪ੍ਰਧਾਨ ਸ. ਹਰਬੰਸ ਸਿੰਘ ਜਗਿਆਸੂ ਨੇ ਸਭਾ ਦੇ ਮੈਂਬਰਾਂ ਵਲੋਂ ਮਿਲੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਮੀਟਿੰਗ ਦੇ ਅਖੀਰ ਵਿਚ ਰਚਨਾਵਾਂ ਦਾ ਦੌਰ ਵੀ ਚੱਲਿਆ ਜਿਸ ਦੌਰਾਨ ਮੁੱਖ ਮਹਿਮਾਨ ਸ. ਇੰਦਰ ਸਿੰਘ ਖਾਮੋਸ਼ ਨੇ ਆਪਣੇ ਸਾਹਿਤਕ ਜੀਵਨ ਬਾਰੇ ਚਾਨਣਾ ਪਾਇਆ।

## ਪੰਜਾਬ ਵਿਚ ਪੰਚਾਇਤ ਚੋਣਾਂ ਅਗਲੇ ਸਾਲ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤ ਚੋਣਾਂ ਦਾ ਕੰਮ ਅਗਲੇ ਸਾਲ 31 ਮਈ ਤਕ ਮੁਕੰਮਲ ਕਰ ਲਿਆ ਜਾਵੇਗਾ। ਸਰਕਾਰੀ ਤਰਜਮਾਨ ਮੁਤਾਬਕ ਵੋਟਾਂ 15 ਤੋਂ 31 ਮਈ ਤਕ ਪੈਣਗੀਆਂ। ਇਹ ਪਹਿਲੀ ਵਾਰ ਹੈ ਕਿ ਪੰਜਾਬ ਵਿਚ ਵਾਰਡ ਮੁਤਾਬਕ ਵੋਟਾਂ ਪੈ ਰਹੀਆਂ ਹਨ ਤੇ ਹਰ ਵਾਰਡ ਵਿਚੋਂ ਵੱਖਰਾ ਪੰਚ ਚੁਣਿਆ ਜਾਵੇਗਾ। ਸਰਪੰਚਾਂ ਦੀ ਚੋਣ ਸਿੱਧੀ ਹੋਵੇਗੀ।

**Farming Land for Sale**

Farming Land for Sale in district Hoshiarpur, Punjab.

**For details please call:510-792-0335**

**ਪੰਜਾਬ ਦੇ ਹੁਸ਼ਿਆਰਪੁਰ ਜ਼ਿਲੇ ਵਿਚ ਖੇਤੀਯੋਗ ਜ਼ਮੀਨ ਵਿਕਾਊ ਹੈ**

**ਸੰਪਰਕ ਕਰੋ: ਫੋਨ, 510-792-0335**

# ਰੰਗ ਕਰਮੀ ਚਰਨ ਸਿੰਘ ਸਿੰਧਰਾ ਦਾ ਸੈਨ ਹੋਜ਼ੇ 'ਚ ਸਨਮਾਨ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਬੇ-ਏਰੀਆ) ਅਤੇ ਗੁਰਦੁਆਰਾ ਸੈਨ ਹੋਜ਼ੇ ਦੇ ਸਾਂਝੇ ਉਦਮ ਨਾਲ ਇਥੇ ਕਰਵਾਏ ਗਏ ਇੱਕ ਸਾਹਿਤਕ ਸਮਾਗਮ ਵਿਚ ਰੰਗ-ਮੰਚ ਖੇਤਰ ਦੀ ਉਘੀ ਹਸਤੀ ਸ. ਚਰਨ ਸਿੰਘ ਸਿੰਧਰਾ (ਡਾਇਰੈਕਟਰ ਪੰਜਾਬੀ



ਨਾਟਕ ਅਕਾਦਮੀ, ਪੰਜਾਬ) ਨਾਲ ਇਕ ਵਿਸ਼ੇਸ਼ ਮਿਲਣੀ ਦੌਰਾਨ ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਸ. ਸਿੰਧਰਾ, ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ, ਉਸਤਾਦ ਗਜ਼ਲਗੋ ਈਸ਼ਰ ਸਿੰਘ ਮੋਮਨ ਅਤੇ ਨਗਿੰਦਰ ਸਿੰਘ ਬਰਸਾਲ ਸ਼ਾਮਲ ਸਨ।

ਮੰਚ ਸੰਚਾਲਨ ਕਰਦਿਆਂ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਸ. ਸਿੰਧਰਾ ਦੇ ਜੀਵਨ 'ਤੇ ਪੰਛੀ-ਝਾਤ ਪਾਈ ਅਤੇ ਉਨ੍ਹਾਂ ਵਲੋਂ ਰੰਗ ਮੰਚ ਖੇਤਰ ਵਿਚ ਪਾਏ ਗਏ ਯੋਗਦਾਨ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਸ. ਸਿੰਧਰਾ ਇੱਕ ਸਿਰੜੀ, ਉਦਮੀ ਅਤੇ ਨੇਕ ਇਨਸਾਨ ਹਨ, ਜਿਨ੍ਹਾਂ ਨੇ ਰੰਗ-ਮੰਚ ਨੂੰ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਉਨ੍ਹਾਂ ਨੇ ਲੋਕ ਸੰਪਰਕ ਵਿਭਾਗ, ਪੰਜਾਬ ਵਿਚ ਮੁਲਾਜ਼ਮ ਰਹਿ ਕੇ ਵੱਡੇ ਪੱਧਰ 'ਤੇ ਸੰਗੀਤ ਅਤੇ ਡਰਾਮੇ ਲਈ ਕੰਮ ਕੀਤਾ ਹੈ। ਉਹ ਆਪਣੀ ਵਡੇਰੀ ਉਮਰ ਦੇ ਬਾਵਜੂਦ ਰੰਗ-ਮੰਚ ਦੀ ਉਨਤੀ ਲਈ ਯਤਨਸ਼ੀਲ ਹਨ ਅਤੇ ਉਹ ਇੱਕ ਤੁਰਦੀ ਫਿਰਦੀ ਸੰਸਥਾ ਹਨ।

ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਰੰਗ-ਮੰਚ ਪ੍ਰਸਾਰ ਵਿਚ ਆਉਂਦੀਆਂ ਮੁਸ਼ਕਿਲਾਂ ਦੀ ਗੱਲ ਕਰਦਿਆਂ ਕਿਹਾ ਕਿ ਇਸ ਖ਼ੇਤਰ ਵਿਚ, ਖਾਸ ਕਰਕੇ ਵਿਦੇਸ਼ਾਂ ਵਿਚ, ਕੁੱਝ ਅਜਿਹੇ ਉਪਰਾਲਿਆਂ ਦੀ ਲੋੜ ਹੈ ਜਿਸ ਨਾਲ ਆਉਂਦੀਆਂ ਨਸਲਾਂ ਨੂੰ ਰੰਗ-ਮੰਚ ਦੇ ਮਾਧਿਅਮ ਰਾਹੀਂ ਆਪਣੇ ਸਭਿਆਚਾਰ ਅਤੇ ਵਿਰਸੇ ਨਾਲ ਜੋੜਿਆ ਜਾ ਸਕੇ।

ਪੱਤਰਕਾਰ ਤਰਲੋਚਨ ਸਿੰਘ ਦੁਪਾਲਪੁਰ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ. ਸਿੰਧਰਾ ਦੀ ਕਾਮਯਾਬੀ ਪਿੱਛੇ ਉਨ੍ਹਾਂ ਦੀ ਸਵਰਗੀ ਪਤਨੀ ਸੁਰਿੰਦਰ ਕੌਰ ਅਟਾਰੀਵਾਲੀ ਦਾ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਹੋਰ ਕਿਹਾ ਕਿ ਗੁਰਦੁਆਰਾ ਸਾਹਿਬਾਨ, ਸਾਹਿਤ ਸਭਾਵਾਂ ਅਤੇ ਸਭਿਆਚਾਰਕ ਸੰਸਥਾਵਾਂ ਨੂੰ ਨਾਟ-ਕਲਾ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਡਾ. ਗੁਰਮੀਤ ਸਿੰਘ ਬਰਸਾਲ ਨੇ ਸ. ਸਿੰਧਰਾ ਦੇ ਰੰਗ ਮੰਚ ਨੂੰ ਯੋਗਦਾਨ ਦੀ ਗੱਲ ਕਰਦਿਆਂ ਕਿਹਾ ਕਿ ਸਿੱਖ ਇਤਿਹਾਸ ਨੂੰ ਸਟੇਜ ਉਤੇ ਦਰਸਾਉਣਾ ਇੱਕ ਜਟਿਲ ਕੰਮ ਹੈ ਕਿਉਂਕਿ ਮਰਿਆਦਾ ਅਨੁਸਾਰ ਗੁਰੂ ਸਾਹਿਬਾਨ ਅਤੇ ਗੁਰਮਤਿ ਵਿਚ ਭਿਜੀਆਂ ਸ਼ਖਸੀਅਤਾਂ ਨੂੰ ਕਿਰਦਾਰ ਦੇ ਰੂਪ ਵਿਚ ਸਟੇਜ 'ਤੇ ਨਹੀਂ ਵਿਖਾਇਆ ਜਾ ਸਕਦਾ ਪਰ ਸ. ਸਿੰਧਰਾ ਨੇ ਪਾਤਰਾਂ ਦੇ ਸੰਵਾਦਾਂ ਰਾਹੀਂ ਬੜੀ ਸਫਲਤਾ ਨਾਲ ਰੂਪਕ ਖੇਡੇ ਹਨ।

ਇਸ ਮੌਕੇ ਸ. ਸਿੰਧਰਾ ਦੇ ਜੀਵਨ ਬਾਰੇ ਪ੍ਰੋਜੈਕਟਰ ਰਾਹੀਂ ਤਸਵੀਰਾਂ ਵੀ ਵਿਖਾਈਆਂ ਗਈਆਂ ਅਤੇ ਉਨ੍ਹਾਂ ਦੇ ਡਰਾਮਿਆਂ ਦੀਆਂ ਝਲਕੀਆਂ ਪੇਸ਼ ਕੀਤੀਆਂ ਗਈਆਂ। ਤਕਰੀਬਨ 4 ਘੰਟ ਚੱਲੇ ਇਸ ਪ੍ਰੋਗਰਾਮ ਦਾ ਸਰੋਤੇ ਮੰਤਰ-ਮੁਗਧ ਹੋ ਕੇ ਅਨੰਦ ਮਾਣਦੇ ਰਹੇ। ਜ਼ਿਕਰਯੋਗ ਹੈ ਕਿ ਸ. ਸਿੰਧਰਾ ਦੇ ਲਿਖੇ ਰੂਪਕਾਂ ਦੇ ਸੰਗ੍ਰਿਹ ਵੀ ਛਪੇ ਹੋਏ ਹਨ ਜਿਨ੍ਹਾਂ ਵਿਚ 'ਨਿੱਕੀਆਂ ਜਿੰਦਾਂ ਵੱਡਾ ਸਾਕਾ,' 'ਗੁਰਜੋਤਿ ਅਰਜੁਨ,' 'ਭਲੇ ਅਮਰਦਾਸ ਗੁਣ ਤੇਰੇ' ਅਤੇ 'ਮਰਦ ਅਗੰਮੜਾ' ਸ਼ਾਮਿਲ ਹਨ। 'ਭਲੇ ਅਮਰਦਾਸ ਗੁਣ ਤੇਰੇ' ਪੁਸਤਕ ਜੋ 2008 ਵਿਚ ਛਪੀ ਸੀ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਗੁਰਦੁਆਰਾ ਸੈਨ ਹੋਜ਼ੇ ਦੇ ਸੇਵਾਦਾਰ ਸ. ਸੁਖਦੇਵ ਸਿੰਘ ਬੈਨੀਵਾਲ ਦੇ ਹੱਥੀਂ ਲੋਕ ਅਰਪਣ ਕੀਤੀ ਗਈ।

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਸ. ਸਿੰਧਰਾ ਨੂੰ 'ਲਾਈਫ ਟਾਈਮ ਅਚੀਵਮੈਂਟ ਅਵਾਰਡ' ਅਤੇ ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਵਲੋਂ ਸਿਰੋਪਾਓ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸ. ਸਿੰਧਰਾ ਨੇ ਸਨਮਾਨ ਪ੍ਰਾਪਤ ਕਰਦਿਆਂ ਕਿਹਾ ਕਿ ਭਾਵੇਂ ਮੈਨੂੰ 3 ਰਾਸ਼ਟਰਪਤੀਆਂ, 4 ਪ੍ਰਧਾਨ ਮੰਤਰੀਆਂ, ਪ੍ਰਤਾਪ ਸਿੰਘ ਕੈਰੋਂ ਤੋਂ ਲੈ ਕੇ ਪੰਜਾਬ ਦੇ ਸਾਰੇ ਮੁੱਖ ਮੰਤਰੀਆਂ ਅਤੇ ਸਿੱਖਾਂ ਦੇ ਪੰਜਾਂ ਤਖਤਾਂ ਵਲੋਂ ਵੱਖੋ ਵੱਖ ਸਮਿਆਂ 'ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ ਪਰ ਜੋ ਮਾਣ ਸਨਮਾਨ ਅੱਜ ਹੋਇਆ ਹੈ, ਉਸ ਲਈ ਮੈਂ ਮਸ਼ਕੂਰ ਹਾਂ। ਪੰਜਾਬੀ ਸਾਹਿਤ ਸਭਾ ਦਾ ਮੈਂਬਰ ਬਣਨ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿਚ ਇਤਿਹਾਸਕ ਨਾਟਕਾਂ ਦਾ ਮੰਚਨ ਸਭਾ ਦੇ ਸਹਿਯੋਗ ਨਾਲ ਕਰਨ ਦੇ ਸਮਰੱਥ ਹੋ ਗਏ ਹਨ।

ਪ੍ਰੋਗਰਾਮ ਵਿਚ ਜਿਨ੍ਹਾਂ ਮੁੱਖ ਸ਼ਖਸੀਅਤਾਂ ਨੇ ਹਾਜ਼ਰੀ ਲਵਾਈ ਉਨ੍ਹਾਂ ਵਿਚ ਬਲਵੀਰ ਸਿੰਘ ਪੱਟੀ, ਨਵਜੋਤ ਸਿੰਘ, ਇੰਦਰ ਸਿੰਘ ਫੁੱਲ, ਦਰਬਾਰਾ ਸਿੰਘ ਬੈਂਸ, ਸਰਬਜੋਤ ਸਿੰਘ ਸਵੱਦੀ,



ਰੁਪਿੰਦਰ ਕੌਰ, ਭੁਪਿੰਦਰ (ਬੌਬ) ਸਿੰਘ ਢਿੱਲੋਂ, ਜਸਮੇਲ ਗਰੇਵਾਲ, ਰਣਜੀਤ ਸੇਖੋਂ, ਪ੍ਰੀਤਮ ਕੌਰ, ਬਰਿੰਦਰ ਜੰਡੇ, ਹਰਿੰਦਰ ਕੌਰ ਸਿੰਧਰਾ, ਬਰਿੰਦਰ ਕੌਰ, ਅਮਰੀਕ ਜੌਹਲ, ਸ਼ੁਦੇਸ ਅਟਵਾਲ, ਅਜੀਤਪਾਲ ਸਿੰਘ, ਜਸਵੀਰ ਸਿੰਘ ਤੱਖਰ, ਅਮਰਜੀਤ ਜੌਹਲ, ਸੁਰਿੰਦਰ ਸਿੰਘ, ਬਾਵਾ ਸਿੰਘ, ਸੁਲਤਾਨ ਅਖਤਰ, ਸੁਰਿੰਦਰ ਸਿੰਘ ਪੁਰੇਵਾਲ, ਫਤਿਹਜੀਤ ਸਿੰਘ, ਡਾ. ਹਰਬੰਸ ਸਿੰਘ ਸਰਾਓ, ਰਾਜਿੰਦਰ ਕੌਰ, ਅਮਨਪ੍ਰੀਤ ਕੌਰ ਅਤੇ ਜਸਪ੍ਰੀਤ ਕੌਰ ਸ਼ਾਮਲ ਸਨ। ਬਲਵਿੰਦਰ ਸਿੰਘ ਨੇ ਫੋਟੋਗ੍ਰਾਫੀ ਕੀਤੀ ਜਦੋਂਕਿ ਹਰਜੀਤ ਸਿੰਘ ਨੇ ਗਰਮਾ-ਗਰਮ ਚਾਹ ਤੇ ਪਕੌੜਿਆਂ ਦੀ ਸੇਵਾ ਕੀਤੀ।

ਪ੍ਰੋਗਰਾਮ ਉਪਰੰਤ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਬੇ-ਏਰੀਆ) ਦੀ ਕਾਰਜਕਾਰਨੀ ਦੀ ਇਕ ਮੀਟਿੰਗ ਵਿਚ ਬੱਚਿਆਂ ਨੂੰ ਸਾਹਿਤ ਅਤੇ ਰੰਗ-ਮੰਚ ਨਾਲ ਜੋੜਨ ਲਈ ਸਭਾ ਦਾ ਬਾਲ ਸਾਹਿਤ ਅਤੇ ਕਲਾ-ਮੰਚ ਵਿੰਗ ਬਣਾਉਣ ਦਾ ਫੈਸਲਾ ਵੀ ਕੀਤਾ ਗਿਆ ਜਿਸ ਰਾਹੀਂ ਭਵਿੱਖ ਵਿਚ ਸ. ਸਿੰਧਰਾ ਦੇ ਨਿਰਦੇਸ਼ਨ ਤਹਿਤ ਰੂਪਕਾਂ ਦੀ ਪੇਸ਼ਕਾਰੀ ਕੀਤੀ ਜਾਵੇਗੀ। ਬੱਚਿਆਂ ਦੀ ਮੈਂਬਰਸ਼ਿਪ ਜਲਦੀ ਪੂਰੀ ਕਰਕੇ 22 ਦਸੰਬਰ 2012 ਨੂੰ ਇਨ੍ਹਾਂ ਬੱਚਿਆਂ ਵਲੋਂ ਸ. ਸਿੰਧਰਾ ਦਾ ਲਿਖਿਆ ਅਤੇ ਨਿਰਦੇਸ਼ਕ ਕੀਤਾ ਰੂਪਕ 'ਨਿੱਕੀਆਂ ਜਿੰਦਾਂ ਵੱਡਾ ਸਾਕਾ' (ਸਾਕਾ ਸਰਹਿੰਦ) ਸੈਨ ਹੋਜ਼ੇ ਵਿਖੇ ਖੇਡਿਆ ਜਾਵੇਗਾ। ਇਸ ਵਿਚ ਭਾਗ ਲੈਣ ਲਈ 6 ਸਾਲ ਤੋਂ ਲੈ ਕੇ 16 ਸਾਲ ਤੱਕ ਦੇ ਬੱਚਿਆਂ ਦੀ ਜ਼ਰੂਰਤ ਹੈ। ਹੋਰ ਜਾਣਕਾਰੀ ਲਈ ਫੋਨ 510-415-9377, 510-676-4440, 408-209-7072 ਜਾਂ 408-421-9463 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। ਸਭਾ ਵਲੋਂ ਹਾਸਰਸ ਦੇ ਬਾਦਸ਼ਾਹ ਸ. ਜਸਪਾਲ ਭੱਟੀ ਅਤੇ ਉਨ੍ਹਾਂ ਦੇ ਸਾਥੀ ਦੀ ਬੇਵਕਤੀ ਮੌਤ 'ਤੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।




## United Sports Club of California

33272 Palomino Common, Fremont, CA, USA 94555, Ph: 510-468-9381
Website: http://usportsca.org/

ਨਸ਼ੇ ਛਡੋ। **ਨਸ਼ਾ ਵਿਰੋਧੀ ਅਪੀਲ** ਕੋਹੜ ਵਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।









ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵਧ ਨਿਪੁੰਸਕ -Dr. Harshinder Kaur
ਵਿਦੇਸ਼ੀ ਧਰਤੀ ਉਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।
ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖ਼ਲ (ਚੇਅਰਮੈਨ) 831-247-4637
ਬਲਵੀਰ ਸਿੰਘ ਭਾਟੀਆ (ਪ੍ਰਧਾਨ) 510-677-6248
ਗੁਰਦਾਵਰ ਸਿੰਘ ਮਹੇੜੂ 2gsmann@gmail.com
ਜੁਗਰਾਜ ਸਿੰਘ ਸਹੋਤਾ 510-673-0825

Makhan S. Bains, Narinder S. Sahota, Palwinder S. Gakhal, Kuldip S. Mann
Iqbal S. Gakhal, Parmjit S. Sandhu, Dalvinder S. Padda, Sadhu S. Khalour

Radio Chardi Kala
Listen Live 24/7
www.radiock.com
Dial To Listen
832-551-5038

www.punjabtimesusa.com

Promotes Healthy Enviornment

ਮਾਂ-ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸ਼ਾਸਨ, ਖੇਡ ਪ੍ਰੋਮੋਟਰਾਂ ਅਤੇ ਰਾਜਨੀਤੀਵਾਨਾਂ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ

Ad sponsored by: Amolak Singh Gakhal, Iqbal Singh Gakhal, Palwinder Singh Gakhal (A&I Trucking Inc.)

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਤੀਜੇ ਵਿਸ਼ਵ ਕਬੱਡੀ ਕੱਪ 'ਚ ਭਿੜਨਗੀਆਂ 23 ਦੇਸਾਂ ਦੀਆਂ ਟੀਮਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਤੀਸਰੇ 20 ਕਰੋੜੀ ਵਿਸ਼ਵ ਕਬੱਡੀ ਕੱਪ ਦੀ ਸ਼ੁਰੂਆਤ ਪਹਿਲੀ ਦਸੰਬਰ ਨੂੰ ਬਠਿੰਡਾ ਵਿਖੇ ਫਿਲਮ ਸਟਾਰ ਅਕਸ਼ੈ ਕੁਮਾਰ ਦੇ ਠੁਮਕਿਆਂ ਨਾਲ ਹੋਵੇਗੀ। ਇਸ ਵਾਰ ਪਰਲਜ਼ ਤੀਜੇ ਵਿਸ਼ਵ ਕੱਪ ਕਬੱਡੀ ਪੰਜਾਬ-2012 ਵਿਚ 23 ਦੇਸ਼ਾਂ ਦੀਆਂ ਕਬੱਡੀ ਟੀਮਾਂ ਹਿੱਸਾ ਲੈ ਰਹੀਆਂ ਹਨ।

ਕਬੱਡੀ ਕੱਪ ਦੇ ਪਹਿਲੀ ਦਸੰਬਰ ਨੂੰ ਬਠਿੰਡਾ ਵਿਖੇ ਹੋ ਰਹੇ ਉਦਘਾਟਨੀ ਸਮਾਗਮ ਦੇ ਮੁੱਖ ਮਹਿਮਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੋਣਗੇ ਤੇ 15 ਦਸੰਬਰ ਨੂੰ ਲੁਧਿਆਣਾ ਵਿਖੇ ਹੋਣ ਵਾਲੇ ਸਮਾਪਤੀ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪਾਕਿਸਤਾਨ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਪੁੱਜ ਰਹੇ ਹਨ। ਵਿਸ਼ਵ ਕੱਪ ਦੇ ਮੈਚਾਂ ਵਿਚ ਕੈਨੇਡਾ ਦੇ ਖੇਡ ਮੰਤਰੀ ਸਮੇਤ ਹੋਰ ਦੇਸ਼ਾਂ ਦੇ ਮੁੱਖ ਮੰਤਰੀ ਤੇ ਸੰਸਦ ਮੈਂਬਰ ਵੀ ਸ਼ਾਮਲ ਹੋਣਗੇ।

ਭਾਰਤ ਸਰਕਾਰ ਦੇ ਖੇਡ ਮੰਤਰੀ ਨੂੰ ਵੀ ਵਿਸ਼ਵ ਕੱਪ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਵਿਸ਼ਵ ਕੱਪ ਵਿਚ ਸ਼ਾਮਲ ਹੋ ਰਹੀਆਂ 23 ਦੇਸ਼ਾਂ ਦੀਆਂ ਟੀਮਾਂ ਵਿਚ 16 ਪੁਰਸ਼ਾਂ ਦੀਆਂ ਟੀਮਾਂ ਹਨ ਜਿਨ੍ਹਾਂ ਵਿਚ ਅਫਗਾਨਿਸਤਾਨ, ਅਰਜਨਟੀਨਾ, ਕੈਨੇਡਾ, ਡੈਨਮਾਰਕ, ਇੰਗਲੈਂਡ, ਇਰਾਨ, ਇਟਲੀ, ਕੀਨੀਆ, ਨਿਊਜ਼ੀਲੈਂਡ, ਨਾਰਵੇ, ਪਾਕਿਸਤਾਨ, ਸਕਾਟਲੈਂਡ, ਸੀਏਰਾ ਲਿਓਨ, ਸ੍ਰੀਲੰਕਾ, ਅਮਰੀਕਾ ਤੇ ਭਾਰਤ ਦੀਆਂ ਟੀਮਾਂ ਸ਼ਾਮਲ ਹਨ ਜਦਕਿ ਮਹਿਲਾਵਾਂ ਦੀਆਂ ਟੀਮਾਂ ਵਿਚ ਕੈਨੇਡਾ, ਭਾਰਤ, ਡੈਨਮਾਰਕ, ਇੰਗਲੈਂਡ, ਮਲੇਸ਼ੀਆ, ਤੁਰਕਮੇਨਿਸਤਾਨ ਤੇ ਅਮਰੀਕਾ ਸ਼ਾਮਲ ਹਨ। ਪੁਰਸ਼ਾਂ ਦੀਆਂ ਕੁੱਲ 16 ਟੀਮਾਂ ਵਿਚਲੀਆਂ 10 ਟੀਮਾਂ ਵਿਚ ਭਾਰਤੀ ਮੂਲ ਦਾ ਇਕ ਵੀ ਖਿਡਾਰੀ ਨਹੀਂ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਇਸ ਵਾਰ ਟੂਰਨਾਮੈਂਟ ਦੀ ਇਨਾਮੀ ਰਾਸ਼ੀ ਨੂੰ ਤਕਰੀਬਨ ਦੁੱਗਣਾ ਕਰ ਦਿੱਤਾ ਹੈ। ਪੁਰਸ਼ਾਂ ਦੀਆਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਟੀਮਾਂ ਨੂੰ ਕ੍ਰਮਵਾਰ ਦੋ ਕਰੋੜ, ਇਕ ਕਰੋੜ ਤੇ 51 ਲੱਖ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਮਹਿਲਾ ਵਰਗ ਦੀਆਂ ਤਿੰਨ ਚੈਂਪੀਅਨ ਟੀਮਾਂ ਨੂੰ ਕ੍ਰਮਵਾਰ 51 ਲੱਖ, 31 ਲੱਖ ਤੇ 21 ਲੱਖ ਰੁਪਏ ਇਨਾਮੀ ਰਾਸ਼ੀ ਦਿੱਤੀ ਜਾਵੇਗੀ।

ਫਾਈਨਲ ਮੈਚ ਦੇ ਸਰਵੋਤਮ ਧਾਵੀ ਤੇ ਜਾਫੀ ਨੂੰ ਇਕ-ਇਕ ਟਰੈਕਟਰ ਇਨਾਮ ਵਜੋਂ ਦਿੱਤਾ ਜਾਵੇਗਾ। ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਟੀਮਾਂ ਜਿਵੇਂ ਅਰਜਨਟੀਨਾ, ਕੈਨੇਡਾ ਤੇ ਅਮਰੀਕਾ ਨੂੰ 15 ਲੱਖ ਰੁਪਏ ਜਾਂ ਹਵਾਈ ਜਹਾਜ਼ ਦਾ ਕਿਰਾਇਆ ਦਿੱਤਾ ਜਾਵੇਗਾ ਤੇ ਹੋਰ ਸਾਰੀਆਂ ਟੀਮਾਂ ਨੂੰ 10-10 ਲੱਖ ਰੁਪਏ ਦੀ ਗਰੰਟੀ ਮਨੀ ਦਿੱਤੀ ਜਾਵੇਗੀ। ਇਹ ਮੈਚ ਬਠਿੰਡਾ, ਪਟਿਆਲਾ, ਹੁਸ਼ਿਆਰਪੁਰ, ਅੰਮ੍ਰਿਤਸਰ, ਦੋਦਾ (ਮੁਕਤਸਰ), ਸੰਗਰੂਰ, ਰੂਪਨਗਰ, ਚੋਹਲਾ ਸਾਹਿਬ (ਤਰਨ ਤਾਰਨ), ਫਾਜ਼ਿਲਕਾ, ਗੁਰਦਾਸਪੁਰ, ਮਾਨਸਾ, ਜਲੰਧਰ ਤੇ ਲੁਧਿਆਣਾ ਵਿਖੇ ਹੋਣਗੇ।

ਸ. ਬਾਦਲ ਅਨੁਸਾਰ ਇਹ ਵਿਸ਼ਵ ਕਬੱਡੀ ਕੱਪ ਨਸ਼ਾ ਮੁਕਤ ਕੌਮਾਂਤਰੀ ਮੁਕਾਬਲਾ ਹੋਵੇਗਾ ਤੇ ਡੋਪ ਟੈਸਟਾਂ ਦੇ ਖਰਚੇ ਲਈ ਬਾਕਾਇਦਾ 40 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ।

ਉਪ ਮੁੱਖ ਮੰਤਰੀ ਨੇ ਦੱਸਿਆ ਕਿ ਵਿਸ਼ਵ ਕਬੱਡੀ ਕੱਪ ਉਪਰ ਕੁੱਲ 20 ਕਰੋੜ ਰੁਪਏ ਖਰਚ ਆਵੇਗਾ ਜਿਸ ਵਿਚੋਂ 15 ਕਰੋੜ ਰੁਪਏ ਵੱਖ ਵੱਖ ਕੰਪਨੀਆਂ ਵੱਲੋਂ ਸਪਾਂਸਰ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਧਰਲੇ ਤੇ ਉਧਰਲੇ ਪੰਜਾਬਾਂ ਦੇ ਵਿਧਾਇਕਾਂ ਦੇ ਕਬੱਡੀ ਤੇ ਰੱਸਾਕਸ਼ੀ ਦੇ ਮੁਕਾਬਲੇ ਕਰਵਾਉਣ ਉਪਰ ਵੀ ਉਹ ਗੌਰ ਕਰ ਰਹੇ ਹਨ।

## ਟੀਮਾਂ ਨੂੰ ਚਾਰ ਪੂਲਾਂ ਵਿਚ ਵੰਡਿਆ

**ਚੰਡੀਗੜ੍ਹ:** ਤੀਜਾ ਵਿਸ਼ਵ ਕਬੱਡੀ ਕੱਪ ਵਿਚ ਪੁਰਸ਼ਾਂ ਦੇ ਵਰਗ ਵਿਚ ਟੀਮਾਂ ਨੂੰ ਚਾਰ ਪੂਲਾਂ ਵਿਚ ਵੰਡਿਆ ਹੈ। ਪੂਲ 'ਏ' ਵਿਚ ਭਾਰਤ, ਇੰਗਲੈਂਡ, ਅਫ਼ਗਾਨਿਸਤਾਨ ਤੇ ਡੈਨਮਾਰਕ, ਪੂਲ 'ਬੀ' ਵਿੱਚ ਕੈਨੇਡਾ, ਨਿਊਜ਼ੀਲੈਂਡ, ਸ੍ਰੀਲੰਕਾ ਤੇ ਨਾਰਵੇ, ਪੂਲ 'ਸੀ' ਵਿਚ ਪਾਕਿਸਤਾਨ, ਸੀਏਰਾ ਲਿਓਨ, ਸਕਾਟਲੈਂਡ ਤੇ ਇਟਲੀ ਜਦੋਂ ਕਿ ਪੂਲ 'ਡੀ' ਵਿਚ ਅਰਜਨਟੀਨਾ, ਅਮਰੀਕਾ, ਇਰਾਨ ਤੇ ਕੀਨੀਆ ਦੀਆਂ ਟੀਮਾਂ ਹੋਣਗੀਆਂ। ਇਸੇ ਤਰ੍ਹਾਂ ਔਰਤਾਂ ਦੇ ਵਰਗ ਵਿੱਚ ਭਾਰਤ, ਕੈਨੇਡਾ ਤੇ ਡੈਨਮਾਰਕ ਨੂੰ ਪੂਲ 'ਏ' ਵਿਚ ਜਦੋਂਕਿ ਇੰਗਲੈਂਡ, ਤੁਰਕਮੇਨਿਸਤਾਨ, ਅਮਰੀਕਾ ਤੇ ਮਲੇਸ਼ੀਆ ਦੀਆਂ ਟੀਮਾਂ ਨੂੰ ਪੂਲ 'ਬੀ' ਵਿੱਚ ਰੱਖਿਆ ਗਿਆ ਹੈ।

ਪੂਲ ਏ ਤੇ ਡੀ ਦੀ ਜੇਤੂ ਤੇ ਪੂਲ ਸੀ ਤੇ ਬੀ ਦੀਆਂ ਜੇਤੂ ਟੀਮਾਂ ਦਰਮਿਆਨ 12 ਦਸੰਬਰ ਨੂੰ ਬਠਿੰਡਾ ਵਿਖੇ ਸੈਮੀ ਫਾਈਨਲ ਖੇਡੇ ਜਾਣਗੇ। ਔਰਤਾਂ ਦੇ ਸੈਮੀ ਫਾਈਨਲ ਵੀ ਉਥੇ ਹੀ ਖੇਡੇ ਜਾਣਗੇ। ਪੁਰਸ਼ਾਂ ਦੇ ਵਰਗ ਦੇ ਤੀਜੇ ਤੇ ਚੌਥੇ ਸਥਾਨ ਲਈ 13 ਦਸੰਬਰ ਨੂੰ ਜਲੰਧਰ ਵਿਖੇ ਮੁਕਾਬਲੇ ਹੋਣਗੇ ਜਦੋਂ ਕਿ ਇਸੇ ਦਿਨ ਸ਼ਾਮ ਸਾਢੇ 8 ਵਜੇ ਔਰਤਾਂ ਦੇ ਵਰਗ ਦੇ ਤੀਜੇ ਤੇ ਚੌਥੇ ਸਥਾਨ ਦਾ ਮੈਚ ਤੇ ਫਾਈਨਲ ਵੀ ਹੋਵੇਗਾ। ਪੁਰਸ਼ਾਂ ਦੇ ਵਰਗ ਦਾ ਫਾਈਨਲ ਮੁਕਾਬਲਾ 15 ਦਸੰਬਰ ਨੂੰ ਲੁਧਿਆਣਾ ਵਿਖੇ ਸਮਾਪਤੀ ਸਮਾਗਮ ਦੌਰਾਨ ਹੋਵੇਗਾ। ਦੋਵਾਂ ਵਰਗਾਂ ਵਿੱਚ ਮੈਚ ਲੀਗ-ਕਮ-ਨਾਕ ਆਊਟ ਆਧਾਰ 'ਤੇ ਖੇਡੇ ਜਾਣਗੇ। ਪੁਰਸ਼ਾਂ ਦੇ ਵਰਗ ਵਿੱਚ ਹਰ ਪੂਲ ਦੀ ਜੇਤੂ ਟੀਮ ਸੈਮੀ ਫਾਈਨਲ ਖੇਡੇਗੀ।

# ਡੇਰਾ ਪ੍ਰੇਮੀਆਂ ਤੇ ਸਿੱਖਾਂ ਦਰਮਿਆਨ ਟਕਰਾਅ

*(ਸਫਾ ਇਕ ਦੀ ਬਾਕੀ)*

ਜੀਵਨ ਸਿੰਘ ਵਾਲਾ ਵਿਚ ਨਾਮ ਚਰਚਾ ਦਾ ਵਿਰੋਧ ਕਰਦੇ ਸਿੱਖਾਂ ਦੀ ਕੁੱਟਮਾਰ ਕੀਤੀ ਗਈ। ਇਸ ਘਟਨਾ ਤੋਂ ਬਾਅਦ ਸਿੱਖ ਜਥੇਬੰਦੀਆਂ ਵੱਲੋਂ ਜ਼ਖ਼ਮੀ ਹੋਏ ਸਿੱਖਾਂ ਨੂੰ ਨਿਆਂ ਦਿਵਾਉਣ ਲਈ ਰੋਸ ਮਾਰਚ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਜਿਸ ਕਰ ਕੇ ਸਿਰਸਾ ਦੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਖਾਲਸਾ ਦੀ ਅਗਵਾਈ ਵਿਚ ਮੀਟਿੰਗ ਰੱਖੀ ਗਈ। ਸਿੱਖ ਜਥੇਬੰਦੀਆਂ ਨੂੰ ਟੱਕਰ ਦੇਣ ਲਈ ਇਸ ਦੇ ਬਰਾਬਰ ਹੀ ਡੇਰਾ ਪ੍ਰੇਮੀਆਂ ਨੇ ਵੀ ਸਿਰਸਾ ਦੇ ਬਾਲਮੀਕੀ ਚੌਕ ਨੇੜੇ ਐਫ. ਬਲਾਕ ਵਿਚ ਨਾਮ ਚਰਚਾ ਰੱਖ ਲਈ ਜਿਸ ਵਿਚ ਵੱਡੀ ਗਿਣਤੀ ਡੇਰਾ ਪ੍ਰੇਮੀ ਸ਼ਰੀਕ ਹੋਏ।

ਹਾਲਾਤ ਵਿਗੜਦੇ ਦੇਖ ਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਰੋਸ ਮਾਰਚ ਨਾ ਕੱਢਿਆ ਜਾਵੇ ਜਿਸ ਨੂੰ ਉਨ੍ਹਾਂ ਸਵੀਕਾਰ ਕਰ ਲਿਆ ਗਿਆ ਤੇ ਸਿਰਸਾ ਦੇ ਡਿਪਟੀ ਤੇ ਐਸ.ਪੀ. ਨੇ ਯਕੀਨ ਦਿਵਾਇਆ ਕਿ ਡੇਢ ਮਹੀਨੇ ਅੰਦਰ ਜਾਂਚ ਕਰ ਕੇ ਕੁੱਟਮਾਰ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਬਾਅਦ ਰੋਸ ਮਾਰਚ ਕਰਨ ਆਏ ਲੋਕ ਵਾਪਸ ਘਰਾਂ ਨੂੰ ਜਾ ਰਹੇ ਸਨ ਕਿ ਇਸ ਦੌਰਾਨ ਹੀ ਗੁਰਦੁਆਰੇ ਦੇ ਨੇੜੇ ਹੀ ਡੇਰਾ ਪ੍ਰੇਮੀਆਂ ਨੇ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ 'ਤੇ ਹਮਲਾ ਬੋਲ ਦਿੱਤਾ ਜਿਸ ਕਾਰਨ ਉਹ ਬੁਰੀ ਤਰ੍ਹਾਂ ਫੱਟੜ ਹੋ ਗਏ।

ਇਸ ਤੋਂ ਇਲਾਵਾ ਡੇਰਾ ਪ੍ਰੇਮੀਆਂ ਵੱਲੋਂ ਸ. ਤਿਲੋਕੇਵਾਲਾ ਦੇ ਸਮਰਥਕਾਂ ਦੀਆਂ ਗੱਡੀਆਂ ਤੋੜ ਦਿੱਤੀਆਂ ਗਈਆਂ ਅਤੇ ਕਈ ਵਾਹਨਾਂ ਨੂੰ ਅੱਗ ਲਾ ਦਿੱਤੀ। ਇਸ ਦੌਰਾਨ ਦੋ ਗੱਡੀਆਂ ਤੇ ਸੱਤ ਮੋਟਰਸਾਈਕਲ ਸਾੜ ਦਿੱਤੇ ਗਏ। ਸਿੱਖ ਜਥੇਬੰਦੀਆਂ ਤੇ ਡੇਰਾ ਪ੍ਰੇਮੀਆਂ ਵਿਚਾਲੇ ਪੱਥਰਾਅ ਵੀ ਹੋਇਆ ਜਿਸ ਵਿਚ ਦਰਜਨਾਂ ਨੂੰ ਸੱਟਾਂ ਲੱਗੀਆਂ। ਇਸ ਟਕਰਾਅ ਵਿਚ ਜ਼ਖ਼ਮੀ ਛੇ ਸਿੱਖਾਂ ਨੂੰ ਸਿਰਸਾ ਦੇ ਸਿਵਲ ਹਸਪਤਾਲ ਵਿਚ ਦਾਖਿਲ ਕਰਵਾਇਆ ਗਿਆ ਹੈ ਜਿਨ੍ਹਾਂ ਵਿਚ ਸ. ਤਿਲੋਕੇਵਾਲਾ, ਗੁਰਲਾਜ ਸਿੰਘ ਤਿਲੋਕੇਵਾਲਾ, ਰਣਦੀਪ ਸਿੰਘ ਫ਼ਰੀਦਕੋਟ, ਸੁਖਮੰਦਰ ਸਿੰਘ ਪਟਿਆਲਾ, ਮਿਤੇਸ਼ ਬਰੇਟਾ ਤੇ ਇਕ ਹੋਰ ਵਿਅਕਤੀ ਸ਼ਾਮਲ ਹੈ। ਇਸ ਘਟਨਾਕ੍ਰਮ ਤੋਂ ਬਾਅਦ ਸਿਰਸਾ ਸ਼ਹਿਰ ਵਿਚ ਹਾਲਾਤ ਤਣਾਅਪੂਰਨ ਬਣ ਗਏ ਤੇ ਇਥੋਂ ਦੇ ਦੋਵਾਂ ਇਤਿਹਾਸਕ ਗੁਰਦੁਆਰਿਆਂ ਗੁਰਦੁਆਰਾ ਪਾਤਸ਼ਾਹੀ ਦਸਵੀਂ ਤੇ ਗੁਰਦੁਆਰਾ ਚਿੱਲਾ ਸਾਹਿਬ ਦੇ ਚਾਰੇ ਪਾਸੇ ਹੋਰ ਪੁਲਿਸ ਫੋਰਸ ਤਾਇਨਾਤ ਕਰਕੇ ਸੁਰੱਖਿਆ ਵਧਾ ਦਿੱਤੀ ਗਈ। ਸਿਰਸਾ ਦੇ ਸਾਰੇ ਬਾਜ਼ਾਰ ਬੰਦ ਹੋ ਗਏ ਤੇ ਸਹਿਮੇ ਹੋਏ ਲੋਕ ਬਾਜ਼ਾਰਾਂ ਵਿਚੋਂ ਆਪਣੇ ਘਰਾਂ ਵੱਲ ਦੌੜ ਗਏ। ਹਾਲਾਤ ਇੰਨੇ ਵਿਗੜ ਗਏ ਹਫ਼ਤਾ ਭਰ ਸਿਰਸਾ ਪੁਲਿਸ ਛਾਉਣੀ 'ਚ ਤਬਦੀਲ ਰਿਹਾ ਤੇ ਸਕੂਲ, ਕਾਲਜ ਤੇ ਸਰਕਾਰੀ ਦਫ਼ਤਰ ਵੀ ਬੰਦ ਰਹੇ।

ਉਧਰ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿਰਸਾ ਨੇੜੇ ਪਿੰਡ ਜੀਵਨ ਸਿੰਘ ਵਾਲਾ ਵਿਖੇ ਡੇਰਾ ਵਿਰੋਧੀਆਂ ਤੇ ਡੇਰਾ ਪ੍ਰੇਮੀਆਂ ਵਿਚਾਲੇ ਹੋਏ ਝਗੜੇ ਬਾਰੇ ਹਰਿਆਣਾ ਸਰਕਾਰ ਨੂੰ ਆਖਿਆ ਕਿ ਉਹ ਇਸ ਮਾਮਲੇ ਦੀ ਨਿਰਪੱਖ ਜਾਂਚ ਕਰੇ ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਦੌਰਾਨ ਦਲ ਖਾਲਸਾ ਨੇ ਹਰਿਆਣਾ ਦੀ ਕਾਂਗਰਸ ਸਰਕਾਰ 'ਤੇ ਡੇਰਾ ਸਿਰਸਾ ਦੀ ਪੁਸ਼ਤਪਨਾਹੀ ਕਰਕੇ ਸਿੱਖ ਸੰਗਤ ਉੱਤੇ ਹਮਲੇ ਕਰਵਾਉਣ ਦਾ ਦੋਸ਼ ਲਾਇਆ ਹੈ। ਇਸ ਦੌਰਾਨ ਦਲ ਖਾਲਸਾ ਜਥੇਬੰਦੀ ਦੇ ਆਗੂਆਂ ਕੰਵਰਪਾਲ ਸਿੰਘ, ਡਾ. ਮਨਜਿੰਦਰ ਸਿੰਘ ਤੇ ਸਰਬਜੀਤ ਸਿੰਘ ਘੁਮਾਣ ਨੇ ਆਖਿਆ ਕਿ ਜੇ ਪਿੰਡ ਜੀਵਨ ਸਿੰਘ ਵਾਲਾ ਨੇੜੇ ਡੇਰਾ ਸਿਰਸਾ ਦੇ ਪ੍ਰੇਮੀਆਂ ਵੱਲੋਂ ਸਿੱਖਾਂ 'ਤੇ ਹਮਲੇ ਤੋਂ ਬਾਅਦ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਹੁੰਦੀ ਤਾਂ ਡੇਰਾ ਸਿਰਸਾ ਦੇ ਸਮਰਥਕ ਸਿੱਖਾਂ 'ਤੇ ਹਮਲਾ ਕਰਨ ਦੀ ਹਿੰਮਤ ਨਾ ਕਰਦੇ। ਉਨ੍ਹਾਂ ਆਖਿਆ ਕਿ ਜਿਸ ਢੰਗ ਨਾਲ ਡੇਰਾ ਮੁਖੀ ਨੂੰ ਹਰਿਆਣਾ ਸਰਕਾਰ ਵੱਲੋਂ ਜ਼ੈੱਡ ਸੁਰੱਖਿਆ ਤੇ ਬੁਲਿਟ ਪਰੂਫ ਗੱਡੀਆਂ ਮੁਹੱਈਆ ਕਰਵਾਈਆਂ ਗਈਆਂ ਹਨ, ਉਸ ਤੋਂ ਸਪੱਸ਼ਟ ਹੈ ਕਿ ਡੇਰਾ ਮੁਖੀ ਨੂੰ ਸਰਕਾਰੀ ਪੁਸ਼ਤਪਨਾਹੀ ਹਾਸਲ ਹੈ। ਡੇਰਾ ਸਿਰਸਾ ਵੱਲੋਂ ਕੀਤੇ ਹਮਲੇ ਦੌਰਾਨ ਫੱਟੜ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਤੇ ਹੋਰ ਜ਼ਖ਼ਮੀ ਸਿੱਖਾਂ ਦੇ ਹੱਕ ਵਿਚ ਡਟਦਿਆਂ ਉਨ੍ਹਾਂ ਆਖਿਆ ਕੇਂਦਰ ਤੇ ਹਰਿਆਣਾ ਸਰਕਾਰ ਡੇਰੇ ਦੀ ਪੁਸ਼ਤਪਨਾਹੀ ਬੰਦ ਕਰੇ ਤੇ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕਰੇ।

# ਗਰਮਖਿਆਲੀਏ ਪੰਜਾਬ ਦੇ ਚੋਣ ਪਿੜ 'ਚੋਂ ਬਾਹਰ

*(ਸਫਾ ਇਕ ਦੀ ਬਾਕੀ)*

ਸਿਆਸਤ ਵਿਚ ਗਰਮਖਿਆਲੀਆਂ ਦਾ ਸਫਾਇਆ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਭਵਿੱਖ ਵਿਚ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਨਹੀਂ ਲੜੇਗੀ। ਸ. ਮਾਨ ਦਾ ਕਹਿਣਾ ਹੈ ਕਿ ਚੋਣਾਂ ਲੜਨ ਲਈ ਪਾਰਟੀ ਕੋਲ ਮੋਟਾ ਪੈਸਾ ਨਹੀਂ ਹੈ। ਇਸ ਕਰਕੇ ਪਾਰਟੀ ਨੇ ਚੋਣ ਅਮਲ ਵਿਚ ਹਿੱਸਾ ਨਾ ਲੈਣ ਦਾ ਫ਼ੈਸਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਲੜੀਆਂ ਚੋਣਾਂ ਦੇ ਤਜਰਬੇ ਤੋਂ ਉਹ ਇਸ ਸਿੱਟੇ 'ਤੇ ਪੁੱਜੇ ਹਨ ਕਿ ਉਨ੍ਹਾਂ ਦੀ ਪਾਰਟੀ ਦੇ ਉਮੀਦਵਾਰ ਕਰੋੜਾਂ ਰੁਪਏ ਕੋਲ ਨਾ ਹੋਣ ਕਰ ਕੇ ਹਾਰਦੇ ਰਹੇ ਹਨ। ਉਂਜ ਉਨ੍ਹਾਂ ਕਿਹਾ ਹੈ ਕਿ ਉਹ ਭਵਿੱਖ ਵਿਚ ਸੰਸਦ ਜਾਂ ਵਿਧਾਨ ਸਭਾ ਵਿਚ ਆਪਣੀ ਗੱਲ ਕਹਿਣ ਦੀ ਥਾਂ ਸੜਕਾਂ 'ਤੇ ਨਾਅਰੇ ਮਾਰ ਕੇ ਸਰਕਾਰਾਂ ਦੇ ਕੰਨ ਖੋਲ੍ਹਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਬਾਅਦ ਹੀ ਉਹ ਚੋਣ ਅਮਲ ਵਿਚ ਮੁੜ ਤੋਂ ਹਿੱਸਾ ਲੈਣ ਬਾਰੇ ਦੁਚਿੱਤੀ ਵਿਚ ਪੈ ਗਏ ਸਨ ਪਰ ਹੁਣ ਉਨ੍ਹਾਂ ਪੱਕਾ ਮਨ ਬਣਾ ਲਿਆ ਹੈ। ਨਾਲ ਹੀ ਉਨ੍ਹਾਂ ਚਿਤਾਵਨੀ ਦਿੱਤੀ ਕਿ ਟਕਸਾਲੀ ਪਾਰਟੀਆਂ ਦੇ ਚੋਣ ਅਮਲ ਵਿਚੋਂ ਬਾਹਰ ਹੋਣ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਜਿਹੇ ਫ਼ੈਸਲੇ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹੋ ਸਕਦੇ ਹਨ।

ਗਰਮਖ਼ਿਆਲੀ ਆਗੂ ਸ. ਮਾਨ ਨੇ ਪਹਿਲੀ ਵਾਰ 1989 ਵਿਚ ਹਲਕਾ ਤਰਨ ਤਾਰਨ ਤੋਂ ਲੋਕ ਸਭਾ ਦੀ ਚੋਣ ਜਿੱਤੀ ਸੀ। ਇਸ ਤੋਂ ਬਾਅਦ 1999 ਵਿਚ ਉਹ ਲੋਕ ਸਭਾ ਹਲਕਾ ਸੰਗਰੂਰ ਤੋਂ ਚੋਣ ਜਿੱਤਣ ਵਿਚ ਸਫਲ ਹੋਏ ਸਨ। ਪਿਛਲੀ ਵਾਰ ਦੀ ਲੋਕ ਸਭਾ ਚੋਣ ਵੀ ਉਨ੍ਹਾਂ ਨੇ ਇਸੇ ਹਲਕੇ ਤੋਂ ਲੜੀ ਸੀ ਪਰ ਸਫਲ ਨਾ ਹੋ ਸਕੇ। ਉਨ੍ਹਾਂ ਦੇ ਥੋੜ੍ਹੀ ਗਿਣਤੀ ਵਿਚ ਉਮੀਦਵਾਰਾਂ ਨੂੰ ਵਿਧਾਨ ਸਭਾ ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੀ ਨੁਮਾਇੰਦਗੀ ਮਿਲਦੀ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਆਪਣੀ ਮੰਜ਼ਲ ਦੀ ਪ੍ਰਾਪਤੀ ਲਈ ਸੰਘਰਸ਼ ਨਹੀਂ ਛੱਡਣਗੇ ਤੇ ਸਿਰਫ ਰਸਤਾ ਹੀ ਬਦਲ ਰਹੇ ਹਨ।

## ਪੰਥਕ ਮੋਰਚਾ ਖੇਰੂੰ-ਖੇਰੂੰ?

(ਸਫਾ ਇਕ ਦੀ ਬਾਕੀ)

ਸਿੰਘ ਸਰਨਾ ਨੇ ਪੰਥਕ ਮੋਰਚੇ ਦੀ ਹਮਾਇਤ ਕੀਤੀ ਸੀ। ਉਸ ਵੇਲੇ ਹਰਿਆਣੇ ਦੇ ਸਿੱਖਾਂ ਦਾ ਇਕ ਧੜਾ ਵੀ ਪੰਥਕ ਮੋਰਚੇ ਨਾਲ ਆ ਰਲਿਆ ਸੀ। ਲੋਕ ਸਭਾ ਦੀਆਂ ਚੋਣਾਂ ਨੂੰ ਦੇਖਦਿਆਂ ਪੰਥਕ ਜਥੇਬੰਦੀਆਂ ਦੇ ਮੁੜ ਇੱਕਠੇ ਹੋਣ ਦੇ ਯਤਨ ਕਰ ਰਹੀਆਂ ਹਨ। ਇਨ੍ਹਾਂ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੀ ਚੋਣ ਪੰਥਕ ਮੋਰਚੇ ਦੇ ਝੰਡੇ ਥੱਲੇ ਲੜੀ ਸੀ। ਅਕਾਲੀ ਦਲ 1920 ਵੱਲੋਂ ਇਨ੍ਹਾਂ ਜਥੇਬੰਦੀਆਂ ਨਾਲ ਗੱਲ ਚਲਾਉਣ ਲਈ ਪਹਿਲ ਕੀਤੀ ਜਾ ਰਹੀ ਹੈ। ਦਲ ਵੱਲੋਂ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਤਾਲਮੇਲ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਦਲ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਬਡਹੇੜੀ ਦਾ ਕਹਿਣਾ ਹੈ ਕਿ ਪੰਚ ਪ੍ਰਧਾਨੀ, ਦਲ ਖਾਲਸਾ, ਖਾਲਸਾ ਪੰਚਾਇਤ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਗੱਲਬਾਤ ਕੀਤੀ ਜਾਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ

ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# Short Sale Specialist

## Selling HUD homes anywhere in California



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

**Sohanpreet (Sam) Chahal**
CA Lic. 01504071
**Realtor/Notary Public**
email:samchahal@hotmail.com

***Call: Sohanpreet 'Sam' Chahal***
**@916-612-5773**
**visit: www.hudhomestore.com**
**Serving from Bay Area to Sacramento**

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# Yarra, Kharazi & Associates

**Phone: (888) 97YARRA (92772)**

## Bankruptcy & Criminal Law

Offices in Bakersfield, Fresno and Merced
Bring this ad in and receive a free consultation

## ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

**ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ 'ਤੇ ਤੁਸੀਂ ਯਕੀਨ ਕਰ ਸਕਦੇ ਹੋ**

## ਯੱਰਾ, ਖਰਾਜ਼ੀ ਐਂਡ ਐਸੋਸੀਏਟਸ

**ਫੋਨ: 1-888-979-2772**

**Email: Info@rwyarra.com**



# ਕੈਪਟਨ ਅਮਰਿੰਦਰ ਦੇ ਚਹੇਤੇ ਅਫਸਰਾਂ ਦੀ ਆਈ ਸ਼ਾਮਤ

**ਚੰਡੀਗੜ੍ਹ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਚਹੇਤੇ ਰਹੇ ਆਈ.ਏ.ਐਸ. ਤੇ ਪੀ.ਸੀ.ਐਸ. ਅਧਿਕਾਰੀਆਂ ਨਾਲ ਮੁੜ ਕਿੜ ਕੱਢਣ ਦੀ ਤਿਆਰੀ ਕਰ ਲਈ ਹੈ। ਸੂਤਰਾਂ ਮੁਤਾਬਕ ਰਾਜ ਸਰਕਾਰ ਨੇ ਕਾਂਗਰਸ ਹਕੂਮਤ ਦੌਰਾਨ ਚਰਚਾ ਵਿਚ ਰਹੇ ਟੈਲੀਵਿਜ਼ਨ ਚੈਨਲ 'ਪੰਜਾਬ ਟੂਡੇ' ਨੂੰ ਅਮਰਿੰਦਰ ਸਰਕਾਰ ਦੇ ਸਮੇਂ ਦੌਰਾਨ ਇਸ਼ਤਿਹਾਰਬਾਜ਼ੀ ਲਈ ਦਿੱਤੇ ਪੈਸੇ ਦੀ ਪੜਤਾਲ ਵਿਜੀਲੈਂਸ ਬਿਊਰੋ ਨੂੰ ਸੌਂਪਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਉਚ ਪੱਧਰੀ ਮੀਟਿੰਗ ਦੌਰਾਨ ਲਿਆ ਗਿਆ।

ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਉਕਤ ਟੈਲੀਵਿਜ਼ਨ ਚੈਨਲ ਨੂੰ ਕਾਂਗਰਸ ਹਕੂਮਤ ਦੌਰਾਨ ਦਿਹਾਤੀ ਵਿਕਾਸ ਫੰਡ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ, ਮਾਰਕਫੈਡ ਤੇ ਹੋਰਾਂ ਅਦਾਰਿਆਂ ਵਿਚੋਂ ਤਕਰੀਬਨ 100 ਕਰੋੜ ਰੁਪਏ ਦੀ ਅਦਾਇਗੀ ਹੋਈ ਸੀ। ਇਸ ਅਧਿਕਾਰੀ ਮੁਤਾਬਕ ਟੈਲੀਵਿਜ਼ਨ ਚੈਨਲ ਨੂੰ ਇਸ਼ਤਿਹਾਰਬਾਜ਼ੀ ਲਈ ਪੇਸ਼ਗੀ ਅਦਾਇਗੀ ਕੀਤੀ ਗਈ ਜੋ ਨਿਯਮਾਂ ਮੁਤਾਬਕ ਗਲਤ ਹੈ ਜਦੋਂਕਿ ਇਸ਼ਤਿਹਾਰ ਨਸ਼ਰ ਹੋਣ ਬਾਰੇ ਕੋਈ ਰਿਕਾਰਡ ਮੌਜੂਦ ਨਹੀਂ।

ਮੀਟਿੰਗ ਦੌਰਾਨ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਵਿਚ ਹੋਏ ਘੁਟਾਲਿਆਂ ਦਾ ਜ਼ਿਕਰ ਸ਼ੁਰੂ ਹੋਇਆ ਤਾਂ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਇਸ ਅਦਾਰੇ ਵੱਲੋਂ 'ਪੰਜਾਬ ਟੂਡੇ' ਨੂੰ 25 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਸੀ ਪਰ ਇਸ਼ਤਿਹਾਰਾਂ ਦੇ ਟੈਲੀਕਾਸਟ ਹੋਣ ਦਾ ਕੋਈ ਰਿਕਾਰਡ ਨਹੀਂ। ਮੁੱਖ ਮੰਤਰੀ ਨੇ ਮੁੱਖ ਸਕੱਤਰ ਰਾਕੇਸ਼ ਸਿੰਘ ਜੋ ਵਿਜੀਲੈਂਸ ਵਿਭਾਗ ਦੇ ਸਕੱਤਰ ਵੀ ਹਨ, ਨੂੰ ਇਨ੍ਹਾਂ ਸਾਰੀਆਂ ਅਦਾਇਗੀਆਂ ਦੀ ਜਾਂਚ ਦੀ ਹਦਾਇਤ ਦਿੱਤੀ ਹੈ। ਸਰਕਾਰ ਦੇ ਇਸ ਫੈਸਲੇ ਨਾਲ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਰਹੇ ਆਈ.ਏ.ਐਸ. ਤੇ ਪੀ.ਸੀ.ਐਸ. ਅਫਸਰਾਂ 'ਤੇ ਸ਼ਿਕੰਜਾ ਕੱਸੇ ਜਾਣ ਦੀ ਸੰਭਾਵਨਾ ਹੈ। ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ਼ਤਿਹਾਰਬਾਜ਼ੀ ਲਈ ਪੇਸ਼ਗੀ ਰਕਮ ਜਾਰੀ ਕਰਨੀ ਸਿੱਧੇ ਤੌਰ 'ਤੇ ਬੇਨਿਯਮੀ ਹੈ।

ਗੌਰਤਲਬ ਹੈ ਕਿ ਪੰਜਾਬ ਵਿਚ ਕਾਂਗਰਸ

**'ਪੰਜਾਬ ਟੂਡੇ' ਨੂੰ ਦਿੱਤੇ ਇਸ਼ਤਿਹਾਰਾਂ ਦੀ ਹੋਵੇਗੀ ਜਾਂਚ**

ਹਕੂਮਤ ਸਮੇਂ 'ਪੰਜਾਬ ਟੂਡੇ' ਚੈਨਲ ਦੀ ਚੜ੍ਹਤ ਰਹੀ ਹੈ। ਚੈਨਲ ਨੂੰ ਕਾਂਗਰਸ ਸਰਕਾਰ ਵੱਲੋਂ ਰੱਜਵੇਂ ਇਸ਼ਤਿਹਾਰ ਦੇਣਾ ਸਰਕਾਰੀ ਤੇ ਰਾਜਸੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਸੂਬੇ ਵਿਚ ਸਰਕਾਰ ਦੇ ਬਦਲਣ ਦੇ ਇਕਦਮ ਬਾਅਦ ਇਹ ਚੈਨਲ ਬੰਦ ਹੋ ਗਿਆ। ਪੰਜਾਬ ਐਗਰੋ ਵੀ ਪਿਛਲੇ ਕਈ ਸਾਲਾਂ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਅਦਾਰੇ ਵਿਚ ਕਾਂਗਰਸ ਹਕੂਮਤ ਦੌਰਾਨ ਤਾਇਨਾਤ ਰਹੇ ਅਧਿਕਾਰੀਆਂ 'ਤੇ ਕਰੋੜਾਂ ਰੁਪਏ ਦੀਆਂ ਵਿੱਤੀ ਬੇਨਿਯਮੀਆਂ ਦੇ ਦੋਸ਼ ਲੱਗੇ ਹਨ।

ਬੇਨਿਯਮੀਆਂ ਦੇ ਦੋਸ਼ ਅਧੀਨ ਹੀ ਰਾਜ ਸਰਕਾਰ ਨੇ ਆਈ.ਏ.ਐਸ. ਅਧਿਕਾਰੀ ਕਿਰਪਾ ਸ਼ੰਕਰ ਸਿਰੋਜ ਤੇ ਪੀ.ਸੀ.ਐਸ. ਅਫਸਰ ਡਾ. ਅਮਰਪਾਲ ਸਿੰਘ ਨੂੰ ਵੱਡੀ ਸਜ਼ਾ ਦੇਣ ਦਾ ਫੈਸਲਾ ਕੀਤਾ ਹੈ। ਸਿਟਰਸ ਕੌਂਸਲ ਜੋ ਇਸੇ ਅਦਾਰੇ ਅਧੀਨ ਸੀ, ਦੇ ਮਾਮਲੇ ਵਿਚ ਕਰੋੜਾਂ ਰੁਪਏ ਦਾ ਘੁਟਾਲਾ ਸਾਹਮਣੇ ਆਉਣ ਤੋਂ ਬਾਅਦ ਕਈ

# ਕੈਪਟਨ ਦਾ ਕੇਸ ਹੋਰ ਅਦਾਲਤ 'ਚ ਬਦਲਣ 'ਤੇ ਨਹੀਂ ਇਤਰਾਜ਼




**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਕੇਸ ਨੂੰ ਮੁਹਾਲੀ ਵਿਚ ਕਿਸੇ ਹੋਰ ਅਦਾਲਤ ਵਿਚ ਤਬਦੀਲ ਕੀਤੇ ਜਾਣ ਉੱਤੇ ਕੋਈ ਇਤਰਾਜ਼ ਨਹੀਂ ਹੈ। ਇਹ ਪ੍ਰਗਟਾਵਾ ਅਦਾਲਤ ਵਿਚ ਐਡੀਸ਼ਨਲ ਐਡਵੋਕੇਟ ਜਨਰਲ ਅਨੁਪਿੰਦਰ ਸਿੰਘ ਗਰੇਵਾਲ ਨੇ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਸਰਕਾਰ ਤੋਂ ਇਹ ਹਦਾਇਤ ਮਿਲੀ ਹੈ। ਜ਼ਿਕਰਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਹਾਈ ਕੋਰਟ ਵਿਚ ਅਰਜ਼ੀ ਦਾਇਰ ਕਰਕੇ ਮੰਗ ਕੀਤੀ ਸੀ ਕਿ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਕੇਸ ਨੂੰ ਸੂਬੇ ਤੋਂ ਬਾਹਰ ਕਿਸੇ ਵੀ ਅਦਾਲਤ 'ਚ ਬਦਲਿਆ ਜਾਵੇ।

ਪੰਜਾਬ ਸਰਕਾਰ ਦੇ ਵਧੀਕ ਐਡਵੋਕੇਟ ਜਨਰਲ ਅਨੁਪਿੰਦਰ ਸਿੰਘ ਦਾ ਇਹ ਬਿਆਨ ਹਾਈ ਕੋਰਟ ਦੇ ਜਸਟਿਸ ਕੇ ਸੀ ਪੁਰੀ ਵੱਲੋਂ ਪੁੱਛੇ ਵਿਸ਼ੇਸ਼ ਸਵਾਲ ਦੇ ਜਵਾਬ ਵਿਚ ਆਇਆ ਹੈ। ਕੈਪਟਨ ਅਮਰਿੰਦਰ ਸਿੰਘ ਦੀ ਤਰਫ਼ੋਂ ਪੇਸ਼ ਹੋਏ ਸੀਨੀਅਰ ਵਕੀਲ ਆਰ ਐਸ ਚੀਮਾ ਤੇ ਏ ਪੀ ਐਸ ਦਿਓਲ ਨੇ ਅਦਾਲਤ ਨੂੰ ਇਸ ਬਿਆਨ ਨੂੰ ਦਰਜ ਕਰਨ ਦੀ ਅਪੀਲ ਕੀਤੀ ਤੇ ਇਹ ਵੀ ਕਿਹਾ ਕਿ ਉਹ ਇਸ ਮਾਮਲੇ ਵਿਚ ਕੈਪਟਨ ਅਮਰਿੰਦਰ ਦੀਆਂ ਹਦਾਇਤਾਂ ਦੀ ਉਡੀਕ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਮੁਹਾਲੀ ਦੀ ਅਦਾਲਤ ਵਿਚ ਕੇਸ ਚਲਾਏ ਜਾਣ 'ਤੇ ਕੁਝ ਇਤਰਾਜ਼ ਪ੍ਰਗਟਾਏ ਸਨ। ਉਸ ਨੇ ਪੰਜਾਬ ਸਰਕਾਰ, ਕੇਸ ਚਲਾਉਣ ਵਾਲੀ ਏਜੰਸੀ ਤੇ ਪ੍ਰਜ਼ਾਈਡਿੰਗ ਅਧਿਕਾਰੀ 'ਤੇ ਪੱਖਪਾਤੀ ਹੋਣ ਦੇ ਦੋਸ਼ ਲਾਏ ਸਨ। ਬੈਂਚ ਨੂੰ ਦੱਸਿਆ ਗਿਆ ਕਿ ਇਸ ਮਾਮਲੇ ਦੇ ਜਾਂਚ ਅਧਿਕਾਰੀ ਸੁਰਿੰਦਰਪਾਲ ਸਿੰਘ ਵਿਰਕ ਵਿਰੁੱਧ ਪਹਿਲਾਂ ਹੀ ਅਦਾਲਤ ਵਿਚ ਚੁੱਕੀ ਸਹੁੰ ਤੋੜਨ ਦਾ ਕੇਸ ਚੱਲ ਰਿਹਾ ਹੈ। ਆਪਣੇ ਅਹੁਦੇ ਦੀ ਮਿਆਦ ਵਧਾਏ ਜਾਣ ਤੋਂ ਬਾਅਦ ਉਹ ਵਿਜੀਲੈਂਸ ਬਿਊਰੋ ਵਿਚ ਸੇਵਾ ਨਿਭਾਅ ਰਿਹਾ ਹੈ। ਉਸ ਤੋਂ ਨਿਰਪੱਖ ਢੰਗ ਨਾਲ ਮਾਮਲੇ ਨੂੰ ਨਜਿੱਠਣ ਦੀ ਆਸ ਨਹੀਂ ਹੈ।

# ਕਾਂਗਰਸੀਆਂ ਨੇ ਬਾਦਲ ਨਾਲ ਮਨਮੋਹਨ ਦੀ ਫੋਟੋ ਲਾਈ



**ਹੁਸ਼ਿਆਰਪੁਰ:** ਇਥੇ ਸਿਵਲ ਹਸਪਤਾਲ ਵਿਚ ਖੜ੍ਹੀ '108 ਐਂਬੂਲੈਂਸ' 'ਤੇ ਕਾਂਗਰਸੀ ਆਗੂਆਂ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਸਵੀਰ ਦੇ ਬਰਾਬਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਚਿਪਕਾ ਦੇਣ ਨਾਲ ਕਾਫੀ ਹੰਗਾਮਾ ਹੋਇਆ। ਜਿਵੇਂ ਹੀ ਸਿਹਤ ਅਧਿਕਾਰੀਆਂ ਨੂੰ ਪਤਾ ਲੱਗਿਆ ਉਨ੍ਹਾਂ ਨੇ ਇਸ ਦੀ ਸੂਚਨਾ ਪ੍ਰਸ਼ਾਸਨ ਨੂੰ ਦੇ ਦਿੱਤੀ ਤੇ ਸੀਨੀਅਰ ਸਿਵਲ ਤੇ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਐਂਬੂਲੈਂਸ ਨੂੰ ਮਾਡਲ ਟਾਊਨ ਥਾਣੇ ਲੈ ਆਂਦਾ ਗਿਆ। ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਵਿਕਰਮਜੀਤ ਸਿੰਘ ਚੌਧਰੀ ਤੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਤੇ ਵਿਧਾਇਕ ਸੁੰਦਰ ਸ਼ਾਮ ਅਰੋੜਾ ਦੀ ਅਗਵਾਈ ਹੇਠ ਪਾਰਟੀ ਦੇ ਜਥੇ ਨੇ ਹਸਪਤਾਲ ਪਹੁੰਚ ਕੇ ਪ੍ਰਧਾਨ ਮੰਤਰੀ ਦਾ ਸਟਿੱਕਰ ਐਂਬੂਲੈਂਸ 'ਤੇ ਲਾ ਦਿੱਤਾ। ਸ੍ਰੀ ਚੌਧਰੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਲੰਬੇ ਅਰਸੇ ਤੋਂ ਸੂਬਾ ਸਰਕਾਰ ਨੂੰ '108 ਐਂਬੂਲੈਂਸਾਂ' 'ਤੇ ਪ੍ਰਧਾਨ ਮੰਤਰੀ ਦੀ ਫੋਟੋ ਲਾਉਣ ਲਈ ਕਹਿੰਦੀ ਆ ਰਹੀ ਹੈ ਕਿਉਂਕਿ ਇਹ ਐਂਬੂਲੈਂਸਾਂ ਕੇਂਦਰ ਸਰਕਾਰ ਦੀ ਸਕੀਮ ਤਹਿਤ ਖਰੀਦੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਚੋਣ ਕਮਿਸ਼ਨ ਨੂੰ ਇਸ ਦੀ ਸ਼ਿਕਾਇਤ ਵੀ ਕੀਤੀ ਸੀ ਤੇ ਚੋਣ ਕਮਿਸ਼ਨ ਦੀ ਹਦਾਇਤ 'ਤੇ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਦੀਆਂ ਤਸਵੀਰਾਂ ਹਟਾ ਲਈਆਂ ਸਨ ਪਰ ਚੋਣਾਂ ਮੁੱਕਣ ਪਿੱਛੋਂ ਫਿਰ ਇਨ੍ਹਾਂ ਨੂੰ ਲਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਹਫ਼ਤੇ ਦੇ ਅੰਦਰ ਮੁੱਖ ਮੰਤਰੀ ਦੀਆਂ ਤਸਵੀਰਾਂ ਹਟਾ ਕੇ ਪ੍ਰਧਾਨ ਮੰਤਰੀ ਦੀਆਂ ਤਸਵੀਰਾਂ ਨਾ ਲਾਈਆਂ ਤਾਂ ਯੂਥ ਕਾਂਗਰਸ ਪੂਰੇ ਪੰਜਾਬ ਵਿਚ ਆਪ ਇਹ ਕੰਮ ਕਰੇਗੀ। ਇਸ ਬਾਰੇ ਜਦੋਂ ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਕਾਂਗਰਸ ਨੂੰ ਅਜਿਹਾ ਕਰਨ ਦੀ ਬਿਲਕੁੱਲ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇ ਕਿਸੇ ਨੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਸਿੱਟੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਕਾਂਗਰਸੀਆਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਪੰਜਾਬ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਐਂਬੂਲੈਂਸ ਸੇਵਾਵਾਂ ਵਧੀਆ ਤਰੀਕੇ ਨਾਲ ਚੱਲ ਰਹੀਆਂ ਹਨ।

## ਹੁਣ ਲੋਕ ਵਿਖਾਵੇ ਲਈ ਨਹੀਂ ਮਿਲੇਗੀ ਸੁਰੱਖਿਆ

**ਅੰਮ੍ਰਿਤਸਰ:** ਨਵੀਂ ਦਿੱਲੀ ਨੇੜੇ ਫਾਰਮ ਹਾਊਸ ਵਿਚ ਗੋਲੀ ਚੱਲਣ ਨਾਲ ਪੌਂਟੀ ਚੱਢਾ ਤੇ ਉਸ ਦੇ ਭਰਾ ਦੀ ਮੌਤ ਹੋਣ ਤੋਂ ਬਾਅਦ ਪੰਜਾਬ ਸਰਕਾਰ ਨੇ ਸੁਰੱਖਿਆ ਛਤਰੀ ਪ੍ਰਾਪਤ ਸਮੂਹ ਵਿਅਕਤੀਆਂ ਨੂੰ ਦਰਪੇਸ਼ ਖ਼ਤਰੇ ਦੀ ਸਮੀਖਿਆ ਕਰਨ ਦੇ ਆਦੇਸ਼ ਦਿੱਤੇ ਹਨ। ਹੁਣ ਸੁਰੱਖਿਆ ਛਤਰੀ ਨੂੰ ਦਿਖਾਵੇ ਵਜੋਂ ਵਰਤਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਰਕਾਰ ਨੇ ਅਜਿਹੇ ਸਾਰੇ ਵਿਅਕਤੀਆਂ ਨੂੰ ਦਰਪੇਸ਼ ਖਤਰੇ ਦੀ ਸਮੀਖਿਆ ਕਰਨ ਦੇ ਪਹਿਲਾਂ ਹੀ ਆਦੇਸ਼ ਦੇ ਦਿੱਤੇ ਹਨ। ਸਬੰਧਤ ਕਮੇਟੀ ਜਲਦੀ ਹੀ ਇਕ ਮੀਟਿੰਗ ਕਰਕੇ ਹਰ ਸੁਰੱਖਿਆ ਪ੍ਰਾਪਤ ਵਿਅਕਤੀ ਨੂੰ ਦਰਪੇਸ਼ ਖ਼ਤਰੇ ਅਨੁਸਾਰ ਉਸ ਦੀ ਸੁਰੱਖਿਆ ਵਿਚ ਵਾਧਾ ਜਾਂ ਕਮੀ ਬਾਰੇ ਫੈਸਲਾ ਕਰੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਸੁਰੱਖਿਆ ਛਤਰੀ ਨੂੰ ਦਿਖਾਵੇ ਵਜੋਂ ਵਰਤਣ ਦੀ ਆਗਿਆ ਨਹੀਂ ਦੇਵੇਗੀ।

# ਰਣੀਕੇ ਨੂੰ ਬਚਾਉਣ ਲਈ ਸਰਬਜੀਤ ਬਣਿਆ ਬਲੀ ਦਾ ਬੱਕਰਾ

## ਸਰਬਦਿਆਲ ਦੀ ਹੋਵੇਗੀ ਜਾਇਦਾਦ ਜ਼ਬਤ
## ਵਿਜੀਲੈਂਸ ਵੱਲੋਂ ਰਣੀਕੇ ਨੂੰ ਕਲੀਨ ਚਿੱਟ

**ਅੰਮ੍ਰਿਤਸਰ:** ਸਰਹੱਦੀ ਹਲਕੇ ਅਟਾਰੀ ਵਿਚ ਵਿਕਾਸ ਫੰਡਾਂ ਵਿਚ ਹੋਏ ਘਪਲੇ ਸਬੰਧੀ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਬਚਾਉਣ ਲਈ ਉਨ੍ਹਾਂ ਦੇ ਪੀ.ਏ. ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ। ਬੇਸ਼ੱਕ ਸ. ਰਣੀਕੇ ਨੂੰ ਗਰਾਂਟ ਘੁਟਾਲਾ ਸਾਹਮਣੇ ਆਉਣ 'ਤੇ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ ਪਰ ਬਾਅਦ 'ਚ ਇਹ ਸਾਰਾ ਦੋਸ਼ ਉਨ੍ਹਾਂ ਦੇ ਪੀ.ਏ. ਨੇ ਆਪਣੇ ਸਿਰ ਲੈ ਲਿਆ। ਅਸਲ 'ਚ ਸਰਕਾਰ ਨੇ ਆਪਣੀ ਸਾਖ ਬਚਾਉਣ ਲਈ ਸ. ਰਣੀਕੇ ਨੂੰ ਕਲੀਨ ਚਿੱਟ ਦਵਾ ਦਿੱਤੀ ਹੈ। ਵਿਜੀਲੈਂਸ ਵਿਭਾਗ ਨੇ ਸ. ਰਣੀਕੇ ਦੇ ਨਿੱਜੀ ਸਹਾਇਕ ਸਰਬਦਿਆਲ ਸਿੰਘ ਤੇ ਹੋਰਾਂ ਵੱਲੋਂ ਇਸ ਅਰਸੇ ਦੌਰਾਨ ਸਰਕਾਰੀ ਗਰਾਂਟ ਖੁਰਦ ਬੁਰਦ ਕਰਕੇ ਬਣਾਈ ਤਕਰੀਬਨ ਤਿੰਨ ਕਰੋੜ ਰੁਪਏ ਦੀ ਅਚੱਲ ਜਾਇਦਾਦ ਜ਼ਬਤ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਵਿਜੀਲੈਂਸ ਵਿਭਾਗ ਨੇ ਸੈਸ਼ਨ ਕੋਰਟ ਵਿਚ ਸਰਬਦਿਆਲ ਤੇ ਹੋਰਾਂ ਖ਼ਿਲਾਫ਼ ਚਲਾਨ ਵੀ ਪੇਸ਼ ਕਰ ਦਿੱਤਾ ਹੈ। ਵਿਜੀਲੈਂਸ ਨੇ ਸੈਸ਼ਨ ਕੋਰਟ ਵਿਚ ਚਲਾਨ ਪੇਸ਼ ਕਰ ਦਿੱਤਾ ਹੈ ਜਿਸ ਵਿਚ ਸਰਬਦਿਆਲ ਸਮੇਤ 38 ਗ੍ਰਿਫ਼ਤਾਰ ਵਿਅਕਤੀਆਂ ਦੇ ਨਾਂ ਸ਼ਾਮਲ ਹਨ ਜਦੋਂਕਿ 35 ਹੋਰ ਲੋੜੀਂਦੇ ਵਿਅਕਤੀਆਂ ਦੇ ਨਾਂ ਸ਼ਾਮਲ ਹਨ। ਇਸ ਚਲਾਨ ਵਿਚ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਤੇ ਉਸਦੇ ਪਰਿਵਾਰ ਦੇ ਕਿਸੇ ਜੀਅ ਦਾ ਨਾਂ ਸ਼ਾਮਲ ਨਹੀਂ ਹੈ ਜਿਸ ਤੋਂ ਸਪੱਸ਼ਟ ਹੈ ਕਿ ਵਿਜੀਲੈਂਸ ਨੇ ਸ. ਰਣੀਕੇ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਸ. ਘੁੰਮਣ ਨੇ ਦੱਸਿਆ ਕਿ ਸ. ਰਣੀਕੇ ਕੋਲੋਂ ਪੁੱਛਗਿੱਛ ਕੀਤੀ ਗਈ ਸੀ ਪਰ ਇਸ ਘਪਲੇ ਦਾ



*ਗੁਲਜ਼ਾਰ ਸਿੰਘ ਰਣੀਕੇ*

ਉਨ੍ਹਾਂ ਨਾਲ ਕੋਈ ਸਬੰਧ ਨਹੀਂ। ਉਨ੍ਹਾਂ ਦੇ ਪੀ.ਏ. ਨੇ ਇਸ ਘਪਲੇ ਦੀ ਕਿਸੇ ਨੂੰ ਭਿਣਕ ਹੀ ਨਹੀਂ ਪੈਣ ਦਿੱਤੀ।

ਵਿਜੀਲੈਂਸ ਦੇ ਐਸ.ਪੀ. ਉਪਿੰਦਰਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਸਰਬਦਿਆਲ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਬਣਾਈ ਅਚੱਲ ਜਾਇਦਾਦ ਜ਼ਬਤ ਕਰਨ ਲਈ ਸਰਕਾਰ ਕੋਲੋਂ ਆਗਿਆ ਮੰਗੀ ਗਈ ਹੈ। ਇਸ ਬਾਰੇ ਲੋੜੀਂਦਾ ਪੱਤਰ ਭੇਜ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਵਿਜੀਲੈਂਸ ਨੇ ਸਰਬਦਿਆਲ ਸਿੰਘ ਦੀ ਹੌਂਡਾ ਸਿਟੀ ਕਾਰ ਵੀ ਆਪਣੇ ਕਬਜ਼ੇ ਵਿਚ ਲੈ ਲਈ ਹੈ। 2007 ਤੋਂ ਲੈ ਕੇ 2011 ਤੱਕ ਇਸ ਵਿਅਕਤੀ ਨੇ ਤਕਰੀਬਨ ਚਾਰ ਕਰੋੜ ਰੁਪਏ ਦੀ ਸਰਕਾਰੀ ਗਰਾਂਟ ਖੁਰਦ ਬੁਰਦ ਕੀਤੀ ਹੈ ਜਿਸ ਵਿੱਚ 3.19 ਕਰੋੜ ਰੁਪਏ ਦੀ ਅਖ਼ਤਿਆਰੀ ਫੰਡ ਦੀ ਰਕਮ ਹੈ ਤੇ 75 ਲੱਖ ਕੇਂਦਰ ਸਰਕਾਰ ਵਲੋਂ ਆਈ ਸਰਹੱਦੀ ਖੇਤਰ ਵਿਕਾਸ ਫੰਡ ਦੀ ਰਕਮ ਸ਼ਾਮਲ ਹੈ।

ਖੁਰਦ ਬੁਰਦ ਕੀਤੀਆਂ ਗਈਆਂ ਇਨ੍ਹਾਂ ਗਰਾਂਟਾਂ ਵਿਚੋਂ ਸਰਬਦਿਆਲ ਸਿੰਘ ਨੇ ਤਕਰੀਬਨ ਢਾਈ ਕਰੋੜ ਰੁਪਏ ਦੀ ਜਾਇਦਾਦ ਖਰੀਦੀ ਹੈ ਜਦੋਂਕਿ ਉ ਦੇ ਦੋ ਰਿਸ਼ਤੇਦਾਰਾਂ ਹਰਜੀਤ ਸਿੰਘ ਅਤੇ ਦਲਜੀਤ ਸਿੰਘ ਤੇ ਹੋਰਾਂ ਨੇ ਤਕਰੀਬਨ ਪੰਜਾਹ ਲੱਖ ਰੁਪਏ ਦੀ ਜਾਇਦਾਦ ਖਰੀਦੀ ਹੈ। ਕੁਝ ਵਰ੍ਹੇ ਪਹਿਲਾਂ ਸਰਬਦਿਆਲ ਦੇ ਪਰਿਵਾਰ ਕੋਲ ਪਿੰਡ ਚਾਈਵਿੰਡ ਵਿਖੇ ਸਿਰਫ ਦੋ ਏਕੜ ਜ਼ਮੀਨ ਸੀ ਜਿਸ ਤੋਂ ਸਾਲਾਨਾ 60 ਹਜ਼ਾਰ ਰੁਪਏ ਠੇਕਾ ਪ੍ਰਾਪਤ ਹੁੰਦਾ ਸੀ ਤੇ ਇਸ ਆਮਦਨ ਤੋਂ ਹੀ ਪਰਿਵਾਰ ਦਾ ਗੁਜ਼ਾਰਾ ਚੱਲਦਾ ਸੀ ਪਰ 2008 ਤੋਂ 2012 ਤੱਕ ਉਸਨੇ 2.56 ਕਰੋੜ ਰੁਪਏ ਦੀ ਜਾਇਦਾਦ ਬਣਾਈ ਹੈ। ਇਸ ਤੋਂ ਇਲਾਵਾ ਇਕ ਹਾਂਡਾ ਸਿਟੀ ਕਾਰ ਖਰੀਦੀ ਤੇ ਵਿਦੇਸ਼ ਦੇ ਤਿੰਨ ਵਾਰ ਦੌਰੇ ਵੀ ਕੀਤੇ ਹਨ।

ਵਿਜੀਲੈਂਸ ਵੱਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਉਸ ਨੇ ਮੰਨਿਆ 2012 ਵਿਚ ਉਸ ਨੇ ਕਾਬੂ ਆਉਣ ਤੋਂ ਪਹਿਲਾਂ ਆਖਰੀ ਵਾਰ ਚੰਡੀਗੜ੍ਹ ਦੇ ਸੈਕਟਰ 22 ਵਿਖੇ 1.1 ਕਰੋੜ ਰੁਪਏ ਦੀ ਜਾਇਦਾਦ ਖਰੀਦੀ ਸੀ। ਇਸ ਅਚੱਲ ਜਾਇਦਾਦ ਵਿਚ ਉਸ ਨੇ ਉਥੇ ਇਕ ਫਲੈਟ ਖਰੀਦਿਆ ਸੀ ਜਿਸਦਾ ਮੁੱਲ ਕਰਨ ਮਗਰੋਂ ਅਗਲੇ ਦਿਨ ਹੀ ਸਮੁੱਚੀ ਰਕਮ ਨਕਦੀ ਦੇ ਰੂਪ ਵਿਚ ਅਦਾ ਕਰ ਦਿੱਤੀ। ਇਸ ਤੋਂ ਪਹਿਲਾਂ 2010-11 ਵਿਚ ਉਸ ਨੇ ਅੰਮ੍ਰਿਤਸਰ ਨੇੜੇ ਰਿਹਾਇਸ਼ੀ ਇਲਾਕੇ ਰਾਣੀ ਕਾ ਬਾਗ ਵਿਖੇ 1.8 ਕਰੋੜ ਰੁਪਏ ਮੁੱਲ ਦੀ 500 ਵਰਗ ਗਜ ਦੀ ਕੋਠੀ ਖਰੀਦੀ ਹੈ।

ਉਸਨੇ ਮੰਨਿਆ ਕਿ ਇਸ ਸਮੇਂ 'ਚ ਉਹ ਸਿੰਗਾਪੁਰ, ਮਲੇਸ਼ੀਆ, ਇੰਡੋਨੇਸ਼ੀਆ, ਹਾਂਗਕਾਂਗ ਤੇ ਦੁਬਈ ਵੀ ਗਿਆ। ਸ. ਘੁੰਮਣ ਨੇ ਦੱਸਿਆ ਕਿ ਸਰਬਦਿਆਲ ਸਿੰਘ ਵੱਲੋਂ ਰਾਣੀ ਕਾ ਬਾਗ ਇਲਾਕੇ ਵਿਚ ਖਰੀਦੀ ਗਈ ਕੋਠੀ ਦੀ ਰਜਿਸਟਰੀ ਭਾਵੇਂ 55 ਲੱਖ ਰੁਪਏ ਵਿਚ ਕਰਵਾਈ ਗਈ ਹੈ ਪਰ ਉਸ ਨੇ ਮਾਲਕ ਨੂੰ ਇਕ ਕਰੋੜ ਅੱਠ ਲੱਖ ਰੁਪਏ ਅਦਾ ਕੀਤੇ ਹਨ ਜਦੋਂਕਿ ਇਸ ਜਾਇਦਾਦ ਦਾ ਬਾਜ਼ਾਰੀ ਮੁੱਲ ਕਰੀਬ ਦੋ ਕਰੋੜ ਰੁਪਏ ਹੈ।

## ਆਸਟਰੇਲੀਆ ਰਹਿੰਦੇ ਪਰਵਾਸੀਆਂ ਨੂੰ ਰਾਹਤ

**ਮੈਲਬਰਨ:** ਆਸਟਰੇਲੀਆਈ ਨਾਗਰਿਕ ਜਾਂ ਸਥਾਈ ਵੀਜ਼ਾ ਰੱਖਣ ਵਾਲੇ ਪਰਵਾਸੀ ਹੁਣ ਲੰਮੇਂ ਸਮੇਂ ਤਕ ਆਪਣੇ ਮਾਪਿਆਂ ਨੂੰ ਆਸਟਰੇਲੀਆ ਸੱਦ ਸਕਣਗੇ। ਆਵਾਸ ਵਿਭਾਗ ਦੀ ਇਸ ਵੀਜ਼ਾ ਸਹੂਲਤ ਤਹਿਤ ਇਸ ਦੇ ਪੱਕੇ ਵਸਨੀਕ ਪਰਵਾਸੀਆਂ ਦੇ ਮਾਪਿਆਂ ਨੂੰ ਤਿੰਨ ਸਾਲ ਦਾ ਇਕੱਠਾ ਟੂਰਿਸਟ ਵੀਜ਼ਾ ਮਿਲ ਸਕੇਗਾ ਤੇ ਜਿਨ੍ਹਾਂ ਨੇ ਆਪਣੇ ਮਾਪਿਆਂ ਨੂੰ ਸਥਾਈ ਤੌਰ 'ਤੇ ਆਸਟਰੇਲੀਆ ਸੱਦਣ ਲਈ ਕੇਸ ਲਾਇਆ ਹੋਇਆ ਹੈ, ਉਨ੍ਹਾਂ ਬਿਨੈਕਰਤਾਵਾਂ ਦੇ ਮਾਪਿਆਂ ਨੂੰ 5 ਸਾਲ ਤਕ ਦਾ ਟੂਰਿਸਟ ਵੀਜ਼ਾ ਮਿਲ ਸਕੇਗਾ।

ਦੋਵਾਂ ਵੀਜ਼ਿਆਂ ਵਿਚ ਪਰਵਾਸੀਆਂ ਦੇ ਮਾਪੇ ਇਕ ਸਾਲ ਲਗਾਤਾਰ ਇੱਥੇ ਰਹਿ ਸਕਣਗੇ। ਇਸ ਨਵੀਂ ਸਹੂਲਤ ਨਾਲ ਉਨ੍ਹਾਂ ਹਜ਼ਾਰਾਂ ਪਰਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ ਜੋ ਲੰਮੇ ਸਮੇਂ ਲਈ ਆਪਣੇ ਮਾਪਿਆਂ ਨੂੰ ਇੱਥੇ ਨਾਲ ਰੱਖਣਾ ਚਾਹੁੰਦੇ ਸਨ ਜਾਂ ਸਥਾਈ ਤੌਰ 'ਤੇ ਸੱਦਣ ਲਈ ਕਤਾਰ ਵਿਚ ਹਨ।

## ਪੰਜਾਬੀ ਨੌਜਵਾਨ ਦੀ ਫਰਾਂਸ ਵਿਚ ਮੌਤ

**ਹੁਸ਼ਿਆਰਪੁਰ:** ਪਿੰਡ ਟਾਹਲੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਨੌਜਵਾਨ ਸੁਖਵਿੰਦਰ ਸਿੰਘ ਸੋਢੀ ਪੁੱਤਰ ਮਹਿੰਦਰ ਸਿੰਘ ਦੀ ਫਰਾਂਸ ਵਿਚ ਅਚਾਨਕ ਮੌਤ ਹੋ ਗਈ।

ਉਹ ਤਕਰੀਬਨ 12 ਸਾਲ ਪਹਿਲਾਂ ਰੋਜ਼ੀ ਰੋਟੀ ਦੀ ਭਾਲ ਵਿਚ ਪੈਰਿਸ ਗਿਆ ਸੀ ਤੇ ਅਜੇ ਪੱਕਾ ਨਾ ਹੋ ਸਕਣ ਕਾਰਨ ਦੇਸ਼ ਵਾਪਸ ਨਹੀਂ ਸੀ ਆਇਆ। ਪਰਿਵਾਰ ਉਸ ਦੇ ਵਿਆਹ ਬਾਰੇ ਸੋਚ ਰਿਹਾ ਸੀ ਕਿ ਇਹ ਭਾਣਾ ਵਾਪਰ ਗਿਆ।

## ਕੱਟੜਪੰਥੀਆਂ ਵੱਲੋਂ ਮਲਾਲਾ ਖ਼ਿਲਾਫ਼ ਫਤਵਾ ਜਾਰੀ

**ਇਸਲਾਮਾਬਾਦ:** ਇੰਗਲੈਂਡ ਵਿਚ ਜ਼ੇਰੇ ਇਲਾਜ ਮਲਾਲਾ ਯੂਸਫਜ਼ਈ ਖ਼ਿਲਾਫ਼ ਪਾਕਿਸਤਾਨ ਦੇ ਸ਼ਹਿਰ ਇਸਲਾਮਾਬਾਦ ਵਿਚ ਮੌਲਵੀ ਸ਼ੇਖ ਉਮਰ ਬਾਕਰੀ ਵੱਲੋਂ ਲਾਲ ਮਸਜਦ ਵਿਚ ਕਾਨਫਰੰਸ ਦੌਰਾਨ ਜਾਰੀ ਕੀਤੇ ਫ਼ਤਵੇ ਤੋਂ ਬਾਅਦ ਬਰਤਾਨੀਆ ਨੇ ਮਲਾਲਾ ਦੀ ਸੁਰੱਖਿਆ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਮਲਾਲਾ ਯੂਸਫਜ਼ਈ ਨੂੰ ਬੀਤੇ ਸਮੇਂ ਤਲਿਬਾਨ ਦੇ ਕਾਰਕੁਨਾਂ ਵੱਲੋਂ ਹਮਲਾ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ ਤੇ ਉਸ ਦੇ ਇਲਾਜ ਲਈ ਸਾਊਦੀ ਅਰਬ ਦੇ ਸਹਿਯੋਗ ਨਾਲ ਬਰਤਾਨੀਆ ਦੇ ਬਰਮਿੰਘਮ ਸ਼ਹਿਰ ਦੇ ਹਸਪਤਾਲ ਵਿਚ ਲਿਆਂਦਾ ਗਿਆ ਸੀ, ਜਿੱਥੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ।

ਮਲਾਲਾ ਪਾਕਿਸਤਾਨ 'ਚ ਔਰਤਾਂ ਦੇ ਵਿਦਿਆ ਹਾਸਲ ਕਰਨ ਦੇ ਹੱਕ ਲਈ ਅਵਾਜ਼ ਉਠਾ ਰਹੀ ਸੀ ਜਿਸ ਕਰਕੇ ਤਾਲਿਬਾਨ ਨੇ ਉਸ ਨੂੰ ਨਿਸ਼ਾਨਾ ਬਣਾਇਆ। ਬਾਕਰੀ ਨੇ ਵੀਡੀਓ ਲਿੰਕ ਰਾਹੀਂ ਕਿਹਾ ਹੈ ਕਿ ਮਲਾਲਾ ਗੱਦਾਰ ਹੈ ਤੇ ਉਸ ਦਾ ਵਿਹਾਰ ਇਕ ਚੰਗੇ ਮੁਸਲਮਾਨ ਵਾਲਾ ਨਹੀਂ ਹੈ। ਇਸੇ ਕਰਕੇ ਤਾਲਿਬਾਨ ਨੇ ਉਸ ਨੂੰ ਮੌਤ ਦੀ ਸਜਾ ਦੇਣ ਦੀ ਕੋਸ਼ਿਸ਼ ਕੀਤੀ। ਸੀਰੀਆਈ ਮੂਲ ਦੇ 52 ਸਾਲਾ ਬਾਕਰੀ 'ਤੇ 2005 ਤੋਂ ਬਰਤਾਨੀਆ ਦਾਖਲੇ 'ਤੇ ਪਾਬੰਦੀ ਹੈ। ਲੰਦਨ ਬੰਬ ਧਮਾਕਿਆਂ ਤੋਂ ਬਾਅਦ ਜਦੋਂ ਬਾਕਰੀ ਲਿਬਨਾਨ ਗਿਆ ਤਾਂ ਉਸ ਨੂੰ ਯੂ. ਕੇ. ਤੋਂ ਵਾਪਸ ਭੇਜ ਦਿੱਤਾ ਗਿਆ ਸੀ ਜਿੱਥੇ ਕਿ ਉਹ 20 ਸਾਲ ਤੱਕ ਰਿਹਾ ਸੀ।

# Matrimonials

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਥਿੰਦ ਇੰਡੀਆ ਰਹਿੰਦੇ ਅੰਮ੍ਰਿਤਧਾਰੀ, 23 ਸਾਲ, ਕੱਦ 5'-9", ਰਜਿਸਟਰਡ ਨਰਸ ਸੁਨੱਖੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੂਆ ਤੇ ਵੱਡੀ ਭੈਣ ਅਮਰੀਕਾ 'ਚ ਵੈਲ ਸੈਟਲਡ ਹਨ ਤੇ ਲੜਕੇ ਦਾ ਪਰਿਵਾਰ ਜਲਦੀ ਅਮਰੀਕਾ ਪਹੁੰਚ ਰਿਹਾ ਹੈ। ਸੰਪਰਕ ਕਰੋ: ਫੋਨ 530-713-7098, 91-97818-37605 ਜਾਂ ਈਮੇਲ: bains45@gmail.com

---

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11", ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600

E-Mail Tigerjatt@gmail.com

---

Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.

### ਵਰ ਦੀ ਲੋੜ ਹੈ

ਲੁਧਿਆਣਾ ਨਿਵਾਸੀ ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੀ ਐਮ.ਐਸ.ਸੀ. ਨਰਸਿੰਗ ਖੂਬਸੂਰਤ ਲੜਕੀ 29 ਸਾਲ, ਕੱਦ 5'-1" ਲਈ ਅਮਰੀਕਾ ਜਾਂ ਕੈਨੇਡਾ ਵਿਚ ਸਥਾਈ ਰਹਿਣ ਵਾਲੇ ਲੜਕੇ ਦੀ ਤਲਾਸ਼ ਹੈ। ਲੜਕੀ ਦੇ ਪਿਤਾ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿੰਦੇ ਹਨ। ਵਧੇਰੇ ਜਾਣਕਾਰੀ ਲਈ 650-273-2999 'ਤੇ ਬਾਅਦ ਦੁਪਿਹਰ 1:00 ਤੋਂ ਰਾਤ 11:30 ਤੱਕ ਫ਼ੋਨ ਕਰੋ।

---

ਜੱਟ ਸਿੱਖ ਕੈਲੀਫੋਰਨੀਆ ਵਸਦੀ ਗਰੀਨ ਕਾਰਡ ਹੋਲਡਰ, ਉਮਰ 33 ਸਾਲ, ਕੱਦ 5'-5" ਐਮ ਏ ਪਾਸ ਲੜਕੀ ਲਈ ਨਸ਼ਿਆਂ ਤੋਂ ਰਹਿਤ ਅਮਰੀਕਾ ਵਿਚ ਕੱਚੇ-ਪੱਕੇ ਤੌਰ 'ਤੇ ਰਹਿ ਰਹੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 347-653-5790, e-mail: prince.kular@yahoo.com

---

Well settled Saini Sikh parents seek stricktly Gursikh match for US Citizen innocently divorced daughter, 28, 5'-6", M Ed., school teacher. Email biodata @ bsinghmdus@yahoo.com

# ਪਾਕਿਸਤਾਨ ਚੋਣਾਂ ਮਈ 2013 ਵਿਚ

**ਲਾਹੌਰ:** ਪਾਕਿਸਤਾਨ ਵਿਚ ਅਗਲੀਆਂ ਆਮ ਚੋਣਾਂ ਮਈ 2013 ਵਿਚ ਹੋਣਗੀਆਂ। ਪਾਕਿਸਤਾਨ ਦੇ ਸੂਚਨਾ ਮੰਤਰੀ ਕਮਰ ਜ਼ਮਾਨ ਕੈਰਾ ਨੇ ਕਿਹਾ ਕਿ ਇਹ ਚੋਣਾਂ ਸੁਤੰਤਰ ਨਿਆਪਾਲਿਕਾ ਤਹਿਤ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਕਿਸਤਾਨ ਪੀਪਲਜ ਪਾਰਟੀ ਇਨ੍ਹਾਂ ਚੋਣਾਂ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੁਤੰਤਰ ਤੇ ਨਿਰੱਪਖ ਤਰੀਕੇ ਨਾਲ ਕਰਵਾਏਗੀ।

ਕਾਬਲੇਗੌਰ ਹੈ ਕਿ ਪਿਛਲੇ ਕੁਝ ਸਮੇਂ ਤੋਂ ਪਾਕਿ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਸਮੇਤ ਕਈ ਨੇਤਾ ਕਹਿ ਚੁੱਕੇ ਹਨ ਕਿ ਸਰਕਾਰ ਦੇ ਪੰਜ ਸਾਲਾਂ ਕਾਰਜਕਾਲ ਦੇ ਪੂਰਾ ਕਰ ਲੈਣ ਤੋਂ ਬਾਅਦ ਹੀ ਇਹ ਚੋਣਾਂ ਹੋਣਗੀਆਂ। ਜੇ ਅਜਿਹਾ ਹੁੰਦਾ ਹੈ ਤਾਂ ਇਹ ਪਾਕਿਸਤਾਨ ਦੇ ਇਤਿਹਾਸ ਵਿਚ ਅਜਿਹਾ ਪਹਿਲਾ ਮੌਕਾ ਹੋਵੇਗਾ ਜਦੋਂ ਲੋਕਤੰਤਰ ਤਰੀਕੇ ਨਾਲ ਚੁਣੀ ਸਰਕਾਰ 5 ਸਾਲ ਪੂਰੇ ਕਰੇਗੀ।

# ਡਰੱਗ ਦੇ ਕੇਸ ਵਿਚ ਮੁਲਜ਼ਿਮ ਬੀਸਲਾ ਨੂੰ 16 ਸਾਲ ਦੀ ਕੈਦ

**ਫਰਿਜ਼ਨੋ (ਬਿਊਰੋ):** ਯੂ ਐਸ ਡਿਸਟ੍ਰਿਕਟ ਜੱਜ ਐਂਥਨੀ ਇਸ਼ੀ ਨੇ ਲਿਵਿੰਗਸਟਨ ਵਾਸੀ ਗੁਰਮੀਤ ਸਿੰਘ ਬੀਸਲਾ ਨੂੰ ਡਰੱਗ ਸਮਗਲਿੰਗ ਦੇ ਇਕ ਕੇਸ ਵਿਚ 16 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਹ ਜਾਣਕਾਰੀ ਯੂ ਐਸ ਅਟਾਰਨੀ ਬੈਂਜਾਮਿਨ ਵੈਗਨਰ ਨੇ ਪੱਤਰਕਾਰਾਂ ਨੂੰ ਦਿੱਤੀ। ਜ਼ਿਕਰਯੋਗ ਹੈ ਕਿ ਫੈਡਰਲ ਜਿਊਰੀ ਨੇ ਇਕ ਹਜ਼ਾਰ ਕਿਲੋ ਕੋਕੀਨ ਅੱਗੇ ਸਪਲਾਈ ਕਰਨ ਦੀ ਸਾਜਿਸ਼ ਦੇ ਮਨਸ਼ੇ ਨਾਲ ਰੱਖਣ ਦੇ ਦੋਸ਼ ਲਈ ਬੀਸਲਾ ਨੂੰ ਦੋ ਸਾਲ ਪਹਿਲਾਂ ਦੋਸ਼ੀ ਠਹਿਰਾਇਆ ਸੀ ਪਰ ਸਜ਼ਾ ਲੰਘੀ 13 ਨਵੰਬਰ ਨੂੰ ਸੁਣਾਈ ਗਈ।

ਜੱਜ ਇਸ਼ੀ ਨੇ ਸਜ਼ਾ ਦੋ ਡਾਕਟਰਾਂ ਵਲੋਂ ਇਹ ਤਸਦੀਕ ਕੀਤੇ ਜਾਣ ਉਪਰੰਤ ਸੁਣਾਈ ਕਿ 31 ਸਾਲਾ ਬੀਸਲਾ ਦੀ ਦਿਮਾਗੀ ਹਾਲਤ ਹੁਣ ਠੀਕ ਹੈ। ਇਸ ਤੋਂ ਪਹਿਲਾਂ ਮੁਲਜ਼ਿਮ ਬੀਸਲਾ ਨੇ ਆਪਣੇ ਵਕੀਲ ਰਾਹੀਂ ਦਲੀਲ ਦਿੱਤੀ ਸੀ ਕਿ ਉਸ ਦੀ ਦਿਮਾਗੀ ਹਾਲਤ ਸਾਵੀਂ ਨਹੀਂ ਹੈ। ਜੱਜ ਨੇ ਇਸ ਦੇ ਨਾਲ ਹੀ ਮੌਕੇ ਤੋਂ ਬਰਾਮਦ ਹੋਈ ਕਰੀਬ ਦਸ ਲੱਖ ਗਿਆਰਾਂ ਹਜ਼ਾਰ ਡਾਲਰ ਦੀ ਰਕਮ ਵੀ ਜ਼ਬਤ ਕਰਨ ਦਾ ਹੁਕਮ ਸੁਣਾਇਆ।

ਕੇਸ ਦੀ ਸੁਣਵਾਈ ਦੌਰਾਨ ਸਰਕਾਰੀ ਧਿਰ ਵਲੋਂ ਪੇਸ਼ ਕੀਤੇ ਗਏ ਸਬੂਤਾਂ ਵਿਚ ਇਹ ਦੋਸ਼ ਲਾਇਆ ਗਿਆ ਸੀ ਕਿ ਬੇਕਰਜ਼ਫੀਲਡ ਵਾਸੀ 53 ਸਾਲਾ ਹਰਜੀਤ ਮਾਨ ਦੇ ਇਕ ਕੌਮਾਂਤਰੀ ਕੋਕੀਨ ਸਮਗਲਿੰਗ ਗੈਂਗ ਲਈ ਮੁਲਜ਼ਿਮ ਬੀਸਲਾ ਨੇ ਡਰੱਗ ਢੋਈ। ਮੁਲਜ਼ਿਮ ਮਾਨ ਅਤੇ ਬੇਕਰਜ਼ਫੀਲਡ ਵਾਸੀ ਸੁਖਰਾਜ ਧਾਲੀਵਾਲ ਨੂੰ ਵੀ ਡਰੱਗ ਅਤੇ ਕੋਕੀਨ ਦਾ ਧੰਦਾ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਨ੍ਹਾਂ ਦੋਹਾਂ ਨੂੰ ਕ੍ਰਮਵਾਰ 24 ਸਾਲ 4 ਮਹੀਨੇ ਅਤੇ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਫੈਡਰਲ ਏਜੰਟਾਂ ਨੇ ਬੇਕਰਜ਼ਫੀਲਡ ਵਿਚ ਕੀਤੇ ਗਏ ਇਕ ਸਟਰਿੰਗ ਆਪਰੇਸ਼ਨ ਦੌਰਾਨ ਕਰੀਬ 10 ਲੱਖ ਡਾਲਰ ਨਕਦ ਬਰਾਮਦ ਕੀਤੇ ਸਨ ਜਿਨ੍ਹਾਂ ਵਿਚ ਸ਼ੈਲਡਨ, ਇਲੀਨਾਏ ਵਿਚ ਮੁਲਜ਼ਿਮ ਬੀਸਲਾ ਵਲੋਂ ਚਲਾਏ ਜਾਂਦੇ ਇਕ ਟਰੱਕ ਵਿਚੋਂ ਬਰਾਮਦ ਕੀਤੀ ਗਈ ਕਰੀਬ ਇਕ ਲੱਖ 70 ਹਜ਼ਾਰ ਡਾਲਰ ਦੀ ਰਕਮ ਵੀ ਸ਼ਾਮਲ ਹੈ। ਬੇਕਰਜ਼ਫੀਲਡ ਵਿਚ ਫੈਡਰਲ ਏਜੰਟਾਂ ਨੇ ਮੁਲਜ਼ਿਮਾਂ ਤੋਂ ਕਰੀਬ 8 ਲੱਖ 45 ਹਜ਼ਾਰ ਡਾਲਰ ਦੀ ਰਕਮ ਬਰਾਮਦ ਕੀਤੀ ਸੀ।


ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ **ਹੋਮੀਓਪੈਥੀ** ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
**ਫੋਨ: (559) 317-2149**



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577



**SUPER TRAVEL**
847-676-9090, 773-465-5566
*E-mail: supertravel2003@yahoo.com*
***Lowest Fares With Excellent Service***
*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250



**Prince's Barber Shop**
**37477 Fremont Blvd, suite C, Fremont, CA 94536**
***Men & Children's Hair Cut***
*Threading *Custom Text
*Men's Facials *Hair Coler
*Custom Designing *Shave &
*Line-ups *Head Massage
*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Friday 9am to 8pm**
**Sat- Sunday- 8am to 8pm**
**(Tuesday 9am to 4pm)**



***Cell: (510)-677-9942***
***Shop: (510)-505-9605***



**MRP TRAVEL**
*Lowest International and Domestic Fares*
A·R·C **FLY ANY AIRLINE OF YOUR CHOICE** IATA
***Providing the lowest Air-fare, Cruise and Travel Packages to Asia, Africa, Europe, the Middle East and North America***
**408-929-8005**
**E-mail:mrptravel@gmail.com**
**2123 Port Way, San Jose, CA 95133**
***CST: 2097308-40***
***Passport & Visa services also available***



***India Vacation tour package also available.***
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
***Auto *Home *Life *Umbrella**
***Business Work Comp.**
**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



**ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ**
Radio Chann Pardesi ਰੇਡੀਓ ਚੰਨ ਪਰਦੇਸੀ
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com


# ਲਾਹੌਰ ਵਿਚ ਸ਼ਾਦਮਾਨ ਚੌਕ ਤੋਂ ਸਿਆਸਤ ਗਰਮਾਈ

## ਸਰਕਾਰੀ ਕਮੇਟੀ ਵੱਲੋਂ ਕੱਟੜਪੰਥੀਆਂ ਦੇ ਇਤਰਾਜ਼ ਰੱਦ —— ਹਾਈ ਕੋਰਟ ਵੱਲੋਂ ਸਰਕਾਰ ਨੂੰ ਨੋਟਿਸ

**ਲਾਹੌਰ:** ਲਾਹੌਰ ਵਿਚ ਸ਼ਾਦਮਾਨ ਚੌਕ 'ਤੇ ਸ਼ਹੀਦ ਭਗਤ ਸਿੰਘ ਦੇ ਨਾਂ ਨੂੰ ਲੈ ਕੇ ਸਿਆਸਤ ਗਰਮਾ ਗਈ ਹੈ। ਸਰਕਾਰੀ ਕਮੇਟੀ ਵੱਲੋਂ ਸ਼ਾਦਮਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਬਾਰੇ ਕੱਟੜਪੰਥੀਆਂ ਦੇ ਇਤਰਾਜ਼ ਰੱਦ ਕਰ ਦਿੱਤੇ ਹਨ ਤੇ ਇਸ ਪ੍ਰਸਤਾਵ ਨੂੰ ਹਰੀ ਝੰਡੀ ਦੇ ਦਿੱਤੀ ਹੈ ਪਰ ਹਾਈ ਕੋਰਟ ਵੱਲੋਂ ਇਸ ਫੈਸਲੇ 'ਚ ਦਖ਼ਲ ਦਿੰਦਿਆਂ ਸਾਰੀਆਂ ਧਿਰਾਂ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਕਾਇਮ ਕਮੇਟੀ ਨੇ ਇਸ ਸ਼ਹਿਰ ਦੇ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕਮੇਟੀ ਨੇ ਜਮਾਤ-ਉਦ-ਦਵਾ ਜਿਹੇ ਦਹਿਸ਼ਤਗਰਦ ਗਰੁੱਪਾਂ ਦੇ ਵਿਰੋਧ ਤੇ ਦਬਦਬੇ ਦੇ ਬਾਵਜੂਦ ਇਹ ਫੈਸਲਾ ਲਿਆ ਹੈ। ਇਸ ਨੂੰ ਪਾਕਿ ਸਰਕਾਰ ਦਾ ਵਧੀਆ ਫੈਸਲਾ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ ਲਾਹੌਰ ਹਾਈ ਕੋਰਟ ਨੇ ਸ਼ਾਦਮਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖੇ ਜਾਣ 'ਤੇ ਰੋਕ ਲਾ ਦਿੱਤੀ ਹੈ। ਇਸ ਬਾਰੇ ਜਮਾਤ-ਉਦ-ਦਾਵਾ ਵੱਲੋਂ ਚਲਾਈ ਜਾਂਦੀ ਜਥੇਬੰਦੀ ਤਹਿਰੀਕ-ਹੁਰਮਤ-ਏ-ਰਸੂਲ ਵੱਲੋਂ ਦਾਖ਼ਲ ਕੀਤੀ ਪਟੀਸ਼ਨ ਦੀ ਸੁਣਵਾਈ ਕਰਦਿਆਂ ਲਾਹੌਰ ਹਾਈ ਕੋਰਟ ਦੇ ਜੱਜ ਨਸੀਰ ਸਈਦ ਸ਼ੇਖ ਨੇ ਪਾਕਿਸਤਾਨੀ ਪੰਜਾਬ ਸਰਕਾਰ ਵੱਲੋਂ ਸ਼ਾਦਮਾਨ ਚੌਕ ਦਾ ਨਾਂ ਬਦਲਣ ਨੂੰ ਦਿੱਤੀ ਪ੍ਰਵਾਨਗੀ 'ਤੇ ਫਿਲਹਾਲ ਰੋਕ ਲਾਉਣ ਦੇ ਆਦੇਸ਼ ਦਿੱਤੇ।

ਲਾਹੌਰ ਅਦਾਲਤ ਨੇ ਇਸ ਸਬੰਧ ਵਿਚ ਪੰਜਾਬ ਸਰਕਾਰ ਜ਼ਿਲ੍ਹਾ ਪ੍ਰਸ਼ਾਸਨ, ਦਿਲਕਸ਼ ਲਾਹੌਰ ਕਮੇਟੀ ਤੇ ਭਗਤ ਸਿੰਘ ਫਾਊਂਡੇਸ਼ਨ ਨੂੰ ਨੋਟਿਸ ਜਾਰੀ ਕਰਦਿਆਂ 29 ਨਵੰਬਰ ਤੱਕ ਜਵਾਬ ਦੇਣ ਲਈ ਕਿਹਾ। ਇਸ ਸਬੰਧ ਵਿਚ ਤਹਿਰੀਕ-ਹੁਰਮਤ-ਏ-ਰਸੂਲ ਤਰਫ਼ੋਂ ਉਕਤ ਪਟੀਸ਼ਨ ਦਾਇਰ ਕਰਦਿਆਂ ਜ਼ਹੀਦ ਭੱਟ ਨੇ ਦੋਸ਼ ਲਾਇਆ ਕਿ ਭਾਰਤੀ ਸੂਹੀਆ ਏਜੰਸੀ 'ਰਾਅ' ਵੱਲੋਂ ਭਗਤ ਸਿੰਘ ਫਾਊਂਡੇਸ਼ਨ ਨੂੰ ਸ਼ਾਦਮਾਨ ਚੌਕ ਦਾ ਨਾਂ ਬਦਲੇ ਜਾਣ ਦਾ ਮੁੱਦਾ ਚੁੱਕਣ ਲਈ ਫੰਡ ਮੁਹੱਈਆ ਕਰਵਾਏ ਗਏ।



ਭੱਟ ਨੇ ਦੋਸ਼ ਲਾਇਆ ਕਿ ਫਾਊਂਡੇਸ਼ਨ ਨੇ ਦਿਲਕਸ਼ ਲਾਹੌਰ ਕਮੇਟੀ ਨੂੰ ਇਸ ਕੰਮ ਲਈ ਵਰਤਿਆ। ਜ਼ਿਕਰਯੋਗ ਹੈ ਕਿ ਜਮਾਤ-ਉਦ-ਦਾਵਾ ਦੇ ਸੀਨੀਅਰ ਨੇਤਾ ਆਮਿਰ ਹਮਜ਼ਾ ਤਹਿਰੀਕ-ਹੁਰਮਤ-ਏ-ਰਸੂਲ ਦੇ ਮੁਖੀ ਹਨ। ਹਮਜ਼ਾ ਨੇ ਪਹਿਲਾਂ ਵੀ ਆਖਿਆ ਸੀ ਕਿ ਉਨ੍ਹਾਂ ਦੀ ਜਥੇਬੰਦੀ ਲਾਹੌਰ ਵਿਚ ਕਿਸੇ ਸਥਾਨ ਦਾ ਨਾਂ ਕਿਸੇ ਹਿੰਦੂ, ਸਿੱਖ ਜਾਂ ਈਸਾਈ ਦੇ ਨਾਂ 'ਤੇ ਰੱਖੇ ਜਾਣ ਦਾ ਵਿਰੋਧ ਕਰੇਗੀ।

ਕੁਝ ਹਫਤੇ ਪਹਿਲਾਂ ਸਿਟੀ ਡਿਸਟ੍ਰਿਕਟ ਗਵਰਨਮੈਂਟ ਆਫ ਲਾਹੌਰ ਨੇ ਸ਼ਾਦਮਾਨ ਚੌਕ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਕਾਰਵਾਈ ਜੇ.ਯੂ.ਡੀ. ਤੇ ਜਮਾਤ-ਇ-ਇਲਾਮੀ ਜਿਹੇ ਕੱਟੜਪ੍ਰਸਤ ਦਲਾਂ ਤੇ ਕੁਝ ਕੁ ਸਥਾਨਕ ਵਾਸੀਆਂ ਵੱਲੋਂ ਜ਼ੋਰਦਾਰ ਵਿਰੋਧ ਕਰਨ 'ਤੇ ਰੋਕ ਲਈ ਸੀ। ਫਿਰ ਇਹ ਮੁੱਦਾ ਦਿਲਕਸ਼ ਲਾਹੌਰ ਕੋਲ ਭੇਜ ਦਿੱਤਾ ਗਿਆ। ਇਹ ਇਕ ਕਮੇਟੀ ਸੀ ਜੋ ਲਾਹੌਰ ਨੂੰ ਸੁੰਦਰ ਬਣਾਉਣ ਤੇ ਚੌਕਾਂ, ਸੜਕਾਂ ਤੇ ਕੈਂਚੀਆਂ ਦੇ ਨਵੇਂ ਨਾਂ ਤੈਅ ਕਰਨ ਲਈ ਕਾਇਮ ਕੀਤੀ ਗਈ ਸੀ। ਇਸ ਬਾਰੇ ਫੈਸਲਾ ਉਹ ਪਾਕਿਸਤਾਨ ਬਣਨ ਤੋਂ ਪਹਿਲਾਂ ਸਬੰਧਤ ਥਾਵਾਂ ਦੀ ਇਤਿਹਾਸਕ ਮਹੱਤਤਾ ਦੀ ਨਿਰਖ-ਪਰਖ ਕਰਨ ਮਗਰੋਂ ਲੈਂਦੀ ਸੀ।

ਅਧਿਕਾਰੀਆਂ ਅਨੁਸਾਰ ਕਮੇਟੀ ਨੇ ਸਾਰੇ ਇਤਰਾਜ਼ ਰੱਦ ਕਰਦਿਆਂ ਸਰਕਾਰ ਨੂੰ ਕਿਹਾ ਸੀ ਕਿ ਚੌਕ ਦਾ ਨਵਾਂ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ ਤੇ ਇਸ ਕੰਮ ਵਿਚ ਕੋਈ ਦੇਰੀ ਨਾ ਕੀਤੀ ਜਾਵੇ। ਜੇ.ਯੂ.ਡੀ. ਤੇ ਸ਼ਾਦਨਾਮ ਮਾਰਕੀਟ ਦੇ ਕਾਰੋਬਾਰੀਆਂ ਨੇ ਸਰਕਾਰ ਦੇ ਚੌਕ ਦਾ ਨਾਂ ਬਦਲਣ ਦੇ ਫੈਸਲੇ ਦਾ ਵਿਰੋਧ ਕੀਤਾ ਸੀ। ਜਮਾਤ ਦੇ ਸੀਨੀਅਰ ਆਗੂ ਆਮਿਰ ਹਮਜ਼ਾ ਤੇ ਜ਼ਾਹਿਦ ਬੱਟ ਨੇ ਐਲਾਨ ਕੀਤਾ ਕਿ ਉਹ ਚੌਕ ਦਾ ਨਾਂ ਹੁਰਮਤ-ਏ-ਰਸੂਲ ਚੌਕ ਰੱਖਣ ਦੀ ਸਿਫਾਰਸ਼ ਕਰਦੇ ਹਨ।

ਉਨ੍ਹਾਂ ਕਿਹਾ ਕਿ ਉਹ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖੇ ਜਾਣ ਦਾ ਹਰੇਕ ਤਰ੍ਹਾਂ ਨਾਲ ਵਿਰੋਧ ਕਰਨਗੇ। ਦਿਲਕਸ਼ ਲਾਹੌਰ ਕਮੇਟੀ ਦੇ ਮੈਂਬਰਾਂ ਨੇ ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖੇ ਜਾਣ ਦਾ ਮੁੱਦਾ ਵਿਚਾਰਦਿਆਂ ਇਹ ਤੱਥ ਉਭਾਰਿਆ ਕਿ ਇਸ ਸਥਾਨ ਦੀ ਇਤਿਹਾਸਕ ਮਹੱਤਤਾ ਹੈ ਤੇ ਇਥੇ ਦੇਸ਼ ਭਗਤ ਸਿੰਘ ਨੂੰ ਬਰਤਾਨਵੀ ਸ਼ਾਸਕਾਂ ਨੇ ਫਾਂਸੀ ਲਾਇਆ ਸੀ। ਪਹਿਲਾਂ ਇਸ ਚੌਕ ਦੀ ਥਾਵੇਂ ਜੇਲ੍ਹ ਹੁੰਦੀ ਸੀ ਜਿੱਥੇ ਮਾਰਚ 1931 ਨੂੰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ।

ਪ੍ਰਸਿੱਧ ਟੀ.ਵੀ. ਐਕਟਰ ਇਫਤਿਖਾਰ ਅਹਿਮਦ ਜੋ ਕਮੇਟੀ ਦੇ ਮੈਂਬਰ ਵੀ ਹਨ, ਨੇ ਕਿਹਾ ਕਿ 13 ਸਤੰਬਰ, 1947 ਨੂੰ ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਨੇ ਵੀ ਆਪਣੇ ਭਾਸ਼ਨ ਵਿਚ ਭਗਤ ਸਿੰਘ ਦੀ ਸ਼ਲਾਘਾ ਕੀਤੀ ਸੀ। ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਹੈ ਕਿ ਲਾਹੌਰ ਨਹਿਰ 'ਤੇ ਥੱਲਿਓਂ ਦੀ ਬਣੇ ਰਸਤੇ ਦਾ ਨਾਂ ਜੋਗਿੰਦਰ ਲਾਲ ਮੰਡਲ ਦੇ ਨਾਂ 'ਤੇ ਰੱਖਿਆ ਜਾਵੇਗਾ।

# ਪੰਜਾਬ ਸਰਕਾਰ ਵੱਲੋਂ ਲਾਏ ਬੇਲੋੜੇ ਟੈਕਸਾਂ ਦਾ ਉਲਟਾ ਅਸਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਖ਼ਜ਼ਾਨਾ ਭਰਪੂਰ ਕਰਨ ਲਈ ਬੇਸਮਝੀ ਨਾਲ ਲਾਏ ਟੈਕਸ ਆਮ ਲੋਕਾਂ ਦੀਆਂ ਮੁਸ਼ਕਲਾਂ ਦੇ ਨਾਲ-ਨਾਲ ਸੂਬੇ ਦੀ ਆਰਥਿਕਤਾ ਨੂੰ ਢਾਹ ਲਾ ਸਕਦੇ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਪੰਜਾਬ ਸਰਕਾਰ ਵੱਖ-ਵੱਖ ਟੈਕਸਾਂ ਵਿਚ ਵੱਡਾ ਵਾਧਾ ਕਰ ਰਹੀ ਹੈ ਜਦਕਿ ਗੁਆਂਢੀ ਸੂਬਿਆਂ ਵਿਚ ਅਜਿਹੇ ਟੈਕਸ ਕਾਫੀ ਘੱਟ ਹਨ। ਨਤੀਜਾ ਇਹ ਹੈ ਕਿ ਪੰਜਾਬ ਦੇ ਲੋਕ, ਖਾਸ ਕਰ ਸਰਹੱਦੀ ਖੇਤਰਾਂ ਦੇ ਲੋਕ ਪੰਜਾਬ ਅੰਦਰ ਵੱਧ ਟੈਕਸ ਦੇ ਕੇ ਕੰਮ ਕਰਵਾਉਣ ਦੀ ਬਜਾਏ ਗੁਆਂਢੀ ਰਾਜਾਂ ਵਿਚ ਘੱਟ ਟੈਕਸ ਤਾਰ ਕੇ ਇਹ ਕੰਮ ਕਰਵਾ ਲੈਂਦੇ ਹਨ।

ਖ਼ਾਸਕਰ ਟਰਾਂਸਪੋਰਟ ਵਿਭਾਗ ਦੇ ਟੈਕਸਾਂ ਵਿਚ ਕੀਤੇ ਭਾਰੀ ਵਾਧੇ ਤਾਂ ਸਰਕਾਰੀ ਖ਼ਜ਼ਾਨੇ ਨੂੰ ਸਭ ਤੋਂ ਵੱਧ ਚੂਨਾ ਲਾ ਸਕਦੇ ਹਨ। ਪੰਜਾਬ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਇਕ ਫੈਸਲੇ ਰਾਹੀਂ 20 ਲੱਖ ਰੁਪਏ ਤੱਕ ਦੇ ਸਾਰੇ ਵਾਹਨਾਂ ਉੱਪਰ ਰਜਿਸਟ੍ਰੇਸ਼ਨ ਫੀਸ ਛੇ ਫੀਸਦੀ ਕਰ ਦਿੱਤੀ ਹੈ ਜਦਕਿ ਪਹਿਲਾਂ ਤਿੰਨ ਲੱਖ ਰੁਪਏ ਤੱਕ ਇਹ

### ਉਗਰਾਹੀ ਗੁਆਂਢੀ ਸੂਬਿਆਂ 'ਚ ਜਾਣ ਲੱਗੀ




ਫੀਸ ਦੋ ਫੀਸਦੀ ਸੀ, 10 ਲੱਖ ਰੁਪਏ ਤੱਕ ਕੀਮਤ ਵਾਲੇ ਵਾਹਨਾਂ ਉੱਪਰ ਚਾਰ ਫੀਸਦੀ ਤੇ 20 ਲੱਖ ਤੱਕ ਵਾਲੇ ਵਾਹਨਾਂ ਲਈ ਛੇ ਫੀਸਦੀ ਸੀ।

ਹੁਣ 60 ਹਜ਼ਾਰ ਰੁਪਏ ਦਾ ਸਕੂਟਰ ਮੋਟਰਸਾਈਕਲ ਲੈਣ ਵਾਲੇ ਨੂੰ ਵੀ ਛੇ ਫੀਸਦੀ ਰਜਿਸਟ੍ਰੇਸ਼ਨ ਫੀਸ ਭਰਨੀ ਪੈਂਦੀ ਹੈ ਜਦਕਿ ਚੰਡੀਗੜ੍ਹ, ਹਰਿਆਣਾ, ਹਿਮਾਚਲ ਤੇ ਰਾਜਸਥਾਨ ਵਿਚ ਇਹ ਫੀਸ ਘੱਟ ਹੈ। ਸਰਹੱਦੀ ਖੇਤਰ ਵਿਚ ਗੁਆਂਢੀ ਰਾਜਾਂ ਵਿਚ ਰਜਿਸਟ੍ਰੇਸ਼ਨ ਕਰਵਾਉਣ ਦਾ ਰੁਝਾਨ ਵਧਣ ਲੱਗਾ ਹੈ। ਅਕਤੂਬਰ ਮਹੀਨੇ ਪੰਜਾਬ ਅੰਦਰ ਵਾਹਨਾਂ ਦੀ ਘਟੀ ਵਿਕਰੀ ਤੋਂ ਸਰਕਾਰੀ ਅਧਿਕਾਰੀ ਵੀ ਫਿਕਰਮੰਦ ਹਨ। ਇਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ 10 ਲੱਖ ਰੁਪਏ ਦੀ ਕਾਰ ਖਰੀਦਣ ਵਿਚ ਵੈਟ ਤੇ ਸੈਸ ਤਕਰੀਬਨ ਡੇਢ ਲੱਖ ਰੁਪਏ ਹੁੰਦਾ ਹੈ ਤੇ ਨਵੇਂ ਟੈਕਸ ਮੁਤਾਬਕ ਰਜਿਸਟ੍ਰੇਸ਼ਨ 54 ਹਜ਼ਾਰ ਰੁਪਏ ਬਣਦੀ ਹੈ।

ਜੇਕਰ ਫੀਸ ਵਧਣ ਕਾਰਨ ਮੁਹਾਲੀ ਵਾਸੀ ਕੋਈ ਚੰਡੀਗੜ੍ਹ ਤੋਂ ਜਾਂ ਪਟਿਆਲਾ ਜ਼ਿਲ੍ਹੇ ਦਾ ਵਾਸੀ ਅੰਬਾਲੇ ਤੋਂ ਕਾਰ ਖਰੀਦ ਕੇ ਉਥੇ ਰਜਿਸਟ੍ਰੇਸ਼ਨ ਕਰਵਾ ਲੈਂਦਾ ਹੈ ਤਾਂ ਪੰਜਾਬ ਦੇ ਖ਼ਜ਼ਾਨੇ ਨੂੰ ਘੱਟੋ-ਘੱਟ ਇਕ ਲੱਖ 70 ਹਜ਼ਾਰ ਰੁਪਏ ਦਾ ਰਗੜਾ ਲੱਗਦਾ ਹੈ ਜਦਕਿ ਵਧੀ ਫੀਸ ਨਾਲ ਲਾਭ ਸਿਰਫ਼ 18 ਹਜ਼ਾਰ ਰੁਪਏ ਹੋਣਾ ਸੀ। ਇਸ ਤਰ੍ਹਾਂ ਪੰਜਾਬ ਨੂੰ ਵਧਾਏ ਟੈਕਸ ਨਾਲ ਮਾਲੀਏ ਦੀ ਵਾਧੇ ਦੀ ਥਾਂ ਪਹਿਲੇ ਮਾਲੀਏ ਵਿਚ ਕਟੌਤੀ ਸਾਹਮਣੇ ਆਉਣ ਲੱਗੀ ਹੈ।

ਪੰਜਾਬ ਸਰਕਾਰ ਨੇ ਹੁਣ ਵਾਹਨਾਂ ਦੀ ਮਾਲਕੀ ਬਦਲਣ ਉੱਪਰ ਵੀ ਮੋਟਰ ਵਹੀਕਲ ਐਕਟ ਵਿਚ ਤਰਮੀਮ ਕਰ ਲਈ ਹੈ। ਇਸ ਤਰਮੀਮ ਤਹਿਤ ਰਜਿਸਟ੍ਰੇਸ਼ਨ ਫੀਸ ਦੇ ਨਾਲ ਹੁਣ ਮਾਲਕੀ ਤਬਦੀਲ ਕਰਨ ਦਾ ਟੈਕਸ ਵੀ ਦੇਣਾ ਪਵੇਗਾ। ਨਵੀਂ ਤਜਵੀਜ਼ ਮੁਤਾਬਕ ਦੋਪਹੀਆ ਵਾਹਨ ਲਈ ਮਾਲਕੀ ਬਦਲਣ ਦਾ ਨਵਾਂ ਟੈਕਸ 150 ਰੁਪਏ, ਤਿੰਨ ਪਹੀਆ ਲਈ 1000, ਚਾਰ ਪਹੀਆ ਵਾਹਨਾਂ ਲਈ 3000, 6 ਪਹੀਆ ਟਰੱਕਾਂ ਲਈ 5000 ਰੁਪਏ ਤੇ ਛੇ ਪਹੀਆ ਤੋਂ ਵੱਧ ਵਾਹਨਾਂ ਲਈ 7500 ਰੁਪਏ ਵਿਚ ਟੈਕਸ ਦੀ ਤਜਵੀਜ਼ ਹੈ। ਨਵੀਆਂ ਤਜਵੀਜ਼ਾਂ ਲਾਗੂ ਹੋਣਾ ਨਾਲ ਲੋਕਾਂ ਉੱਪਰ ਬੇਲੋੜਾ ਵਾਧੂ ਬੋਝ ਪਵੇਗਾ।

## ਮੁੱਖ ਮੰਤਰੀ ਬਾਦਲ ਦਾ ਸਾਬਕਾ ਓ.ਐਸ.ਡੀ. ਮੁੜ ਜੇਲ੍ਹ 'ਚ

**ਮੁਹਾਲੀ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਾਬਕਾ ਓ.ਐਸ.ਡੀ. ਹਰਦੀਪ ਸਿੰਘ ਭੰਵਰਾ ਨੂੰ ਅਦਾਲਤ ਨੇ 12 ਦਸੰਬਰ ਤੱਕ ਮੁੜ ਪਟਿਆਲਾ ਜੇਲ੍ਹ ਭੇਜ ਦਿੱਤਾ ਹੈ। ਉਸ ਨੂੰ ਬਾਦਲ ਪਰਿਵਾਰ ਵਿਰੁੱਧ ਦਰਜ ਮਾਮਲੇ ਵਿਚੋਂ ਬਰੀ ਕੀਤਾ ਜਾ ਚੁੱਕਿਆ ਹੈ ਪਰ ਉਨ੍ਹਾਂ ਖ਼ਿਲਾਫ਼ ਵੱਖਰਾ ਕੇਸ ਦਰਜ ਕੀਤਾ ਗਿਆ ਸੀ ਜਿਸ ਦੀ ਸੁਣਵਾਈ ਅਦਾਲਤ ਵਿਚ ਵਿਚਾਰ ਅਧੀਨ ਹੈ।


ਸੁਣਵਾਈ ਮੌਕੇ ਭੰਵਰਾ ਸਮੇਤ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਨਿਰੋਤਮ ਸਿੰਘ ਢਿੱਲੋਂ, ਚਰਨਜੀਤ ਸਿੰਘ, ਰਾਜ ਕੁਮਾਰ ਵੀ ਆਪਣੇ ਵਕੀਲਾਂ ਨਾਲ ਅਦਾਲਤ ਵਿਚ ਪੇਸ਼ ਹੋਏ ਜਦਕਿ ਮੁਲਜ਼ਮ ਸੁਖਵੰਤ ਸਿੰਘ ਟੀਲੂ ਅਦਾਲਤ ਵਿਚ ਪੇਸ਼ ਨਹੀਂ ਹੋਇਆ। ਅਦਾਲਤ ਨੇ ਭੰਵਰਾ ਨੂੰ ਛੱਡ ਕੇ ਬਾਕੀ ਸਾਰੇ ਮੁਲਜ਼ਮਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਸਨ। ਮੁਲਜ਼ਮਾਂ ਨੇ ਹਾਈ ਕੋਰਟ ਵਿਚ ਅਪੀਲ ਦਾਇਰ ਕਰਕੇ ਜ਼ਿਲ੍ਹਾ ਅਦਾਲਤ ਵੱਲੋਂ ਜਾਰੀ ਵਾਰੰਟਾਂ ਦੀ ਕਾਰਵਾਈ ਨੂੰ ਰੱਦ ਕਰਨ ਦੀ ਮੰਗ ਕੀਤੀ। ਹਾਈ ਕੋਰਟ ਨੇ ਇਸ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਦੀ ਗ੍ਰਿਫ਼ਤਾਰੀ 'ਤੇ ਰੋਕ ਲਾ ਦਿੱਤੀ।

# ਬਾਦਲ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਵਿਸਾਰਿਆ

## ਚਾਰ ਵਾਰ ਐਲਾਨਾਂ ਦੇ ਬਾਵਜੂਦ ਨਹੀਂ ਬਣੀ ਯਾਦਗਾਰ

**ਸੰਗਰੂਰ:** ਪੰਜਾਬ ਦੇ ਲੋਕਾਂ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਦੇਣ ਦੇ ਦਾਅਵੇ ਕਰਨ ਵਾਲੀ ਸਰਕਾਰ ਦੇ ਰਾਜ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸਥਾਨ ਤੇ ਨਾਨਕਾ ਪਿੰਡ ਬਡਰੁੱਖਾਂ ਉਨ੍ਹਾਂ ਦੀ ਢੁਕਵੀਂ ਯਾਦਗਾਰ ਤੋਂ ਵਾਂਝਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਭਾਵੇਂ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ਤੇ ਨਾਨਕਾ ਪਿੰਡ ਬਡਰੁੱਖਾਂ ਵਿਖੇ ਚਾਰ ਵਾਰ ਐਲਾਨ ਕਰ ਚੁੱਕੇ ਹਨ ਕਿ ਛੇਤੀ ਹੀ ਸ਼ੇਰੇ ਪੰਜਾਬ ਦੀ ਢੁਕਵੀਂ ਯਾਦਗਾਰ ਬਣਾਈ ਜਾਵੇਗੀ ਪਰ ਇਸ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ।

ਪੰਥਕ ਹੋਣ ਦਾ ਪ੍ਰਭਾਵ ਦੇਣ ਲਈ ਅਕਾਲੀ ਸਰਕਾਰ ਆਪਣੇ ਕਾਰਜਕਾਲ ਦੌਰਾਨ ਚਾਰ ਵਾਰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਉਨ੍ਹਾਂ ਦੇ ਜਨਮ ਸਥਾਨ ਪਿੰਡ ਬਡਰੁੱਖਾਂ ਵਿਖੇ ਰਾਜ ਪੱਧਰੀ ਸਮਾਗਮ ਕਰਕੇ ਮਨਾ ਚੁੱਕੀ ਹੈ। 1997, 2001 ਤੇ



2007 ਵਿਚ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਨੂੰ ਸ਼ੇਰੇ ਪੰਜਾਬ ਦੇ ਰਾਜ ਵਰਗਾ ਰਾਜ ਦੇਣ ਦਾ ਵਾਅਦਾ ਕੀਤਾ ਸੀ। ਇਸ ਦੇ ਨਾਲ ਇਹ ਐਲਾਨ ਵੀ ਕੀਤਾ ਸੀ ਕਿ ਬਡਰੁੱਖਾਂ ਵਿਖੇ ਸ਼ੇਰੇ ਪੰਜਾਬ ਦੀ ਯਾਦ ਵਿਚ ਸੁੰਦਰ ਪਾਰਕ ਬਣਾ ਕੇ ਉਸ ਵਿਚ ਘੋੜੇ ਤੇ ਸਵਾਰ ਕਾਂਸੀ ਦਾ ਬੁੱਤ ਲਾਇਆ ਜਾਵੇਗਾ। ਮੁੱਖ ਮੰਤਰੀ ਦੇ ਕੀਤੇ ਐਲਾਨਾਂ ਨੂੰ 15 ਸਾਲ ਬੀਤ ਚੁੱਕੇ ਹਨ ਫਿਰ ਵੀ ਅਜੇ ਤੱਕ ਨਾ ਤਾਂ ਪਾਰਕ ਬਣਿਆ ਹੈ ਤੇ ਨਾ ਹੀ ਘੋੜੇ 'ਤੇ ਸਵਾਰ ਕਾਂਸੀ ਦਾ ਬੁੱਤ ਲੱਗਿਆ ਹੈ। ਮੁੱਖ ਮੰਤਰੀ ਵੱਲੋਂ ਹਰ ਵਰ੍ਹੇ ਸ਼ੇਰੇ ਪੰਜਾਬ ਦਾ ਜਨਮ ਦਿਹਾੜਾ ਮਨਾਉਣ ਦੇ ਐਲਾਨ ਵੀ ਸਮੇਂ ਦੀ ਧੂੜ ਵਿਚ ਗੁਆਚ ਗਏ ਹਨ।

2007 ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਐਲਾਨ ਵੀ ਕੀਤਾ ਸੀ ਕਿ ਸ਼ੇਰੇ ਪੰਜਾਬ ਦੀ ਯਾਦ ਵਿਚ ਪਿੰਡ ਬਡਰੁੱਖਾਂ ਵਿਖੇ ਤਿੰਨ ਕਰੋੜ ਦੀ ਲਾਗਤ ਨਾਲ ਆਦਰਸ਼ ਸਕੂਲ ਬਣਾਇਆ ਜਾਵੇਗਾ। ਇਸ ਤੋਂ ਪਹਿਲਾਂ ਸ. ਬਾਦਲ ਮੈਡੀਕਲ ਕਾਲਜ ਬਣਾਉਣ ਤੇ ਸ਼੍ਰੋਮਣੀ ਕਮੇਟੀ ਵੱਲੋਂ ਲੜਕੀਆਂ ਦਾ ਸਕੂਲ ਖੋਲ੍ਹਣ ਦੇ ਐਲਾਨ ਵੀ ਹੋ ਚੁੱਕੇ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਇਹ ਸਭ ਐਲਾਨ ਸਿਰਫ ਕਾਗਜ਼ਾਂ 'ਚ ਹੀ ਰੁਲ ਗਏ ਹਨ। 11 ਨਵੰਬਰ, 2010 ਨੂੰ ਸ਼ੇਰੇ ਪੰਜਾਬ ਦੇ ਜਨਮ ਦਿਹਾੜੇ ਨੂੰ ਸਮਰਪਿਤ ਹੋਏ ਸਮਾਗਮ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੁੰਦਰ ਪਾਰਕ ਵਿਚ ਘੋੜੇ 'ਤੇ ਸਵਾਰ ਕਾਂਸੀ ਦਾ ਬੁੱਤ ਲਾਉਣ ਦੇ ਕੀਤੇ ਐਲਾਨ ਨੂੰ ਛੇਤੀ ਪੂਰਾ ਕਰਨ ਦਾ ਭਰੋਸਾ ਦਿੱਤਾ ਪਰ ਦੋ ਸਾਲ ਬੀਤ ਗਏ ਤੇ ਹੋਇਆ ਕੁਝ ਨਹੀਂ।

ਇਤਿਹਾਸਕ ਪਿੰਡ ਬਡਰੁੱਖਾਂ ਦੇ ਕਿਲ੍ਹੇ ਦਾ ਖੰਡਰ ਬਣ ਚੁੱਕਿਆ ਉਹ ਬੁਰਜ ਵੀ ਸਮੇਂ ਦੀ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਨੇ ਸੰਭਾਲਣ ਦੀ ਕੋਈ ਲੋੜ ਨਹੀਂ ਸਮਝੀ ਜਿਸ ਵਿਚ ਇਤਿਹਾਸਕਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਦਾ 13 ਨਵੰਬਰ, 1776 ਨੂੰ ਜਨਮ ਹੋਣਾ ਦੱਸਿਆ ਹੈ। ਸਿੱਖਾਂ ਕੋਲ ਇਸ ਮਹਾਂਬਲੀ ਯੋਧੇ ਦਾ ਕੋਹਿਨੂਰ ਹੀਰਾ ਨਹੀਂ ਤੇ ਨਾ ਹੀ ਮਹਾਨ ਜਰਨੈਲ ਦੀ ਮੜ੍ਹੀ ਕੌਮ ਦੇ ਕੋਲ ਹੈ। ਅਗਰ ਕੋਈ ਨਿਸ਼ਾਨੀ ਹੈ ਤਾਂ ਉਹ ਜਨਮ ਸਥਾਨ ਹੈ ਜਿਸ ਨੂੰ ਸੰਭਾਲਣ ਦੀ ਲੋੜ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਿੱਖ ਕੌਮ ਦੇ ਗੌਰਵਮਈ ਇਤਿਹਾਸਕ ਵਿਰਸੇ ਤੋਂ ਜਾਣੂ ਹੋ ਸਕਣ।

# Are You Tired Of All Treatments?

## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com


**Toll Free: 1-877-OK-HOMEO (1-877-654-6636)**

# Buy or Sell

*House, Liquor Store, Gas Station etc.*

## In Bay Area & Central Valley

* For Quick Short Sale
* Refinance @ Zero Cost
* Home Loans & SBA Loans
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**

www.singhraj.bayeastweb.com
Fax: 510-490-9703


MISSIONPEAK BROKERS, INC.

46560 Fremont Blvd., Suite#111, Fremont, CA 94538

# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay



Gurbans Singh Gill
Realtor

15 Years Experiance in Real Estate
e-mail: gurbans@gotracy.com
Fax: 209-836-0706
www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**

# Yarra, Kharazi & Associates

## Phone: (888) 97YARRA (92772)

**Immigration**
**Family Law**
**Personal Injury**



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

## Trust your matter to a specialist

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

**Offices in Bakersfield, Fresno and Merced.**

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

**ਯੱਰਾ, ਖਰਾਜ਼ੀ ਐਂਡ ਐਸੋਸੀਏਟਸ**

ਫੋਨ: 1-888-979-2772
Email: Info@rwyarra.com

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

### ਬਾਦਲਾਂ ਦਾ ਵਾਅਦਾ ਵਫ਼ਾ ਨਾ ਹੋਇਆ

# ਹਰਿਮੰਦਰ ਸਾਹਿਬ ਤੱਕ ਬਣਨ ਵਾਲੀ ਪੌਡ ਪ੍ਰਣਾਲੀ ਦਾ ਕੰਮ ਲਟਕਿਆ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੋਂ ਸ੍ਰੀ ਹਰਿਮੰਦਰ ਸਾਹਿਬ ਜਾਣ ਵਾਲੇ ਯਾਤਰੂਆਂ ਵਾਸਤੇ ਅਤਿ ਆਧੁਨਿਕ ਆਵਾਜਾਈ ਪੌਡ ਪ੍ਰਣਾਲੀ ਦਾ ਨੀਂਹ ਪੱਥਰ ਰੱਖੇ ਇਕ ਸਾਲ ਬੀਤ ਗਿਆ ਹੈ ਪਰ ਹੁਣ ਤਕ ਇਸ ਦੀ ਦੋ ਵਾਰ ਸਿਰਫ ਰਾਹ ਬਦਲਣ ਦੀ ਯੋਜਨਾ ਹੀ ਬਣੀ ਹੈ। ਹੁਣ ਨਗਰ ਨਿਗਮ ਨੇ ਦੂਜੀ ਵਾਰ ਇਸ ਦਾ ਰਾਹ ਬਦਲਣ ਦੀ ਯੋਜਨਾ ਬਣਾਈ ਹੈ ਜਿਸ ਬਾਰੇ ਸਬੰਧਤ ਕੰਪਨੀ ਨੂੰ ਫਿਲਹਾਲ ਕੋਈ ਜਾਣਕਾਰੀ ਨਹੀਂ ਹੈ।

ਅਤਿ ਆਧੁਨਿਕ ਆਵਾਜਾਈ ਵਾਲੀ ਪੌਡ ਪ੍ਰਣਾਲੀ ਦਾ ਨੀਂਹ ਪੱਥਰ ਬੀਤੇ ਵਰ੍ਹੇ ਦਸੰਬਰ ਮਹੀਨੇ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਰੱਖਿਆ ਸੀ ਤੇ ਇਸ ਯੋਜਨਾ ਨੂੰ ਪੰਜਾਬ ਸਰਕਾਰ ਦੀ ਤਰਜੀਹੀ ਯੋਜਨਾ ਕਰਾਰ ਦਿੱਤਾ ਸੀ। ਅਜਿਹੀ ਪੌਡ ਪ੍ਰਣਾਲੀ ਇਸ ਵੇਲੇ ਇੰਗਲੈਂਡ ਦੇ ਹੀਥਰੋ ਹਵਾਈ ਅੱਡੇ 'ਤੇ ਕੰਮ ਕਰ ਰਹੀ ਹੈ। ਆਧੁਨਿਕ ਪੌਡ ਪ੍ਰਣਾਲੀ ਤਹਿਤ ਪੌਡ ਬਿਨਾਂ ਚਾਲਕ ਚੱਲਣਗੇ।



ਇਸ ਬਾਰੇ ਨਗਰ ਨਿਗਮ ਦੇ ਕਮਿਸ਼ਨਰ ਡੀ.ਪੀ. ਗੁਪਤਾ ਦਾ ਕਹਿਣਾ ਹੈ ਕਿ ਪੀ.ਆਰ.ਟੀ. ਐਸ. ਦੀ ਰੇਲਵੇ ਸਟੇਸ਼ਨ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਦੇ ਰਸਤੇ ਦੀ ਰੂਟ ਯੋਜਨਾ ਵਿਚ ਤਬਦੀਲੀ ਕੀਤੀ ਗਈ ਹੈ। ਇਸ ਯੋਜਨਾ ਤਹਿਤ ਹੁਣ ਕਟੜਾ ਜੈਮਲ ਸਿੰਘ ਇਲਾਕੇ ਨੂੰ ਵਿਚੋਂ ਕੱਢ ਦਿੱਤਾ ਗਿਆ ਹੈ। ਇਸ ਇਲਾਕੇ ਦੇ ਲੋਕਾਂ ਦੀ ਸ਼ਿਕਾਇਤ ਹੈ ਕਿ ਅਤਿ ਆਧੁਨਿਕ ਆਵਾਜਾਈ ਪ੍ਰਣਾਲੀ ਸਥਾਪਤ ਕਰਨ ਲਈ ਇਥੇ ਬਣਾਏ ਜਾਣ ਵਾਲੇ ਥੰਮਾਂ ਲਈ ਰਸਤੇ ਦੀ ਪੁੱਟ ਪੁਟਾਈ ਹੋਵੇਗੀ ਜਿਸ ਨਾਲ ਲੋਕਾਂ ਦਾ ਵਪਾਰ ਤੇ ਆਵਾਜਾਈ ਪ੍ਰਭਾਵਤ ਹੋਵੇਗੀ।

ਦੂਜੇ ਪਾਸੇ ਪੌਡ ਪ੍ਰਣਾਲੀ ਨਾਲ ਸਬੰਧਤ ਕੰਪਨੀ ਅਲਟਰਾ ਫੋਅਰਵੁਡ ਪ੍ਰਾਈਵੇਟ ਲਿਮਟਿਡ ਦੇ ਪ੍ਰਾਜੈਕਟ ਡਾਇਰੈਕਟਰ ਅਸ਼ੀਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰਸਤੇ ਦੀ ਰੂਟ ਯੋਜਨਾ ਵਿਚ ਕੀਤੀ ਗਈ ਤਬਦੀਲੀ ਬਾਰੇ ਕੋਈ ਜਾਣਕਾਰੀ ਨਹੀਂ। ਉਨ੍ਹਾਂ ਆਖਿਆ ਕਿ ਰੇਲਵੇ ਸਟੇਸ਼ਨ ਤੋਂ ਸ੍ਰੀ ਹਰਿਮੰਦਰ ਸਾਹਿਬ ਜਾਣ ਲਈ ਦੋ ਹੀ ਰਸਤੇ ਹਨ ਤੇ ਤੀਜੇ ਰਸਤੇ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ। ਨਗਰ ਨਿਗਮ ਨੇ ਇਸ ਬਾਰੇ ਹੁਣ ਤਕ ਕੋਈ ਸੂਚਨਾ ਨਹੀਂ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਸ਼ੁਰੂ ਵਿਚ ਰੇਲਵੇ ਸਟੇਸ਼ਨ ਤੋਂ ਸ੍ਰੀ ਹਰਿਮੰਦਰ ਸਾਹਿਬ ਜਾਣ ਲਈ ਬਾਰਸਤਾ ਹਾਲ ਗੇਟ ਦੀ ਯੋਜਨਾ ਸੀ ਪਰ ਹਾਲ ਬਾਜ਼ਾਰ ਦੇ ਵਪਾਰੀਆਂ ਕੀਤੇ ਗਏ ਵਿਰੋਧ ਦੇ ਕਾਰਨ ਕੰਪਨੀ ਵੱਲੋਂ ਇਸ ਦਾ ਰਸਤਾ ਤਬਦੀਲ ਕਰ ਦਿੱਤਾ ਗਿਆ। ਨਵੇਂ ਰਸਤੇ ਤਹਿਤ ਪੌਡ ਹਾਲ ਗੇਟ ਦੀ ਥਾਂ ਚਿਤਰਾ ਸਿਨੇਮਾ ਕੋਲੋਂ ਰਾਮ ਬਾਗ ਚੌਕ ਵਿਚ ਦਾਖਲ ਹੋਣਗੇ ਤੇ ਇਥੋਂ ਬਿਜਲੀ ਵਾਲਾ ਚੌਕ ਰਾਹੀਂ ਕਟੜਾ ਜੈਮਲ ਸਿੰਘ ਤੋਂ ਹੁੰਦੇ ਹੋਏ ਟਾਊਨ ਹਾਲ, ਜਲ੍ਹਿਆਂਵਾਲਾ ਬਾਗ ਤੇ ਸ੍ਰੀ ਹਰਿਮੰਦਰ ਸਾਹਿਬ ਪੁੱਜੇਗਾ।

ਕੰਪਨੀ ਵੱਲੋਂ ਵਿਰਾਸਤ ਪ੍ਰੇਮੀਆਂ ਦੀ ਇਸ ਸ਼ੰਕਾ ਨੂੰ ਵੀ ਦੂਰ ਕੀਤਾ ਗਿਆ ਸੀ ਕਿ ਇਸ ਦੇ ਜਲ੍ਹਿਆਂਵਾਲਾ ਬਾਗ ਤੇ ਸ੍ਰੀ ਹਰਿਮੰਦਰ ਸਾਹਿਬ ਨੇੜੇ ਸਟੇਸ਼ਨ ਉਚਾਈ 'ਤੇ ਬਣਾਏ ਜਾਣਗੇ ਜਿਸ ਨਾਲ ਦੋਵਾਂ ਇਤਿਹਾਸਕ ਥਾਵਾਂ ਦਾ ਬਾਹਰੀ ਦ੍ਰਿਸ਼ ਪ੍ਰਭਾਵਿਤ ਨਹੀਂ ਹੋਵੇਗਾ। ਫਿਲਹਾਲ ਬੱਸ ਅੱਡੇ ਤੋਂ ਸ੍ਰੀ ਹਰਿਮੰਦਰ ਸਾਹਿਬ ਦਾ ਰਸਤਾ ਪਹਿਲਾਂ ਵਾਂਗ ਹੀ ਹੈ। ਕੰਪਨੀ ਵੱਲੋਂ ਬਣਾਈ ਗਈ ਯੋਜਨਾ ਤਹਿਤ ਥੰਮਾਂ 'ਤੇ ਚੱਲਣ ਵਾਲੇ ਇਹ ਪੌਡ ਰੋਜ਼ਾਨਾ 50 ਹਜ਼ਾਰ ਤੋਂ ਵਧੇਰੇ ਯਾਤਰੂਆਂ ਦੀ ਆਵਾਜਾਈ ਲਈ ਸਹਾਈ ਹੋਣਗੇ।

ਪਹਿਲੇ ਪੜਾਅ ਹੇਠ ਘੱਟ ਗਿਣਤੀ ਵਿਚ ਪੌਡ ਸ਼ੁਰੂ ਕੀਤੇ ਜਾਣਗੇ ਤੇ ਅਗਲੇ ਪੜਾਅ ਤਕ 200 ਪੌਡ ਸ਼ੁਰੂ ਕਰ ਦਿੱਤੇ ਜਾਣਗੇ ਜਿਸ ਦਾ ਰੇਲਵੇ ਸਟੇਸ਼ਨ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਦਾ ਕਿਰਾਇਆ 30 ਤੋਂ 32 ਰੁਪਏ ਪ੍ਰਤੀ ਵਿਅਕਤੀ ਤੇ ਬੱਸ ਅੱਡੇ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਦਾ ਕਿਰਾਇਆ 20 ਤੋਂ 25 ਰੁਪਏ ਪ੍ਰਤੀ ਵਿਅਕਤੀ ਹੋਵੇਗਾ।

## ਸਰਕਾਰੀ ਕੋਠੀ ਤੋਂ ਭੱਠਲ ਦਾ 'ਕਬਜ਼ਾ' ਹਟਾਉਣ ਦੇ ਹੀਲੇ

**ਚੰਡੀਗੜ੍ਹ:** ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਨੂੰ ਚੰਡੀਗੜ੍ਹ ਵਿਚ ਸਰਕਾਰੀ ਕੋਠੀ ਦੀ ਅਲਾਟਮੈਂਟ ਦੇ ਨਾਲ-ਨਾਲ ਸੀਨੀਅਰ ਕਾਂਗਰਸੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਦੀ ਚੰਡੀਗੜ੍ਹ ਵਿਚਲੀ ਕੋਠੀ ਦਾ ਮਸਲਾ ਵੀ ਗਰਮਾ ਗਿਆ ਹੈ। ਪ੍ਰਬੰਧਕੀ ਸ਼ਾਖਾ ਪੰਜਾਬ ਸਰਕਾਰ ਨੇ ਬੀਬੀ ਭੱਠਲ ਨੂੰ ਨਵਾਂ ਨੋਟਿਸ ਜਾਰੀ ਕਰਕੇ ਕਿਹਾ ਹੈ ਕਿ ਉਹ ਸੈਕਟਰ-2 ਵਿਚਲੀ ਜਿਹੜੀ 46 ਨੰਬਰ ਸਰਕਾਰੀ ਕੋਠੀ ਵਿਚ ਰਹਿ ਰਹੇ ਹਨ, ਉਹ ਕੋਠੀ ਖਾਲੀ ਕਰ ਦੇਣ ਕਿਉਂਕਿ ਨਿਯਮ ਅਨੁਸਾਰ ਇਹ ਕੋਠੀ ਵਿਰੋਧੀ ਧਿਰ ਦੇ ਨੇਤਾ ਦੀ ਬਣਦੀ ਹੈ।

ਇਸ ਬਾਰੇ ਬੀਬੀ ਭੱਠਲ ਦਾ ਕਹਿਣਾ ਕਿ ਪ੍ਰਬੰਧਕੀ ਸ਼ਾਖਾ ਨੇ ਉਨ੍ਹਾਂ ਨੂੰ ਨਵਾਂ ਨੋਟਿਸ ਜਾਰੀ ਕੀਤਾ ਹੈ ਤੇ ਇਸ ਤੋਂ ਪਹਿਲਾਂ ਵੀ ਸਰਕਾਰ ਵੱਲੋਂ ਉਨ੍ਹਾਂ ਨੂੰ ਦੋ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਕੋਠੀ ਖਾਲੀ ਕਰਨ ਲਈ ਜਿਹੜੇ ਨਿਯਮ ਦਾ ਹਵਾਲਾ ਦਿੱਤਾ ਜਾ ਰਿਹਾ ਹੈ, ਉਸ ਨਿਯਮ ਅਨੁਸਾਰ ਤਾਂ ਵਿਰੋਧੀ ਧਿਰ ਦੇ ਨੇਤਾ ਨੂੰ ਸੈਕਟਰ-2 ਵਿਚਲੀ 50 ਨੰਬਰ ਕੋਠੀ ਮਿਲਣੀ

### ਬਾਹਰ ਹੀ ਤੰਬੂ ਗੱਡ ਲਵਾਂਗੀ: ਭੱਠਲ



ਚਾਹੀਦੀ ਹੈ ਤੇ ਉਹ ਕੋਠੀ ਖਾਲੀ ਪਈ ਹੈ। ਇਸ ਲਈ ਉਹ ਕੋਠੀ ਸ੍ਰੀ ਸੁਨੀਲ ਜਾਖੜ ਨੂੰ ਤੁਰੰਤ ਦਿੱਤੀ ਜਾਣੀ ਚਾਹੀਦੀ ਹੈ।

ਬੀਬੀ ਭੱਠਲ ਦਾ ਕਹਿਣਾ ਸੀ ਕਿ ਸਰਕਾਰ ਵੱਲੋਂ ਜਾਣਬੁੱਝ ਕੇ ਉਨ੍ਹਾਂ ਨੂੰ ਕੋਠੀ ਖਾਲੀ ਕਰਨ ਲਈ ਕਿਹਾ ਜਾ ਰਿਹਾ ਹੈ ਤੇ 'ਪਾੜੋ ਤੇ ਰਾਜ ਕਰੋ' ਵਾਲੀ ਖੇਡ ਖੇਡੀ ਜਾ ਰਹੀ ਹੈ। ਭੱਠਲ ਨੇ ਕਿਹਾ ਕਿ ਉਹ ਕੈਬਨਿਟ ਮੰਤਰੀ ਤੇ ਉਸ ਤੋਂ ਬਾਅਦ ਬਤੌਰ ਮੁੱਖ ਮੰਤਰੀ ਇਸੇ ਕੋਠੀ ਵਿਚ ਰਹਿੰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਗੁਆਂਢ ਵਾਲੀ 47 ਨੰਬਰ ਕੋਠੀ ਸ. ਬਿਕਰਮ ਸਿੰਘ ਮਜੀਠੀਆ ਨੂੰ ਅਲਾਟ ਕਰ ਦਿੱਤੀ ਗਈ ਹੈ ਜਦਕਿ ਇਸ ਕੋਠੀ ਵਿਚ ਸਪੀਕਰ ਹਰਨਾਮ ਦਾਸ ਜੌਹਲ, ਚਰਨਜੀਤ ਸਿੰਘ ਅਠਵਾਲ ਤੇ ਅਜਨਾਲਾ ਰਹਿੰਦੇ ਰਹੇ ਹਨ।

ਬੀਬੀ ਭੱਠਲ ਨੇ ਕਿਹਾ ਕਿ ਸਰਕਾਰ ਵੱਲੋਂ ਜਿਹੜੇ ਨਿਯਮ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਉਸ ਨਿਯਮ ਅਨੁਸਾਰ ਤਾਂ 47 ਨੰਬਰ ਕੋਠੀ ਮਜੀਠੀਆ ਦੀ ਬਜਾਇ ਸਪੀਕਰ ਨੂੰ ਮਿਲਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਉਹ ਆਪਣੀ ਕੋਠੀ ਨਹੀਂ ਛੱਡੇਗੀ ਤੇ ਜੇ ਤੇ ਦਬਾਅ ਪਾਇਆ ਗਿਆ ਤਾਂ ਹਾਈ ਕੋਰਟ ਜਾਵੇਗੀ ਤੇ ਇਸ ਕੋਠੀ ਦੇ ਬਾਹਰ ਹੀ ਤੰਬੂ ਲਾ ਲਏ ਜਾਣਗੇ।

## ਪਰਵਾਸੀਆਂ ਦੀਆਂ ਜਾਇਦਾਦਾਂ ਬਾਰੇ ਕਾਨੂੰਨ ਬਣੇਗਾ

**ਚੰਡੀਗੜ੍ਹ:** ਪੰਜਾਬ ਸਰਕਾਰ ਜਲਦ ਹੀ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਬਾਰੇ ਕਾਨੂੰਨ ਬਣਾ ਰਹੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਰਾਜ ਦੇ ਗ੍ਰਹਿ ਵਿਭਾਗ ਨੂੰ ਹਦਾਇਤ ਕੀਤੀ ਹੈ ਕਿ ਸੂਬੇ ਵਿਚਲੀਆਂ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਕਿਰਾਏਦਾਰਾਂ ਤੋਂ ਖਾਲੀ ਕਰਾਉਣ ਲਈ ਨਵਾਂ ਕਾਨੂੰਨ ਹੋਂਦ ਵਿਚ ਲਿਆਉਣ ਲਈ ਬਿੱਲ ਦਸੰਬਰ ਮਹੀਨੇ ਦੇ ਸਰਦ ਰੁੱਤ ਸੈਸ਼ਨ ਦੌਰਾਨ ਲਿਆਂਦਾ ਜਾਵੇ ਤਾਂ ਜੋ ਜਨਵਰੀ ਮਹੀਨੇ ਦੇ ਪਹਿਲੇ ਹਫ਼ਤੇ ਹੋਣ ਵਾਲੇ ਪਰਵਾਸੀ ਭਾਰਤੀ ਸੰਮੇਲਨ ਤਕ ਇਸ ਨੂੰ ਨੋਟੀਫਾਈ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਮਾਨਵੀ ਤਸਕਰੀ ਤੇ ਪਰਵਾਸੀ ਭਾਰਤੀਆਂ ਦੇ ਵਿਆਹਾਂ ਦੀ ਲਾਜ਼ਮੀ ਰਜਿਸਟਰੇਸ਼ਨ ਦੇ ਬਿੱਲ ਵੀ ਵਿਧਾਨ ਸਭਾ ਦੇ ਆਗਾਮੀ ਸੈਸ਼ਨ ਦੌਰਾਨ ਲਿਆਂਦੇ ਜਾਣਗੇ। ਪਰਵਾਸੀ ਭਾਰਤੀ ਸੰਮੇਲਨ ਲਈ ਉਚ ਤਾਕਤੀ ਤੇ ਪ੍ਰਬੰਧਕੀ ਕਮੇਟੀਆਂ ਦੀ ਸਾਂਝੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਪ ਮੁੱਖ ਮੰਤਰੀ ਨੇ ਕਿਹਾ ਕਿ 3 ਤੋਂ 5 ਜਨਵਰੀ ਤੱਕ ਕਰਵਾਏ ਜਾ ਰਹੇ ਤਿੰਨ ਦਿਨਾਂ ਪਰਵਾਸੀ ਭਾਰਤੀ ਸੰਮੇਲਨ ਦੌਰਾਨ ਸਰਕਾਰ ਵੱਲੋਂ ਆਰੰਭੇ ਤੇ ਮੁਕੰਮਲ ਕੀਤੇ ਗਏ ਵਿਕਾਸ ਕਾਰਜਾਂ ਤੇ ਰਾਜ ਸਰਕਾਰ ਦੇ ਭਵਿੱਖ ਵਿਚ ਵਿਕਾਸ ਲਈ ਸੰਕਲਪ ਨੂੰ ਪਰਵਾਸੀਆਂ ਅੱਗੇ ਰੱਖਿਆ ਜਾਵੇਗਾ। ਸੰਮੇਲਨ ਦੌਰਾਨ ਵੱਖ ਵੱਖ ਮੁਲਕਾਂ ਵਿਚ ਚੁਣੇ ਗਏ ਪੰਜਾਬੀ ਪਰਵਾਸੀ ਨੁਮਾਇੰਦਿਆਂ ਨਾਲ ਵਿਚਾਰ ਚਰਚਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਹਿਲੇ ਦੋ ਦਿਨ ਸੰਮੇਲਨ ਚੰਡੀਗੜ੍ਹ ਵਿਚ ਹੋਵੇਗਾ ਤੇ ਆਖਰੀ ਦਿਨ ਜਲੰਧਰ ਵਿਖੇ ਹੋਵੇਗਾ। ਸ. ਬਾਦਲ ਨੇ ਆਈ.ਜੀ.ਪਰਵਾਸੀ ਭਾਰਤੀ ਮਾਮਲੇ ਗੁਰਪ੍ਰੀਤ ਕੌਰ ਦਿਓ ਨੂੰ ਨਿਰਦੇਸ਼ ਦਿੱਤੇ ਕਿ ਉਹ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਦੀ ਰਾਖੀ ਲਈ ਅਜਿਹੀ ਯੋਜਨਾ ਤਿਆਰ ਕਰਨ ਜਿਸ ਤਹਿਤ ਉਹ ਵਿਦੇਸ਼ ਜਾਣ ਸਮੇਂ ਆਪਣੀ ਜਾਇਦਾਦ ਬਾਰੇ ਜਾਣਕਾਰੀ ਇਲਾਕੇ ਦੇ ਐਸ.ਐਚ.ਓ. ਨੂੰ ਦੇਣ ਤੇ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਕਿਸੇ ਕਿਸਮ ਦੇ ਨਾਜਾਇਜ਼ ਕਬਜ਼ੇ ਜਾਂ ਗੈਰਕਾਨੂੰਨੀ ਖਰੀਦੋ ਫਰੋਖਤ ਰੋਕਣ ਜਾਂ ਅਜਿਹੀ ਕਿਸੇ ਕੁਤਾਹੀ ਲਈ ਸਬੰਧਤ ਅਧਿਕਾਰੀ ਦੀ ਜਵਾਬਦੇਹੀ ਨਿਰਧਾਰਤ ਕੀਤੀ ਜਾ ਸਕੇ।

# ਬਾਰ ਵਾਲੇ ਘਰਾਂ 'ਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕਰਨ ਦੀ ਹਦਾਇਤ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਨੇ ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਕਿ ਜਿਨ੍ਹਾਂ ਸਿੱਖ ਵਿਅਕਤੀਆਂ ਦੇ ਘਰਾਂ ਵਿਚ 'ਬਾਰ' ਬਣੀ ਹੋਈ ਹੈ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕੀਤਾ ਜਾਵੇ। ਉਨ੍ਹਾਂ ਗੁਰਮਤਿ ਸਾਹਿਤ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਭੇਜਣ ਸਮੇਂ ਹੁੰਦੀ ਬੇਹੁਰਮਤੀ ਨੂੰ ਰੋਕਣ ਲਈ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਸਿੱਖ ਸੰਗਤ ਨੂੰ ਆਖਿਆ ਕਿ ਮਾਤਾ ਕੌਲਾਂ ਜੀ ਦੇ ਨਾਂ ਨਾਲੋਂ ਮਾਤਾ ਸ਼ਬਦ ਹਟਾ ਕੇ ਸਿਰਫ ਬੀਬੀ ਕੌਲਾਂ ਲਿਖਿਆ ਜਾਵੇ।

ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਹੋਈ ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਮੁੱਖ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮੱਲ ਸਿੰਘ ਸ਼ਾਮਲ ਹੋਏ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿੱਖ ਸੰਗਤ ਨੂੰ ਆਦੇਸ਼ ਕੀਤਾ ਹੈ ਕਿ ਜਿਨ੍ਹਾਂ ਸਿੱਖ ਵਿਅਕਤੀਆਂ ਦੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ



ਹੈ ਤੇ ਉੱਥੇ ਘਰ ਵਿਚ ਬਾਰ ਵੀ ਬਣੀ ਹੋਈ ਹੈ, ਅਜਿਹੇ ਵਿਅਕਤੀ ਆਪਣੇ ਘਰਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬੰਦ ਕਰ ਦੇਣ। ਉਨ੍ਹਾਂ ਆਖਿਆ ਕਿ ਅਜਿਹੇ ਸਿੱਖ ਵਿਅਕਤੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਨੇੜਲੇ ਗੁਰਦੁਆਰਿਆਂ ਵਿਚ ਸੌਂਪ ਦੇਣ। ਉਨ੍ਹਾਂ ਕਿਹਾ ਕਿ ਅਜਿਹੇ ਸਿੱਖ ਆਪਣੇ ਘਰਾਂ ਵਿਚ ਪਾਵਨ ਸਰੂਪ ਦੀ ਥਾਂ ਸੈਂਚੀਆਂ ਤੇ ਗੁਟਕੇ ਰੱਖ ਸਕਦੇ ਹਨ।

ਗੁਰਮਤਿ ਸਾਹਿਤ ਨੂੰ ਇਕ ਥਾਂ ਤੋਂ ਦੂਜੀ ਥਾਂ ਭੇਜਣ ਸਮੇਂ ਹੁੰਦੀ ਬੇਹੁਰਮਤੀ ਰੋਕਣ ਲਈ ਪੰਜ ਸਿੰਘ ਸਾਹਿਬਾਨ ਨੇ ਨਿਰਦੇਸ਼ ਜਾਰੀ ਕਰਦਿਆਂ ਸਮੂਹ ਪ੍ਰਕਾਸ਼ਨ ਅਦਾਰਿਆਂ ਨੂੰ ਹਦਾਇਤ ਕੀਤੀ ਹੈ ਕਿ ਗੁਰਮਤਿ ਸਾਹਿਤ ਨੂੰ ਬਾਹਰ ਭੇਜਣ ਸਮੇਂ ਇਸ ਦੇ ਪੈਕੇਟ ਦਾ ਭਾਰ 20 ਤੋਂ 25 ਕਿੱਲੋ ਤੋਂ ਵੱਧ ਨਾ ਬਣਾਇਆ ਜਾਵੇ। ਇਸ ਨੂੰ ਪਹਿਲਾਂ ਕਾਗਜ਼ ਤੇ ਕੱਪੜੇ ਵਿਚ ਚੰਗੀ ਤਰ੍ਹਾਂ ਲਪੇਟ ਕੇ ਲੱਕੜ, ਗੱਤੇ ਜਾਂ ਪਲਾਸਟਿਕ ਦੇ ਮਜ਼ਬੂਤ ਡੱਬੇ ਵਿਚ ਰੱਖਿਆ ਜਾਵੇ ਤੇ ਪੈਕੇਟ ਦੇ ਬਾਹਰ 'ਹੈਂਡਲ ਵਿਦ ਰਸਪੈਕਟ' (ਮਾਣ ਸਨਮਾਨ ਸਹਿਤ ਸੰਭਾਲਿਆ ਜਾਵੇ) ਲਿਖਿਆ ਜਾਵੇ। ਉਨ੍ਹਾਂ ਹਦਾਇਤ ਕੀਤੀ ਹੈ ਕਿ ਇਸ ਦੀ ਅਵੱਗਿਆ ਕਰਨ ਵਾਲੇ ਪ੍ਰਕਾਸ਼ਕਾਂ ਖ਼ਿਲਾਫ਼ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਪੰਜ ਸਿੰਘ ਸਾਹਿਬਾਨ ਨੇ ਸਿੱਖ ਸੰਗਤ ਨੂੰ ਆਖਿਆ ਕਿ ਗੁਰਮਤਿ ਵਿਚਾਰਧਾਰਾ ਅਨੁਸਾਰ 'ਮਾਤਾ' ਸ਼ਬਦ ਕੇਵਲ ਗੁਰੂ ਮਾਤਾਵਾਂ, ਗੁਰੂ ਮਹਿਲਾ ਤੇ ਵੱਡੀ ਉਮਰ ਦੀਆਂ ਔਰਤਾਂ ਲਈ ਵਰਤਿਆ ਜਾਂਦਾ ਹੈ ਪਰ ਹੁਣ ਸਿੱਖ ਜਗਤ ਵੱਲੋਂ ਬੀਬੀ ਕੌਲਾਂ ਦੇ ਨਾਂ ਦੇ ਨਾਲ ਮਾਤਾ ਕੌਲਾਂ ਸ਼ਬਦ ਵਰਤਿਆ ਜਾ ਰਿਹਾ ਹੈ ਜੋ ਸਿੱਖ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕਾਰਨ ਬਣ ਰਿਹਾ ਹੈ। ਉਨ੍ਹਾਂ ਸਮੂਹ ਸਭਾ ਸੁਸਾਇਟੀਆਂ, ਸੰਸਥਾਵਾਂ ਨੂੰ ਆਦੇਸ਼ ਕੀਤਾ ਹੈ ਕਿ ਉਹ ਆਪੋ-ਆਪਣੀਆਂ ਸੰਸਥਾਵਾਂ ਦੇ ਨਾਂਵਾਂ ਦੇ ਨਾਲ ਮਾਤਾ ਕੌਲਾਂ ਸ਼ਬਦ ਦੀ ਥਾਂ ਬੀਬੀ ਕੌਲਾਂ ਸ਼ਬਦ ਲਿਖਣ। ਇਸ ਬਾਰੇ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਫ਼ੈਸਲੇ 'ਤੇ ਤੁਰੰਤ ਅਮਲ ਕਰਾਉਣ।

ਅਕਾਲ ਤਖ਼ਤ ਵੱਲੋਂ ਹਰ ਵਰ੍ਹੇ ਗ੍ਰੰਥੀ ਸਿੰਘਾਂ, ਕਥਾ ਵਾਚਕਾਂ, ਰਾਗੀਆਂ, ਢਾਡੀਆਂ, ਕਵੀਸ਼ਰਾਂ, ਪ੍ਰਚਾਰਕਾਂ ਤੇ ਵਿਦਵਾਨ ਲੇਖਕਾਂ ਦਾ ਸਨਮਾਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਸ ਵਾਰ 'ਪੰਥਕ ਸ਼੍ਰੋਮਣੀ ਰਾਗੀ' ਦਾ ਪੁਰਸਕਾਰ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ ਦਿੱਤਾ ਜਾਵੇਗਾ ਜਦੋਂਕਿ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੂੰ 'ਭਾਈ ਸਾਹਿਬ' ਦੀ ਉਪਾਧੀ ਨਾਲ ਨਿਵਾਜਿਆ ਜਾਵੇਗਾ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਹਰ ਸਾਲ ਮੀਰੀ ਪੀਰੀ ਦਿਵਸ 'ਤੇ ਗੱਤਕੇ ਦੇ ਕੌਮੀ ਤੇ ਕੌਮਾਂਤਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਣਗੇ।

ਲੁਧਿਆਣਾ ਬੈਂਕ ਡਕੈਤੀ ਮਾਮਲੇ ਵਿਚ ਅਦਾਲਤ ਵੱਲੋਂ 92 ਸਾਲਾ ਉਮਰ ਦੇ ਵਿਅਕਤੀ ਨੂੰ 10 ਸਾਲ ਦੀ ਸਜ਼ਾ ਸੁਣਾਏ ਜਾਣ 'ਤੇ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਸਿੰਘ ਸਾਹਿਬਾਨ ਨੇ ਇਸ ਨੂੰ ਮੰਦਭਾਗਾ ਆਖਿਆ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਦਿੱਲੀ ਕਤਲੇਆਮ ਦੇ ਦੋਸ਼ੀਆਂ ਨੂੰ ਹੁਣ ਤੱਕ ਸਜ਼ਾਵਾਂ ਨਹੀਂ ਹੋਈਆਂ ਤੇ ਦੂਜੇ ਪਾਸੇ ਸਿੱਖਾਂ ਨਾਲ ਸਬੰਧਤ ਮਾਮਲਿਆਂ ਵਿਚ ਤੇਜ਼ੀ ਨਾਲ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ।

# ਬਾਬਾ ਜੀਵਨ ਸਿੰਘ ਦਾ ਜਨਮ ਦਿਹਾੜਾ 23 ਦਸੰਬਰ ਨੂੰ ਮਨਾਇਆ ਜਾਵੇਗਾ

**ਸੈਕਰਾਮੈਂਟੋ (ਐਸ ਅਸ਼ੋਕ ਭੌਰਾ):** ਬਾਬਾ ਜੀਵਨ ਸਿੰਘ ਨੌਜਵਾਨ ਸਭਾ ਵਲੋਂ 'ਰੰਘਰੇਟਾ ਗੁਰੂ ਕਾ ਬੇਟਾ' ਦੇ ਮਾਣ ਤੇ ਰੁਤਬੇ ਨਾਲ ਜਾਣੇ ਜਾਂਦੇ ਬਾਬਾ ਜੀਵਨ ਸਿੰਘ ਦਾ ਜਨਮ ਦਿਹਾੜਾ ਆਉਂਦੀ 23 ਦਸੰਬਰ ਐਤਵਾਰ ਨੂੰ ਸਥਾਨਕ ਗੁਰਦੁਆਰਾ ਗੁਰੂ ਰਵਿਦਾਸ ਸਭਾ, ਰਿਓਲਿੰਡਾ ਵਿਖੇ ਮਨਾਇਆ ਜਾਵੇਗਾ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਦਿਹਾੜੇ ਅਖੰਡ ਪਾਠ ਦੇ ਭੋਗ ਉਪਰੰਤ ਸਵੇਰ ਦੇ ਦੀਵਾਨ ਸਜਣਗੇ ਅਤੇ ਸ਼ਬਦ ਕੀਰਤਨ ਹੋਵੇਗਾ। ਸੁਲਤਾਨ ਅਖਤਰ, ਸੁਖਦੇਵ ਸਾਹਿਲ, ਗੁਰਜੀਤ ਜੀਤੀ ਅਤੇ ਲਾਲੀ ਆਦਿ ਗਾਇਕ ਆਪਣੀਆਂ ਰਚਨਾਵਾਂ ਨਾਲ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਵਿਦਵਾਨ ਬੁਲਾਰੇ ਬਾਬਾ ਜੀ ਦੇ ਜੀਵਨ ਮਿਸ਼ਨ ਉਪਰ ਚਾਨਣਾ ਪਾਉਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਬਾਬਾ ਜੀਵਨ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਦਵਿੰਦਰ ਸਿੰਘ ਤੇ ਚੇਅਰਮੈਨ ਬਲਬੀਰ ਸਿੰਘ ਅਨੁਸਾਰ ਸਭਾ ਵਲੋਂ ਜਲਦ ਹੀ ਬਾਬਾ ਜੀ ਦੇ ਨਾਂ 'ਤੇ ਗੁਰੂ ਘਰ ਦੀ ਸਥਾਪਨਾ ਕੀਤੀ ਜਾ ਰਹੀ ਹੈ। ਗੁਰੂ ਘਰ ਵਿਚ ਹੋਈ ਇਕ ਮੀਟਿੰਗ ਵਿਚ ਸਰਬਸੰਮਤੀ ਨਾਲ ਸਿਵਤਾਰ ਸਿੰਘ ਨੂੰ ਸਕੱਤਰ, ਲਾਲੀ ਨੂੰ ਉਪ ਸਕੱਤਰ ਤੇ ਅਜਮੇਰ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ ਹੈ। ਮੈਂਬਰਾਂ ਵਿਚ ਰਵੀਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਮਨਿੰਦਰ ਸਿੰਘ, ਦੀਪ ਸਿੰਘ, ਜੋਧ ਸਿੰਘ, ਲਵਦੀਪ ਸਿੰਘ, ਸੁਖਪ੍ਰੀਤ ਸਿੱਧੂ ਤੇ ਕਰਨ ਕਪੂਰ ਲਏ ਗਏ ਹਨ।

# ਰਾਮ ਜੇਠਮਲਾਨੀ ਭਾਜਪਾ 'ਚੋਂ ਮੁਅੱਤਲ

**ਨਵੀਂ ਦਿੱਲੀ:** ਕੌਮੀ ਪ੍ਰਧਾਨ ਨਿਤਿਨ ਗਡਕਰੀ ਤੋਂ ਅਸਤੀਫ਼ੇ ਦੀ ਮੰਗ ਕਰਨ ਪਿੱਛੋਂ ਸੀ.ਬੀ.ਆਈ. ਦੇ ਮੁਖੀ ਦੀ ਨਿਯੁਕਤੀ ਦੇ ਮਾਮਲੇ 'ਤੇ ਪਾਰਟੀ ਦੇ ਰੁਖ਼ ਨਾਲ ਅਸਹਿਮਤੀ ਪ੍ਰਗਟ ਕਰਨ ਵਾਲੇ ਰਾਮ ਜੇਠਮਲਾਨੀ ਨੂੰ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ ਗਿਆ ਹੈ। ਸ੍ਰੀ ਜੇਠਮਲਾਨੀ ਨੇ ਪਾਰਟੀ ਨੂੰ ਵੰਗਾਰਦਿਆਂ ਕਿਹਾ ਸੀ ਕਿ ਉਸ ਖ਼ਿਲਾਫ਼ ਕਾਰਵਾਈ ਕਰਨ ਦੀ ਕਿਸੇ 'ਚ ਵੀ ਹਿੰਮਤ ਨਹੀਂ ਹੈ। ਸੀ.ਬੀ.ਆਈ. ਦੇ ਨਵੇਂ ਡਾਇਰੈਕਟਰ ਰਣਜੀਤ ਸਿਨਹਾ ਦੀ ਨਿਯੁਕਤੀ ਦਾ ਭਾਜਪਾ ਵੱਲੋਂ ਵਿਰੋਧ ਕਰਨ 'ਤੇ ਸ੍ਰੀ ਜੇਠਮਲਾਨੀ ਨੇ ਵੱਖਰਾ ਸਟੈਂਡ ਲਿਆ ਸੀ।

ਭਾਜਪਾ ਦੇ ਬੁਲਾਰੇ ਸ਼ਾਹਨਵਾਜ਼ ਹੁਸੈਨ ਦਾ ਕਹਿਣਾ ਹੈ ਕਿ ਸ੍ਰੀ ਜੇਠਮਲਾਨੀ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਤੇ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਰੁਨ ਜੇਤਲੀ ਵੱਲੋਂ ਸੀਬੀਆਈ ਦੇ ਡਾਇਰੈਕਟਰ ਦੀ ਨਿਯੁਕਤੀ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ



ਸਿੰਘ ਨੂੰ ਲਿਖੀ ਚਿੱਠੀ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਜੇਠਮਲਾਨੀ ਦੀਆਂ ਟਿੱਪਣੀਆਂ ਕਾਂਗਰਸ ਦੇ ਪੱਖ 'ਚ ਭੁਗਤੀਆਂ ਹਨ। ਇਸ ਲਈ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਪਾਰਟੀ 'ਚੋਂ ਮੁਅੱਤਲ ਕੀਤਾ ਗਿਆ ਹੈ।

ਇਸੇ ਦੌਰਾਨ ਸ੍ਰੀ ਜੇਠਮਲਾਨੀ ਨੇ ਇਸ ਹੁਕਮ ਨੂੰ ਅਖ਼ਤਿਆਰ ਤੋਂ ਬਾਹਰ ਜਾ ਕੇ ਕੀਤਾ ਫੈਸਲਾ ਦੱਸਿਆ ਹੈ। ਪਾਰਟੀ ਲੀਡਰਸ਼ਿਪ 'ਤੇ ਪਲਟਵਾਂ ਵਾਰ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਖ਼ੁਦਕੁਸ਼ੀ ਦੇ ਰਾਹ 'ਤੇ ਚੱਲ ਰਹੇ ਹਨ ਤੇ ਪਾਰਟੀ ਨੂੰ ਵੀ ਆਪਣੇ ਨਾਲ ਘੜੀਸ ਰਹੇ ਹਨ।

ਗਡਕਰੀ ਨੂੰ ਸਖ਼ਤ ਸ਼ਬਦਾਂ 'ਚ ਲਿਖੇ ਪੱਤਰ ਵਿਚ ਉਨ੍ਹਾਂ ਸੀਬੀਆਈ ਡਾਇਰੈਕਟਰ ਦੀ ਨਿਯੁਕਤੀ ਸਬੰਧੀ ਵਿਵਾਦ ਵਿਚ ਰਾਜ ਸਭਾ 'ਚ ਵਿਰੋਧੀ ਦਲ ਦੇ ਨੇਤਾ ਅਰੁਣ ਜੇਤਲੀ ਦੀ ਕਥਿਤ ਭੂਮਿਕਾ ਬਾਰੇ ਵੀ ਸਵਾਲ ਉਠਾਏ ਹਨ। ਉਧਰ ਪਾਰਟੀ ਆਗੂ ਅਰੁਣ ਜੇਤਲੀ ਨੇ ਸ੍ਰੀ ਜੇਠਮਲਾਨੀ ਨਾਲ ਸ਼ਬਦੀ ਜੰਗ 'ਚ ਉਲਝਣ ਤੋਂ ਇਨਕਾਰ ਕਰ ਦਿੱਤਾ ਹੈ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333



ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ ਗੁਰਬਾਣੀ ਰੇਡੀਓ ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
Studio Telephone : (408) 272-5200

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ

- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ
605.475.6868 • 832.551.5029

ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਦਸੰਬਰ 2012*

## ਸਿਆਸਤ ਦਾ ਝੂਠਾ ਸੌਦਾ

ਡੇਰਾ ਸੱਚਾ ਸੌਦਾ ਸਿਰਸਾ ਦੇ ਪ੍ਰੇਮੀਆਂ ਅਤੇ ਕੁਝ ਸਿੱਖ ਜਥੇਬੰਦੀਆਂ ਦਰਮਿਆਨ ਇਕ ਵਾਰ ਫਿਰ ਟਕਰਾਅ ਹੋ ਗਿਆ ਹੈ। ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਉਤੇ ਇਕ ਵਾਰ ਫਿਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਹਾਲਾਤ ਨੇ ਮੁੜ ਮੁੜ ਸਾਬਤ ਕੀਤਾ ਹੈ ਕਿ ਸਿਆਸਤਦਾਨਾਂ ਨੂੰ ਸਿਰਫ ਆਪਣੇ ਹੀ ਹਿਤ ਪਿਆਰੇ ਹੁੰਦੇ ਹਨ। ਅਜੇ ਕੁਝ ਚਿਰ ਪਹਿਲਾਂ ਹੀ ਸ਼ਰੂਤੀ ਮਾਮਲੇ ਵਿਚ ਪੰਜਾਬ ਪੁਲਿਸ ਦੀ ਮਾੜੀ ਅਤੇ ਪੱਖਪਾਤੀ ਕਾਰਵਾਈ ਕਾਰਨ ਇਸ ਦੀ ਚੋਖੀ ਬਦਨਾਮੀ ਹੋਈ, ਪਰ ਇਸ ਤੋਂ ਬਾਅਦ ਵੀ ਨਾ ਸਰਕਾਰ ਅਤੇ ਨਾ ਹੀ ਪੁਲਿਸ ਪ੍ਰਸ਼ਾਸਨ ਨੇ ਕੋਈ ਸਬਕ ਸਿੱਖਿਆ। ਸਿਆਸਤਦਾਨਾਂ ਤੋਂ ਤਾਂ ਹੁਣ ਸ਼ਾਇਦ ਕਿਸੇ ਸੰਜੀਦਾ ਅਗਵਾਈ ਦੀ ਤਵੱਕੋ ਕਰਨਾ ਹੀ ਫਜ਼ੂਲ ਜਾਪਣ ਲੱਗ ਪਿਆ ਹੈ। ਇਨ੍ਹਾਂ ਦਾ ਇਕ ਇਕ ਕਦਮ ਸਰਬੱਤ ਦੇ ਭਲੇ ਲਈ ਉਠਣ ਦੀ ਥਾਂ ਆਪਣੇ ਧੜੇ ਜਾਂ ਜਥੇਬੰਦੀ ਅਤੇ ਆਪਣੇ ਆਗੂਆਂ ਦੇ ਹਿਤਾਂ ਦੇ ਹਿਸਾਬ ਨਾਲ ਉਠਦਾ ਹੈ। ਸੱਚਾ ਸੌਦਾ ਡੇਰੇ ਦੇ ਮਾਮਲੇ ਵਿਚ ਤਾਂ ਇਹ ਸੌੜੀ ਸਿਆਸਤ ਹੋਰ ਵੀ ਭਿਅੰਕਰ ਰੂਪ ਅਖਤਿਆਰ ਕਰ ਗਈ ਹੈ। ਇਨ੍ਹਾਂ ਅਖੌਤੀ ਸਿਆਸਤਦਾਨਾਂ ਲਈ ਮੁੱਖ ਮਸਲਾ ਸਿਰਫ ਵੋਟਾਂ ਹਨ ਅਤੇ ਇਹ ਡੇਰਾ ਵੋਟਾਂ ਨਾਲ ਨੱਕੋ-ਨੱਕ ਭਰਿਆ ਹੋਇਆ ਹੈ ਅਤੇ ਕਿਸੇ ਵੀ ਉਮੀਦਵਾਰ, ਆਗੂ ਜਾਂ ਪਾਰਟੀ ਦੀ ਜਿੱਤ ਇਸ ਡੇਰੇ ਦੇ ਸਿਰਫ ਇਕ ਫੈਸਲੇ 'ਤੇ ਹੀ ਨਿਰਭਰ ਕਰਦੀ ਹੈ। ਡੇਰੇ ਦੇ ਸੰਚਾਲਕਾਂ ਦੀ ਇਸ 'ਜਥੇਬੰਦਕ ਸਮਰਥਾ' ਅੱਗੇ ਸਭ ਹੀਣ ਹੋ ਕੇ ਰਹਿ ਗਏ ਹਨ। ਇਸ ਸਮੁੱਚੇ ਤਾਣੇ-ਬਾਣੇ ਨੂੰ ਜੜ੍ਹਾਂ ਤੱਕ ਸਮਝਣ-ਸਮਝਾਉਣ ਦੀ ਥਾਂ ਵੱਖ ਵੱਖ ਜਥੇਬੰਦੀਆਂ ਅਤੇ ਆਗੂ ਉਦੋਂ ਹੀ ਜਾਗਦੇ ਹਨ ਜਦ ਕਦੇ ਇਹ ਮਸਲਾ ਗੰਭੀਰ ਹੋ ਕੇ ਉਭਰਦਾ ਹੈ। ਬਾਕੀ ਦਿਨਾਂ ਦੌਰਾਨ ਕਿਸੇ ਨੂੰ ਕੁਝ ਚਿਤ-ਚੇਤੇ ਨਹੀਂ ਹੁੰਦਾ ਕਿ ਕਿਥੇ ਕੀ ਕੁਝ ਹੋ ਰਿਹਾ ਹੈ! ਜਦੋਂ ਕੋਈ ਧਿਰ ਮਸਲੇ ਦੀ ਗੰਭੀਰਤਾ ਨੂੰ ਸਮਝ ਹੀ ਨਹੀਂ ਰਹੀ ਤਾਂ ਮਸਲੇ ਦਾ ਹੱਲ ਫਿਰ ਕਿਥੋਂ ਲੱਭਣਾ ਹੈ? ਇਹੀ ਕਾਰਨ ਹੈ ਕਿ ਇਹ ਮਸਲਾ ਵਾਰ ਵਾਰ ਸਾਡੇ ਵਿਹੜੇ ਧੁਸ ਦੇ ਕੇ ਆਣ ਵੜਦਾ ਹੈ, ਚਾਰ ਦਿਨ ਚੰਗਾ ਖੌਰੂ ਪਾ ਕੇ ਅਤੇ ਲੋਕਾਂ ਦੇ ਦਿਲਾਂ ਵਿਚ ਨਫਰਤ ਦੇ ਬੀਜ ਡੂੰਘੇ ਬੀਜ ਕੇ ਸ਼ਾਂਤ ਹੋ ਜਾਂਦਾ ਹੈ। ਇਹੀ ਬੀਜ ਫਿਰ ਅਗਲੀ ਵਾਰ ਦੇ ਰੇੜਕੇ ਲਈ ਪੌਦੇ ਦੇ ਰੂਪ ਵਿਚ ਸਾਹਮਣੇ ਆਣ ਖਲੋਂਦੇ ਹਨ। ਚਿਰਾਂ ਤੋਂ ਇਹ ਸਿਲਸਿਲਾ ਨਿਰਵਿਘਨ ਚੱਲ ਰਿਹਾ ਹੈ। 'ਗੁਰਾਂ ਦੇ ਨਾਂ 'ਤੇ ਜੀਣ ਵਾਲਾ ਪੰਜਾਬ' ਸਿਆਸਤਦਾਨਾਂ ਦੇ ਇਸ਼ਾਰਿਆਂ 'ਤੇ ਜੀਂਦਾ ਪ੍ਰਤੀਤ ਹੋਣ ਦਾ ਝਉਲਾ ਪਾਉਣ ਲਗਦਾ ਹੈ।

ਅਸਲ ਵਿਚ ਇਸ ਟਕਰਾਅ ਦਾ ਮੁੱਖ ਕਾਰਨ ਡੇਰਿਆਂ ਦੀ ਉਹ ਸਿਆਸਤ ਹੈ ਜਿਹੜੀ ਪੰਜਾਬ ਦੀ ਸਿਆਸਤ ਉਤੇ ਹੱਦ ਤੋਂ ਵੱਧ ਅਸਰ-ਅੰਦਾਜ਼ ਹੋ ਰਹੀ ਹੈ। ਇਸ ਦੀਆਂ ਬਹੁਤ ਉਲਝ ਚੁੱਕੀਆਂ ਤੰਦਾਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸਿਮਰਨਜੀਤ ਸਿੰਘ ਮਾਨ ਦੇ ਨਵੇਂ ਫੈਸਲੇ ਦੀ ਪੁਣ-ਛਾਣ ਨਾਲ ਖੋਲ੍ਹਣ ਵਿਚ ਰਤਾ ਕੁ ਮੱਦਦ ਮਿਲ ਸਕਦੀ ਹੈ। ਸ. ਮਾਨ ਨੇ ਅਗਾਂਹ ਤੋਂ ਚੋਣ ਪਿੜ ਵਿਚ ਨਾ ਆਉਣ ਦਾ ਫੈਸਲਾ ਕੀਤਾ ਹੈ। ਇਸ ਦਾ ਉਨ੍ਹਾਂ ਸਿਰਫ ਇਕ ਕਾਰਨ ਹੀ ਗਿਣਾਇਆ ਹੈ ਕਿ ਚੋਣਾਂ ਲੜਨ ਲਈ ਉਨ੍ਹਾਂ ਕੋਲ ਪੈਸਾ ਨਹੀਂ ਹੈ। ਇਹ ਮਸਲਾ ਨਿੱਠ ਕੇ ਵਿਚਾਰਨ ਵਾਲਾ ਹੈ। ਹੋ ਸਕਦਾ ਹੈ ਕਿ ਸ. ਮਾਨ ਦੇ ਇਸ ਫੈਸਲੇ ਨੂੰ ਕੋਈ ਧਿਰ ਜਾਂ ਧਿਰਾਂ ਉਤਨੀ ਗੰਭੀਰਤਾ ਨਾਲ ਨਾ ਲੈਣ, ਜਾਂ ਇਹ ਗੱਲ ਉਂਜ ਹੀ ਹੋਊਂ ਪਰ੍ਹੇ ਹੋ ਜਾਵੇ, ਪਰ ਜਿਨ੍ਹਾਂ ਕਾਰਨਾਂ ਕਰ ਕੇ ਸ. ਸਿਮਰਨਜੀਤ ਸਿੰਘ ਮਾਨ ਇਹ ਫੈਸਲਾ ਕਰਨ ਲਈ ਮਜਬੂਰ ਹੋਏ ਹਨ, ਉਨ੍ਹਾਂ ਬਾਰੇ ਸੋਚਣਾ ਬਣਦਾ ਹੈ। ਸਿੱਧੀ ਅਤੇ ਸਪਸ਼ਟ ਗੱਲ ਇਹ ਹੈ ਕਿ ਮੁੱਖ ਧਾਰਾ ਸਿਆਸਤ ਵਿਚੋਂ ਆਮ ਆਦਮੀ ਅਤੇ ਆਗੂ ਬਾਹਰ ਨਿੱਕਲ ਚੁੱਕਾ ਹੈ। ਇਸ ਸੂਰਤ ਵਿਚ ਸਭ ਤੋਂ ਵੱਡਾ ਮਸਲਾ ਇਸ ਦਾ ਤੋੜ ਲੱਭਣ ਦਾ ਹੈ। ਚੋਣਾਂ ਤੋਂ ਉਕਾ ਹੀ ਲਾਂਭੇ ਹੋਣ ਦਾ ਚੰਗਾ ਜਾਂ ਮਾੜਾ ਫੈਸਲਾ ਸਾਢੇ ਚਾਰ ਦਹਾਕੇ ਪਹਿਲਾਂ ਨਕਸਲਵਾਦੀਆਂ ਨੇ ਵੀ ਕੀਤਾ ਸੀ। ਇਹ ਫੈਸਲਾ ਕਰਨ ਦੇ ਉਨ੍ਹਾਂ ਬਾਕਾਇਦਾ ਕਾਰਨ ਵੀ ਗਿਣਾਏ ਸਨ ਅਤੇ ਫਿਰ ਉਨ੍ਹਾਂ ਉਤੇ ਪਹਿਰਾ ਵੀ ਦਿੱਤਾ ਸੀ, ਪਰ ਸਵਾਲ ਤਾਂ ਇਹ ਹੈ ਕਿ ਚੋਣਾਂ ਦਾ ਬਦਲ ਦੇਣ ਵਿਚ ਉਹ ਵੀ ਕੁਝ ਖਾਸ ਨਹੀਂ ਕਰ ਸਕੇ ਹਨ। ਮੁੱਖ ਮਸਲਾ ਤਾਂ ਚੋਣ ਸਿਆਸਤ ਕਾਰਨ ਸਮਾਜ ਅਤੇ ਸਿਆਸਤ ਵਿਚ ਆਈ ਖੜੋਤ ਨੂੰ ਭੰਨ ਸੁੱਟਣ ਦਾ ਹੈ। ਉਂਜ, ਇਸ ਮਸਲੇ ਨੂੰ ਜ਼ਰਾ ਕੁ ਹੋਰ ਕੁਰੇਦੀਏ ਤਾਂ ਇਹ ਸੱਚ ਵੀ ਸਵੀਕਾਰ ਕਰਨਾ ਪੈਣਾ ਹੈ ਕਿ ਸ. ਮਾਨ ਨਾਲ ਅਜੇ ਤੱਕ ਪਬਲਿਕ ਵੀ ਲਾਮਡੋਰੀ ਬਣਾ ਕੇ ਨਹੀਂ ਤੁਰ ਸਕੀ ਹੈ। ਇਹ ਗੱਲ ਹੋਰ ਤੱਤੀਆਂ/ਖਾੜਕੂ ਸਿੱਖ ਜਥੇਬੰਦੀਆਂ ਉਤੇ ਵੀ ਉਤਨੀ ਹੀ ਢੁੱਕਦੀ ਹੈ।

ਭਾਰਤ ਜਾਂ ਪੰਜਾਬ ਦੀ ਸਿਆਸਤ ਵਿਚ ਪੈੜਾਂ ਪਾਉਣ ਲਈ ਸਿਰੇ ਦੀ ਸਿਆਸੀ ਅਤੇ ਸਮਾਜਕ ਸੋਝੀ ਦਰਕਾਰ ਹੈ, ਇਸ ਤੋਂ ਬਗੈਰ ਅੱਜ ਦੀ ਤਰੀਕ ਵਿਚ ਸਿਆਸਤ ਦੇ ਪਿੜ ਵਿਚ ਘਾਤ ਲਾਈ ਬੈਠੇ ਲੋਕਾਂ ਨਾਲ ਟੱਕਰ ਲੈਣੀ ਤਾਂ ਇਕ ਪਾਸੇ ਰਹੀ, ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਅਜਿਹੀ ਅਗਵਾਈ ਦੀ ਅਣਹੋਂਦ ਕਰ ਕੇ ਹੀ ਡੇਰੇ ਨਾਲ ਟਕਰਾਅ ਅਤੇ ਇਸ ਤਰ੍ਹਾਂ ਦੇ ਹੋਰ ਮਸਲੇ ਵਾਰ ਵਾਰ ਸਿਰ ਚੁੱਕਦੇ ਹਨ ਅਤੇ ਵਾਰ ਵਾਰ ਲੋਕਾਂ ਨੂੰ ਮਧੋਲ ਕੇ ਚਲੇ ਜਾਂਦੇ ਹਨ। ਇਥੇ ਇਕ ਹੋਰ ਗੁੱਝੀ ਤੰਦ ਦੀ ਘੁੰਡੀ ਖੋਲ੍ਹਣ ਵਾਲੀ ਹੈ। ਹੁਣ ਤੱਕ ਦੇ ਟਕਰਾਅ ਤੋਂ ਕੀ ਇਹ ਗੱਲ ਸਾਫ ਜ਼ਾਹਿਰ ਨਹੀਂ ਹੁੰਦੀ ਕਿ ਟਕਰਾਅ ਦੋਹਾਂ ਧਿਰਾਂ ਵਿਚਲੇ ਆਮ ਲੋਕਾਂ ਵਿਚਕਾਰ ਹੀ ਹੋ ਰਿਹਾ ਹੈ। ਇਹ ਡੇਰਾ ਪ੍ਰੇਮੀ ਕੌਣ ਹਨ ਅਤੇ ਕਿਥੋਂ ਆਏ ਹਨ, ਇਸ ਬਾਰੇ ਸੋਚਣ ਦੀ ਕਿਸੇ ਨੇ ਕਦੀ ਲੋੜ ਨਹੀਂ ਸਮਝੀ। ਇਕ ਵਿਸ਼ਲੇਸ਼ਣ ਦੱਸਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਸਮਾਜ ਦੇ ਉਸ ਵੱਢੇ-ਟੁੱਕੇ ਤਬਕੇ ਦਾ ਹਿੱਸਾ ਹਨ ਜਿਸ ਨੂੰ ਸਿੱਖ ਗੁਰੂ ਸਾਹਿਬਾਨ ਨੇ ਸਦਾ ਗਲ ਨਾਲ ਲਾਇਆ ਸੀ। ਕੀ ਇਹ ਨਹੀਂ ਜਾਪ ਰਿਹਾ ਕਿ ਡੇਰੇ ਦੇ ਖਿਲਾਫ ਤਾਂ ਲੜਾਈ ਅਜੇ ਸ਼ੁਰੂ ਹੋਣੀ ਹੈ, ਅਤੇ ਉਹ ਲੜਾਈ ਅਜਿਹੇ ਕਿਸੇ ਟਕਰਾਅ ਵਿਚੋਂ ਨਹੀਂ ਸਗੋਂ ਉਸ ਖਿਲਾਫ ਚੇਤਨਾ ਦੀ ਲਾਟ ਪ੍ਰਚੰਡ ਕਰਨ ਨਾਲ ਹੀ ਆਰੰਭ ਹੋਣੀ ਹੈ। ਇਸ ਨੁਕਤੇ ਨੂੰ ਸੰਗਤ ਅਤੇ ਆਗੂ ਜਿੰਨੀ ਛੇਤੀ ਸਮਝ ਲੈਣ, ਉਤਨਾ ਹੀ ਚੰਗਾ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਇਆ ਹੋਈ ਨਾਗਣੀ!*

ਪਿੱਛੇ ਆਪਣੇ ਦੌੜ ਲਵਾਈ ਰੱਖੇ, ਬੰਦਾ ਮੁੱਕਦਾ, ਮਾਇਆ ਨਾ ਹਾਰਦੀ ਏ।<br>
ਇਸ ਦੇ ਵਾਸਤੇ ਤਰਸਦੀ ਕੁਲ ਦੁਨੀਆਂ, ਪਸ਼ੂਆਂ ਵਾਂਗ ਲੋਕਾਈ ਨੂੰ ਚਾਰਦੀ ਏ।<br>
ਭਲੇ ਕੰਮਾਂ ਵਿਚ ਰੋੜੇ ਅਟਕਾਉਣ ਜਾਣੇ, ਵਿਗੜੇ ਕੰਮ ਵੀ ਇਹੋ ਸੰਵਾਰਦੀ ਏ।<br>
ਸਿਰ ਨੂੰ ਚੜ੍ਹੇ ਬੁਖਾਰ ਦੇ ਵਾਂਗ ਜਿਸ ਦੇ, ਉਸ ਦੇ ਮਨੋਂ ਚੰਗਿਆਈ ਵਿਸਾਰਦੀ ਏ।<br>
ਲੋੜੋਂ ਵੱਧ ਖਜ਼ਾਨਿਆਂ ਵਿਚ ਹੋਵੇ, ਉਥੇ ਰੱਜ ਕੇ ਝੱਲ ਖਿਲਾਰਦੀ ਏ।<br>
ਕਦੇ ਮਾਣ ਵਧਾਉਂਦੀ ਏ 'ਮਾਲਕਾਂ' ਦਾ, ਬਣ ਕੇ ਨਾਗਣੀ ਡੰਗ ਵੀ ਮਾਰਦੀ ਏ!

# ਜਸਟਿਸ ਮਾਰਕੰਡੇ ਕਾਟਜੂ ਬਨਾਮ ਭਾਰਤੀ ਮੀਡੀਆ

***ਮੀਡੀਆ ਨੇ ਜਨਤਾ ਨੂੰ ਜਾਣਕਾਰੀ, ਮਨੋਰੰਜਨ ਅਤੇ ਅਗਵਾਈ ਦੇਣੀ ਹੁੰਦੀ ਹੈ ਅਤੇ ਇਨ੍ਹਾਂ ਤਿੰਨਾਂ ਵਿਚ ਬਾਕਾਇਦਾ ਤਵਾਜ਼ਨ ਰੱਖਣਾ ਹੁੰਦਾ ਹੈ ਪਰ ਸਾਡਾ ਮੀਡੀਆ ਖਾਸ ਤੌਰ 'ਤੇ ਇਲੈਕਟ੍ਰਾਨਿਕ ਮੀਡੀਆ 90 ਫੀਸਦੀ ਮਨੋਰੰਜਨ ਦੇ ਰਿਹਾ ਹੈ; ਜਾਣਕਾਰੀ ਤੇ ਅਗਵਾਈ ਦੇ ਹਿੱਸੇ ਇਸ ਮੀਡੀਏ ਦਾ ਸਿਰਫ 10 ਫੀਸਦੀ ਆਉਂਦਾ ਹੈ। ਅਗਲੀ ਗੱਲ ਇਹ ਕਿ ਉਹ 10 ਫੀਸਦੀ ਕੰਮ ਕਿੰਨੀ ਕੁ ਨੇਕਦਿਲੀ ਤੇ ਮਿਹਨਤ ਨਾਲ ਕਰਦਾ ਹੈ। ਇਲੈਕਟ੍ਰਾਨਿਕ ਮੀਡੀਏ ਨੂੰ ਤਾਂ ਕ੍ਰਿਕਟ, ਫੈਸ਼ਨ ਸ਼ੋਅ, ਪੌਪ ਸੰਗੀਤ ਅਤੇ ਅਧ-ਨੰਗੀਆਂ ਔਰਤਾਂ ਵਾਲੀਆਂ ਮਸ਼ਹੂਰੀਆਂ ਤੋਂ ਹੀ ਵਿਹਲ ਨਹੀਂ'। ਉਹ ਉਦਾਹਰਣ ਦਿੰਦਾ ਹੈ ਕਿ ਜੇ ਦੇਵ ਆਨੰਦ ਮਰ ਜਾਂਦਾ ਹੈ ਤਾਂ ਅਖ਼ਬਾਰ ਮੁੱਖ ਪੰਨੇ ਕਾਲੇ ਕਰ ਦਿੰਦੇ ਹਨ, ਬਿਜਲਈ ਮੀਡੀਆ ਸਾਰਾ ਸਾਰਾ ਦਿਨ ਉਸ ਦੇ ਇਸ਼ਕ ਦੀਆਂ ਕਹਾਣੀ ਪਾਉਂਦਾ ਹੈ ਪਰ ਮੀਡੀਆ ਇਹ ਗੱਲ ਨਹੀਂ ਕਰਦਾ ਕਿ ਪਿਛਲੇ 15 ਸਾਲਾਂ 'ਚ ਭਾਰਤ ਦੇ 2,50,000 ਕਿਸਾਨ ਕਿਉਂ ਖ਼ੁਦਕੁਸ਼ੀ ਕਰ ਗਏ। ਉਹ ਦੱਸਦਾ ਹੈ ਕਿ ਭਾਰਤ ਦੀ ਗਰੀਬ ਜਨਤਾ ਜੋ 80 ਫੀਸਦੀ ਹੈ, ਨੂੰ ਕਰੀਨਾ ਕਪੂਰ, ਲੇਡੀ ਗਾਗਾ ਜਾਂ ਸੰਨੀ ਲਿਓਨ ਬਾਰੇ ਜਾਣਨ ਨਾਲੋਂ ਵਿਦਿਆ, ਸਿਹਤ ਜਾਂ ਨੌਕਰੀਆਂ ਦੀ ਵੱਧ ਲੋੜ ਹੈ।***

ਅੱਜ ਕੱਲ੍ਹ ਭਾਰਤੀ ਮੀਡੀਆ ਵਿਚ ਜਸਟਿਸ ਮਾਰਕੰਡੇ ਕਾਟਜੂ ਦੀ ਬੜੀ ਚਰਚਾ ਹੈ। ਇਸ ਅਦਾਰੇ 'ਚ ਬੈਠੇ ਜ਼ਿਆਦਾਤਰ ਸ਼ਕਤੀਸ਼ਾਲੀ ਲੋਕ ਉਸ ਨੂੰ ਸਿਰਦਰਦੀ ਦੱਸਦੇ ਹਨ ਪਰ ਭਾਰਤ ਦੇ ਸੋਸ਼ਲ ਕਾਰਕੁਨ ਅਤੇ ਹੋਰ ਅਗਾਂਹਵਧੂ ਜਥੇਬੰਦੀਆਂ ਜਿਵੇਂ ਮਨੁੱਖੀ ਅਧਿਕਾਰ ਜਾਂ ਤਰਕਸ਼ੀਲ ਸਭਾਵਾਂ ਨਾਲ

ਪ੍ਰੋ. ਕੁਲਵੰਤ ਸਿੰਘ ਰੋਮਾਣਾ

ਜੁੜੇ ਲੋਕ ਜਸਟਿਸ ਕਾਟਜੂ ਨੂੰ ਭਾਰਤੀ ਮੀਡੀਏ ਦਾ ਸ਼ੁਭ-ਸ਼ਗਨ ਮੰਨਦੇ ਹਨ। ਗੱਲ ਅਸਲ 'ਚ ਇਉਂ ਹੈ ਕਿ ਜਸਟਿਸ ਕਾਟਜੂ ਅੱਜ ਕੱਲ੍ਹ ਭਾਰਤੀ ਪ੍ਰੈਸ ਕੌਂਸਲ ਦੇ ਚੇਅਰਮੈਨ ਹਨ। ਇਸ ਕੌਂਸਲ ਦੇ ਦੋ ਮੁੱਖ ਕੰਮ ਹੁੰਦੇ ਹਨ। ਪਹਿਲਾ ਇਹ ਕਿ ਮੀਡੀਏ ਦੀ ਆਜ਼ਾਦੀ ਨੂੰ ਕਿਸੇ ਤਰ੍ਹਾਂ ਵੀ ਆਂਚ ਨਾ ਆਉਣ ਦੇਣੀ ਤੇ ਦੂਜਾ ਇਹ ਕਿ ਮੀਡੀਆ ਆਪਣੀ ਪੱਤਰਕਾਰੀ ਦੀ ਨੈਤਿਕਤਾ ਅਤੇ ਸਮਾਜ ਪ੍ਰਤੀ ਵੱਡੀਆਂ ਜ਼ਿੰਮੇਵਾਰੀਆਂ 'ਤੇ ਪੂਰਾ ਉਤਰੇ। ਅਜੋਕਾ ਭਾਰਤੀ ਮੀਡੀਆ ਇੰਨਾ ਕੁ ਬਲਵਾਨ ਤਾਂ ਹੈ ਕਿ ਉਹ ਪਹਿਲਾ ਕੰਮ ਤਾਂ ਬਾਖ਼ੂਬੀ ਨਿਭਾ ਰਿਹਾ ਹੈ ਸਗੋਂ ਕੁਝ ਜ਼ਿਆਦਾ ਹੀ ਭਲਵਾਨੀ ਨਾਲ ਨਿਭਾ ਰਿਹਾ ਹੈ; ਜਿਥੋਂ ਤੱਕ ਦੂਜੇ ਕੰਮ ਦਾ ਸਬੰਧ ਹੈ, ਉਥੇ ਥੋੜ੍ਹੀ ਸਮੱਸਿਆ ਹੈ, ਕਿਉਂਕਿ ਦੂਜਿਆਂ 'ਤੇ ਨਿਗਰਾਨੀ ਰਖਣ ਵਾਲੇ ਮੀਡੀਏ ਨੂੰ ਹਰ ਵੇਲੇ ਆਪਣੀ ਨੈਤਿਕ ਜ਼ਿੰਮੇਵਾਰੀ ਦਾ ਖਿਆਲ ਰੱਖਣਾ ਜ਼ਰਾ ਮੁਸ਼ਕਿਲ ਹੋ ਜਾਂਦਾ ਹੈ। ਇਹੋ ਹੀ ਨੁਕਤਾ ਹੈ ਜਿਸ 'ਤੇ ਜਸਟਿਸ ਕਾਟਜੂ ਜ਼ਿਆਦਾ ਜ਼ੋਰ ਦੇ ਰਿਹਾ ਹੈ ਤੇ ਮੀਡੀਆ ਨੂੰ ਆਪਣੀ ਤਾਕੀਦ ਤੇ ਤਨਕੀਦ ਦਾ ਨਿਸ਼ਾਨਾ ਬਣਾ ਰਿਹਾ ਹੈ, ਤੇ ਬਦਲੇ 'ਚ ਖੁਦ ਵੀ ਆਲੋਚਨਾ ਦਾ ਬਾਇਸ ਬਣ ਰਿਹਾ ਹੈ। ਐਡੀਟਰਜ਼ ਗਿਲਡ ਤੇ ਬਰਾਡਕਾਸਟ ਐਡੀਟਰਜ਼ ਐਸੋਸੀਏਸ਼ਨ ਨੇ ਤਾਂ ਉਸ ਨੂੰ ਗ਼ੈਰਜ਼ਿੰਮੇਵਾਰ ਅਤੇ ਨਾਂਹ-ਪੱਖੀ ਸ਼ਖ਼ਸੀਅਤ ਗਰਦਾਨ ਦਿੱਤਾ ਹੈ ਪਰ ਜਸਟਿਸ ਕਾਟਜੂ ਨੂੰ ਇਸ ਦੀ ਜ਼ਰਾ ਵੀ ਪ੍ਰਵਾਹ ਨਹੀਂ। ਉਹ ਤਾਂ ਕੌਂਸਲ ਦੇ ਘੇਰੇ ਤੋਂ ਬਾਹਰ ਇਲੈਕਟ੍ਰਾਨਿਕ ਮੀਡੀਏ ਨੂੰ ਕੌਂਸਲ ਦੇ ਕੰਟਰੋਲ 'ਚ ਲਿਆਉਣ ਦੀ ਗੱਲ ਵੀ ਕਰ ਰਿਹਾ ਹੈ ਤੇ ਇਸ ਵਿਚਲੇ ਨੁਕਸਾਂ 'ਤੇ ਲਗਾਤਾਰ ਟਿੱਪਣੀਆਂ ਵੀ ਕਰ ਰਿਹਾ ਹੈ। ਨਵੀਨ ਜਿੰਦਲ ਤੋਂ ਜੀ.ਟੀ.ਵੀ. ਵੱਲੋਂ 100 ਕਰੋੜ ਰੁਪਏ ਦੀ ਰਿਸ਼ਵਤ ਮੰਗਣ ਬਾਰੇ ਉਸ ਨੇ ਸਰਕਾਰ ਨੂੰ ਕਿਹਾ ਕਿ ਜਾਂਚ ਕਰ ਕੇ ਚੈਨਲ ਦਾ ਲਾਇਸੈਂਸ ਹੀ ਰੱਦ ਕਰ ਦੇਵੇ।

ਭਾਰਤੀ ਪ੍ਰੈਸ ਕੌਂਸਲ ਦੇ ਚੇਅਰਮੈਨ ਦੇ ਤੌਰ 'ਤੇ ਜਸਟਿਸ ਮਾਰਕੰਡੇ ਕਾਟਜੂ ਦੇ ਰੋਲ ਬਾਰੇ ਗੱਲ ਕਰਨ ਤੋਂ ਪਹਿਲਾਂ ਜੇ ਉਸ ਦੇ ਪਿਛੋਕੜ ਅਤੇ ਉਸ ਦੀ ਸ਼ਖ਼ਸੀਅਤ ਬਾਰੇ ਜਾਣ ਲਿਆ ਜਾਵੇ ਤਾਂ ਬਿਹਤਰ ਹੋਵੇਗਾ। ਮਾਰਕੰਡੇ ਕਾਟਜੂ ਅਲਾਹਾਬਾਦ ਦੇ ਇਕ ਕਸ਼ਮੀਰੀ ਪੰਡਿਤ ਪਰਿਵਾਰ 'ਚ ਪੈਦਾ ਹੋਇਆ। ਉਸ ਦੇ ਪਿਤਾ ਐਸ.ਐਸ. ਕਾਟਜੂ ਅਲਾਹਾਬਾਦ ਹਾਈ ਕੋਰਟ ਦੇ ਜੱਜ ਸਨ ਤੇ ਦਾਦਾ ਜੀ ਡਾ. ਕੈਲਾਸ਼ ਨਾਥ ਕਾਟਜੂ ਮਸ਼ਹੂਰ ਵਕੀਲ ਤੇ ਆਜ਼ਾਦੀ ਸੰਗਰਾਮੀਏ ਸਨ। ਉਹ ਮੱਧ ਪ੍ਰਦੇਸ਼ ਦੇ ਚੀਫ ਮਨਿਸਟਰ ਵੀ ਰਹੇ ਅਤੇ ਪੱਛਮੀ ਬੰਗਾਲ ਤੇ ਉੜੀਸਾ ਦੇ ਗਵਰਨਰ ਵੀ। ਮਾਰਕੰਡੇ ਕਾਟਜੂ ਨੇ 1967 'ਚ ਅਲਾਹਾਬਾਦ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਗੋਲਡ ਮੈਡਲ ਨਾਲ ਪ੍ਰਾਪਤ ਕੀਤੀ। ਫਿਰ ਅਮਿਟੀ ਯੂਨੀਵਰਸਿਟੀ ਤੋਂ ਉਸ ਨੇ ਕਾਨੂੰਨ ਦੀ ਡਾਕਟਰੇਟ ਹਾਸਲ ਕੀਤੀ, ਵਕਾਲਤ ਕੀਤੀ, ਜੱਜ ਬਣਿਆ, ਮਦਰਾਸ ਤੇ ਦਿੱਲੀ ਹਾਈ ਕੋਰਟਾਂ ਦਾ ਚੀਫ ਜਸਟਿਸ ਵੀ ਰਿਹਾ। ਅਪਰੈਲ 2006 ਵਿਚ ਉਹ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਹੋਇਆ ਜਿਥੋਂ ਉਹ ਸਤੰਬਰ 2011 'ਚ ਰਿਟਾਇਰ ਹੋਇਆ ਅਤੇ ਅਕਤੂਬਰ 2011 ਵਿਚ ਮਨਮੋਹਨ ਸਿੰਘ ਸਰਕਾਰ ਨੇ ਉਸ ਨੂੰ ਭਾਰਤੀ ਪ੍ਰੈਸ ਕੌਂਸਲ ਦਾ ਚੇਅਰਮੈਨ ਥਾਪ ਦਿੱਤਾ।

ਸੁਪਰੀਮ ਕੋਰਟ ਦੇ ਜੱਜ ਦੇ ਤੌਰ 'ਤੇ ਉਹ ਇਹੋ ਜਿਹੇ ਕਈ ਮਹੱਤਵਪੂਰਨ ਬੈਂਚਾਂ ਦਾ ਅਹਿਮ ਮੈਂਬਰ ਰਿਹਾ ਜਿਨ੍ਹਾਂ ਨੇ ਬੜੇ ਮਿਸਾਲੀ ਫੈਸਲੇ ਕੀਤੇ। ਮਸਲਨ 'ਆਨਰ ਕਿਲਿੰਗ' ਅਤੇ ਦਾਜ ਬਦਲੇ ਕਤਲ ਕਰਨ ਵਾਲੇ ਦੋਸ਼ੀਆਂ ਲਈ ਸਜ਼ਾ-ਏ-ਮੌਤ ਲਾਗੂ ਕਰਨ ਵਾਲੇ ਬੈਂਚ ਦਾ ਉਹ ਆਗੂ ਸੀ। ਡਾ. ਬਿਨਾਇਕ ਸੇਨ ਦੀ ਜ਼ਮਾਨਤ ਮਨਜ਼ੂਰ ਕਰਨ ਵਾਲਾ ਵੀ ਉਹ ਸੀ ਤੇ ਨਾਲ ਹੀ ਉਸ ਨੇ



ਇਹ ਫੈਸਲਾ ਵੀ ਦਿੱਤਾ ਕਿ ਕਿਸੇ ਹਿੰਸਕ ਜਥੇਬੰਦੀ ਨਾਲ ਸਬੰਧ ਰੱਖਣ ਵਾਲਾ ਕੋਈ ਵੀ ਬੰਦਾ ਉਨੀ ਦੇਰ ਦੋਸ਼ੀ ਨਹੀਂ, ਜਿੰਨੀ ਦੇਰ ਉਹ ਖੁਦ ਕਿਸੇ ਹਿੰਸਕ ਕਾਰਵਾਈ 'ਚ ਹਿੱਸਾ ਨਹੀਂ ਲੈਂਦਾ। ਸੁਪਰੀਮ ਕੋਰਟ ਦਾ ਜੱਜ ਹੁੰਦਿਆਂ ਉਸ ਨੇ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਖੁਦ ਅਪੀਲ ਕੀਤੀ ਕਿ 27 ਸਾਲਾਂ ਤੋਂ ਲਾਹੌਰ ਜੇਲ੍ਹ 'ਚ ਬੰਦ ਗੋਪਾਲ ਦਾਸ ਨੂੰ ਮਨੁੱਖੀ ਆਧਾਰ 'ਤੇ ਰਿਹਾ ਕੀਤਾ ਜਾਵੇ ਤੇ ਰਾਸ਼ਟਰਪਤੀ ਨੇ ਉਸ ਦੀ ਅਪੀਲ 'ਤੇ ਗੋਪਾਲ ਦਾਸ ਨੂੰ ਰਿਹਾ ਕੀਤਾ ਵੀ। ਇਸੇ ਤਰ੍ਹਾਂ ਦੀ ਅਪੀਲ ਉਸ ਨੇ ਡਾ. ਮਨਮੋਹਨ ਸਿੰਘ ਨੂੰ ਕੀਤੀ ਸੀ ਕਿ 80 ਸਾਲਾ ਪਾਕਿਸਤਾਨੀ ਡਾ. ਖ਼ਲੀਲ ਚਿਸ਼ਤੀ ਨੂੰ ਰਿਹਾ ਕੀਤਾ ਜਾਵੇ। ਭਾਜਪਾ ਦੇ ਸਖ਼ਤ ਵਿਰੋਧ ਦੇ ਬਾਵਜੂਦ ਡਾ. ਮਨਮੋਹਨ ਸਿੰਘ ਨੇ ਡਾ. ਚਿਸ਼ਤੀ ਨੂੰ ਰਿਹਾ ਕੀਤਾ। ਸਰਬਜੀਤ ਸਿੰਘ ਦੀ ਰਿਹਾਈ ਲਈ ਉਹ ਸਦਰ ਜ਼ਰਦਾਰੀ ਕੋਲ ਦੋ ਅਪੀਲਾਂ ਭੇਜ ਚੁੱਕਿਆ ਹੈ।

ਸੁਪਰੀਮ ਕੋਰਟ ਦਾ ਸੀਨੀਅਰ ਜੱਜ ਹੁੰਦਿਆਂ ਜਸਟਿਸ ਕਾਟਜੂ ਦੀ ਮਨੁੱਖੀ ਜਾਨਾਂ ਤੇ ਸਮਾਜਕ ਕਦਰਾਂ-ਕੀਮਤਾਂ ਬਾਰੇ ਫਿਕਰਮੰਦੀ ਇਸ ਗੱਲ ਦੀ ਗਵਾਹ ਹੈ ਕਿ ਉਹ ਚਾਹੁੰਦਾ ਹੈ ਕਿ ਭਾਰਤੀ ਮੀਡੀਆ ਭਾਰਤੀ ਸਮਾਜ ਦੇ ਭਲੇ ਤੇ ਵਿਕਾਸ ਦੀ ਗੱਲ ਕਰੇ ਅਤੇ ਸਮਾਜ ਨੂੰ ਪਿਛਾਂਹ ਵੱਲ ਲਿਜਾ ਰਹੇ ਨਖਿਧ ਅਤੇ ਗੈਰ-ਵਿਗਿਆਨਕ ਰੁਝਾਨਾਂ ਦੀ ਮੁਰੰਮਤ ਕਰੇ। ਮੀਡੀਏ ਦੇ ਰੋਲ ਬਾਰੇ ਉਸ ਦੇ ਵਿਚਾਰ ਸਾਡੇ ਤੱਕ ਜਾਂ ਤਾਂ ਉਸ ਦੀ ਫੇਸਬੁੱਕ ਦੇ ਬਲਾਗਾਂ ਰਾਹੀਂ ਪਹੁੰਚਦੇ ਹਨ, ਜਾਂ ਮੀਡੀਏ ਵਿਚ ਉਸ ਦੀਆਂ ਬਹਿਸਾਂ ਤੇ ਮੁਲਾਕਾਤਾਂ ਰਾਹੀਂ। ਹੁਣ 'ਇੰਡੀਆ ਟੂਡੇ' ਦੀ ਡਿਪਟੀ ਐਡੀਟਰ ਦਮਯੰਤੀ ਦੱਤਾ ਨੇ ਉਸ ਨਾਲ ਮੁਲਾਕਾਤ ਕੀਤੀ ਹੈ ਅਤੇ 'ਟਾਈਮਜ਼ ਆਫ਼ ਇੰਡੀਆ' ਨੇ ਉਸ ਅਤੇ ਉਸ ਦੇ ਬਲਾਗ ਬਾਰੇ ਚਰਚਾ ਕੀਤੀ ਹੈ। ਇਨ੍ਹਾਂ ਦੋਵਾਂ ਲਿਖਤਾਂ ਵਿਚ ਜਸਟਿਸ ਕਾਟਜੂ ਨੇ ਆਪਣੇ ਵਿਚਾਰ ਬੜੀ ਬੇਬਾਕੀ ਨਾਲ ਪ੍ਰਗਟ ਕੀਤੇ ਹਨ।

ਜਸਟਿਸ ਕਾਟਜੂ ਦਾ ਮੰਨਣਾ ਹੈ ਕਿ ਮੀਡੀਆ ਨੇ ਜਨਤਾ ਨੂੰ ਜਾਣਕਾਰੀ, ਮਨੋਰੰਜਨ ਅਤੇ ਅਗਵਾਈ ਦੇਣੀ ਹੁੰਦੀ ਹੈ ਅਤੇ ਇਨ੍ਹਾਂ ਤਿੰਨਾਂ ਵਿਚ ਬਾਕਾਇਦਾ ਤਵਾਜ਼ਨ ਰੱਖਣਾ ਹੁੰਦਾ ਹੈ ਪਰ ਸਾਡਾ ਮੀਡੀਆ ਖਾਸ ਤੌਰ 'ਤੇ ਇਲੈਕਟ੍ਰਾਨਿਕ ਮੀਡੀਆ 90 ਫੀਸਦੀ ਮਨੋਰੰਜਨ ਦੇ ਰਿਹਾ ਹੈ; ਜਾਣਕਾਰੀ ਤੇ ਅਗਵਾਈ ਦੇ ਹਿੱਸੇ ਇਸ ਮੀਡੀਏ ਦਾ ਸਿਰਫ 10 ਫੀਸਦੀ ਆਉਂਦਾ ਹੈ। ਅਗਲੀ ਗੱਲ ਇਹ ਕਿ ਉਹ 10 ਫੀਸਦੀ ਕੰਮ ਕਿੰਨੀ ਕੁ ਨੇਕਦਿਲੀ ਤੇ ਮਿਹਨਤ ਨਾਲ ਕਰਦਾ ਹੈ। ਇਲੈਕਟ੍ਰਾਨਿਕ ਮੀਡੀਏ ਨੂੰ ਤਾਂ ਕ੍ਰਿਕਟ, ਫੈਸ਼ਨ ਸ਼ੋਅ, ਪੌਪ ਸੰਗੀਤ ਅਤੇ ਅਧ-ਨੰਗੀਆਂ ਔਰਤਾਂ ਵਾਲੀਆਂ ਮਸ਼ਹੂਰੀਆਂ ਤੋਂ ਹੀ ਵਿਹਲ ਨਹੀਂ। ਉਹ ਉਦਾਹਰਣ ਦਿੰਦਾ ਹੈ ਕਿ ਜੇ ਦੇਵ ਆਨੰਦ ਮਰ ਜਾਂਦਾ ਹੈ ਤਾਂ ਅਖ਼ਬਾਰ ਮੁੱਖ ਪੰਨੇ ਕਾਲੇ ਕਰ ਦਿੰਦੇ ਹਨ, ਬਿਜਲਈ ਮੀਡੀਆ ਸਾਰਾ ਸਾਰਾ ਦਿਨ ਉਸ ਦੇ ਇਸ਼ਕ ਦੀਆਂ ਕਹਾਣੀ ਪਾਉਂਦਾ ਹੈ ਪਰ ਮੀਡੀਆ ਇਹ ਗੱਲ ਨਹੀਂ ਕਰਦਾ ਕਿ ਪਿਛਲੇ 15 ਸਾਲਾਂ 'ਚ ਭਾਰਤ ਦੇ 2,50,000 ਕਿਸਾਨ ਕਿਉਂ ਖ਼ੁਦਕੁਸ਼ੀ ਕਰ ਗਏ। ਉਹ ਦੱਸਦਾ ਹੈ ਕਿ ਭਾਰਤ ਦੀ ਗਰੀਬ ਜਨਤਾ ਜੋ 80 ਫੀਸਦੀ ਹੈ, ਨੂੰ ਕਰੀਨਾ ਕਪੂਰ, ਲੇਡੀ ਗਾਗਾ ਜਾਂ ਸੰਨੀ ਲਿਓਨ ਬਾਰੇ ਜਾਣਨ ਨਾਲੋਂ ਵਿਦਿਆ, ਸਿਹਤ ਜਾਂ ਨੌਕਰੀਆਂ ਦੀ ਵੱਧ ਲੋੜ ਹੈ।

ਉਹ ਕਹਿੰਦਾ ਹੈ ਕਿ ਮੀਡੀਏ ਨੂੰ ਵਿਗਿਆਨਕ ਨਜ਼ਰੀਏ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਲੋਕ ਇਸ ਸੰਸਾਰ ਦੇ ਸਿਸਟਮ ਨੂੰ ਠੀਕ ਦ੍ਰਿਸ਼ਟੀਕੋਣ ਤੋਂ ਦੇਖ ਸਕਣ ਪਰ ਸਾਡੇ ਮੀਡੀਏ ਨੇ ਲੋਕਾਂ ਨੂੰ ਧਰਮ, ਜਾਤੀ, ਵਹਿਮਾਂ-ਭਰਮਾਂ ਦੇ ਚੱਕਰਾਂ 'ਚ ਉਲਝਾ ਰੱਖਿਆ ਹੈ। ਸਵੇਰੇ ਭਾਰਤੀ ਭਾਸ਼ਾ ਦਾ ਜਿਹੜਾ ਵੀ ਚੈਨਲ ਖੋਲ੍ਹੋ, ਇਕ ਹੀ ਸੰਦੇਸ਼ ਹੈ ਰੱਬ ਦਾ ਨਾਂ ਜਪੋ; ਭਗਵੇਂ ਕੱਪੜਿਆਂ 'ਚ ਜੋ ਵੀ ਦਿਸਦਾ ਹੈ, ਉਸ ਦੇ ਪੈਰਾਂ 'ਚ ਡਿੱਗ ਪਵੋ ਤੇ ਉਨ੍ਹਾਂ ਦੀ ਸੇਵਾ ਕਰੋ। ਉਹ ਮੀਡੀਏ ਨੂੰ ਸਲਾਹ ਦਿੰਦਾ ਹੈ ਕਿ ਕਿਰਪਾ ਕਰ ਕੇ ਇਹ ਕੰਮ ਛੱਡ ਕੇ ਲੋਕਾਂ ਨੂੰ ਜੀਵਨ ਬਾਰੇ ਸਹੀ ਜਾਣਕਾਰੀ ਦਿਓ ਤੇ ਇਸ ਨੂੰ ਸੰਵਾਰਨ 'ਚ ਉਨ੍ਹਾਂ ਦੀ ਸੁਚੱਜੀ ਅਗਵਾਈ ਕਰੋ। ਉਸ ਦਾ ਕਹਿਣਾ ਹੈ ਕਿ ਇਨ੍ਹਾਂ ਸਭ ਤੋਂ ਵੱਧ ਖ਼ਤਰਨਾਕ ਗੱਲ ਇਹ ਹੈ ਕਿ ਮੀਡੀਏ ਰਾਹੀਂ ਜੋਤਿਸ਼ ਤੇ ਫਿਰਕਾਪ੍ਰਸਤੀ ਦਾ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਜਾਂਦਾ ਹੈ ਜਿਸ ਨੇ ਲੋਕਾਂ 'ਚ ਆਪਣੇ ਜੀਵਨ ਨੂੰ ਸੰਵਾਰਨ ਲਈ ਸੰਘਰਸ਼ ਤੇ ਮਿਹਨਤ ਕਰਨ ਦੇ ਰੁਝਾਨ ਦਾ ਭੋਗ ਹੀ ਪਾ ਦਿੱਤਾ ਹੈ।

ਇਨ੍ਹਾਂ ਲਿਖਤਾਂ 'ਚ ਉਸ ਨੇ ਪੱਤਰਕਾਰਾਂ ਨੂੰ ਸਲਾਹ ਦਿੱਤੀ ਹੈ ਕਿ ਜਿਸ ਤਰ੍ਹਾਂ ਯੂਰਪ 'ਚ 17ਵੀਂ ਤੋਂ 19ਵੀਂ ਸਦੀ ਤੱਕ ਤਬਦੀਲੀ ਦੇ ਦੌਰ 'ਚ ਉਨ੍ਹਾਂ ਬੜੀ ਜ਼ਿੰਮੇਵਾਰ ਭੂਮਿਕਾ ਨਿਭਾਈ ਸੀ, ਉਸੇ ਤਰ੍ਹਾਂ ਅੱਜ ਦੇ ਭਾਰਤੀ ਮੀਡੀਏ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ। ਲੋਕਾਂ ਨੂੰ ਖੇਤੀ ਅਤੇ ਲੇਬਰ ਦੇ ਖੇਤਰਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇਣੀ ਚਾਹੀਦੀ ਹੈ ਕਿਉਂਕਿ 80 ਫੀਸਦੀ ਲੋਕ ਇਨ੍ਹਾਂ ਖੇਤਰਾਂ 'ਚ ਹੀ ਵਿਚਰ ਰਹੇ ਹਨ। ਉਨ੍ਹਾਂ ਨੂੰ ਆਪਣਾ ਕੰਮ ਭਰਪੂਰ ਜਾਣਕਾਰੀ ਅਤੇ ਖੋਜ ਨਾਲ ਕਰਨਾ ਚਾਹੀਦਾ ਹੈ। ਇਸ ਲਈ ਉਨ੍ਹਾਂ ਨੂੰ ਪ੍ਰਤੀਬਧਤਾ ਦੇ ਨਾਲ ਨਾਲ ਸਾਹਿਤ, ਸਮਾਜ ਵਿਗਿਆਨ, ਇਤਿਹਾਸ ਅਤੇ ਅਰਥਸ਼ਾਸਤਰ ਦਾ ਡੂੰਘਾ ਅਧਿਐਨ ਕਰਨਾ ਚਾਹੀਦਾ ਹੈ। ਇਸ ਨਾਲ ਉਹ ਘਟਨਾਵਾਂ ਦਾ ਸਹੀ ਮੁਲੰਕਣ ਕਰ ਕੇ ਲੋਕਾਂ ਨੂੰ ਸਹੀ ਸੇਧ ਦੇ ਸਕਦੇ ਹਨ। ਉਹ ਇਹ ਗੱਲ ਵੀ ਸਾਫ ਕਰਦਾ ਹੈ ਕਿ ਉਹ ਇਸ ਆਲੋਚਨਾ ਰਾਹੀਂ ਮੀਡੀਏ ਨੂੰ ਨੀਵਾਂ ਨਹੀਂ ਦਿਖਾਉਣਾ ਚਾਹੁੰਦਾ, ਸਗੋਂ

*(ਬਾਕੀ ਸਫਾ 15 'ਤੇ)*

# ਬੇਕਿਰਕ ਸਿਆਸਤ ਤੇ ਕਸਾਬ ਦਾ ਦਰਦ

ਕੁਝ ਦਿਨ ਪਹਿਲਾਂ ਹੀ ਮੇਰੀ ਇਕ ਪੱਤਰਕਾਰ ਦੋਸਤ ਕੁੜੀ ਨੇ ਕਿਹਾ ਸੀ ਕਿ ਉਸ ਨੂੰ ਬੰਬਈ 'ਤੇ ਅਤਿਵਾਦੀ ਹਮਲਾ ਕਰਨ ਵਾਲੇ ਅਤਿਵਾਦੀ ਕਸਾਬ ਦਾ ਚਿਹਰਾ ਬੜਾ ਸੋਹਣਾ


**ਹਰਜਿੰਦਰ ਦੁਸਾਂਝ**

***ਫਾਂਸੀ ਦੇ ਤਖ਼ਤੇ 'ਤੇ ਜਾਣ ਤੋਂ ਪਹਿਲਾਂ ਕਸਾਬ ਨੂੰ ਉਸ ਦੀ ਆਖਰੀ ਖ਼ਾਹਿਸ਼ ਪੁੱਛੀ ਗਈ ਤਾਂ ਉਸ ਨੇ ਸਿਰਫ਼ ਇਹੋ ਕਿਹਾ ਕਿ ਬੱਸ, ਮੇਰੀ ਅੰਮੀ ਨੂੰ ਮੇਰੀ ਮੌਤ ਬਾਰੇ ਦੱਸ ਦਿਓ? ਗਲ 'ਚ ਫਾਂਸੀ ਦਾ ਰੱਸਾ ਪੈਣ ਤੋਂ ਪਹਿਲਾਂ ਉਸ ਦੇ ਆਖਰੀ ਸ਼ਬਦ ਸਨ-'ਖੁਦਾ ਕਸਮ, ਖੁਦਾ ਕਸਮ, ਖੁਦਾ! ਕਦੇ ਮੁੜ ਐਸੀ ਗਲਤੀ ਨਾ ਹੋਵੇ।' ਇਹ ਸ਼ਬਦ ਕਿਸੇ ਕਾਤਲ ਦੇ ਨਹੀਂ, ਕਿਸੇ ਮਾਸੂਮ ਪੰਜਾਬੀ ਦੇ ਹਨ। ਮੇਰੇ ਮਨ 'ਚ ਸਭ ਤੋਂ ਵੱਡਾ ਸਵਾਲ ਉਠਦਾ ਹੈ ਕਿ ਕਸਾਬ ਦੀ ਮੌਤ ਨਾਲ ਉਨ੍ਹਾਂ ਲੋਕਾਂ ਨੂੰ ਕੀ ਕੋਈ ਸਬਕ ਮਿਲਿਆ ਜਿਨ੍ਹਾਂ ਨੇ ਉਸ ਦੀ ਮਾਂ ਦੀ ਤਰਸਯੋਗ ਹਾਲਤ, ਗਰੀਬੀ ਤੇ ਜਹਾਲਤ ਦਾ ਵਾਸਤਾ ਪਾ ਕੇ ਅਤੇ ਬਹਿਸ਼ਤ ਦੀਆਂ ਹੂਰਾਂ ਵਰਗੇ ਸਬਜ਼ਬਾਗ ਦਿਖਾ ਕੇ ਕੋਰੇ ਮਨ ਦੀ ਸਲੇਟ ਉਤੇ ਨਫ਼ਰਤ ਉਕਰ ਦਿੱਤੀ ਸੀ।***

ਲਗਦੈ। ਮੈਂ ਉਸ ਦੀ ਇਸ ਗੱਲ ਵੱਲ ਬਹੁਤਾ ਧਿਆਨ ਨਾ ਦੇ ਸਕਿਆ। ਮੈਂ ਸਿਰਫ ਇੰਨਾ ਹੀ ਕਿਹਾ ਕਿ ਹੋ ਸਕਦਾ ਹੈ, ਤੈਨੂੰ ਉਸ ਦੇ ਚਿਹਰੇ 'ਚ ਕੋਈ ਮਾਸੂਮੀਅਤ ਦਿਸਦੀ ਹੋਵੇ। 21 ਨਵੰਬਰ ਦੀ ਸਵੇਰ ਮੈਨੂੰ ਉਸ ਜਾਣੂ ਪੱਤਰਕਾਰ ਦਾ ਫਿਰ ਫੋਨ ਆਇਆ ਕਿ ਕਸਾਬ ਨੂੰ ਫਾਂਸੀ ਲਾ ਦਿੱਤੀ ਗਈ ਹੈ। ਹੁਣ ਮੈਨੂੰ ਸਮਝ ਆਈ ਕਿ ਭਾਰਤ ਸਰਕਾਰ ਜਿਸ ਫਾਂਸੀ ਪ੍ਰਕਿਰਿਆ ਨੂੰ ਗੁਪਤ ਰੱਖ ਰਹੀ ਸੀ, ਉਸ ਬਾਰੇ ਇਕ ਵਿਦੇਸ਼ੀ ਪੱਤਰਕਾਰ ਨੂੰ ਕਨਸੋਅ ਮਿਲ ਚੁੱਕੀ ਸੀ ਤੇ ਉਹ ਆਪਣੀ ਰਿਪੋਰਟ ਲਈ ਕੋਈ ਜਾਣਕਾਰੀ ਹਾਸਲ ਕਰਨ ਲਈ ਮੇਰੇ ਨਾਲ ਉਸ ਦੀ ਅਗਾਊਂ ਗੱਲ ਕਰ ਰਹੀ ਸੀ। ਉਸ ਦੇ ਫੋਨ ਤੋਂ ਬਾਅਦ ਮੈਂ ਨੈਟ ਉਪਰ ਭਾਰਤ ਬਾਰੇ ਖ਼ਬਰਾਂ ਦੇਖੀਆਂ। ਫਾਂਸੀ ਵਾਲੀ ਖ਼ਬਰ ਸਭ ਤੋਂ ਉਪਰ ਸੀ। ਮੈਂ ਇਸ ਖ਼ਬਰ 'ਚ ਬਹੁਤੀ ਦਿਲਚਸਪੀ ਨਾ ਲੈ ਸਕਿਆ। ਸਰਸਰੀ ਨਜ਼ਰ ਮਾਰੀ ਅਤੇ ਨੈਟ ਬੰਦ ਕਰ ਕੇ ਆਪਣੇ ਨਿੱਤ ਦੇ ਕੰਮਾਂ 'ਚ ਗੁਆਚ ਗਿਆ।

21 ਨਵੰਬਰ ਦੇ ਦਿਨ ਕਿਸੇ ਕੰਮ ਮੈਂ ਪੈਨਸਿਲਵੇਨੀਆ ਦੀ ਕਲੇਰੀਅਨ ਯੂਨੀਵਰਸਿਟੀ ਗਿਆ ਸਾਂ। ਸਾਰਾ ਦਿਨ ਉਥੇ ਹੀ ਲੰਘ ਗਿਆ ਤੇ ਜਦੋਂ ਮੈਂ ਯੂਨੀਵਰਸਿਟੀ ਦੇ ਪ੍ਰਬੰਧਕੀ ਬਲਾਕ 'ਚੋਂ ਬਾਹਰ ਨਿਕਲਿਆ ਤਾਂ ਪੱਛਮ 'ਚ ਸੂਰਜ ਅੱਗ ਦੇ ਗੋਲੇ ਤੋਂ ਸੰਧੂਰੀ ਰੰਗ ਦੇ ਕਿਸੇ ਵੱਡੇ ਬਾਸਕਿਟਬਾਲ ਦੀ ਸ਼ਕਲ 'ਚ ਵੱਟ ਚੁਕਿਆ ਸੀ। ਕੁਝ ਪਲਾਂ ਲਈ ਮੈਂ ਪਹਾੜੀ 'ਤੇ ਬਣੀ ਬਿਲਡਿੰਗ ਤੋਂ ਡੁੱਬਦੇ ਸੂਰਜ ਦਾ ਕੁਦਰਤੀ ਨਜ਼ਾਰਾ ਦੇਖਦਾ ਰਿਹਾ। ਡੁੱਬਦੇ ਸੂਰਜ ਦੀ ਲਾਲੀ ਬੜੇ ਲੰਬੇ ਸਮੇਂ ਪਿੱਛੋਂ ਦੇਖ ਰਿਹਾ ਸਾਂ। ਅਸਤ ਹੋ ਰਹੇ ਸੂਰਜ ਨੂੰ ਤੱਕਦਿਆਂ ਮੈਂ ਆਪਣੇ ਬਚਪਨ 'ਚ ਗੁਆਚ ਗਿਆ। ਜਦੋਂ ਮੈਂ ਆਪਣੇ ਖੇਤਾਂ 'ਚ ਆਪਣੇ ਬਾਬੇ-ਪੜਦਾਦੇ ਨਾਲ ਇਸ ਤਰ੍ਹਾਂ ਖੜ੍ਹਾ ਸੂਰਜ ਦੀ ਲਾਲੀ ਦੇਖਦਾ ਹੁੰਦਾ ਸਾਂ ਤੇ ਇਸ ਨੂੰ ਫੜਨਾ ਲੋਚਦਾ ਸਾਂ। ਉਸ ਵਕਤ ਬੇਖ਼ਬਰ ਸਾਂ ਕਿ ਸੂਰਜ ਨੂੰ ਫੜਿਆ ਨਹੀਂ ਜਾ ਸਕਦਾ। ਇਹ ਤਾਂ ਅੱਗ ਹੈ। ਜਿਹੜਾ ਵੀ ਇਸ ਨੂੰ ਫੜਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਇਹ ਭਸਮ ਕਰ ਦੇਵੇਗਾ। ਸੋਚਦਿਆਂ-ਦੇਖਦਿਆਂ ਸੂਰਜ ਅਲੋਪ ਹੋ ਗਿਆ। ਦਰਖ਼ਤਾਂ ਦੇ ਪ੍ਰਛਾਵੇਂ ਹਨੇਰੇ ਵਿਚ ਬਦਲ ਗਏ। ਬਿਜਲੀ ਦੇ ਬਲਬ ਮਨਸੂਈ ਚਾਨਣ ਨਾਲ ਹਨੇਰੇ ਨੂੰ ਡਰਾਉਣ ਤੇ ਭਜਾਉਣ ਲੱਗੇ। ਇਸ ਉਚੀ ਥਾਂ ਤੋਂ ਮੈਨੂੰ ਹਾਈਵੇ 80 'ਤੇ ਇਸ ਨਾਲ ਮਿਲਦੀਆਂ ਇਸ ਦੀਆਂ ਸਹਾਇਕ ਸੜਕਾਂ ਉਤੇ ਦੌੜਦੀਆਂ ਕਾਰਾਂ ਸਪਸ਼ਟ ਦਿਸ ਰਹੀਆਂ ਸਨ। 'ਥੈਂਕਸ ਗਿਵਿੰਗ' ਵਾਲਾ ਤਿਉਹਾਰ ਹੋਣ ਕਰ ਕੇ ਸੜਕਾਂ ਉਤੇ ਬੇਸ਼ੁਮਾਰ ਟਰੈਫਿਕ ਸੀ। ਉਚੇ ਥਾਂ ਤੋਂ ਦੇਖਦਿਆਂ ਮੈਨੂੰ ਸੜਕਾਂ 'ਤੇ ਦੌੜਦੀਆਂ ਕਾਰਾਂ ਮੈਨੂੰ ਇੰਜ ਲੱਗਣ ਲੱਗੀਆਂ ਜਿਵੇਂ ਕੀੜੀਆਂ ਦੇ ਭੌਣ 'ਤੇ ਕੀੜੀਆਂ ਦੌੜਦੀਆਂ ਫਿਰਦੀਆਂ ਹੋਣ। ਇਨ੍ਹਾਂ ਕੀੜੀਆਂ ਦਾ ਵੀ ਧਰਤ ਉਤੇ ਬੰਦੇ ਜਿਨ੍ਹਾਂ ਹੱਕ ਹੈ ਪਰ ਆਪਣੇ ਘਰ ਦੇ ਆਸ-ਪਾਸ ਕੀੜੀਆਂ ਦੇਖ ਕੇ ਬੰਦਾ ਕੀੜੀਆਂ ਦਾ ਖੁਰਾ-ਖੋਜ ਮਿਟਾਉਣ ਤੁਰ ਪੈਂਦਾ ਹੈ। ਇਸ ਨੂੰ ਉਹ ਆਪਣਾ ਹੱਕ ਸਮਝਦਾ ਹੈ, ਖੁਦ ਨੂੰ ਇਸ ਧਰਤ ਦਾ ਮਾਲਕ ਪਰ ਅੰਦਰੋਂ ਉਸ ਦੇ ਮਨ 'ਚ ਕੀੜੀਆਂ ਦੇ ਕਈ ਡਰ ਹੁੰਦੇ ਹਨ।

ਘਰ ਪਹੁੰਚ ਕੇ ਹਨੇਰੇ 'ਚ ਘਿਰਿਆ ਮਨਸੂਈ ਰੋਸ਼ਨੀ 'ਚ ਬੈਠਾ ਮੁੜ ਲੈਪਟਾਪ 'ਤੇ ਨੈਟ ਖੋਲ੍ਹਦਾ ਹਾਂ। ਪਹਿਲਾਂ ਬੀ.ਬੀ.ਸੀ ਦੀ ਵੈਬ 'ਤੇ ਜਾ ਕੇ ਏਸ਼ੀਅਨ ਸੈਕਸ਼ਨ ਕਲਿਕ ਕਰਦਾ ਹਾਂ। ਸਭ ਤੋਂ ਉਪਰ ਕਸਾਬ ਨੂੰ ਫਾਂਸੀ ਦੀ ਖ਼ਬਰ ਦੀ ਸੁਰਖੀ ਹੈ। ਹੇਠਾਂ ਉਸ ਦੇ ਚਿਹਰੇ ਦੀ ਫੋਟੋ ਹੈ। ਉਸ ਦੀਆਂ ਅੱਧੀਆਂ ਅੱਖਾਂ ਖੁੱਲ੍ਹੀਆਂ ਹਨ ਤੇ ਅੱਧੀਆਂ ਬੰਦ। ਉਹ ਹੁਣ ਤੱਕ ਇਸ ਧਰਤੀ ਤੋਂ ਜਾ ਚੁੱਕਾ ਹੈ। ਮੈਂ ਉਸ ਦੀ ਫੋਟੋ 'ਚ ਅੱਧ ਖੁੱਲ੍ਹੀਆਂ ਅੱਖਾਂ 'ਚੋਂ ਟੁੱਟ ਗਏ ਉਨ੍ਹਾਂ ਗੁਲਾਬੀ ਸੁਪਨਿਆਂ ਦੀ ਰੜਕ ਦੀ ਲਾਲੀ ਦੇਖਣ ਦੀ ਕੋਸ਼ਿਸ਼ ਕਰਦਾ ਹਾਂ ਜਿਨ੍ਹਾਂ ਗੁਲਾਬੀ ਸੁਪਨਿਆਂ ਦੀ ਮ੍ਰਿਗ ਤ੍ਰਿਸ਼ਨਾ ਮਗਰ ਦੌੜਦਿਆਂ ਉਹ ਬਾਰੂਦ ਬਣ ਕੇ ਇਨਸਾਨ ਹੁੰਦਿਆਂ ਇਨਸਾਨੀਅਤ ਦਾ ਕਾਤਲ ਬਣ ਗਿਆ। ਉਸ ਦੀ ਫੋਟੋ ਦੇਖਦਿਆਂ ਮੈਂ ਪੰਜਾਬ ਦੇ ਪਿੰਡਾਂ ਦੀਆਂ ਗਲੀਆਂ 'ਚ ਗੁਆਚ ਗਿਆ। ਮੈਨੂੰ ਕਸਾਬ ਪੰਜਾਬ ਦੇ ਕਿਸੇ ਪਿੰਡ ਦੀਆਂ ਗਲੀਆਂ 'ਚ ਪਿੰਡ ਦੇ ਸਧਾਰਨ ਲੋਕਾਂ ਦੇ ਗੰਵਾਰ ਜਿਹੇ ਬੱਚਿਆਂ ਨਾਲ



ਸਾਇਕਲ ਦਾ ਟਾਇਰ ਦੌੜਾਉਂਦਾ ਦਿਸਣ ਲੱਗਾ। ਟਾਇਰ ਮਗਰ ਦੌੜਦਿਆਂ ਉਸ ਦਾ ਕੱਦ ਵੱਡਾ ਹੁੰਦਾ ਗਿਆ। ਅਚਾਨਕ ਉਹ ਇਕ-ਅੱਧ ਢਹੇ ਕੱਚੇ ਘਰ ਦੀ ਕੰਧ ਅੱਗੇ ਖੜ੍ਹਾ ਦਿਖਾਈ ਦਿੰਦਾ ਹੈ। ਤਰੇੜਾਂ ਵਾਲੀ ਕੱਚੀ ਕੰਧ ਸਾਹਮਣੇ ਖੜ੍ਹੇ 17-18 ਸਾਲਾਂ ਦੇ ਚਿਹਰੇ ਵਿਚੋਂ ਮੈਨੂੰ ਮੇਰੇ ਪੁੱਤ ਦਾ ਚਿਹਰਾ ਨਜ਼ਰ ਆਉਂਦਾ ਹੈ। ਮੈਂ ਘਬਰਾ ਜਾਂਦਾ ਹਾਂ। ਅਚਾਨਕ ਇਸ ਕੱਚੇ ਘਰ ਦੀਆਂ ਤਰੇੜਾਂ ਵਿਚਲੀ ਇਕ ਖਿੜਕੀ 'ਚੋਂ ਆਵਾਜ਼ ਆਉਂਦੀ ਹੈ। ਖਿੜਕੀ ਖੁੱਲ੍ਹਦੀ ਹੈ ਤੇ ਖਿੜਕੀ 'ਚੋਂ ਸ਼ੈਤਾਨ ਚਿਹਰਾ ਮੁਸਕਰਾਉਂਦਾ ਹੈ। ਉਹ ਮੇਰੇ ਪੁੱਤਰ ਦੇ ਚਿਹਰੇ ਵਰਗੇ ਅੱਲੜ੍ਹ ਮੁੰਡੇ ਦੀ ਮਾਂ ਦੀਆਂ ਹਥੇਲੀਆਂ ਅਤੇ ਪੈਰਾਂ 'ਚ ਪਾਟੀਆਂ ਬਿਆਈਆਂ ਦੀ ਤੁਲਨਾ ਉਸ ਦੇ ਘਰ ਦੀਆਂ ਕੰਧਾਂ ਨੂੰ ਆਈਆਂ ਤਰੇੜਾਂ ਨਾਲ ਕਰਨ ਲੱਗ ਜਾਂਦਾ ਹੈ। ਉਸ ਦੀਆਂ ਗੱਲਾਂ ਸੁਣ ਕੇ ਉਸ ਨੂੰ ਆਪਣੀ ਮਾਂ ਦੇ ਸਿਰ 'ਤੇ ਪਿਆ ਗੋਹੇ ਦਾ ਟੋਕਰਾ ਆਪਣੇ ਸਿਰ ਉਤੇ ਬੋਝ ਲੱਗਣ ਲੱਗਦਾ ਹੈ। ਸ਼ੈਤਾਨ ਦੀਆਂ ਗੱਲਾਂ ਸੁਣਦਿਆਂ ਉਸ ਨੂੰ ਆਪਣੇ ਸੱਜੇ ਪਾਸੇ ਅਧੋਰਾਣੇ ਕੱਪੜਿਆਂ 'ਚ ਸਿਰ 'ਤੇ ਗੋਹੇ ਦਾ ਟੋਕਰਾ ਚੁੱਕੀ ਆਪਣੀ ਮਾਂ ਦਿਸਦੀ ਹੈ ਤੇ ਖੱਬੇ ਪਾਸੇ ਮਖਮਲੀ ਕੱਪੜਿਆਂ ਤੇ ਫੁੱਲਾਂ ਲੱਦੀ 'ਬਹਿਸ਼ਤ ਦੀ ਹੂਰ' ਦਿਖਾਈ ਦਿੰਦੀ ਹੈ। ਸ਼ੈਤਾਨ ਸਾਹਮਣੇ ਬੰਦ ਪਏ ਖੋਲ੍ਹੇ ਵਰਗੇ ਘਰ ਵੱਲ ਇਸ਼ਾਰਾ ਕਰਦਾ ਹੈ। ਪੰਜਾਬ ਦਾ ਇਕ ਸਧਾਰਨ ਗੰਵਾਰ ਮੁੰਡਾ ਉਸ ਘਰ ਵੱਲ ਪੈਰ ਪੁੱਟਦਾ ਹੈ। ਸਾਹਮਣੇ ਬੀਆਬਾਨ ਬਣੇ ਘਰ ਦਾ ਦਰਵਾਜ਼ਾ ਖੁੱਲ੍ਹਦਾ ਹੈ। ਘਰ ਅੰਦਰ ਹਨੇਰਾ ਹੀ ਹਨੇਰਾ ਹੈ। ਹਨੇਰੇ 'ਚ ਕੋਈ ਲਾਟ ਜਿਹੀ ਨਜ਼ਰੀਂ ਪੈਂਦੀ ਹੈ। ਮੁੰਡਾ ਲਾਟ ਵੱਲ ਵਧਦਾ ਹੈ ਤੇ ਗੁੰਮਸੁੰਮ ਘਰ ਦਾ ਦਰਵਾਜ਼ਾ ਬੰਦ ਹੋ ਜਾਂਦਾ ਹੈ। ਮੈਂ ਉਸ ਬੰਦ ਦਰਵਾਜ਼ੇ ਵੱਲ ਤੱਕ ਰਿਹਾ ਹੁੰਦਾ ਹਾਂ ਤੇ ਦੇਖਦਾ ਹਾਂ ਕਿ ਇਹ ਕਦੋਂ ਖੁੱਲ੍ਹੇਗਾ?

ਅਚਾਨਕ ਮੇਰਾ ਸਾਥੀ ਬੋਰਿਸ ਪਿੱਛੋਂ ਆ ਕੇ ਮੇਰਾ ਮੋਢਾ ਹਿਲਾਉਂਦਾ ਹੈ। ਇੰਜ ਲੱਗਾ ਜਿਵੇਂ ਮੇਰਾ ਕੋਈ ਸੁਪਨਾ ਟੁੱਟ ਗਿਆ ਹੋਵੇ। ਉਸ ਨੂੰ ਗਿਲਾ ਸੀ ਕਿ ਉਹ ਕਿੰਨੀ ਦੇਰ ਤੋਂ ਮੈਨੂੰ ਲੱਭ ਰਿਹਾ ਸੀ ਕਿਉਂਕਿ ਉਹ 'ਥੈਂਕਸ ਗਿਵਿੰਗ' ਹੋਣ ਕਰ ਕੇ ਛੇਤੀ ਘਰ ਜਾਣਾ ਚਾਹੁੰਦਾ ਸੀ। ਉਹ ਸੋਵੀਅਤ ਯੂਨੀਅਨ ਦਾ ਸੂਬਾ ਰਹੇ ਅਤੇ ਹੁਣ ਵੱਖਰੇ ਦੇਸ਼ ਯੂਕਰੇਨ ਦਾ ਜੰਮਪਲ ਹੈ। ਅਗਲੇ ਪਲ ਉਸ ਕਿਹਾ ਕਿ ਮੈਂ ਉਦਾਸ ਜਿਹਾ ਲੱਗ ਰਿਹਾਂ, ਤੇ ਨਾਲ ਹੀ ਕਹਿਣ ਲੱਗਾ-'ਥੈਂਕਸਗਿਵਿੰਗ' ਉਸ ਲਈ ਕੋਈ ਖਾਸ ਤਿਉਹਾਰ ਤਾਂ ਨਹੀਂ, ਪਰ ਮੇਰੇ ਬੱਚੇ ਅਮਰੀਕਨ ਹਨ, ਉਨ੍ਹਾਂ ਦੀ ਖ਼ੁਸ਼ੀ ਲਈ ਹੀ ਮੈਂ ਟਰਕੀ ਤੇ ਹੋਰ ਨਿੱਕ-ਸੁੱਕ ਲਿਆਉਣਾ ਹੈ। ਕੱਲ੍ਹ ਸਟੋਰ ਬੰਦ ਹੋ ਜਾਣਗੇ। ਇਸ ਲਈ ਕਾਹਲਾ ਸਾਂ ਪਰ ਹੁਣ ਮੈਂ ਹੋਰ ਅੱਧਾ ਘੰਟਾ ਇੱਥੇ ਹੀ ਤੇਰੇ ਕੋਲ ਬੈਠ ਕੇ ਬਿਤਾਵਾਂਗਾ। ਉਹ ਮੇਰੇ ਖੁੱਲ੍ਹੇ ਲੈਪਟਾਪ 'ਤੇ ਕਸਾਬ ਦੀ ਫੋਟੋ ਦੇਖਦਾ ਹੈ। ਦੁਨੀਆਂ 'ਚ ਫੈਲੇ ਅਤਿਵਾਦ ਤੇ ਇਸ ਦੇ ਸਮੁੱਚੇ ਵਰਤਾਰੇ ਬਾਰੇ ਗੱਲਾਂ ਹੁੰਦੀਆਂ ਹਨ ਪਰ ਇਹ ਗੱਲਾਂ ਮੈਨੂੰ ਭਾਵੁਕਤਾ ਦੇ ਦਾਇਰੇ 'ਚੋਂ ਬਾਹਰ ਨਾ ਕੱਢ ਸਕੀਆਂ।

ਫਾਂਸੀ ਦੇ ਤਖ਼ਤੇ 'ਤੇ ਜਾਣ ਤੋਂ ਪਹਿਲਾਂ ਕਸਾਬ ਨੂੰ ਉਸ ਦੀ ਆਖਰੀ ਖ਼ਾਹਿਸ਼ ਪੁੱਛੀ ਗਈ ਤਾਂ ਉਸ ਨੇ ਸਿਰਫ਼ ਇਹੋ ਕਿਹਾ ਕਿ ਬੱਸ, ਮੇਰੀ ਅੰਮੀ ਨੂੰ ਮੇਰੀ ਮੌਤ ਬਾਰੇ ਦੱਸ ਦਿਓ? ਗਲ 'ਚ ਫਾਂਸੀ ਦਾ ਰੱਸਾ ਪੈਣ ਤੋਂ ਪਹਿਲਾਂ ਉਸ ਦੇ ਆਖਰੀ ਸ਼ਬਦ ਸਨ-'ਖੁਦਾ ਕਸਮ, ਖੁਦਾ ਕਸਮ, ਖੁਦਾ! ਕਦੇ ਮੁੜ ਐਸੀ ਗਲਤੀ ਨਾ ਹੋਵੇ।' ਇਹ ਸ਼ਬਦ ਕਿਸੇ ਕਾਤਲ ਦੇ ਨਹੀਂ, ਕਿਸੇ ਮਾਸੂਮ ਪੰਜਾਬੀ ਦੇ ਹਨ। ਮੇਰੇ ਮਨ 'ਚ ਸਭ ਤੋਂ ਵੱਡਾ ਸਵਾਲ ਉਠਦਾ ਹੈ ਕਿ ਕਸਾਬ ਦੀ ਮੌਤ ਨਾਲ ਉਨ੍ਹਾਂ ਲੋਕਾਂ ਨੂੰ ਕੀ ਕੋਈ ਸਬਕ ਮਿਲਿਆ ਜਿਨ੍ਹਾਂ ਨੇ ਉਸ ਦੀ ਮਾਂ ਦੀ ਤਰਸਯੋਗ ਹਾਲਤ, ਗਰੀਬੀ ਤੇ ਜਹਾਲਤ ਦਾ ਵਾਸਤਾ ਪਾ ਕੇ ਅਤੇ ਬਹਿਸ਼ਤ ਦੀਆਂ ਹੂਰਾਂ ਵਰਗੇ ਸਬਜ਼ਬਾਗ ਦਿਖਾ ਕੇ ਕੋਰੇ ਮਨ ਦੀ ਸਲੇਟ ਉਤੇ ਨਫ਼ਰਤ ਉਕਰ ਦਿੱਤੀ ਸੀ। ਉਸ ਨਾਲ ਸ਼ੈਤਾਨ ਨੇ ਹੈਵਾਨ ਦੇ ਭੇਸ ਵਿਚ ਵਾਅਦਾ ਕੀਤਾ ਸੀ ਕਿ ਜਿਸ ਰਸਤੇ ਉਹ ਜਾ ਰਿਹਾ ਹੈ, ਉਸੇ ਰਸਤੇ ਜਿਉਂਦਾ ਵਾਪਸ ਲਿਆਂਦਾ ਜਾਵੇਗਾ। ਆਉਂਦਿਆਂ ਹੀ ਉਸ ਦੇ ਪਰਿਵਾਰ ਦੇ ਸਭ ਕਸ਼ਟ ਮੁੱਕ ਜਾਣਗੇ ਤੇ ਉਹ ਆਪਣੇ ਪਰਿਵਾਰ ਖਾਤਰ ਹੱਥਾਂ 'ਚ ਬਾਰੂਦ ਫੜ ਕੇ ਦੂਜਿਆਂ ਦੇ ਪਰਿਵਾਰ ਬਰਬਾਦ ਕਰਨ ਤੁਰ ਪਿਆ। ਜਿਹੜੇ ਲੋਕਾਂ ਨੇ ਉਸ ਨੂੰ ਗੁਲਾਬੀ ਸੁਪਨੇ ਦਿਖਾ ਕੇ ਉਸ ਦੇ ਹੱਥੀਂ ਹਥਿਆਰ ਫੜਾ ਕੇ ਅੰਦਰੋਂ ਬਾਰੂਦ ਬਣਾਇਆ, ਉਨ੍ਹਾਂ ਨੇ ਉਸ ਦੀ ਪਛਾਣ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਪਾਕਿਸਤਾਨ ਦੀ ਸਰਕਾਰ ਸਮੇਤ ਕੋਈ ਉਸ ਦੀ ਲਾਸ਼ ਲੈਣ ਵੀ ਨਾ ਆਇਆ। ਭਾਰਤ ਦੇ ਰਾਸ਼ਟਰਪਤੀ ਨੇ ਅਜੇ ਦੋ ਹਫ਼ਤੇ ਪਹਿਲਾਂ ਹੀ ਉਸ ਦੀ ਰਹਿਮ ਦੀ ਅਪੀਲ ਖਾਰਜ ਕੀਤੀ ਸੀ ਤੇ ਪੰਦਰਾਂ ਦਿਨਾਂ 'ਚ ਹੀ ਕਸਾਬ ਨੂੰ ਫਾਂਸੀ ਲਾ ਦਿੱਤੀ ਗਈ। ਕਸਾਬ ਤੋਂ ਪਹਿਲਾਂ 116 ਬੰਦੇ ਹੋਰ ਹਨ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ। ਰਾਸ਼ਟਰਪਤੀ ਵੱਲੋਂ ਉਨ੍ਹਾਂ ਦੀਆਂ ਰਹਿਮ ਦੀਆਂ ਅਪੀਲਾਂ ਰੱਦ ਹੋ ਚੁੱਕੀਆਂ ਹਨ। ਕਈਆਂ ਦੀ ਰਹਿਮ ਦੀ ਅਪੀਲ ਰੱਦ ਹੋਇਆਂ ਪੰਜ ਸਾਲ ਹੋ ਚੁੱਕੇ ਹਨ ਜਿਨ੍ਹਾਂ ਨੂੰ ਅਜੇ ਤੱਕ ਫਾਂਸੀ ਨਹੀਂ ਲਾਇਆ ਗਿਆ, ਪਰ ਕਸਾਬ ਨੂੰ ਝਟਪਟ ਫਾਂਸੀ ਦੇਣਾ ਕੀ ਰਾਜਨੀਤੀ ਨਹੀਂ? ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੀ ਹੋਈ ਹੈ। ਅੱਗੇ ਕਈ ਸੂਬਿਆਂ 'ਚ ਚੋਣਾਂ ਆ ਰਹੀਆਂ ਹਨ; ਤਾਂ ਕੀ ਲੋਕਾਂ ਦਾ ਧਿਆਨ ਦੂਜੇ ਪਾਸੇ ਖਿੱਚਣ ਲਈ ਹੀ ਸੰਸਦ ਦੇ ਸਮਾਗਮ ਤੋਂ ਕੁਝ ਦਿਨ ਪਹਿਲਾਂ ਕਸਾਬ ਨੂੰ ਫਾਹੇ ਨਹੀਂ ਲਾਇਆ ਗਿਆ? ਲਗਦਾ ਹੈ ਕਿ ਭੋਲਾ ਭਾਲਾ ਪੰਜਾਬੀ ਗੱਭਰੂ ਕਸਾਬ ਪਾਕਿਸਤਾਨ 'ਚ ਵੀ ਅਤੇ ਭਾਰਤ 'ਚ ਵੀ ਸੌੜੀ ਸਿਆਸਤ ਦੀ ਭੇਟ ਚੜ੍ਹਿਆ ਹੈ।

ਕਸਾਬ ਨੂੰ ਫਾਂਸੀ ਤੋਂ ਬਾਅਦ ਕੁਝ ਪੱਤਰਕਾਰ ਉਸ ਦੇ ਪਰਿਵਾਰ ਨਾਲ, ਉਸ ਦੀ ਮਾਂ ਨਾਲ ਗੱਲ ਕਰਨ ਲਈ ਉਸ ਦੇ ਪਿੰਡ ਫਰੀਦਕੋਟ (ਪਾਕਿਸਤਾਨ) ਜਾਣਾ ਚਾਹੁੰਦੇ ਸਨ ਪਰ ਪਾਕਿਸਤਾਨ ਦੀ ਪੁਲਿਸ ਸਿਵਲ ਵਰਦੀ 'ਚ ਪਿੰਡ ਦੀ ਘੇਰਾਬੰਦੀ ਕਰੀ ਖੜ੍ਹੀ ਸੀ। ਉਨ੍ਹਾਂ ਪੱਤਰਕਾਰਾਂ ਨੂੰ ਪਿੰਡ ਹੀ ਨਹੀਂ ਵੜਨ ਦਿੱਤਾ। ਸਵੇਰੇ ਸੁਵਖਤੇ ਹੀ ਬੀ.ਬੀ.ਸੀ. ਦੀ ਇਕ ਪੱਤਰਕਾਰ ਕਸਾਬ ਦੇ ਘਰ ਜਾਣ 'ਚ ਸਫ਼ਲ ਹੋ ਗਈ ਪਰ ਪਿੰਡ ਦੇ ਕੁਝ ਚੌਧਰੀਆਂ ਨੇ ਉਸ ਨੂੰ ਬੇਇੱਜ਼ਤ ਕਰ ਕੇ ਘਰੋਂ ਬਾਹਰ ਕੱਢ ਦਿੱਤਾ ਤੇ ਕਿਹਾ ਕਿ ਕਸਾਬ ਉਸ ਪਿੰਡ ਦਾ ਹੈ ਹੀ ਨਹੀਂ ਸੀ, ਤੇ ਦੱਸਿਆ ਗਿਆ ਕਿ ਜਿਹੜਾ ਘਰ ਕਸਾਬ ਦਾ ਦੱਸਿਆ ਜਾਂਦਾ ਹੈ, ਉਸ ਘਰ ਕੋਈ ਨਵਾਂ ਪਰਿਵਾਰ ਰਹਿ ਰਿਹਾ ਹੈ। ਸਵਾਲ ਉਠਦਾ ਹੈ ਕਿ ਫਿਰ ਕਸਾਬ ਦਾ ਪਰਿਵਾਰ ਕਿੱਥੇ ਰਹਿੰਦੈ? ਉਸ ਦਾ ਕੀ ਹਾਲ ਹੈ? ਉਸ ਦੀ ਮਾਂ ਦਾ ਕੀ ਹਾਲ ਹੈ? ਕੀ ਉਸ ਨੂੰ ਪੁੱਤ ਦੀ ਮੌਤ ਦੀ ਖ਼ਬਰ ਹੈ? ਹਾਂ, ਸ਼ਾਇਦ ਰਾਜਨੀਤੀ ਇਕ ਮਾਂ ਨੂੰ ਆਪਣੇ ਜਿਗਰ ਦੇ ਟੁਕੜੇ ਦੀ ਮੌਤ 'ਤੇ ਵੀ ਵੈਣ ਵੀ ਨਹੀਂ ਪਾਉਣ ਦੇ ਰਹੀ। ਸ਼ਾਇਦ ਮਾਂ ਉਸੇ ਦਿਨ ਮਰ ਗਈ ਸੀ ਜਦ ਉਸ ਦਾ ਪੁੱਤ ਮਾਂ ਦੀ ਮੁਕਤੀ ਦਾ ਸਬਜ਼ਬਾਗ ਦੇਖ ਕੇ ਬਾਰੂਦ ਬਣ ਕੇ ਘਰੋਂ ਨਿਕਲ ਤੁਰਿਆ ਸੀ।

ਅਚਾਨਕ ਬੋਰਿਸ ਦੇ ਘਰੋਂ ਫੋਨ ਆਉਂਦਾ। ਫੋਨ ਸੁਣ ਅਸੀਂ ਕਾਰ ਵੱਲ ਤੁਰ ਪਏ। ਮੈਂ ਕਾਰ ਚਲਾਉਣ ਲੱਗਾ ਤੇ ਉਹ ਮੇਰੇ ਨਾਲ ਦੀ ਸੀਟ ਉਤੇ ਬੈਠਾ ਲਗਾਤਾਰ ਬੋਲ ਰਿਹਾ ਸੀ, ਤੇ ਮੈਂ ਹਾਂ-ਹੂੰ ਦਾ ਹੁੰਗਾਰਾ ਭਰਦਾ ਰਿਹਾ। ਸਫ਼ਰ ਦੌਰਾਨ ਗੱਲ ਦਾ ਵਿਸ਼ਾ ਹਿੰਦ-ਪਾਕਿ ਰਿਸ਼ਤਿਆਂ ਤੋਂ ਕੌਮਾਂਤਰੀ ਭਾਈਚਾਰਕ ਸਾਂਝ ਬਣ ਗਿਆ। ਉਸ ਨੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰੋਕਣ ਅਤੇ ਮਨੁੱਖੀ ਮੁਕਤੀ ਦੀ ਸਲਾਮਤੀ ਦੇ ਨਾਂ ਉਤੇ ਸਟਾਲਿਨ ਵੱਲੋਂ ਕੀਤੀ ਮਨੁੱਖੀ ਕਤਲੋਗਾਰਤ ਦੀਆਂ ਅਨੇਕਾਂ ਕਹਾਣੀਆਂ ਸੁਣਾਈਆਂ। ਉਸ ਨੂੰ ਲਾਹ ਕੇ ਘਰ ਵੱਲ ਮੁੜਦਿਆਂ, ਮੇਰੇ ਮਨ ਦੀ ਸੂਈ ਮੁੜ ਕਸਾਬ 'ਤੇ ਜਾ ਟਿੱਕੀ। ਸੋਚ ਰਿਹਾ ਸਾਂ ਕਿ ਰਾਜਨੀਤੀ ਨੇ ਕਸਾਬ ਨੂੰ ਇਨਸਾਨ ਤੋਂ ਪਹਿਲਾਂ ਮੁਸਲਮਾਨ ਜਾਂ ਪਾਕਿਸਤਾਨੀ ਬਣਾ ਦਿੱਤਾ।

ਘਰ ਵੜਿਆ ਤਾਂ ਯੂਬਾ ਸਿਟੀ ਤੋਂ ਮੇਰੇ ਪਰਮ ਮਿੱਤਰ ਅਤੇ ਫਾਂਸੀ ਦੀ ਸਜ਼ਾ ਪਾ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਜਤਿੰਦਰਪਾਲ ਸਿੰਘ ਭੁੱਲਰ ਦਾ ਫੋਨ ਆਇਆ। ਮੈਂ ਚਾਹੁੰਦਾ ਹੋਇਆ ਵੀ ਫੋਨ ਨਹੀਂ ਚੁੱਕ ਸਕਿਆ। ਉਸ ਦਾ ਚਾਰ ਵਾਰ ਫੋਨ ਆ ਚੁੱਕਿਆ ਹੈ। ਮੈਥੋਂ ਫੋਨ ਚੁੱਕਿਆ ਨਹੀਂ ਜਾਂਦਾ। ਮੈਨੂੰ ਰਾਜਨੀਤੀ ਹੱਥੋਂ ਉਜੜਿਆ ਭੁੱਲਰ ਪਰਿਵਾਰ ਦਾ ਘਰ ਨਜ਼ਰ ਆ ਰਿਹਾ ਹੈ। ਜਿਹੜੇ ਇਹ ਕਹਿ ਰਹੇ ਸਨ ਕਿ ਭੁੱਲਰ ਨੂੰ ਅਦਾਲਤ 'ਚ ਕੇਸ ਨਹੀਂ ਲੜਨਾ ਚਾਹੀਦਾ ਕਿਉਂਕਿ ਸਿੰਘ ਕਦੇ ਈਨ ਨਹੀਂ ਮੰਨਦਾ, ਉਨ੍ਹਾਂ ਦੇ ਡਰਾਉਣੇ ਚਿਹਰੇ ਕਦੇ ਹਨੇਰੇ 'ਚ, ਕਦੇ ਕਸਾਬ ਦੇ ਘਰ ਦੀ ਕੱਚੇ ਕੰਧ ਵਿਚਲੀ ਬਾਰੀ 'ਚੋਂ ਦਿਸਦੇ ਹਨ। ਕਦੇ ਮੈਨੂੰ ਮੇਰੇ ਦੋਸਤ ਪ੍ਰੋ. ਭੁੱਲਰ ਅਤੇ ਛੋਟੇ ਵੀਰ ਜਤਿੰਦਰਪਾਲ ਦੀ ਮਾਤਾ ਉਪਕਾਰ ਕੌਰ ਕਸਾਬ ਦੀ ਮਾਂ ਨੂੰ ਦਿਲਾਸਾ ਦਿੰਦੀ ਨਜ਼ਰ ਆਉਂਦੀ ਹੈ। ਕਸਾਬ ਦੀ ਮਾਂ ਕਿੱਥੇ ਹੈ? ਕਿਸ ਹਾਲ 'ਚ ਹੈ? ਪਤਾ ਨਹੀਂ; ਪਰ ਭਾਰਤ ਸਰਕਾਰ ਦਾ ਇਸਲਾਮਾਬਾਦ ਦੂਤਾਵਾਸ ਕਹਿ ਰਿਹਾ ਹੈ ਕਿ ਕਸਾਬ ਦੀ ਫਾਂਸੀ ਦੀ ਖ਼ਬਰ ਕੋਰੀਅਰ ਰਾਹੀਂ ਕਸਾਬ ਦੀ ਮਾਂ ਨੂੰ ਦੇ ਦਿੱਤੀ ਗਈ ਹੈ। ਪਾਕਿਸਤਾਨ ਸਰਕਾਰ ਖਾਮੋਸ਼ ਹੈ। ਸ਼ੈਤਾਨ ਮੁੜ ਕਹਿ ਰਿਹਾ ਹੈ ਕਿ ਕਸਾਬ ਦੇ ਨਾਂ 'ਤੇ ਹੋਰ ਕਸਾਬ ਜੰਮਣਗੇ।

#

***ਯੂਬਾ ਸਿਟੀ ਤੋਂ ਮੇਰੇ ਪਰਮ ਮਿੱਤਰ ਅਤੇ ਫਾਂਸੀ ਦੀ ਸਜ਼ਾ ਪਾ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਜਤਿੰਦਰਪਾਲ ਸਿੰਘ ਭੁੱਲਰ ਦਾ ਫੋਨ ਆਇਆ। ਮੈਂ ਚਾਹੁੰਦਾ ਹੋਇਆ ਵੀ ਫੋਨ ਨਹੀਂ ਚੁੱਕ ਸਕਿਆ। ਉਸ ਦਾ ਚਾਰ ਵਾਰ ਫੋਨ ਆ ਚੁੱਕਿਆ ਹੈ। ਮੈਥੋਂ ਫੋਨ ਚੁੱਕਿਆ ਨਹੀਂ ਜਾਂਦਾ। ਮੈਨੂੰ ਰਾਜਨੀਤੀ ਹੱਥੋਂ ਉਜੜਿਆ ਭੁੱਲਰ ਪਰਿਵਾਰ ਦਾ ਘਰ ਨਜ਼ਰ ਆ ਰਿਹਾ ਹੈ। ਜਿਹੜੇ ਇਹ ਕਹਿ ਰਹੇ ਸਨ ਕਿ ਭੁੱਲਰ ਨੂੰ ਅਦਾਲਤ 'ਚ ਕੇਸ ਨਹੀਂ ਲੜਨਾ ਚਾਹੀਦਾ ਕਿਉਂਕਿ ਸਿੰਘ ਕਦੇ ਈਨ ਨਹੀਂ ਮੰਨਦਾ, ਉਨ੍ਹਾਂ ਦੇ ਡਰਾਉਣੇ ਚਿਹਰੇ ਕਦੇ ਹਨੇਰੇ 'ਚ, ਕਦੇ ਕਸਾਬ ਦੇ ਘਰ ਦੀ ਕੱਚੇ ਕੰਧ ਵਿਚਲੀ ਬਾਰੀ 'ਚੋਂ ਦਿਸਦੇ ਹਨ। ਕਦੇ ਮੈਨੂੰ ਮੇਰੇ ਦੋਸਤ ਪ੍ਰੋ. ਭੁੱਲਰ ਅਤੇ ਛੋਟੇ ਵੀਰ ਜਤਿੰਦਰਪਾਲ ਦੀ ਮਾਤਾ ਉਪਕਾਰ ਕੌਰ ਕਸਾਬ ਦੀ ਮਾਂ ਨੂੰ ਦਿਲਾਸਾ ਦਿੰਦੀ ਨਜ਼ਰ ਆਉਂਦੀ ਹੈ।***



## ਦੇਸ-ਪਰਦੇਸ

## ਜਸਟਿਸ ਮਾਰਕੰਡੇ ਕਾਟਜੂ ਬਨਾਮ ਭਾਰਤੀ ਮੀਡੀਆ

(ਸਫਾ 14 ਦੀ ਬਾਕੀ)

ਉਸ ਦੀ ਦਿਲੀ ਇੱਛਾ ਹੈ ਕਿ ਭਾਰਤੀ ਮੀਡੀਆ ਐਸੀਆਂ ਉਚਾਈਆਂ ਛੂਹੇ ਜਿਸ 'ਤੇ ਹਰ ਭਾਰਤੀ ਨੂੰ ਮਾਣ ਹੋਵੇ। ਇਹ ਸਿਰਫ ਤਾਂ ਹੀ ਹੋ ਸਕਦਾ ਹੈ ਜੇ ਇਸ ਦੇ ਨੁਕਸਾਂ ਵੱਲ ਤਵੱਜੋ ਦਿੱਤੀ ਜਾਵੇ ਤੇ ਉਹ ਇਹੋ ਕੰਮ ਕਰ ਰਿਹਾ ਹੈ ਜੋ ਚੇਅਰਮੈਨ ਹੋਣ ਨਾਤੇ ਉਸ ਦਾ ਫ਼ਰਜ਼ ਵੀ ਹੈ। ਉਸ ਨੇ ਇਹ ਇੰਕਸ਼ਾਫ਼ ਵੀ ਕੀਤਾ ਹੈ ਕਿ ਜਿੱਥੇ ਕਿਤੇ ਵੀ ਮੀਡੀਆ ਦੀ ਆਜ਼ਾਦੀ ਉਤੇ ਕਿਸੇ ਪਾਸਿਓਂ ਵਾਰ ਹੋਇਆ ਹੈ ਤਾਂ ਉਹ ਬਿਨਾਂ ਕਿਸੇ ਝਿਜਕ ਦੇ ਅੱਗੇ ਆਇਆ ਹੈ। ਚਾਹੇ ਕਾਰਟੂਨਿਸਟ ਅਸੀਮ ਚੈਟਰਜੀ ਦਾ ਕੇਸ ਹੋਵੇ, ਭਾਵੇਂ ਬੰਗਾਲ ਦੇ ਪ੍ਰੋਫੈਸਰ ਦੀ ਗ੍ਰਿਫ਼ਤਾਰੀ ਹੋਵੇ, ਭਾਵੇਂ ਕਿਸੇ ਨੇਤਾ ਵੱਲੋਂ ਕਿਸੇ ਪੱਤਰਕਾਰ ਦਾ ਕੈਮਰਾ ਤੋੜਨ ਦੀ ਧਮਕੀ ਹੋਵੇ ਤੇ ਭਾਵੇਂ ਬਾਲ ਠਾਕਰੇ ਦੀ ਮੌਤ 'ਤੇ ਹੋਏ ਮੁੰਬਈ ਬੰਦ ਉਪਰ ਸਵਾਲ ਕਰਨ ਵਾਲੀਆਂ ਦੋ ਕੁੜੀਆਂ ਦੀ ਗ੍ਰਿਫ਼ਤਾਰੀ ਦਾ ਮਾਮਲਾ ਹੋਵੇ। ਇਨ੍ਹਾਂ ਕੁੜੀਆਂ ਦੀ ਨਾਜਾਇਜ਼ ਗ੍ਰਿਫ਼ਤਾਰੀ ਦੇ ਹਵਾਲੇ ਨਾਲ ਤਾਂ ਜਸਟਿਸ ਕਾਟਜੂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਦੋ ਚਿੱਠੀਆਂ ਲਿਖ ਕੇ ਕਿਹਾ ਕਿ ਇਨ੍ਹਾਂ ਕੁੜੀਆਂ ਨੂੰ ਗ੍ਰਿਫ਼ਤਾਰ ਕਰਨ ਵਾਲੇ ਪੁਲਿਸ ਵਾਲਿਆਂ ਅਤੇ ਇਨ੍ਹਾਂ ਨੂੰ 14 ਦਿਨਾਂ ਲਈ ਅਦਾਲਤੀ ਹਿਰਾਸਤ 'ਚ ਭੇਜਣ ਵਾਲੇ ਜੱਜ ਖ਼ਿਲਾਫ਼ ਜਾਂਚ ਕਰਵਾ ਕੇ ਸਖ਼ਤ ਕਾਰਵਾਈ ਕੀਤੀ ਜਾਵੇ।

ਜਸਟਿਸ ਕਾਟਜੂ ਨੇ ਇਹ ਵੀ ਕਿਹਾ ਹੈ ਕਿ ਬਿਨਾਂ ਸ਼ੱਕ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਮੀਡੀਏ 'ਚ ਧਨ ਲਾਉਣ ਦਾ ਹੱਕ ਹੈ ਪਰ ਉਨ੍ਹਾਂ ਨੂੰ ਇਹ ਹੱਕ ਬਿਲਕੁਲ ਨਹੀਂ ਕਿ ਉਹ ਮੀਡੀਆ ਨੂੰ ਆਪਣੇ ਗੁੜ, ਸ਼ੱਕਰ ਜਾਂ ਕੋਇਲੇ ਦੇ ਵਪਾਰ ਵਾਂਗ ਵਰਤਣ, ਕਿਉਂਕਿ ਇਹ ਵਸਤੂਆਂ ਦਾ ਵਪਾਰ ਨਹੀਂ ਸਗੋਂ ਵਿਚਾਰਾਂ ਦਾ ਲੈਣ-ਦੇਣ ਹੈ ਜਿਸ ਨੇ ਸਾਡੇ ਸਮਾਜ ਦੇ ਵਿਕਾਸ 'ਚ ਵੱਡਾ ਹਿੱਸਾ ਪਾਉਣਾ ਹੈ। ਇਥੇ ਆਰਥਿਕ ਲਾਭ ਨਾਲੋਂ ਸਮਾਜਕ ਹਿੱਤ ਨੂੰ ਪਹਿਲ ਦੇਣੀ ਜ਼ਰੂਰੀ ਹੈ।

ਕਾਨੂੰਨ ਦੇ ਗਿਆਨ ਦੇ ਨਾਲ ਨਾਲ ਜਸਟਿਸ ਕਾਟਜੂ ਨੂੰ ਸਾਹਿਤ ਤੇ ਇਤਿਹਾਸ ਦੀ ਵੀ ਡੂੰਘੀ ਸਮਝ ਹੈ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਉਹ ਅਕਸਰ ਹੀ ਗਾਲਿਬ ਜਾਂ ਫੈਜ਼ ਅਹਿਮਦ ਫੈਜ਼ ਦੇ ਸ਼ਿਅਰਾਂ ਜਾਂ ਤੁਲਸੀ ਦਾਸ ਦੀਆਂ ਤੁਕਾਂ ਦਾ ਹਵਾਲਾ ਦਿੰਦਾ ਹੈ। ਉਹ ਥੋਮਸ ਪੇਨ, ਵਾਲਟੇਅਰ, ਰੂਸੋ, ਸ਼ਰਤ ਚੰਦਰ ਵਰਗੇ ਮਹਾਨ ਲੇਖਕਾਂ ਦੀਆਂ ਲਿਖਤਾਂ 'ਚੋਂ ਉਦਾਹਰਣਾਂ ਦੇ ਕੇ ਆਪਣਾ ਨਜ਼ਰੀਆ ਸਪਸ਼ਟ ਕਰਦਾ ਹੈ। ਉਸ ਦੀ ਸਮਝ ਹੈ ਕਿ ਆਪਣੇ ਇਸ ਕਾਰਜ 'ਚ ਜੇ ਮੀਡੀਏ ਦੇ ਜ਼ਿਆਦਾ ਲੋਕ ਉਸ ਖ਼ਿਲਾਫ਼ ਹਨ ਤਾਂ ਕੁਝ ਲੋਕ ਉਸ ਦੇ ਨਾਲ ਵੀ ਹਨ ਅਤੇ ਮੀਡੀਏ ਤੋਂ ਬਾਹਰ ਤਾਂ 90 ਫੀਸਦੀ ਲੋਕ ਉਸ ਦੇ ਨਾਲ ਹਨ।

# ਕਸਾਬ ਅਤੇ ਪਾਕਿਸਤਾਨ ਦੇ ਹੱਥੋਂ ਨਿਕਲਦੇ ਹਾਲਾਤ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਪਾਕਿਸਤਾਨ ਦੇ ਲੋਕਾਂ ਨੂੰ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਰਪੇਸ਼ ਹਨ ਜਿਨ੍ਹਾਂ ਵੱਲ ਇਮਰਾਨ ਖਾਨ ਨੇ ਜੇ ਧਿਆਨ ਦਿੱਤਾ ਹੋਵੇ ਤਾਂ ਵੱਧ ਲਾਭ ਹੋ ਸਕਦਾ ਹੈ। ਇਸ ਵਕਤ ਆਏ ਦਿਨ ਉਥੇ ਬੰਬ ਚੱਲ ਰਹੇ ਹਨ ਤੇ ਬੇਦੋਸ਼ੇ ਲੋਕਾਂ ਦੇ ਮਰਨ ਦਾ ਸਿਲਸਿਲਾ ਚੱਲ ਰਿਹਾ ਹੈ, ਜਿਨ੍ਹਾਂ ਦੀ ਜ਼ਿਮੇਵਾਰੀ ਤਾਲਿਬਾਨ ਹਿੱਕ ਠੋਕ ਕੇ ਲੈਂਦੇ ਹਨ। ਇਮਰਾਨ ਨੇ ਕਦੇ ਉਨ੍ਹਾਂ ਨੂੰ ਇਹ ਨਹੀਂ ਕਿਹਾ ਕਿ ਤੁਸੀਂ ਅਮਰੀਕਾ ਦੀ ਸਰਕਾਰ ਨਾਲ ਜਾਂ ਆਪਣੇ ਮੁਲਕ ਦੀ ਸਰਕਾਰ ਦੇ ਨਾਲ ਲੜਦੇ ਹੋ ਤਾਂ ਲੜੀ ਜਾਵੋ, ਪਰ ਬੇਦੋਸ਼ੇ ਲੋਕਾਂ ਨੂੰ ਬੰਬਾਂ ਦਾ ਸ਼ਿਕਾਰ ਬਣਾਉਣਾ ਤਾਂ ਬੰਦ ਕਰ ਦਿਓ। ਅਜਿਹਾ ਕਰਨ ਤੋਂ ਪਹਿਲਾਂ ਇਮਰਾਨ ਨੂੰ 'ਰੱਬ ਨੇੜੇ ਕਿ ਘਸੁੰਨ' ਦੀ ਕਹਾਵਤ ਯਾਦ ਆ ਜਾਂਦੀ ਹੈ ਤੇ ਉਸ ਦੀ ਕੰਬਣੀ ਛਿੜਦੇ ਸਾਰ ਉਹ ਤਾਲਿਬਾਨ ਨੂੰ ਖੁਸ਼ ਕਰਨ ਲਈ ਸਰਗਰਮ ਹੋ ਜਾਂਦਾ ਹੈ।***

ਅਸੀਂ ਉਨ੍ਹਾਂ ਬਹੁਤ ਸਾਰੇ ਲੋਕਾਂ ਵਿਚ ਸ਼ਾਮਲ ਹੋ ਸਕਦੇ ਹਾਂ, ਜਿਹੜੇ ਇਹ ਸਮਝਦੇ ਹਨ ਕਿ ਮੌਤ ਦੀ ਸਜ਼ਾ ਖਤਮ ਕਰ ਦਿੱਤੀ ਜਾਣੀ ਚਾਹੀਦੀ ਹੈ ਪਰ ਉਹ ਬਹੁਤ ਸਾਰੇ ਹੋ ਸਕਦੇ ਹਨ, ਹਾਲੇ ਤੱਕ ਬਹੁਗਿਣਤੀ ਬਣਦੇ ਹਨ ਕਿ ਨਹੀਂ, ਇਸ ਬਾਰੇ ਕੋਈ ਨਹੀਂ ਕਹਿ ਸਕਦਾ। ਇਹ ਸਬੱਬ ਦੀ ਗੱਲ ਹੈ ਕਿ ਜਿਸ ਦਿਨ ਦੁਨੀਆਂ ਦੀ ਪੰਚਾਇਤ ਵਜੋਂ ਜਾਣੀ ਜਾਂਦੀ ਯੂ ਐਨ ਓ ਵਿਚ ਇਸ ਮੁੱਦੇ ਬਾਰੇ ਬਹਿਸ ਹੋਈ ਅਤੇ ਭਾਰਤ ਨੇ ਇਹ ਸਜ਼ਾ ਖਤਮ ਕਰਨ ਦਾ ਵਿਰੋਧ ਕੀਤਾ, ਅਗਲੇ ਦਿਨ ਮੁੰਬਈ ਵਾਲੇ ਸਭ ਤੋਂ ਵੱਡੇ ਦਹਿਸ਼ਤਗਰਦ ਹਮਲੇ ਦੇ ਦੋਸ਼ੀ ਅਜਮਲ ਆਮਿਰ ਕਸਾਬ ਨੂੰ ਫਾਂਸੀ ਲਾ ਦਿੱਤਾ ਗਿਆ। ਉਸ ਦੀ ਫਾਂਸੀ ਦੇ ਵਾਰੰਟ ਜਾਰੀ ਕਰਨ ਵਾਲੇ ਜੱਜ ਨੇ ਯੂ ਐਨ ਓ ਨੂੰ ਉਸ ਦਾ ਉਸ ਦਿਨ ਦਾ ਏਜੰਡਾ ਨਹੀਂ ਪੁੱਛਿਆ ਹੋਵੇਗਾ, ਦੋਵਾਂ ਦਾ ਆਪੋ ਆਪਣਾ ਕਾਰਜ ਖੇਤਰ ਹੋਣ ਕਰ ਕੇ ਇਹ ਦੋਵੇਂ ਘਟਨਾਵਾਂ ਆਪੋ ਵਿਚ ਅਚਾਨਕ ਜੁੜ ਗਈਆਂ ਹਨ। ਭਾਰਤ ਫਾਂਸੀ ਨੂੰ ਲਗਾਤਾਰ ਸਰਗਰਮ ਰੱਖਣ ਵਾਲਾ ਦੇਸ਼ ਨਹੀਂ। ਪਿਛਲੀ ਵਾਰੀ ਬੰਗਾਲ ਦੇ ਇੱਕ ਅਪਰਾਧੀ ਧਨੰਜੈ ਚੈਟਰਜੀ ਨੂੰ ਜਦੋਂ ਫਾਂਸੀ ਲਾਈ ਗਈ, ਉਸ ਤੋਂ ਅੱਠ ਸਾਲ ਬਾਅਦ ਹੁਣ ਅਜਮਲ ਆਮਿਰ ਕਸਾਬ ਨੂੰ ਫਾਂਸੀ ਇੱਕ ਮੁਕੰਮਲ ਨਿਆਂ ਪ੍ਰਕਿਰਿਆ ਤੋਂ ਬਾਅਦ ਦਿੱਤੀ ਗਈ ਹੈ।



*ਇਮਰਾਨ ਖਾਨ*

ਜਿਵੇਂ ਆਸ ਸੀ ਕਿ ਪਾਕਿਸਤਾਨ ਵਿਚ ਇਸ ਦਾ ਬਹੁਤ ਤਿੱਖਾ ਪ੍ਰਤੀਕਰਮ ਹੋਵੇਗਾ, ਇਹੋ ਜਿਹਾ ਕੁਝ ਨਹੀਂ ਹੋਇਆ ਤੇ ਕਸਾਬ ਦੇ ਪਿੰਡ ਦੇ ਬਹੁਤੇ ਲੋਕਾਂ ਨੇ ਵੀ ਇਹੋ ਕਿਹਾ ਕਿ ਉਸ ਮੁੰਡੇ ਨੇ ਜਿਹੜਾ ਰਾਹ ਚੁਣਿਆ ਸੀ, ਉਸ ਵਿਚ ਉਸ ਦਾ ਅੰਤ ਇਹੋ ਹੋਣਾ ਸੀ। ਉਸ ਦਿਨ ਅਟਾਰੀ-ਵਾਹਗਾ ਸਰਹੱਦ ਉਤੇ ਸ਼ਾਮ ਦੀ ਪਰੇਡ ਮੌਕੇ ਇਹ ਖਦਸ਼ਾ ਸੀ ਕਿ ਦੋਵੇਂ ਪਾਸਿਆਂ ਦੇ ਦਰਸ਼ਕ ਕੋਈ ਹੰਗਾਮਾ ਕਰ ਸਕਦੇ ਹਨ, ਪਰ ਪਾਕਿਸਤਾਨ ਦੇ ਸਰਹੱਦੀ ਗਾਰਡ ਤਾਂ ਪਰੇਡ ਦੇ ਬਹਾਨੇ ਕੁਝ ਬਦਤਮੀਜ਼ੀ ਕਰਦੇ ਨਜ਼ਰ ਆਏ, ਜਿਸ ਦਾ ਜਵਾਬ ਭਾਰਤੀ ਗਾਰਡਾਂ ਨੇ ਮੁਸਕਰਾਹਟ ਨਾਲ ਦੇ ਛੱਡਿਆ, ਲੋਕਾਂ ਨੇ ਦੋਵੇਂ ਪਾਸੇ ਬੇਹੱਦ ਜ਼ਾਬਤੇ ਵਿਚ ਸਮਾਂ ਗੁਜ਼ਾਰਿਆ। ਉਥੇ ਅਜਮਲ ਕਸਾਬ ਦਾ ਕੋਈ ਨਾਂ ਵੀ ਨਹੀਂ ਸੀ ਲੈ ਰਿਹਾ। ਆਪੋ-ਆਪਣੇ ਦੇਸ਼ ਲਈ ਜ਼ਿੰਦਾਬਾਦ ਦੇ ਨਾਹਰੇ ਦੋਵੇਂ ਪਾਸੇ ਲੱਗਦੇ ਰਹੇ, ਪਰ ਇੱਕ ਦੂਸਰੇ ਬਾਰੇ ਵਾਢਵਾਂ ਜਾਂ ਨਫਰਤ ਦੇ ਪ੍ਰਗਟਾਵੇ ਦਾ ਕੋਈ ਝਲਕਾਰਾ ਕਿਸੇ ਵੀ ਪਾਸੇ ਤੋਂ ਨਹੀਂ ਸੀ ਮਿਲਿਆ। ਇਹ ਇੱਕ ਸੁਖਾਵੀਂ ਗੱਲ ਸੀ।

ਲੋਕਾਂ ਦੇ ਪੱਧਰ ਉਤੇ ਜਿੱਥੇ ਇਹ ਸੁਖਾਵਾਂਪਣ ਸੀ, ਤੇ ਪਾਕਿਸਤਾਨ ਦੀ ਸਰਕਾਰ ਵੀ ਇਸ ਮਾਮਲੇ ਵਿਚ ਆਮ ਕਰ ਕੇ ਕਾਫੀ ਜ਼ਬਤ ਵਿਚ ਰਹੀ ਸੀ, ਉਥੇ ਕੁਝ ਹੋਰਨਾਂ ਨੇ ਵੱਖ-ਵੱਖ ਕਿਸਮ ਦੇ ਨੁਕਤੇ ਉਠਾਏ ਸਨ। ਮਿਸਾਲ ਵਜੋਂ ਇਮਰਾਨ ਖਾਨ ਵਰਗੇ ਤਾਲਿਬਾਨ ਦੀ ਖੁਸ਼ੀ ਵਿਚੋਂ ਪਾਕਿਸਤਾਨ ਦਾ ਤਖਤ ਭਾਲਦੇ ਫੁਕਰੇ ਕਿਸਮ ਦੇ ਰਾਜਸੀ ਆਗੂ ਨੇ ਇਹ ਮੰਗ ਰੱਖ ਦਿੱਤੀ ਕਿ ਕਸਾਬ ਦੇ ਜਵਾਬ ਵਿਚ ਹੁਣ ਸਰਬਜੀਤ ਸਿੰਘ ਨੂੰ ਫਾਂਸੀ ਲਾ ਦੇਣਾ ਚਾਹੀਦਾ ਹੈ। ਏਦਾਂ ਹੀ ਕਈ ਲੋਕਾਂ ਨੇ ਭਾਰਤ ਵਿਚ ਇਹ ਸਵਾਲ ਉਠਾ ਦਿੱਤਾ ਕਿ ਕਸਾਬ ਦੀ ਫਾਂਸੀ ਲੇਟ ਕਿਉਂ ਕੀਤੀ ਗਈ ਅਤੇ ਅਫਜ਼ਲ ਗੁਰੂ ਨੂੰ ਫਾਂਸੀ ਕਿਉਂ ਨਹੀਂ ਦਿੱਤੀ ਜਾ ਰਹੀ?

ਕੱਟੜਪੰਥੀ ਦੋਵੇਂ ਪਾਸੇ ਹੁੰਦੇ ਹਨ ਤੇ ਉਹ ਹਰ ਵਕਤ ਇਹੋ ਜਿਹਾ ਮੌਕਾ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਸ ਵਿਚ ਉਹ ਚਿੰਗਾੜੀ ਸੁੱਟ ਕੇ ਰਾਜਸੀ ਲਾਭ ਲੈ ਸਕਣ। ਭਾਰਤ ਦੇ ਕੱਟੜਪੰਥੀਆਂ ਨੇ ਪਹਿਲਾਂ ਕਸਾਬ ਦੇ ਸਵਾਲ ਉਤੇ ਸਰਕਾਰ ਨੂੰ ਭੜਕਾਉਣਾ ਜਾਰੀ ਰੱਖਿਆ ਕਿ ਉਹ ਉਸ ਨੂੰ ਫਟਾਫਟ ਫਾਂਸੀ ਲਾ ਦੇਵੇ। ਭਾਜਪਾ ਦੇ ਮੌਜੂਦਾ ਬਹੁ-ਚਰਚਿਤ ਪ੍ਰਧਾਨ ਨਿਤਿਨ ਗਡਕਰੀ ਨੇ ਤਾਂ ਇਹ ਵੀ ਸਵਾਲ ਉਛਾਲ ਦਿੱਤਾ ਸੀ ਕਿ 'ਕਸਾਬ ਕਯਾ ਕਾਂਗਰਸ ਵਾਲੋਂ ਕਾ ਦਾਮਾਦ ਲਗਤਾ ਹੈ, ਕਯਾ ਕਾਂਗਰਸ ਵਾਲੋਂ ਨੇ ਉਸ ਕੇ ਸਾਥ ਅਪਨੀ ਬੇਟੀ ਬਿਆਹ ਰੱਖੀ ਹੈ?' ਜ਼ਬਾਨ ਜਿੰਨੀ ਮਰਜ਼ੀ ਕੋਈ ਵਾਹੀ ਜਾਵੇ, ਕਾਨੂੰਨ ਦੇ ਅਧੀਨ ਚੱਲਦੇ ਲੋਕਤੰਤਰ ਅਤੇ ਭੀੜਤੰਤਰ ਵਿਚ ਫਰਕ ਰੱਖਣ ਦੀ ਜ਼ਿਮੇਵਾਰੀ ਦੇਸ਼ ਦੀ ਸੰਵਿਧਾਨਕ ਸਰਕਾਰ ਦੀ ਹੁੰਦੀ ਹੈ। ਜੇ ਕਸਾਬ ਨੂੰ ਪ੍ਰਕਿਰਿਆ ਪੂਰੀ ਕਰਨ ਤੋਂ ਪਹਿਲਾਂ ਫਾਂਸੀ ਲਾ ਦਿੱਤਾ ਹੁੰਦਾ ਤਾਂ ਦੁਨੀਆਂ ਇਹ ਪੁੱਛ ਸਕਦੀ ਸੀ ਕਿ ਭਾਰਤ ਦੇ ਲੋਕਤੰਤਰ ਤੇ ਅਫਗਾਨਿਸਤਾਨ ਵਿਚ ਇੱਕ ਦਹਾਕਾ ਪਹਿਲਾਂ ਦੇ ਤਾਲਿਬਾਨ ਦੇ ਰਾਜ ਵਿਚ ਕੀ ਫਰਕ ਹੈ, ਦੋਵੇਂ ਫਟਾਫਟ ਫਾਂਸੀਆਂ ਲਾਈ ਜਾਂਦੇ ਹਨ? ਹੁਣ ਅਜਿਹਾ ਕੋਈ ਸਵਾਲ ਪੁੱਛਣ ਦਾ ਮੌਕਾ ਨਹੀਂ ਰਹਿ ਗਿਆ।


ਗੋਲੀ ਚਲਾਉਂਦਾ ਅਤੇ ਬੇਦੋਸ਼ੇ ਲੋਕਾਂ ਨੂੰ ਮਾਰਦਾ ਜ਼ਖਮੀ ਹੋਣ ਪਿੱਛੋਂ ਹਥਿਆਰਾਂ ਸਮੇਤ ਫੜੇ ਜਾਣ ਦੇ ਬਾਵਜੂਦ ਭਾਰਤ ਨੇ ਕਸਾਬ ਨੂੰ ਬਾਕਾਇਦਾ ਆਪਣਾ ਪੱਖ ਅਦਾਲਤ ਵਿਚ ਪੇਸ਼ ਕਰਨ ਦਾ ਮੌਕਾ ਦਿੱਤਾ ਤੇ ਇਸ ਕੰਮ ਲਈ ਉਸ ਨੂੰ ਵਕੀਲ ਵੀ ਆਪਣੇ ਖਰਚੇ ਉਤੇ ਕਰ ਕੇ ਦਿੱਤੇ ਸਨ, ਜਦ ਕਿ ਉਸ ਦੇ ਆਪਣੇ ਦੇਸ਼ ਦੀ ਸਰਕਾਰ ਨੇ ਉਸ ਦੀ ਮੰਗ ਉਤੇ ਉਸ ਨੂੰ ਵਕੀਲ ਦੇਣ ਤੋਂ ਨਾਂਹ ਕਰ ਦਿੱਤੀ ਸੀ। ਆਪਣੇ ਦੇਸ਼ ਦੀ ਸਰਕਾਰ ਤੋਂ ਵਕੀਲ ਦੀ ਮੰਗ ਕਸਾਬ ਨੇ ਉਦੋਂ ਕੀਤੀ ਸੀ, ਜਦੋਂ ਪਾਕਿਸਤਾਨ ਸਰਕਾਰ ਉਸ ਨੂੰ ਆਪਣਾ ਨਾਗਰਿਕ ਮੰਨ ਚੁੱਕੀ ਸੀ। ਵਿਸ਼ੇਸ਼ ਅਦਾਲਤ ਵਿਚ ਫਾਂਸੀ ਦੀ ਸਜ਼ਾ ਦੇ ਹੁਕਮ ਨੂੰ ਹਾਈ ਕੋਰਟ ਤੋਂ ਪੁਸ਼ਟੀ ਮਿਲਣ ਪਿੱਛੋਂ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਲਈ ਵੀ ਉਸ ਨੂੰ ਵਕੀਲ ਕਰ ਕੇ ਦਿੱਤਾ ਗਿਆ ਤੇ ਜਦੋਂ ਉਥੋਂ ਵੀ ਉਸ ਦੀ ਸਜ਼ਾ ਕਾਇਮ ਰਹੀ, ਉਸ ਦੇ ਬਾਅਦ ਆਈ ਉਸ ਦੀ ਰਹਿਮ ਦੀ ਪਟੀਸ਼ਨ ਖਾਰਜ ਕਰਨ ਜਾਂ ਨਾ ਕਰਨ ਦਾ ਕੰਮ ਰਾਸ਼ਟਰਪਤੀ ਵੱਲੋਂ ਫਿਰ ਪ੍ਰਕਿਰਿਆ ਪੂਰੀ ਕਰਨ ਪਿੱਛੋਂ ਕੀਤਾ ਗਿਆ ਸੀ।

ਹੁਣ ਜੋ ਲੋਕ ਇਸ ਕੇਸ ਦੇ ਬਾਅਦ ਅਫਜ਼ਲ ਗੁਰੂ ਨੂੰ ਫਟਾਫਟ ਫਾਂਸੀ ਦੇਣ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਇਹ ਚੇਤਾ ਭੁੱਲ ਜਾਂਦਾ ਹੈ ਕਿ ਉਸ ਦੀ ਇੱਕ ਪਟੀਸ਼ਨ ਹਾਲੇ ਤੱਕ ਵਿਚਾਰ ਅਧੀਨ ਹੈ ਤੇ ਜਦੋਂ ਤੱਕ ਉਸ ਦਾ ਫੈਸਲਾ ਨਾ ਆ ਜਾਵੇ, ਉਸ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ। ਜੇ ਕਾਨੂੰਨ ਨੇ ਲੋਕਾਂ ਦੀ ਮੰਗ ਜਾਂ ਦਬਾਅ ਦੇ ਮੁਤਾਬਕ ਝੁਕਦੇ ਹੋਏ ਫੈਸਲੇ ਕਰਨੇ ਹਨ ਤਾਂ ਉਹ ਫੈਸਲੇ ਸੰਸਾਰ ਦੀ ਸੱਥ 'ਚ ਜਾਇਜ਼ ਠਹਿਰਾਉਣੇ ਔਖੇ ਹੋ ਜਾਣਗੇ।

ਦੂਸਰੇ ਪਾਸੇ ਪਾਕਿਸਤਨ ਵਿਚ ਤਾਲਿਬਾਨ ਕੀ ਕਹਿੰਦੇ ਹਨ, ਇਸ ਦੀ ਬਹੁਤੀ ਪ੍ਰਵਾਹ ਕਰਨ ਦੀ ਲੋੜ ਨਹੀਂ, ਪਰ ਇੱਕ ਰਾਜਸੀ ਆਗੂ ਵਜੋਂ ਜਿਹੜੀ ਘਟੀਆ ਗੱਲ ਇਮਰਾਨ ਖਾਨ ਨੇ ਆਖੀ ਹੈ, ਉਹ ਵਿਚਾਰਨ ਵਾਲੀ ਹੈ। ਉਸ ਦਾ ਇਹ ਕਹਿਣਾ ਅਸਲੋਂ ਨਾਵਾਜਬ ਹੈ ਕਿ ਕਸਾਬ ਦੀ ਫਾਂਸੀ ਦੇ ਜਵਾਬ ਵਿਚ ਪਾਕਿਸਤਾਨ ਸਰਕਾਰ ਹੁਣ ਸਰਬਜੀਤ ਸਿੰਘ ਨੂੰ ਫਾਂਸੀ ਟੰਗ ਦੇਵੇ। ਇਨ੍ਹਾਂ ਦੋਵਾਂ ਕੇਸਾਂ ਦਾ ਆਪੋ ਵਿਚ ਕੋਈ ਸਬੰਧ ਹੀ ਨਹੀਂ ਬਣਦਾ। ਅਜਮਲ ਕਸਾਬ ਮੌਕੇ ਉਤੇ ਹਥਿਆਰਾਂ ਸਮੇਤ ਫੜਿਆ ਗਿਆ ਸੀ। ਕਈ ਥਾਂ ਲੱਗੇ ਸੀ ਸੀ ਟੀ ਵੀ ਕੈਮਰਿਆਂ ਵਿਚ ਉਹ ਗੋਲੀਆਂ ਚਲਾਉਂਦਾ ਤੇ ਲੋਕਾਂ ਨੂੰ ਮਾਰਦਾ ਹੋਇਆ ਨਜ਼ਰ ਆਉਂਦਾ ਹੈ। ਉਸ ਦੀਆਂ ਗੋਲੀਆਂ ਨਾਲ ਸਾਰੀ ਉਮਰ ਲਈ ਤੁਰਨ ਤੋਂ ਨਕਾਰਾ ਹੋ ਚੁੱਕੀ ਇੱਕ ਬੱਚੀ ਨੇ ਫੌੜੀਆਂ ਦੀ ਮਦਦ ਨਾਲ ਤੁਰਦੇ ਹੋਏ ਅਦਾਲਤ ਵਿਚ ਆ ਕੇ ਕਸਾਬ ਨੂੰ ਪਛਾਣਿਆ ਤੇ ਕਿਹਾ ਸੀ ਕਿ ਇਹੋ ਹੈ, ਜਿਸ ਨੇ ਉਸ ਨੂੰ ਗੋਲੀਆਂ ਮਾਰੀਆਂ ਸਨ। ਫੜੇ ਜਾਣ ਵੇਲੇ ਉਸ ਨੇ ਉਹ ਕਮਾਂਡੋ ਵਰਦੀ ਪਾਈ ਹੋਈ ਸੀ ਤੇ ਉਹ ਹਥਿਆਰ ਵੀ ਉਸ ਦੇ ਕੋਲ ਸਨ, ਜਿਹੜੇ ਤਾਜ ਹੋਟਲ ਵਿਚ ਕਈ ਦਿਨ ਲੜਦੇ ਰਹਿਣ ਮਗਰੋਂ ਮਰਨ ਵਾਲੇ ਉਸ ਦੇ ਸਾਥੀ ਦਹਿਸ਼ਤਗਰਦਾਂ ਦੇ ਕੋਲ ਸਨ। ਸਰਬਜੀਤ ਦਾ ਇਸ ਸਾਰੀ ਕਹਾਣੀ ਨਾਲ ਕੀ ਜੋੜ ਜੁੜਦਾ ਹੈ? ਉਸ ਨੂੰ ਘਟਨਾ ਵਾਲੀ ਥਾਂ ਫੜਿਆ ਨਹੀਂ ਸੀ ਗਿਆ, ਕਿਸੇ ਨੇ ਇਹ ਕੰਮ ਕਰਦਾ ਨਹੀਂ ਸੀ ਵੇਖਿਆ ਤੇ ਸਭ ਤੋਂ ਵੱਡੀ ਗੱਲ ਇਹ ਕਿ ਜਿਸ ਵਾਰਦਾਤ ਲਈ ਉਸ ਨੂੰ ਫਾਂਸੀ ਦਾ ਹੁਕਮ ਦਿੱਤਾ ਗਿਆ, ਪੁਲਿਸ ਰਿਪੋਰਟ ਮੁਤਾਬਕ ਉਹ ਕਿਸੇ ਮਨਜੀਤ ਸਿੰਘ ਨੇ ਕੀਤੀ ਸੀ, ਸਰਬਜੀਤ ਨੇ ਕੀਤੀ ਹੀ ਨਹੀਂ। ਉਹ ਅਦਾਲਤ ਵਿਚ ਕੂਕ-ਕੂਕ ਕੇ ਕਹਿੰਦਾ ਰਿਹਾ ਕਿ ਉਹ ਮਨਜੀਤ ਨਹੀਂ, ਸਰਬਜੀਤ ਹੈ, ਪਰ ਉਸ ਦੀ ਕਿਸੇ ਨੇ ਨਹੀਂ ਸੀ ਸੁਣੀ। ਗਲਤ ਪਛਾਣ ਦੇ ਆਧਾਰ ਉਤੇ ਫਾਂਸੀ ਟੰਗੇ ਜਾ ਰਹੇ ਬੰਦੇ ਦੀ ਫਾਂਸੀ ਨਾਜਾਇਜ਼ ਹੀ ਕਹੀ ਜਾਣੀ ਹੈ, ਉਸ ਨੂੰ ਕਸਾਬ ਦੇ ਨਾਲ ਤੋਲਣ ਦੀ ਗੱਲ ਪਾਕਿਸਤਾਨ ਦੇ ਲੋਕਾਂ ਵਿਚੋਂ ਵੀ ਕਿਸੇ ਹੋਰ ਨੇ ਨਹੀਂ ਕੀਤੀ, ਸਿਰਫ ਇਮਰਾਨ ਖਾਨ ਕਰਦਾ ਹੈ ਅਤੇ ਵੱਡੇ ਤਖਤ ਦੀ ਝਾਕ ਰੱਖ ਕੇ ਇਸ ਲਈ ਕਰਦਾ ਹੈ ਕਿ ਉਹ ਆਪਣੇ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਉਨ੍ਹਾਂ ਦਾ ਲਾਭ ਲੈ ਸਕੇ।

ਪਾਕਿਸਤਾਨ ਦੇ ਲੋਕਾਂ ਨੂੰ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਰਪੇਸ਼ ਹਨ ਜਿਨ੍ਹਾਂ ਵੱਲ ਇਮਰਾਨ ਖਾਨ ਨੇ ਜੇ ਧਿਆਨ ਦਿੱਤਾ ਹੋਵੇ ਤਾਂ ਵੱਧ ਲਾਭ ਹੋ ਸਕਦਾ ਹੈ। ਇਸ ਵਕਤ ਆਏ ਦਿਨ ਉਥੇ ਬੰਬ ਚੱਲ ਰਹੇ ਹਨ ਤੇ ਬੇਦੋਸ਼ੇ ਲੋਕਾਂ ਦੇ ਮਰਨ ਦਾ ਸਿਲਸਿਲਾ ਚੱਲ ਰਿਹਾ ਹੈ, ਜਿਨ੍ਹਾਂ ਦੀ ਜ਼ਿਮੇਵਾਰੀ ਤਾਲਿਬਾਨ ਹਿੱਕ ਠੋਕ ਕੇ ਲੈਂਦੇ ਹਨ। ਇਮਰਾਨ ਨੇ ਕਦੇ ਉਨ੍ਹਾਂ ਨੂੰ ਇਹ ਨਹੀਂ ਕਿਹਾ ਕਿ ਤੁਸੀਂ ਅਮਰੀਕਾ ਦੀ ਸਰਕਾਰ ਨਾਲ ਜਾਂ ਆਪਣੇ ਮੁਲਕ ਦੀ ਸਰਕਾਰ ਦੇ ਨਾਲ ਲੜਦੇ ਹੋ ਤਾਂ ਲੜੀ ਜਾਵੋ, ਪਰ ਬੇਦੋਸ਼ੇ ਲੋਕਾਂ ਨੂੰ ਬੰਬਾਂ ਦਾ ਸ਼ਿਕਾਰ ਬਣਾਉਣਾ ਤਾਂ ਬੰਦ ਕਰ ਦਿਓ। ਅਜਿਹਾ ਕਰਨ ਤੋਂ ਪਹਿਲਾਂ ਇਮਰਾਨ ਨੂੰ 'ਰੱਬ ਨੇੜੇ ਕਿ ਘਸੁੰਨ' ਦੀ ਕਹਾਵਤ ਯਾਦ ਆ ਜਾਂਦੀ ਹੈ ਤੇ ਉਸ ਦੀ ਕੰਬਣੀ ਛਿੜਦੇ ਸਾਰ ਉਹ ਤਾਲਿਬਾਨ ਨੂੰ ਖੁਸ਼ ਕਰਨ ਲਈ ਸਰਗਰਮ ਹੋ ਜਾਂਦਾ ਹੈ। ਉਸ ਨੇ ਉਦੋਂ ਵੀ ਜ਼ਬਾਨ ਨਹੀਂ ਖੋਲ੍ਹੀ, ਜਦੋਂ ਉਸ ਦੇ ਮੁਲਕ ਦੇ ਲੋਕਾਂ ਨੂੰ ਨਮਾਜ਼ ਪੜ੍ਹਦਿਆਂ ਨੂੰ ਮਸਜਿਦਾਂ ਵਿਚ ਬੰਬ ਮਾਰ ਕੇ ਮਾਰ ਦਿੱਤਾ ਗਿਆ। ਮਲਾਲਾ ਯੂਸਫਜ਼ਈ ਨੂੰ ਸਾਰੀ ਦੁਨੀਆਂ ਦੇ ਲੋਕਾਂ ਨੇ ਇਸ ਗੱਲ ਦੀ ਸ਼ਾਬਾਸ਼ ਦਿੱਤੀ ਕਿ ਉਸ ਨੇ ਗੋਲੀਆਂ ਦੀ ਗੂੰਜ ਵਿਚ ਰਹਿ ਕੇ ਵੀ ਜ਼ਮੀਰ ਨਹੀਂ ਮਰਨ ਦਿੱਤੀ, ਪਰ ਇਮਰਾਨ ਖਾਨ ਸੌ ਪਹਿਰਿਆਂ ਵਿਚ ਹੁੰਦਾ ਹੋਇਆ ਵੀ ਜ਼ਮੀਰ ਦੀ ਆਵਾਜ਼ ਨਹੀਂ ਸੁਣ ਰਿਹਾ।

ਜਿਸ ਹਫਤੇ ਇੱਕ ਪਾਕਿਸਤਾਨੀ ਦਹਿਸ਼ਤਗਰਦ ਨੂੰ ਭਾਰਤ ਵਿਚ ਫਾਂਸੀ ਲਾਈ ਗਈ ਤੇ ਉਸ ਦੇ ਆਪਣੇ ਦੇਸ਼ ਵਿਚ ਵੀ ਬਹੁਤੇ ਲੋਕਾਂ ਨੇ 'ਜੋ ਬੀਜਿਆ, ਜੋ ਵੱਢਿਆ' ਮੰਨ ਲਿਆ, ਉਸ ਹਫਤੇ ਵੀ ਪਾਕਿਸਤਾਨ ਵਿਚ ਖੂਨ-ਖਰਾਬਾ ਓੜਕ ਨੂੰ ਪਾਰ ਕਰ ਗਿਆ, ਪਰ ਉਸ ਬਾਰੇ ਇਮਰਾਨ ਖਾਨ ਨਹੀਂ ਬੋਲਿਆ। ਸੰਸਾਰ ਵਿਚ ਮੁਸਲਮਾਨਾਂ ਦੇ ਦੋ ਮੁੱਖ ਵਰਗ ਹਨ, ਇੱਕ ਸੁੰਨੀ ਅਤੇ ਦੂਸਰੇ ਸ਼ੀਆ ਕਹੇ ਜਾਂਦੇ ਹਨ। ਇਸ ਵਕਤ ਪਾਕਿਸਤਾਨ ਵਿਚ ਸ਼ੀਆ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਕੀਤੇ ਜਾ ਰਹੇ ਹਨ ਤੇ ਇੱਕ ਮਸਜਿਦ ਵਿਚ ਆਤਮਘਾਤੀ ਬੰਬਾਰ ਭੇਜ ਕੇ ਦੋ ਦਰਜਨ ਤੋਂ ਵੱਧ ਲੋਕ ਇਸੇ ਹਫਤੇ ਮਾਰ ਕੇ ਇਸ ਤੋਂ ਡਿਓਢੇ ਹੋਰਨਾਂ ਨੂੰ ਹਸਪਤਾਲ ਪੁਚਾ ਦਿੱਤਾ ਗਿਆ ਹੈ। ਕਾਤਲਾਂ ਦੀ ਬੋਲੀ ਵਿਚ ਸ਼ੀਆ ਮੁਸਲਮਾਨ ਅਸਲੀ ਮੁਸਲਮਾਨ ਨਹੀਂ ਮੰਨੇ ਜਾ ਰਹੇ, ਪਰ ਉਹ ਹਕੀਕਤ ਨਾ ਵੀ ਜਾਣਦੇ ਹੋਣ, ਇਮਰਾਨ ਖਾਨ ਨੂੰ ਤਾਂ ਪਤਾ ਹੋਵੇਗਾ ਕਿ ਮੁਲਕ ਦਾ ਬਾਬਾ-ਇ-ਕੌਮ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ ਵੀ ਸ਼ੀਆ ਮੁਸਲਮਾਨ ਸੀ। ਇੱਕ ਸ਼ੀਆ ਆਗੂ ਦੇ ਪੈਦਾ ਕੀਤੇ ਮੁਲਕ ਵਿਚ ਉਸ ਦੇ ਆਪਣੇ ਸ਼ੀਆ ਭਾਈਚਾਰੇ ਦਾ ਨਸਲਘਾਤ ਹੋਈ ਜਾਣਾ ਕਿਸ ਦਲੀਲ ਨਾਲ ਜਾਇਜ਼ ਕਿਹਾ ਜਾ ਸਕਦਾ ਹੈ? ਤੇ ਜੇ ਨਹੀਂ ਕਿਹਾ ਜਾ ਸਕਦਾ ਤਾਂ ਇਮਰਾਨ ਖਾਨ ਜਾਂ ਹੋਰ ਪਾਕਿਸਤਾਨੀ ਲੀਡਰ ਇਸ ਕਤਲੇਆਮ ਦੇ ਖਿਲਾਫ ਕਦੇ ਬੋਲਦੇ ਕਿਉਂ ਨਹੀਂ? ਕੀ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਉਹ ਇਸ ਕਤਲੇਆਮ ਬਾਰੇ ਚੁੱਪ ਸਹਿਮਤੀ ਦੇ ਕੇ ਕਾਤਲਾਂ ਦੀ ਤਰਫਦਾਰੀ ਦਾ ਗੁਨਾਹ ਕਰ ਰਹੇ ਹਨ?



*ਅਜਮਲ ਆਮਿਰ ਕਸਾਬ*

ਬਰਤਾਨਵੀ ਸਾਮਰਾਜ ਦੇ ਜਾਣ ਤੇ ਪਾਕਿਸਤਾਨ ਦੇ ਪੈਦਾ ਹੋਣ ਦੇ ਦਿਨ ਤੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਚਾਰ ਵਾਰ ਜੰਗਾਂ ਹੋ ਜਾਣ ਦੇ ਬਾਵਜੂਦ ਭਾਰਤ ਨੇ ਕਦੇ ਕੋਈ ਸਾਜ਼ਿਸ਼ ਕੀਤੀ ਨਹੀਂ ਤੇ ਪਾਕਿਸਤਾਨ ਨੇ ਕਦੇ ਕੋਈ ਮੌਕਾ ਛੱਡਿਆ ਨਹੀਂ। ਹਾਲੇ ਉਸ ਦੇ ਨਵਾਂ ਦੇਸ਼ ਬਣੇ ਨੂੰ ਛੇ ਮਹੀਨੇ ਹੋਏ ਸਨ, ਜਦੋਂ ਕਸ਼ਮੀਰ ਘਾਟੀ ਵਿਚ ਕਬਾਇਲੀਆਂ ਦੇ ਭੇਸ ਵਿਚ ਪਾਕਿਸਤਾਨ ਨੇ ਆਪਣੀ ਫੌਜ ਭੇਜ ਕੇ ਕਬਜ਼ਾ ਕਰਨ ਦਾ ਯਤਨ ਕੀਤਾ ਤੇ ਅੱਧਾ ਕਸ਼ਮੀਰ ਉਦੋਂ ਤੋਂ ਉਸ ਦੇ ਨਾਜਾਇਜ਼ ਕਬਜ਼ੇ ਹੇਠ ਹੈ। ਉਸ ਦੇ ਬਾਅਦ ਹੁਣ ਤੱਕ ਚਾਰ ਵਾਰ ਭਾਰਤੀ ਹਵਾਈ ਜਹਾਜ਼ ਅਗਵਾ ਕਰ ਕੇ ਉਧਰ ਲਿਜਾਏ ਗਏ, ਭਾਰਤ ਵੱਲ ਉਥੋਂ ਟਾਂਗਾ ਵੀ ਕਦੇ ਅਗਵਾ ਕਰ ਕੇ ਕਿਸੇ ਨੇ ਨਹੀਂ ਲਿਆਂਦਾ ਕਿਉਂਕਿ ਭਾਰਤ ਏਦਾਂ ਦੀ ਸਰਗਰਮੀ ਨੂੰ ਸ਼ਹਿ ਨਹੀਂ ਦਿੰਦਾ, ਜਦ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਇਹ ਕੰਮ ਆਪ ਸ਼ਹਿ ਦੇ ਕੇ ਕਰਵਾਉਂਦੀ ਹੈ। ਜਿੰਨੀ ਵਾਰੀ ਵੀ ਦਹਿਸ਼ਤਗਰਦੀ ਦੀ ਕੋਈ ਘਟਨਾ ਹੋਈ, ਭਾਵੇਂ ਭਾਰਤ ਤਾਂ ਕੀ, ਅਮਰੀਕਾ ਜਾਂ ਡੈਨਮਾਰਕ ਵਿਚ ਵੀ ਕੋਈ ਬੰਦਾ ਫੜਿਆ ਜਾਵੇ, ਹਰ ਵਾਰੀ ਉਸ ਦੀ ਪੈੜ ਪਾਕਿਸਤਾਨ ਵਿਚ ਜਾ ਕੇ ਨਿਕਲਦੀ ਹੈ। ਇਹ ਸੁੱਤੇ-ਸਿੱਧ ਤਾਂ ਨਹੀਂ ਹੋ ਰਿਹਾ।

ਕਸਾਬ ਦੀ ਫਾਂਸੀ ਲਈ ਵੀ ਪਾਕਿਸਤਾਨ ਦੀ ਖੁਫੀਆ ਏਜੰਸੀ ਜਾਂ ਉਹ ਕੱਟੜਪੰਥੀ ਵੱਧ ਜ਼ਿਮੇਵਾਰ ਹਨ, ਜਿਹੜੇ ਆਪਣੇ ਲੋਕਾਂ ਦੇ ਪੁੱਤਰਾਂ ਨੂੰ ਬੇਗਾਨੇ ਮੁਲਕਾਂ ਵਿਚ ਮੌਤ ਦਾ ਮੀਂਹ ਵਰ੍ਹਾਉਣ ਤੇ ਫਿਰ ਆਪ ਮੌਤ ਦੀ ਝੋਲੀ ਪੈਣ ਲਈ ਭੇਜਦੇ ਹਨ। ਜਿਸ ਕਿਸੇ ਵਿਅਕਤੀ ਜਾਂ ਦੇਸ਼ ਦੇ ਪੱਲੇ ਚੰਦਰਾ ਗਵਾਂਢ ਪੈ ਜਾਵੇ, ਉਸ ਨੂੰ ਜੋ ਕੁਝ ਭੁਗਤਣਾ ਪੈਂਦਾ ਹੈ, ਉਹ ਭਾਰਤ ਭੁਗਤ ਰਿਹਾ ਹੈ, ਪਰ ਹੁਣ ਦੂਸਰੇ ਘਰਾਂ ਵੱਲ ਸੁੱਟੇ ਜਾਂਦੇ ਅੱਗ ਦੇ ਕੁਝ ਗੋਲੇ ਸਾਜ਼ਿਸ਼ ਕਰਨ ਵਾਲਿਆਂ ਦੇ ਆਪਣੇ ਘਰ ਵੀ ਡਿੱਗਣ ਲੱਗੇ ਹਨ। ਬਦਲ ਰਹੇ ਹਾਲਾਤ ਨੂੰ ਸਮਝ ਕੇ ਉਨ੍ਹਾਂ ਨੂੰ ਹੁਣ ਕਸਾਬ ਦਾ ਕਿੱਸਾ ਛੱਡ ਕੇ ਆਪਣਾ ਘਰ ਸਾਂਭਣਾ ਚਾਹੀਦਾ ਹੈ। ਜੇ ਉਸ ਦੇਸ਼ ਦੇ ਲੀਡਰ ਹੁਣ ਵੀ ਪੁਰਾਣੀਆਂ ਖੇਡਾਂ ਵਿਚ ਗਲਤਾਨ ਰਹੇ ਜਾਂ ਖੁਫੀਆ ਏਜੰਸੀ ਦੇ ਕਾਰਿੰਦੇ ਬਣੇ ਰਹੇ ਤਾਂ ਪਾਕਿਸਤਾਨ ਦੇ ਲੋਕਾਂ ਦਾ ਅੱਜ ਖਰਾਬ ਕਰ ਚੁੱਕਣ ਤੋਂ ਬਾਅਦ ਉਨ੍ਹਾਂ ਦਾ ਭਵਿੱਖ ਵੀ ਹੋਰ ਧੁੰਦਲਾ ਕਰ ਦੇਣ ਦੇ ਦੋਸ਼ੀ ਮੰਨੇ ਜਾਣਗੇ।

## ਬਿਲਾਵਲ ਭੁੱਟੋ ਵੱਲੋਂ ਚੋਣ ਮੈਦਾਨ 'ਚ ਨਿਤਰਨ ਦੀ ਤਿਆਰੀ

**ਇਸਲਾਮਾਬਾਦ:** ਪਾਕਿਸਤਾਨ ਦੀ ਸੱਤਾਧਾਰੀ ਪੀ.ਪੀ.ਪੀ. ਦੇ ਚੇਅਰਮੈਨ ਬਿਲਾਵਲ ਭੁੱਟੋ ਵੱਲੋਂ 27 ਦਸੰਬਰ ਨੂੰ ਆਪਣੀ ਮਾਂ ਬੇਨਜ਼ੀਰ ਭੁੱਟੋ ਦੀ ਬਰਸੀ ਮੌਕੇ ਸੂਬੇ ਸਿੰਧ ਵਿਚ ਲੜਕਾਣਾ ਤੋਂ ਪਾਰਟੀ ਦੀ ਲੋਕ ਸੰਪਰਕ ਮੁਹਿੰਮ ਵਿਚ ਸ਼ਾਮਲ ਹੋਣ ਤੇ ਚੁਣਾਵੀ ਰਾਜਨੀਤੀ ਵਿਚ ਕੁੱਦਣ ਦੇ ਆਸਾਰ ਹਨ। ਉਰਦੂ ਅਖ਼ਬਾਰ 'ਐਕਸਪ੍ਰੈਸ' ਦੀ ਰਿਪੋਰਟ ਅਨੁਸਾਰ 24 ਸਾਲਾ ਬਿਲਾਵਲ ਇਸ ਤੋਂ ਮਗਰੋਂ ਜਨਵਰੀ ਮਹੀਨੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨਾਲ ਪਾਕਿਸਤਾਨ ਦੇ ਕਈ ਜ਼ਿਲ੍ਹਿਆਂ ਦਾ ਦੌਰਾ ਕਰਨਗੇ ਤੇ ਪਾਰਟੀ ਦੇ ਆਗੂਆਂ ਤੇ ਕਾਰਕੁਨਾਂ ਨਾਲ ਮੀਟਿੰਗਾਂ ਕਰਕੇ ਬਿਲਾਵਲ ਦਾ ਦੌਰਾ ਕਰਾਚੀ ਦੇ ਲਾਇਰੀ ਇਲਾਕੇ ਤੋਂ ਸ਼ੁਰੂ ਹੋਵੇਗਾ ਜੋ ਪੀ.ਪੀ.ਪੀ. ਦਾ ਰਵਾਇਤੀ ਗੜ੍ਹ ਮੰਨਿਆ ਜਾਂਦਾ ਹੈ।

ਅਖ਼ਬਾਰ ਨੇ ਲਿਖਿਆ ਕਿ ਬਿਲਾਵਲ ਦੇ ਪਿਤਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਦੇਸ਼ ਦੇ ਸਿਆਸੀ ਹਾਲਾਤ ਤੇ ਪਾਰਟੀ ਮਾਮਲਿਆਂ ਬਾਰੇ ਪੀ.ਪੀ.ਪੀ. ਦੀ ਸੀਨੀਅਰ ਲੀਡਰਸ਼ਿਪ ਨਾਲ ਲਗਾਤਾਰ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਪਿਛਲੇ ਹਫ਼ਤੇ ਮੁਲਤਾਨ ਦੌਰੇ ਦੌਰਾਨ ਪਾਰਟੀ ਆਗੂਆਂ ਨਾਲ ਲੰਮੀ ਗੁਫ਼ਤਗੂ ਕੀਤੀ ਸੀ ਜਿਸ ਤੋਂ ਬਾਅਦ ਉਨ੍ਹਾਂ ਬਿਲਾਵਲ ਨੂੰ ਪਾਰਟੀ ਦੇ ਅਹਿਮ ਮਾਮਲਿਆਂ ਦੀ ਜ਼ਿੰਮੇਵਾਰੀ ਸੰਭਾਲਣ ਦੀ ਹਦਾਇਤ ਕੀਤੀ ਸੀ। ਬਿਲਾਵਲ ਦੀ ਮਦਦ ਲਈ ਕਮੇਟੀ ਕਾਇਮ ਕੀਤੀ ਗਈ ਹੈ।

## ਭਾਰਤ-ਪਾਕਿ ਵੀਜ਼ਾ ਸਮਝੌਤਾ ਸਿਰੇ ਚੜ੍ਹਿਆ

**ਇਸਲਾਮਾਬਾਦ:** ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਭਾਰਤ ਨਾਲ ਹੋਏ ਵੀਜ਼ਾ ਸਮਝੌਤੇ 'ਤੇ ਮੋਹਰ ਲਾ ਦਿੱਤੀ ਹੈ। ਇਸ ਸਾਲ ਸਤੰਬਰ ਵਿਚ ਦੋਵਾਂ ਦੇਸ਼ਾਂ ਵਿਚਾਲੇ ਹੋਏ ਵੀਜ਼ਾ ਸਮਝੌਤੇ ਦਾ ਵਪਾਰੀਆਂ ਤੇ ਬਜ਼ੁਰਗਾਂ ਸਣੇ ਕਈ ਸ਼੍ਰੇਣੀਆਂ ਨੂੰ ਲਾਭ ਮਿਲੇਗਾ। ਪਾਕਿਸਤਾਨ ਦੀ ਕੈਬਨਿਟ ਨੇ 31 ਅਕਤੂਬਰ ਨੂੰ ਵੀਜ਼ਾ ਸਮਝੌਤੇ ਨੂੰ ਤਸਦੀਕ ਕਰ ਦਿੱਤਾ ਸੀ ਤੇ ਰਾਸ਼ਟਰਪਤੀ ਦੀ ਮੋਹਰ ਲੱਗਣ ਤੋਂ ਬਾਅਦ ਦੋਵਾਂ ਮੁਲਕਾਂ ਦੇ ਯਾਤਰੀਆਂ ਨੂੰ ਵੱਡੀ ਸਹੂਲਤ ਮਿਲੇਗੀ।

# ਮਨਪ੍ਰੀਤ ਬਾਦਲ ਪ੍ਰਤੀ ਮਨ ਦੇ ਵਲਵਲੇ!

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਵਖਤਾਂ ਮਾਰੀ 'ਪੀਪਲਜ਼ ਪਾਰਟੀ ਆਫ਼ ਪੰਜਾਬ' ਜਾਂ ਇਸ ਦੇ ਸੰਸਥਾਪਕ ਮਨਪ੍ਰੀਤ ਸਿੰਘ ਬਾਦਲ ਬਾਰੇ ਕੁਝ ਕਹਿਣ ਤੋਂ ਪਹਿਲਾਂ ਇਕ ਇਤਿਹਾਸਕ ਝਾਕੀ ਦੇ ਅੰਸ਼ ਪੇਸ਼ ਕਰ ਰਿਹਾ ਹਾਂ ਤਾਂ ਕਿ ਜਿਨ੍ਹਾਂ ਹਾਲਾਤ ਨਾਲ ਇਹ ਦੋਵੇਂ ਜੂਝ ਰਹੇ ਹਨ, ਉਹ ਸਹਿਜੇ ਹੀ ਪਕੜ ਵਿਚ ਆ ਜਾਣ। ਇਹ ਵੀ ਸਪੱਸ਼ਟ ਕਰਦਾ ਜਾਵਾਂ ਕਿ ਮੈਂ ਮਨਪ੍ਰੀਤ ਦੀ ਪਾਰਟੀ ਦਾ ਮੈਂਬਰ-ਸ਼ੈਂਬਰ ਨਹੀਂ ਹੈ। ਹਾਂ, ਪੰਜਾਬ ਦੇ ਉਨ੍ਹਾਂ ਹਜ਼ਾਰਾਂ ਲੱਖਾਂ ਹਿਤੈਸ਼ੀਆਂ ਵਿਚੋਂ ਇਕ ਜ਼ਰੂਰ ਹਾਂ ਜੋ ਮਨਪ੍ਰੀਤ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਉਸ ਤੋਂ ਕੋਈ ਤਵੱਕੋ ਰੱਖਦੇ ਸਨ ਜਾਂ ਹਨ। ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਦੀ ਬਜਾਏ, ਹਾਲਾਤ ਦੇ ਗ੍ਰਹਿਣੇ ਹੋਏ ਉਸ ਸੂਰਜ ਦੀ ਗੱਲ ਕਰਨ ਜਾ ਰਿਹਾ ਹਾਂ ਜਿਸ ਦੇ ਸ਼ੁਭਚਿੰਤਕ ਹਤਾਸ਼ ਅਤੇ ਨਿਰਾਸ਼ ਹੋਏ ਬੈਠੇ ਹਨ; ਖਾਸ ਕਰ ਕੇ ਮਨਪ੍ਰੀਤ ਦੇ ਵਿਦੇਸ਼ੀ ਦੌਰਿਆਂ ਮੌਕੇ ਜਿਹੜਾ ਠਾਠਾਂ ਮਾਰਦਾ ਲੋਕ-ਸੈਲਾਬ ਉਸ ਤੋਂ ਨਿਛਾਵਰ ਹੋਣ ਆਉਂਦਾ ਸੀ, ਉਸ ਜਾਹੋ-ਜਲਾਲ ਨੂੰ ਚਿਤਵਦਿਆਂ ਇਹ ਸਤਰਾਂ ਲਿਖ ਰਿਹਾ ਹਾਂ।

ਪਹਿਲਾਂ ਇਤਿਹਾਸਕ ਵੇਰਵਾ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਦੱਖਣ ਵੱਲ ਜਾਂਦੇ ਵਕਤ ਜਦੋਂ ਬਹਾਦਰ ਸ਼ਾਹ ਨੇ ਸ਼ਾਹਾਨਾ ਦਰਬਾਰ ਸਜਾ ਕੇ ਸਵਾਗਤ ਕੀਤਾ, ਤਦ ਉਸ ਦਰਬਾਰ ਵਿਚ ਇਕ ਤੁਅੱਸਬੀ ਕਾਜ਼ੀ ਨੇ ਦਸਵੇਂ ਗੁਰੂ ਜੀ ਨੂੰ ਕੋਈ ਕਰਾਮਾਤ ਦਿਖਾਉਣ ਲਈ ਫਰਮਾਇਸ਼ ਕੀਤੀ। ਦੱਸਿਆ ਜਾਂਦਾ ਹੈ ਕਿ ਪਹਿਲਾਂ ਤਾਂ ਗੁਰੂ ਸਾਹਿਬ ਨੇ 'ਕਰਾਮਾਤ ਨੂੰ ਕਹਿਰ' ਆਖਦਿਆਂ ਗੁਰੂ ਘਰ ਵਿਚ ਇਸ ਨੂੰ ਨਿਖੇਧੀਯੋਗ ਦੱਸਿਆ, ਲੇਕਿਨ ਕਾਜ਼ੀ ਵੱਲੋਂ ਜ਼ੋਰ ਦੇਣ 'ਤੇ ਉਨ੍ਹਾਂ ਦਰਬਾਰ 'ਚ ਬੈਠੇ ਨਵੇਂ-ਨਵੇਂ ਬਾਦਸ਼ਾਹ ਬਣੇ ਬਹਾਦਰ ਸ਼ਾਹ ਵੱਲ ਇਸ਼ਾਰਾ ਕਰਦਿਆਂ ਆਖਿਆ ਕਿ ਹੁਕਮਰਾਨ ਹੋਣਾ ਵੀ ਕਰਾਮਾਤ ਹੀ ਹੈ। ਹਾਕਮ ਜਿਸ ਨੂੰ ਚਾਹੇ ਫਾਂਸੀ 'ਤੇ ਲਟਕਾ ਸਕਦਾ ਹੈ, ਕਿਸੇ ਨੂੰ ਜਗੀਰਾਂ ਬਖ਼ਸ਼ ਕੇ ਸਨਮਾਨਤ ਕਰ ਸਕਦਾ ਹੈ।

ਕਾਜ਼ੀ ਨੇ ਫਿਰ ਕਿਹਾ ਕਿ ਆਪ ਦੀ ਗੱਲ ਮੰਨ ਲੈਂਦੇ ਹਾਂ ਪਰ ਮੈਂ ਆਪ ਦੀ ਕਰਾਮਾਤ ਦੇਖਣੀ ਚਾਹੁੰਦਾ ਹਾਂ। ਗੁਰੂ ਜੀ ਨੇ ਮੁਸਕਰਾਉਂਦਿਆਂ



ਆਪਣੇ ਖੀਸੇ ਵਿਚੋਂ ਮੋਹਰ (ਉਸ ਵੇਲੇ ਦੀ ਕਰੰਸੀ ਦਾ ਸਿੱਕਾ) ਕੱਢਦਿਆਂ ਆਖਿਆ ਕਿ ਕਾਜ਼ੀ ਸਾਹਿਬ, ਇਸ ਜਹਾਨ ਦੀ ਇਹ ਵੀ ਇਕ ਕਰਾਮਾਤ ਹੈ ਕਿ ਜਿਸ ਕੋਲ ਇਹ ਬਹੁਤਾਤ ਵਿਚ ਹੋਵੇ, ਉਹ ਇਸ ਦੀ ਵਰਤੋਂ ਕਰ ਕੇ ਤਾਜ-ਓ-ਤਖਤ ਪਲਟਾ ਸਕਦਾ ਹੈ, ਨੀਵੇਂ ਨੂੰ ਉਚਾ ਤੇ ਉਚੇ ਨੂੰ ਨੀਵਾਂ ਦਿਖਾ ਸਕਦਾ ਹੈ। ਇਸ ਦੀ ਤਾਕਤ ਨਾਲ ਜ਼ਮੀਨਾਂ ਹੀ ਨਹੀਂ, ਜ਼ਮੀਰਾਂ ਵੀ ਖਰੀਦੀਆਂ ਜਾਂਦੀਆਂ ਹਨ।

ਇਹ ਸਾਖੀ ਤਾਂ ਅੱਗੇ ਹੋਰ ਲੰਬੀ ਚੱਲਦੀ ਹੈ ਕਿ ਕਾਜ਼ੀ ਵੱਲੋਂ ਕੁਝ 'ਔਖਾ-ਭਾਰਾ' ਹੋ ਕੇ ਬੋਲਣ 'ਤੇ ਗੁਰੂ ਮਹਾਰਾਜ ਦੇ ਲਾਗੇ ਖੜ੍ਹੇ ਭਾਈ ਦਇਆ ਸਿੰਘ ਨੇ ਤਿੰਨ ਫੁੱਟੀ ਸ੍ਰੀ ਸਾਹਿਬ ਮਿਆਨੋਂ ਧੂਹ ਕੇ ਲਹਿਰਾਉਂਦਿਆਂ ਕਾਜ਼ੀ ਨੂੰ ਲਲਕਾਰਿਆ ਕਿ ਹੁਣੇ ਆ ਜਾ, ਤੈਨੂੰ 'ਗੁਰੂ ਜੀ ਦੀ ਕਰਾਮਾਤ' ਵੀ ਦਿਖਾ ਦਿਆਂ! ਲੇਕਿਨ ਆਪਾਂ ਇਸ ਇਤਿਹਾਸਕ ਵੇਰਵੇ ਵਿਚੋਂ ਦੋ ਕਰਾਮਾਤਾਂ ਦਾ ਆਪਣੀ ਲਿਖਤ ਵਿਚ ਉਲੇਖ ਕਰਨਾ ਹੈ। ਪਹਿਲੀ 'ਹੁਕਮਰਾਨ' ਹੋਣ ਦੀ ਤੇ ਦੂਜੀ 'ਮਾਇਆ' ਦੀ ਕਰਾਮਾਤ!

ਹਰ ਨਿਰਪੱਖ ਬੰਦਾ ਇਸ ਸੱਚਾਈ ਨੂੰ ਸਵੀਕਾਰ ਕਰੇਗਾ ਕਿ ਮੌਜੂਦਾ ਸਮੇਂ ਵਿਚ ਮਨਪ੍ਰੀਤ ਤੇ ਉਸ ਦੀ ਪੀ.ਪੀ.ਪੀ. ਉਪਰ ਉਪਰੋਕਤ ਦੋਹਾਂ ਕਰਾਮਾਤਾਂ ਨੇ ਕਹਿਰ-ਏ-ਨਾਜ਼ਲ ਬਰਸਾਇਆ ਹੋਇਆ ਹੈ। ਹਾਲੇ ਕਾਂਗਰਸੀਆਂ ਵੱਲੋਂ ਬਾਦਲ ਦਲ ਵਿਚ ਜਾਣ ਦਾ ਤਾਂ ਕੋਈ ਨਾਗਾ ਪੈ ਜਾਂਦਾ ਹੈ, ਪਰ ਕੋਈ ਸੁੱਕਾ ਦਿਨ ਲੰਘਦਾ ਹੀ ਨਹੀਂ ਜਿਸ ਦਿਨ ਪੀ.ਪੀ.ਪੀ. ਦੇ ਕਿਸੇ ਹਮਾਇਤੀ ਦੇ ਸਿਰ 'ਤੇ ਦੋਹਾਂ ਕਰਾਮਾਤਾਂ ਦੇ ਕਾਂ ਠੂੰਗੇ ਨਹੀਂ ਮਾਰਦੇ। ਭਗਤ ਕਬੀਰ ਦਾ ਇਹ ਸਲੋਕ ਮਨਪ੍ਰੀਤ ਉਤੇ ਪੂਰਾ ਢੁੱਕਦਾ ਹੈ,

ਕਬੀਰ ਕਾਰਨ ਬਪੁਰਾ ਕਿਆ ਕਰੇ
ਜੋ ਰਾਮ ਨਾ ਕਰੇ ਸਹਾਇ॥
ਜਿਹ ਜਿਹ ਡਾਲੀ ਪਗ ਧਰਉ
ਸੋਈ ਮੁਰਿ ਮੁਰਿ ਜਾਇ॥

ਦੇਖੋ ਇਕ ਕਰੁਣਾਮਈ ਵਿਅੰਗ! ਮੇਰੇ ਸਾਹਮਣੇ ਮੇਰੀ ਨਿੱਜੀ ਡਾਇਰੀ ਪਈ ਹੈ ਜਿਸ ਵਿਚ ਉਨ੍ਹਾਂ ਤਮਾਮ ਬੰਦਿਆਂ, ਸਭਾ-ਸੁਸਾਇਟੀਆਂ ਦੇ ਫੋਨ ਨੰਬਰ ਜਾਂ ਪਤੇ ਨੋਟ ਕੀਤੇ ਹੋਏ ਹਨ ਜਿਨ੍ਹਾਂ ਦੀ ਬਤੌਰ ਪੱਤਰਕਾਰ ਮੈਨੂੰ ਗਾਹੇ-ਬ-ਗਾਹੇ ਲੋੜ ਪੈ ਸਕਦੀ ਹੈ। ਮਨਪ੍ਰੀਤ ਵਾਲੇ ਇੰਦਰਾਜ ਵਿਚ ਉਸ ਦਾ ਆਪਣਾ 'ਪਰਸਨਲ ਨੰਬਰ' ਤਾਂ ਸੁੱਖ ਨਾਲ ਜਿਉਂ ਦਾ ਤਿਉਂ ਕਾਇਮ ਹੈ, ਲੇਕਿਨ ਮੈਂ ਉਹਦੇ ਜਿਸ ਵੀ 'ਪੀ.ਏ.' ਦਾ ਨਾਮ ਅਤੇ ਫੋਨ ਨੰਬਰ ਲਿਖਦਾ ਹਾਂ, ਕੁਝ ਦਿਨਾਂ ਬਾਅਦ ਹੀ ਭਾਣਾ ਵਰਤ ਜਾਂਦਾ ਹੈ ਤੇ ਮੈਨੂੰ ਉਹ ਮਿਟਾਉਣਾ ਪੈ ਜਾਂਦਾ ਹੈ। 2-3 ਵਾਰ ਮੈਂ ਭਰੇ ਮਨ ਨਾਲ ਅਜਿਹਾ ਕਰਦਾ ਰਿਹਾ, ਪਰ ਹੁਣ ਮਾਇਆ ਅਤੇ ਹਕੂਮਤ ਦੀ ਅਚਿੰਤੇ ਬਾਜ਼ਾਂ ਵਾਂਗ ਝਪਟ ਕੇ ਪੈਣ ਵਾਲੀ ਕਰਾਮਾਤ ਦਾ ਚੇਤਾ ਕਰਦਿਆਂ, ਪੀ.ਏ. ਦੇ ਨਾਮ ਵਾਲਾ ਖਾਨਾ ਹੀ ਖਾਲੀ ਛੱਡ ਦਿੱਤਾ ਹੈ; ਕੀ ਜਾਣੀਏ ਨਵੇਂ ਬਣੇ ਪੀ.ਏ. ਨੇ 'ਅਗਲਿਆਂ' ਪਾਸੋਂ ਕਦੋਂ 'ਟੀ.ਏ. ਦਾ ਗੱਫਾ' ਲੈਣ ਲਈ ਜਾ ਹਾਜ਼ਰ ਹੋਣਾ ਹੈ?

ਬਾਦਲ ਹਕੂਮਤ ਜਾਂ ਖਾਸ ਕਰ ਕੇ ਆਪਣੇ ਤਾਇਆ ਜੀ ਦੇ ਪੁੱਤਰ ਵੱਲੋਂ 'ਹੱਥ ਧੋ ਕੇ ਮਗਰ ਪੈ ਜਾਣ' ਵਾਲੀ ਹਮਲਾਵਰ ਨੀਤੀ ਤੋਂ ਮਨਪ੍ਰੀਤ ਬੁਖਲਾਇਆ ਜਾਂ ਘਬਰਾਇਆ ਹੋਇਆ ਨਹੀਂ ਜਾਪਦਾ, ਸਗੋਂ 'ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ' ਮੁਤਾਬਕ ਉਹ ਹੋਰ 'ਚੀੜ੍ਹਾ' ਹੋਇਆ ਜਾਪਦਾ ਹੈ। ਪਿਛਲੇ ਦਿਨੀਂ ਉਸ ਨੇ ਇਕ ਬਿਆਨ 'ਚ 'ਬਾਦਲਕਿਆਂ' ਸ਼ਬਦ ਪਹਿਲੀ ਵਾਰ ਵਰਤਦਿਆਂ ਆਪਣੇ ਤਾਇਆ ਪਰਿਵਾਰ ਦੀਆਂ ਕੁਟਲ ਨੀਤੀਆਂ ਦਾ ਕਰੜੀ ਭਾਸ਼ਾ ਵਿਚ ਪਰਦਾਫਾਸ਼ ਕੀਤਾ।

ਇਥੇ ਹੀ ਬੱਸ ਨਹੀਂ, ਇਕ ਪੱਤਰਕਾਰ ਨੇ ਜਦੋਂ ਉਸ ਨੂੰ ਬਾਦਲ ਦਲ ਵਿਚ ਮੁੜ ਰਲੇਵੇਂ ਦੀ ਸੰਭਾਵਨਾ ਬਾਰੇ ਸਵਾਲ ਕੀਤਾ ਤਾਂ ਉਸ ਨੇ ਦੋ ਟੁੱਕ ਜਵਾਬ ਦਿੰਦਿਆਂ ਸਿਰੇ ਦੀ ਗੱਲ ਕਹਿ ਦਿੱਤੀ, "ਤਾਇਆ ਜੀ ਦਾ 'ਉਹ ਮਨਪ੍ਰੀਤ ਭਤੀਜਾ' ਕਦੋਂ ਦਾ ਮਰ ਚੁੱਕਾ ਹੈ।"

ਲੇਕਿਨ ਇਸੇ ਪ੍ਰਪੱਕਤਾ ਦੇ ਚਲਦਿਆਂ ਜਦੋਂ ਕਦੇ ਉਹ ਬਠਿੰਡਾ ਲੋਕ ਸਭਾ ਹਲਕੇ ਤੋਂ ਖੜ੍ਹਾ ਹੋ ਕੇ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਹਰਾਉਣ ਦੀਆਂ ਕਚੀਚੀਆਂ ਵੱਟਣ ਲੱਗ ਪੈਂਦਾ ਹੈ ਤਾਂ ਪੀ.ਪੀ.ਪੀ. ਵਾਲਾ 'ਨਿਜ਼ਾਮ ਬਦਲਣ' ਦਾ ਏਜੰਡਾ ਧੁੰਦਲਾ ਪ੍ਰਤੀਤ ਹੋਣ ਲਗਦਾ ਹੈ। ਉਦੋਂ ਮਹਿਸੂਸ ਹੋਣ ਲਗਦਾ ਹੈ ਕਿ ਉਸ ਦੀ ਲੜਾਈ ਆਮ ਸ਼ਰੀਕੇਬਾਜ਼ੀ ਵਾਲੀ ਈਰਖਾ ਵਿਚੋਂ ਹੀ ਉਪਜੀ ਹੋਈ ਹੈ। ਉਸ ਦੀਆਂ ਚੋਣ ਰੈਲੀਆਂ ਵਿਚ ਆਏ ਬੇਬਹਾ ਲੋਕਾਂ ਦਾ ਉਸ ਦੇ ਵੋਟਰ ਨਾ ਬਣਨ ਦਾ ਸ਼ਾਇਦ ਇਹ ਵੀ ਇਕ ਕਾਰਨ ਰਿਹਾ ਹੋਵੇਗਾ।

ਪੰਜਾਬ ਦੇ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਸਾਜ਼ਿਸ਼ੀ ਮੌਤ ਨੂੰ ਪੰਜਾਬ ਦੀ ਬਦਕਿਸਮਤੀ ਮੰਨਿਆ ਜਾਂਦਾ ਹੈ। ਉਸ ਹੋਣਹਾਰ ਚਤੁਰਬੁੱਧ ਸ਼ਹਿਜ਼ਾਦੇ ਉਪਰ ਗਿਣ-ਮਿਥ ਕੇ ਕਿਲੇ ਦੇ ਦਰਵਾਜ਼ੇ ਦਾ ਛੱਜਾ ਸੁੱਟਿਆ ਗਿਆ ਸੀ। ਇਸ ਕਰ ਕੇ ਗਿਆਨੀ ਸੋਹਣ ਸਿੰਘ 'ਸੀਤਲ' ਲਿਖਦੇ ਹਨ,

ਛੱਜਾ ਡਿਗਿਆ ਕਿਸਮਤ ਪੰਜਾਬ ਦੀ 'ਤੇ
ਫੱਟੜ ਮਹਾਰਾਜਾ ਨੌਨਿਹਾਲ ਹੋਇਆ।

ਇੰਜ ਮੇਰਾ ਇਹ ਜਾਤੀ ਵਿਚਾਰ ਹੈ ਕਿ ਜੇ ਫਰਵਰੀ 2012 ਦੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਮਨਪ੍ਰੀਤ ਖਾਲ-ਮ-ਖਾਲੀ ਨਾ ਰਿਹਾ ਹੁੰਦਾ ਤਾਂ ਸ਼ਾਇਦ ਪੰਜਾਬ ਵਾਲੇ ਅਜੋਕੇ ਡਿਕਟੇਟਰੀ ਜਾਂ ਖਾਨਦਾਨੀ 'ਲੋਕ ਰਾਜ' ਦੀ ਰੂਪ ਰੇਖਾ ਕੁਝ ਹੋਰ ਹੁੰਦੀ। ਫਿਰ ਵੀ ਜੇ ਮਨਪ੍ਰੀਤ ਸਿੰਘ ਬਾਦਲ ਆਪਣੀ ਕਥਨੀ 'ਤੇ ਕਾਇਮ-ਦਾਇਮ ਰਿਹਾ ਤਾਂ ਘੱਟ ਤੋਂ ਘੱਟ ਉਨ੍ਹਾਂ 'ਗੁਰਸਿੱਖ' ਸਿਆਸਤਦਾਨਾਂ ਦਾ ਕਲੰਕ ਤਾਂ ਧੋ ਹੀ ਦੇਵੇਗਾ ਜੋ ਕੇਸਗੜ੍ਹ ਸਾਹਿਬ ਦੇ ਨਿਸ਼ਾਨ ਸਾਹਿਬ ਵੱਲ ਬਾਹਾਂ ਕੱਢ ਕੇ ਕਹਿੰਦੇ ਰਹੇ, 'ਸਾਡੀ ਮੜ੍ਹੀ ਵੀ ਬਾਦਲ ਨਾਲ ਸਮਝੌਤਾ ਨਹੀਂ ਕਰੇਗੀ', ਲੇਕਿਨ ਦੁਨੀਆਂ ਨੇ ਦੇਖਿਆ ਕਿ ਉਹ ਜੀਉਂਦੇ ਜੀਅ ਹੀ ਉਸੇ ਬਾਦਲ ਹੱਥੋਂ ਮੋਤੀਚੂਰ ਦੇ ਲੱਡੂ ਵੀ ਛਕ ਗਏ ਸਨ।

## ਸੰਪਾਦਕ ਦੀ ਡਾਕ

# ਫਲਸਫੀਆਂ ਦੀ ਬਹਿਸ!

'ਪੰਜਾਬ ਟਾਈਮਜ਼' ਦੇ 'ਸੰਪਾਦਕ ਦੀ ਡਾਕ' ਵਾਲੇ ਕਾਲਮ ਵਿਚ ਸਿੱਖ ਸਾਹਿਤ ਦੇ ਦੋ ਪ੍ਰਬੀਨ ਲਿਖਾਰੀਆਂ ਦੀ ਇਕ-ਦੂਜੇ ਪ੍ਰਤੀ ਦੂਸ਼ਣਬਾਜ਼ੀ ਪੜ੍ਹਦਿਆਂ ਸੋਚ ਆ ਰਹੀ ਸੀ ਕਿ ਸਿੱਖ ਜਗਤ ਦੇ ਵਿਹੜਿਆਂ ਵਿਚ ਸੱਚਮੁੱਚ ਹੀ ਕੋਈ 'ਸੇਹ ਦਾ ਤੱਕਲਾ' ਗੱਡ ਗਿਆ ਜਾਪਦਾ ਹੈ। ਗੁਰਦੁਆਰਿਆਂ ਵਿਚ ਤਾਂ ਮੰਨਿਆ ਕਿ ਗੋਲਕ ਨੇ ਪੁਆੜੇ ਪਾਏ ਹੋਏ ਨੇ, ਲੇਕਿਨ ਸਾਡੇ ਬੁੱਧੀਜੀਵੀਆਂ ਨੇ ਪਤਾ ਨਹੀਂ ਆਪਸ ਵਿਚ ਕਿਹੜੀ ਜ਼ਮੀਨ ਵੰਡਣੀ ਹੋਵੇਗੀ ਜੋ ਚੰਗੀਆਂ-ਭਲੀਆਂ ਰਚਨਾਵਾਂ ਲਿਖਦਿਆਂ ਆਪਸ ਵਿਚੀਂ ਸਿੰਗ ਫਸਾ ਲੈਂਦੇ ਹਨ? ਸਾਡੇ ਵਾਸਤੇ ਇਹ ਮਹਾਨ ਸ਼ਖਸੀਅਤਾਂ ਹਨ। ਜਿਵੇਂ ਬੱਚੇ ਆਪਣੇ ਚਾਚੇ, ਪਿਉ ਜਾਂ ਬਾਬੇ ਨੂੰ ਮੱਤਾਂ ਦਿੰਦੇ ਚੰਗੇ ਨਹੀਂ ਲੱਗਦੇ, ਇਵੇਂ ਸਾਨੂੰ ਵੀ ਇਨ੍ਹਾਂ ਨੂੰ 'ਲੜੋ ਨਾ ਭਾਈ' ਕਹਿੰਦਿਆਂ ਸੰਗ ਆਉਂਦੀ ਹੈ। ਆਪਣੇ ਇਸ ਖਤ ਵਿਚ ਵੀ ਮੈਂ ਇਨ੍ਹਾਂ ਬੁੱਧਜੀਵੀਆਂ ਨੂੰ 'ਕਲਮੀ ਯੁੱਧ' ਬੰਦ ਕਰ ਦੇਣ ਦੀ ਬੇਨਤੀ ਨਹੀਂ ਕਰਨੀ। ਬੱਸ, ਇਕ ਛੋਟੀ ਜਿਹੀ 'ਸਾਖੀ' ਲਿਖ ਰਿਹਾਂ ਜੋ ਮੈਨੂੰ ਪ੍ਰੋ. ਹਰਪਾਲ ਸਿੰਘ ਪੰਨੂੰ ਅਤੇ ਡਾ. ਗੁਰਤਰਨ ਸਿੰਘ ਦੇ ਲਿਖਤੀ ਕਲੇਸ਼ ਪੜ੍ਹਦਿਆਂ ਯਾਦ ਆ ਗਈ।

ਕਹਿੰਦੇ ਨੇ, ਕਿਸੇ ਗੁਰਸਿੱਖ ਖਾਨਦਾਨ ਦਾ ਗੱਭਰੂ ਭੈੜੀ ਸੰਗਤ ਵਿਚ ਪੈ ਕੇ ਵਿਗੜ ਗਿਆ। ਨਸ਼ੇ ਵਗੈਰਾ ਕਰਦਿਆਂ ਉਸ ਨੇ ਮੂੰਹ ਸਿਰ ਵੀ ਮੁਨਾ ਲਿਆ। ਪਰਿਵਾਰ ਦੇ ਬਜ਼ੁਰਗਾਂ ਨੂੰ ਇਹ ਸਾਰਾ ਕੁਝ ਦੇਖ ਕੇ ਬਹੁਤ ਦੁੱਖ ਹੋਇਆ। ਉਸ ਨੂੰ ਮੁੜ ਤੋਂ ਸਿੱਖੀ ਸਰੂਪ 'ਚ ਲੈ ਆਉਣ ਦੇ ਯਤਨਾਂ ਵਜੋਂ ਉਨ੍ਹਾਂ ਨੇ ਮੌਕੇ ਦੇ 3 ਚੋਟੀ ਦੇ ਸਿੱਖ ਵਿਦਵਾਨਾਂ ਦੀ ਸੇਵਾ ਲੈ ਲਈ। ਤਿੰਨਾਂ ਨੂੰ ਕੁਝ ਅਰਸੇ ਲਈ ਘਰ ਵਿਚ ਹੀ ਰੱਖਿਆ ਗਿਆ ਤਾਂ ਕਿ ਬਹਿੰਦਿਆਂ-ਉਠਦਿਆਂ ਵਿਗੜੇ ਲੜਕੇ ਨਾਲ ਉਨ੍ਹਾਂ ਦਾ ਸੰਗ ਬਣਿਆ ਰਹੇ। ਉਨ੍ਹਾਂ ਦਾ ਸਾਥ ਪਾ ਕੇ ਮੁੰਡਾ ਵੀ ਬੜਾ ਪ੍ਰਭਾਵਤ ਹੋ ਰਿਹਾ ਸੀ।

ਇਕ ਦਿਨ ਕੀ ਹੋਇਆ ਕਿ ਦੋ ਵਿਦਵਾਨ ਘਰੇ ਹੀ ਨਹਾਉਣ-ਧੋਣ 'ਚ ਰੁੱਝੇ ਹੋਏ ਸਨ, ਤੀਜਾ ਨਹਾ ਕੇ ਤਿਆਰ ਹੋਇਆ ਬੈਠਾ ਸੀ। ਨੌਜਵਾਨ ਉਸ ਤੀਜੇ ਵਿਦਵਾਨ ਨੂੰ ਨਾਲ ਲੈ ਕੇ ਖੇਤਾਂ ਵੱਲ ਨਿਕਲ ਗਿਆ। ਰਾਹ ਵਿਚ ਵਿਦਵਾਨ ਨੇ ਮੁੰਡੇ ਨੂੰ ਕੁਝ ਐਸੀਆਂ ਗੱਲਾਂ ਸੁਣਾਈਆਂ ਕਿ ਉਹ ਗਦ ਗਦ ਹੋ ਉਠਿਆ। ਕੁਝ ਸੋਚ ਕੇ ਮੁੰਡਾ ਉਸ ਵਿਦਵਾਨ ਨੂੰ ਕਹਿਣ ਲੱਗਾ ਕਿ ਮੈਂ ਤੁਹਾਡੇ ਗਿਆਨ ਤੋਂ ਬਹੁਤ ਮੁਤਾਸਿਰ ਹੋਇਆ ਹਾਂ, ਮੈਨੂੰ ਨਹੀਂ ਲੱਗਦਾ ਕਿ ਸਾਡੇ ਘਰ ਰਹਿਣ ਵਾਲੇ ਤੁਹਾਡੇ ਦੂਜੇ ਸਾਥੀਆਂ ਨੂੰ ਇੰਨਾ ਇਲਮ ਹੋਵੇਗਾ। ਮੁੰਡੇ ਮੂੰਹੋਂ ਗੱਲ ਸੁਣਦਿਆਂ ਹੀ ਵਿਦਵਾਨ ਸ੍ਰੀਮਾਨ ਦੀਆਂ ਅੱਖਾਂ 'ਚ ਚਮਕ ਆ ਗਈ। ਫੁੱਲ ਕੇ ਕੁੱਪਾ ਹੁੰਦਿਆਂ ਬੋਲੇ, "ਸ਼ਾਬਾਸ਼ ਜੁਆਨਾ! ਤੂੰ ਠੀਕ ਹੀ ਪਰਖ ਕੀਤੀ ਹੈ। ਮੇਰੀਆਂ ਡਿਗਰੀਆਂ ਸਾਹਮਣੇ ਉਨ੍ਹਾਂ ਦੀ ਵੁੱਕਤ ਈ ਕੋਈ ਨਹੀਂ। ਉਹ ਤਾਂ ਦੋਵੇਂ ਨਿਰੇ ਪਸ਼ੂ ਨੇ ਪਸ਼ੂ। ਪਤਾ ਨਹੀਂ ਤੁਹਾਡੇ ਘਰਦੇ ਉਨ੍ਹਾਂ ਨੂੰ ਮੇਰੇ ਬਰਾਬਰ ਕਿਵੇਂ ਸਮਝ ਰਹੇ ਹਨ।"

ਮੁੰਡੇ ਨੂੰ ਸਕੀਮ ਸੁੱਝੀ। ਉਸ ਨੇ ਦੂਜੇ ਦਿਨ ਬਾਕੀ ਦੋਹਾਂ 'ਚੋਂ ਇਕ ਨੂੰ ਨਾਲ ਲਿਆ ਤੇ ਸੈਰ ਨੂੰ ਚਲਾ ਗਿਆ। ਕੋਈ ਗੱਲ ਚੱਲੀ ਤਾਂ ਮੁੰਡੇ ਨੇ ਉਸ ਨੂੰ ਵੀ ਦੂਜੇ ਦੋਹਾਂ ਨਾਲੋਂ ਵੱਡਾ ਵਿਦਵਾਨ ਆਖ ਦਿੱਤਾ। ਪੈਂਦੀ ਸੱਟੇ ਉਸ ਵਿਦਵਾਨ ਨੇ ਵੀ ਦੂਜਿਆਂ ਦੋਹਾਂ ਨੂੰ ਪਸ਼ੂ ਬਣਾ ਦਿੱਤਾ। ਤੀਜੇ ਦਿਨ ਚਲਾਕ ਮੁੰਡਾ ਤੀਜੇ ਵਿਦਵਾਨ ਨੂੰ ਆਪਣੇ ਨਾਲ ਲੈ ਗਿਆ। ਜਦੋਂ ਮੁੰਡੇ ਨੇ ਉਸ ਨੂੰ ਫੂਕ ਛਕਾਈ, ਤਦ ਉਹ ਵੀ ਝੱਟ ਉਛਲ ਪਿਆ। ਆਪਣੀਆਂ ਸਿਫ਼ਤਾਂ ਗਿਣਾ ਗਿਣਾ ਕੇ ਉਸ ਨੇ ਆਪਣੇ ਦੋਹਾਂ ਸਾਥੀਆਂ ਨੂੰ ਡੰਗਰ ਹੋਣ ਦਾ ਸਰਟੀਫਿਕੇਟ ਦੇ ਦਿੱਤਾ।

ਤਿੰਨੇ ਭੁਗਤ ਗਏ, ਤਦ ਰਾਤ ਨੂੰ ਪ੍ਰਸ਼ਾਦਾ-ਪਾਣੀ ਛਕਣ ਲਈ ਜਦੋਂ ਖਾਣੇ ਦੇ ਮੇਜ਼ 'ਤੇ ਇਕੱਠੇ ਬੈਠੇ। "ਮਹਾਂ ਪੁਰਖੋ, ਅੱਜ ਸੇਵਾ ਕਰਨ ਦਾ ਮੈਨੂੰ ਮੌਕਾ ਦਿਉ", ਕਹਿ ਕੇ ਮੁੰਡਾ ਬਾਹਰ ਨੂੰ ਗਿਆ ਤੇ ਤਿੰਨ ਪਲੇਟਾਂ ਵਿਚ ਰੁੱਗ ਰੁੱਗ ਘਾਹ ਲੈ ਕੇ ਵਿਦਵਾਨਾਂ ਮੋਹਰੇ ਰੱਖ ਦਿੱਤਾ। ਘਰ ਦੇ ਬਜ਼ੁਰਗਾਂ ਸਮੇਤ ਉਹ ਤਿੰਨੇ ਅੱਖਾਂ ਅੱਡ ਕੇ ਮੁੰਡੇ ਵੱਲ ਦੇਖਣ ਲੱਗੇ। ਹੱਥ ਜੋੜ ਕੇ ਮੁੰਡਾ ਬੋਲਿਆ, "ਜੀ ਮੇਰੇ ਘਰ ਦੇ ਬਜ਼ੁਰਗ ਆਪ ਜੀਆਂ ਤਿੰਨਾਂ ਨੂੰ ਇਕੋ ਜਿਹੇ ਧਰਮ ਗਿਆਤਾ, ਆਲਮ ਫਾਜ਼ਲ ਸਮਝ ਕੇ ਘਰੇ ਲਿਆਏ ਪਰ ਤੁਸੀਂ ਤਿੰਨਾਂ ਨੇ ਇਕ ਦੂਜੇ ਦੀ 'ਪਰਖ' ਕਰਦਿਆਂ ਇਕ ਦੂਜੇ ਨੂੰ ਪਸ਼ੂ ਦੱਸਿਆ। ਹੁਣ ਪਸ਼ੂਆਂ ਦਾ ਜੋ ਖਾਣਾ ਹੁੰਦਾ ਹੈ, ਉਹੀ ਮੈਂ ਤੁਹਾਡੇ ਅੱਗੇ ਲਿਆ ਧਰਿਆ ਹੈ। ਹੈਰਾਨ ਕਿਉਂ ਹੁੰਦੇ ਹੋ, ਛਕੋ।"

ਫਲਸਫੀ ਕੋ ਬਹਿਸ ਮੇਂ
ਆਖ਼ਰ ਖ਼ੁਦਾ ਮਿਲਤਾ ਨਹੀਂ।
ਡੋਰ ਕੋ ਸੁਲਝਾ ਰਹਾ ਹੈ
ਔਰ ਸਿਰਾ ਮਿਲਤਾ ਨਹੀਂ।

ਖਿਮਾ ਸਹਿਤ

*-ਤਰਲੋਚਨ ਸਿੰਘ ਦੁਪਾਲਪੁਰ*
*ਫੋਨ: 408-915-1268*

# ਪ੍ਰੋ. ਹਰਪਾਲ ਸਿੰਘ ਪੰਨੂੰ ਦੀ ਟਿੱਪਣੀ ਬਾਰੇ

ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਪੰਜਾਬ ਟਾਈਮਜ਼ ਵਿਚ ਮੇਰੇ ਚਾਚਾ ਜੀ ਹਰਿੰਦਰ ਸਿੰਘ ਮਹਿਬੂਬ ਅਤੇ ਡਾ. ਗੁਰਤਰਨ ਸਿੰਘ ਦੀ ਦੋਸਤੀ ਬਾਰੇ ਗੱਲ ਕੀਤੀ ਹੈ, ਉਸ ਦਾ ਸਾਡੇ ਪਰਿਵਾਰ ਨਾਲ ਵੀ ਸਬੰਧ ਹੈ। ਹਰਿੰਦਰ ਸਿੰਘ ਅਤੇ ਗੁਰਤਰਨ ਸਿੰਘ ਦੀ ਦੋਸਤੀ ਬਾਰੇ ਜੱਗ ਜਾਣਦਾ ਹੈ ਕਿ ਇਹ ਇਕ ਦੂਸਰੇ ਦੇ ਕਿਵੇਂ ਅੰਗ-ਸੰਗ ਸਨ। ਕੇਵਲ ਕੁਝ ਸਮੇਂ ਲਈ ਇਨ੍ਹਾਂ ਦੀ ਦੋਸਤੀ ਵਿਚ ਇਕ ਨਜ਼ਦੀਕੀ ਬੰਦੇ ਨੇ ਹੀ ਵਕਤੀ ਤੌਰ 'ਤੇ ਫਰਕ ਪਾ ਦਿੱਤਾ ਸੀ। ਥੋੜੇ ਸਮੇਂ ਬਾਅਦ ਹੀ ਫਿਰ ਘੁਲ-ਮਿਲ ਗਏ ਸਨ। ਜਿਹੜੇ ਬੰਦੇ ਨੇ, ਜੋ ਕਿ ਅਤਿ ਨਜ਼ਦੀਕੀ ਹੀ ਹੈ, ਇਨ੍ਹਾਂ ਦਾ ਫਰਕ ਪਵਾਇਆ ਸੀ ਮੇਰੇ ਚਾਚਾ ਜੀ ਮਹਿਬੂਬ ਸਾਹਿਬ ਨੇ ਇਸ ਪਿੱਛੋਂ ਉਸ ਨਾਲ ਮਿਲਣ-ਜੁਲਣ ਘਟਾ ਲਿਆ ਸੀ। ਫਰਕ ਵਾਲਾ ਸਮਾਂ ਇਨ੍ਹਾਂ ਦੋਵਾਂ 'ਤੇ ਬਹੁਤ ਦੁੱਖਦਾਈ ਰਿਹਾ। ਜੇਕਰ ਗੜਦੀਵਾਲ ਮੇਰੇ ਚਾਚੇ ਜੀ ਨੂੰ ਗੁਰਤਰਨ ਸਿੰਘ ਛੇਤੀ ਫੋਨ ਨਹੀਂ ਸੀ ਕਰਦਾ ਤਾਂ ਉਹ ਸਾਡੇ ਘਰ ਵਾਲੇ ਫੋਨ ਤੇ ਮੈਨੂੰ ਸੁਨੇਹਾ ਦੇਣ ਲਈ ਆਖਦੇ ਸਨ ਕਿ ਗੁਰਤਰਨ ਮੈਨੂੰ ਫੋਨ ਕਰੇ। ਜਿੱਥੋਂ ਤੱਕ ਪਿੰਡ ਵਿਚ ਉਨ੍ਹਾਂ ਦੇ ਰਹਿਣ ਦੀ ਗੱਲ ਹੈ, ਉਹ ਹਮੇਸ਼ਾ ਗੁਰਤਰਨ ਸਿੰਘ ਦੇ ਘਰ ਹੀ ਠਹਿਰਿਆ ਕਰਦੇ ਸਨ। ਉਨ੍ਹਾਂ ਦਾ ਸਾਰਾ ਪਰਿਵਾਰ ਉਨ੍ਹਾਂ ਦਾ ਬੇਹਦ ਸਤਿਕਾਰ ਕਰਦਾ ਆ ਰਿਹਾ ਹੈ। ਉਨ੍ਹਾਂ ਨੇ ਹੀ ਉਨ੍ਹਾਂ ਦੀਆਂ ਕਿਤਾਬਾਂ ਪੜ੍ਹੀਆਂ ਅਤੇ ਮੰਨੀਆਂ ਹਨ। ਕਿਤਾਬਾਂ ਦੇ ਨਾਂ ਕਰਨ ਬਾਰੇ ਉਨ੍ਹਾਂ ਦੇ ਦੋਸਤਾਂ ਨੂੰ ਪਤਾ ਸੀ ਕਿ ਗੁਰਤਰਨ ਦਾ ਹਰਿੰਦਰ ਨਾਲ, ਵਿਚੋਂ ਹੀ ਕਿਸੇ ਨੇ ਫਰਕ ਪੁਆਇਆ ਹੈ। ਇਸ ਲਈ ਉਨ੍ਹਾਂ ਨੇ ਠੀਕ ਹੀ ਰਾਇ ਦਿੱਤੀ ਹੋਵੇਗੀ। ਕਿਤਾਬ ਨਾਂ ਕਰਨ ਬਾਰੇ ਤਾਂ ਉਨ੍ਹਾਂ ਦੇ ਰਿਸ਼ਤੇ ਵਿਚ ਬਹੁਤ ਸਾਧਾਰਨ ਗੱਲ ਸੀ। ਅਸੀਂ ਸਾਰੇ ਪਰਿਵਾਰ ਨੇ ਇਨ੍ਹਾਂ ਦੇ ਰਿਸ਼ਤੇ ਨੂੰ ਸਮਝਦਿਆਂ ਦਖਲ ਦੇਣ ਦਾ ਹੌਸਲਾ ਵੀ ਨਹੀਂ ਕੀਤਾ। ਬਾਕੀ ਗੱਲਾਂ ਦਾ ਮੈਨੂੰ ਪਤਾ ਨਹੀਂ ਜਿੱਥੋਂ ਤੱਕ ਦੋਸਤੀ ਦਾ ਸਵਾਲ ਹੈ, ਉਨ੍ਹਾਂ ਦਾ ਰਿਸ਼ਤਾ ਬਹੁਤ ਗੂੜ੍ਹਾ ਸੀ ਤੇ ਅਖੀਰ ਤੱਕ ਨਿਭਿਆ।

*-ਸੁਖਬੀਰ ਸਿੰਘ ਸੁੱਖੀ ਝੂੰਦਾਂ, ਫੋਨ: 91-98725-22529*

RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗਿ ਮਾਹਿ ਪਠਾਇਆ॥
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ॥

ਸੰਧੂ ਪਰਿਵਾਰ (ਸ਼ਿਕਾਗੋ) ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਤੇ ਦੁਨੀਆਂ ਦੇ ਹਰ ਕੋਨੇ ਵਿਚ ਵਸਦੀ ਸਮੂਹ ਸਿੱਖ ਸੰਗਤ ਨੂੰ ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 543ਵੇਂ ਆਗਮਨ ਪੁਰਬ ਦੀ

# ਕੋਟਾਨਿ ਕੋਟਿ ਵਧਾਈ



ਮਹਿੰਦਰ ਸਿੰਘ, ਜਗਮੋਹਨ ਸਿੰਘ, ਬਲਵਿੰਦਰ ਸਿੰਘ ਅਤੇ ਤਰਸੇਮ ਸਿੰਘ



ਜਸਵਿੰਦਰ (ਜੱਸੀ) ਸੰਧੂ, ਜਗਮੋਹਨ ਸਿੰਘ, ਮਹਿੰਦਰ ਸਿੰਘ ਅਤੇ ਤਰਸੇਮ ਸਿੰਘ

ਵਲੋਂ: ਬਲਵਿੰਦਰ ਸਿੰਘ (ਬਾਬ) ਸੰਧੂ, ਫੋਨ: 847-639-4109
ਜਸਵਿੰਦਰ ਸਿੰਘ (ਜੱਸੀ) ਸੰਧੂ, ਫੋਨ: 847-254-1782

# ਵਿਸ਼ਾਖਾ ਦੇਸਾਈ ਦੀ ਓਬਾਮਾ ਪ੍ਰਸ਼ਾਸਨ ‘ਚ ਅਹਿਮ ਅਹੁਦੇ ਲਈ ਚੋਣ

**ਵਾਸ਼ਿੰਗਟਨ (ਬਿਊਰੋ):** ਓਬਾਮਾ ਪ੍ਰਸ਼ਾਸਨ ਨੇ ਭਾਰਤ ਦੀ ਜੰਮਪਲ ਵਿਸ਼ਾਖਾ ਦੇਸਾਈ ਨੂੰ ਕੌਮੀ ਅਜਾਇਬਘਰ ਤੇ ਲਾਇਬਰੇਰੀ ਸੇਵਾਵਾਂ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਹੈ। ਗੈਰ ਮੁਨਾਫਾ ਸੰਸਥਾ ਏਸ਼ੀਆ ਸੁਸਾਇਟੀ ਦੀ ਪ੍ਰਧਾਨ ਦੇਸਾਈ ਦਾ ਨਾਂ ਅਹਿਮ 10 ਪ੍ਰਬੰਧਕੀ ਅਹੁਦਿਆਂ ‘ਤੇ ਨਿਯੁਕਤੀਆਂ ਦੀ ਸੂਚੀ ‘ਚ ਸ਼ਾਮਲ ਹੈ।

ਇਹ ਸੂਚੀ ਜਾਰੀ ਕਰਦਿਆਂ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਤਜਰਬੇਕਾਰ ਤੇ ਦ੍ਰਿੜ ਸ਼ਖਸੀਅਤਾਂ ਨਾਲ ਕੰਮ ਕਰਕੇ ਮਾਣ ਮਹਿਸੂਸ ਹੋਵੇਗਾ। ਬੰਬੇ ਯੂਨੀਵਰਸਿਟੀ ਤੋਂ ਗਰੈਜੂਏਟ ਸ੍ਰੀਮਤੀ ਦੇਸਾਈ ਨੇ ਮਿਸ਼ੀਗਨ ਯੂਨੀਵਰਸਿਟੀ ਤੋਂ ਐਮ.ਏ. ਤੇ ਪੀਐਚ.ਡੀ. ਦੀ ਡਿਗਰੀ ਹਾਸਲ ਕੀਤੀ। ਇਸ ਪਿੱਛੋਂ ਉਨ੍ਹਾਂ ਨੇ 1977 ਤੋਂ ਲੈ ਕੇ 1990 ਤੱਕ ਮਿਊਜ਼ੀਅਮ ਆਫ਼ ਫਾਈਨ ਆਰਟਸ, ਬੌਸਟਨ ਵਿਚ ਕੰਮ ਕੀਤਾ।


ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।


ਹਰਜੀਤ ਸਿੰਘ ਜੌਹਲ: ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

**Safe & Easy Weight Loss**
**Ph:317-886-4858**

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜ਼ਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।



**PANNU'S Legal Services**


G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details


IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

**FREMONT**
4127 Bay St., Unit 7
Fremont, CA 94538
(Near Fremont Bharat Bazar)


**SAN FRANCISCO**
965 Mission St., Unit 102
San Francisco, CA 94103
(Near India Visa Center)

**MANTECA**
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200 (209) 679-8025

E-mail: indiavisa123@yahoo.com • Fax: (510) 279-7624





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com

$25 3,000 Minutes
$50 • $100 Available

✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ

ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!

ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

Limited Time Offer. Restrictions & Fees Apply.

800-914-1013 • 408-726-6103



**Noble Dental Care**


Shital Shah, DDS

Family and Cosmetic Dentistry

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign

Starting at $2,950*
*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

*State of the Art Dental Technology*
*Most Dental PPO Plans Accepted*
*Interest Free Payment Plans Available*

Ph:510-493-2130
www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)



**The Anu Attorney Immigration Law Firm**
**Law offices of Anu Peshawaria**

*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court

*Bankruptcy Consultation and Filing


*Anu Peshawaria*
*Attorney at Law*

Visa: Students, Athletes, Musicians, Journalists, Nurses, Teachers, Cooks, Religious & other professionals

*Woman of the year award 1991 – India*
*US acclaimed extraordinary ability*
*Awarded for outstanding community service*

*Licensed to practice Immigration & Bankruptcy in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Weekends & Evening Appointments Available

Call: 1-866-586-6297, 510-353-0102

46560 Fremont Blvd., STE#205, Fremont, CA 94538
anu@anuattorney.com www.anuattorney.com

# Sikh * Genocide * Sovereignty



## 5th Int`l Sikh Conference in Chicago IL

**Sunday December 9, 2012 @ 10:30am**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ ਇਕਾਈ) ਵਲੋਂ ਸੰਨ 1984 ਦੀ ਸਿੱਖ ਨਸਲਕੁਸ਼ੀ ਦਾ ਸ਼ਿਕਾਰ ਹੋਏ ਸਿੱਖਾਂ ਨੂੰ ਸਮਰਪਿਤ ਪੰਜਵੀਂ ਅੰਤਰਰਾਸ਼ਟਰੀ ਕਾਨਫਰੰਸ "ਸਿੱਖ ਨਸਲਕੁਸ਼ੀ-ਸਾਵਰਨਟੀ" ਸ਼ਿਕਾਗੋ ਵਿੱਚ 9 ਦਸੰਬਰ ਦਿਨ ਐਤਵਾਰ ਨੂੰ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕਰਵਾਈ ਜਾ ਰਹੀ ਹੈ। ਸਿੱਖ ਕੌਮ ਦੀ ਕੌਮੀ ਸ਼ਕਤੀ ਨੂੰ ਖੇਰੂੰ ਖੇਰੂੰ ਕਰਕੇ ਦਿੱਲੀ ਦੇ ਹਾਕਮ ਨੇ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ। ਅੰਮ੍ਰਿਤਸਰ ਅਕਾਲੀ ਦਲ (ਅਮਰੀਕਾ ਈਕਾਈ) ਵਲੋਂ ਕੌਮੀ ਸ਼ਕਤੀ ਦੇ ਕਿਣਕੇ ਕਿਣਕੇ ਨੂੰ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ਿਕਾਗੋ ਇਲਾਕੇ ਦੀ ਸਮੂਹ ਸੰਗਤ ਨੂੰ ਅਪੀਲ ਹੈ ਕਿ ਇਸ ਕਾਨਫਰੰਸ ਵਿੱਚ ਹੁੰਮ ਹੁੰਮਾਂ ਕੇ ਸ਼ਾਮਲ ਹੋਵੋ ਜੀ।

### Program:

* Akhand Path Sahib
  Friday Dec. 7th 2012 10am
* Special meeting
  Saturday Dec. 8th 2012 7pm
* Bhog Akhand Path
  Sunday Dec. 9th 2012 9:30 am
* Panthic Conference
  Sunday 10:30 am

### Speakers:

* Emann Singh Mann (Punjab)
* Sukhminder Singh Hansra (Canada)
* Dr. Gurmit Singh Aulakh (Washington)
* Dr. Paramjit Singh Ajrawat (Washington)
* Dr. Amarjit Singh (Washington)
* Bhai Chain Singh (France)
* Gurpatwant S. Pannu (Sikhs For Justice)

### Coordination Committee:

Makhan Singh Clair 630-827-9752
Bharpoor Singh 847-489-3210
Boota Singh Kharoudh 609-351-0321
Rupinder Singh Bath 937-467-3012
Joga Singh 201-376-4945
Inderpal Singh Nirdosh 209-683-9935
Surjit Singh Kalhar 917-434-2483
Resham Singh 661-209-0118
Jit Singh Aloarkh 559-470-5595

myPUNJAB.ca ONLINEradio
ਮਾਈ ਪੰਜਾਬ-ਆਨਲਾਈਨ ਰੇਡੀਓ ਪੈਲਾਟਾਈਨ ਗੁਰਦੁਆਰਾ ਸਾਹਿਬ ਤੋਂ ਲਾਈਵ ਪ੍ਰਸਾਰਤ ਹੋਵੇਗਾ।
ListenLIVE: 213-493-0299 or www.MyPunjab.ca

Sikh Religious Society
1280 W Winnetka Street,
Palatine IL 60067

Makhan Singh Clair
630-827-9752

Bharpoor Singh
847-489-3210


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ
ਸਟਾਕਟਨ ਇਲਾਕੇ 'ਚ ਰਹਿੰਦੇ
ਟਰੱਕਾਂ ਵਾਲੇ ਵੀਰਾਂ ਦੀਆਂ
ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ
ਇਸ ਮਹੀਨੇ ਸਪੈਸ਼ਲ ਆਫ਼ਰ
Full Oil Change
$189 + Tax
One Axle Brake $179 + Tax (23000 lbs)
Repair Shop
ਟਰੱਕ 'ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work,Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖ਼ਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ-ਟਰੇਲਰ Wash ਵੀ ਕੀਤਾ ਜਾਂਦਾ ਹੈ।
Tel: 209.547.9210
Fax: 209.547.9211
Dispatch
ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁਕਾਉਂਦੇ ਹਾਂ। Calgary ਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
Tel: 209.547.9210
Fax: 209.547.9211
Registration Services
ਹਰ ਤਰ੍ਹਾਂ ਦੇ ਟਰੱਕਿੰਗ ਨਾਲ ਸਬੰਧਤ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਅਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮੱਦਦ ਕਰਦੇ ਹਾਂ।
Tel: 209.982.9996
Fax: 209.982.9997
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ Stockton ਵਿਚ Highway 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Tel: 209.547.9210
Fax: 209.547.9211
www.gfbontime.com
email: raj@gfbontime.com
ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

# ਸ਼ਹੀਦ ਸਰਾਭੇ ਦਾ ਸ਼ਹੀਦੀ ਦਿਨ ਰਲ ਕੇ ਮਨਾਇਆ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਕੌਮਾਂ ਦੇ ਵਾਰਸਾਂ ਨੂੰ ਪਾਉਣਾ ਚਾਹੀਦਾ ਹੈ। ਉਨ੍ਹਾਂ ਦੀਆਂ ਕੁਰਬਾਨੀਆਂ ਉਪਰ ਸਿਰਫ ਆਪਣੀ ਬੌਧਿਕ ਹਉਮੈ ਨੂੰ ਹੀ ਪੱਠੇ ਪਾਉਣ ਲਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾਣਾ ਚਾਹੀਦਾ। ਇਹ ਵਿਚਾਰ ਇਥੇ ਤਾਜ ਇੰਡੀਆ ਰੈਸਟੋਰੈਂਟ ਵਿਚ ਵੱਖ ਵੱਖ ਜਥੇਬੰਦੀਆਂ ਵਲੋਂ ਸਾਂਝੇ ਤੌਰ 'ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿਚ ਕਰਵਾਏ ਗਏ ਇਕ ਸਮਾਗਮ ਵਿਚ ਬੁਲਾਰਿਆਂ ਨੇ ਪ੍ਰਗਟ ਕੀਤੇ।



ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ, ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ, ਐਕਸ ਸਟੂਡੈਂਟਸ ਜੀ.ਐਚ.ਜੀ. ਗੁਰੂ ਸਰ ਸੁਧਾਰ ਕਾਲਜ ਅਤੇ ਵਿਸ਼ਵ ਸਾਹਿਤ ਅਕੈਡਮੀ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਸ਼ਹੀਦੀ ਦਿਹਾੜੇ ਕਰਵਾਏ ਗਏ ਇਸ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਸ਼ਹੀਦ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਗਦਰ ਲਹਿਰ ਪ੍ਰਤੀ ਸਰਕਾਰਾਂ ਦੀ ਬੇਰੁਖੀ ਉਤੇ ਰੋਸ ਪ੍ਰਗਟਾਇਆ।

ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ ਦੇ ਬੁਲਾਰੇ ਕਸ਼ਮੀਰ ਸਿੰਘ, ਗਿਆਨ ਸਿੰਘ ਬਿਲਗਾ, ਕਿਰਪਾਲ ਸਿੰਘ ਸੰਧੂ ਅਤੇ ਇੰਡੋ ਯੂ ਐਸ ਹੈਰੀਟੇਜ ਦੇ ਪ੍ਰਿੰ. ਪ੍ਰੀਤਮ ਸਿੰਘ ਨਾਹਲ, ਸਾਧੂ ਸਿੰਘ ਸੰਘਾ, ਹੈਰੀ ਮਾਨ, ਰਣਜੀਤ ਗਿੱਲ, ਸਿੱਖ ਕੌਂਸਲ ਦੇ ਪਸ਼ੌਰਾ ਸਿੰਘ ਢਿੱਲੋਂ, ਵਿਸ਼ਵ ਸਾਹਿਤ ਅਕੈਡਮੀ ਦੇ ਡਾ. ਗੁਰੂਮੇਲ ਸਿੰਘ ਸਿੱਧੂ, ਸੁੱਖੀ ਧਾਲੀਵਾਲ, ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੇਅਰਮੈਨ ਹੈਰੀ ਗਿੱਲ ਤੋਂ ਇਲਾਵਾ ਮਹਿੰਦਰ ਸਿੰਘ ਸੰਧਾਵਾਲੀਆ, ਗੀਤਕਾਰ ਦਲਜੀਤ ਰਿਆੜ ਅਤੇ ਨਿਰਮਲ ਰਣੀਆ ਆਦਿ ਬੁਲਾਰਿਆਂ ਨੇ ਗਦਰ ਲਹਿਰ ਦੇ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਦਿਆਂ ਆਉਂਦੇ ਸਾਲ ਗਦਰ ਲਹਿਰ ਦੀ ਆ ਰਹੀ ਸ਼ਤਾਬਦੀ ਰਲ ਕੇ ਮਨਾਉਣ ਦਾ ਸੱਦਾ ਦਿੱਤਾ। ਬੁਲਾਰਿਆਂ ਨੇ ਸ਼ਹੀਦ ਸਰਾਭੇ ਦਾ ਸ਼ਹੀਦੀ ਦਿਹਾੜਾ ਸਾਰੀਆਂ ਜਥੇਬੰਦੀਆਂ ਵਲੋਂ ਮਨਾਏ ਜਾਣ ਦੀ ਸ਼ਲਾਘਾ ਕੀਤੀ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਸੰਭਾਵਨਾ ਅੱਗੋਂ ਵੀ ਜਾਰੀ ਰਹੇਗੀ।

ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਨੁਮਾਇੰਦਿਆਂ ਗਿਆਨ ਸਿੰਘ ਬਿਲਗਾ ਅਤੇ ਕਸ਼ਮੀਰ ਸਿੰਘ ਨੇ ਇਸ ਮੌਕੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਆਖਿਆ ਕਿ ਕੁਝ ਅਖੌਤੀ ਬੁੱਧੀਜੀਵੀਆਂ ਵੱਲੋਂ ਗਦਰ ਲਹਿਰ ਦੇ ਕੁਝ ਮਹਾਨ ਯੋਧਿਆਂ ਦੀ ਕੁਰਬਾਨੀ ਨੂੰ ਛੁਟਿਆ ਕੇ ਦੇਖਣ ਅਤੇ ਇਸ ਲਹਿਰ ਦੇ ਯੋਧਿਆਂ ਧਾਰਮਿਕ ਵਲਗਣਾਂ ਵਿਚ ਕੈਦ ਕਰਨ ਦੀ ਯਤਨਾਂ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਕਹਿਣ 'ਤੇ ਇਤਰਾਜ਼ ਕਰਨ ਵਾਲੇ ਬੁੱਧੀਜੀਵੀ ਆਪਣੀ ਬੌਧਿਕ ਹਉਮੈ ਨੂੰ ਪੱਠੇ ਪਾਉਣ ਤੋਂ ਵੱਧ ਦੇਸ਼ ਕੌਮ ਦੀ ਕੋਈ ਸੇਵਾ ਨਹੀਂ ਕਰ ਰਹੇ।



ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਆਤਮਾ ਸਿੰਘ ਚਾਹਲ, ਗੁਰਦੀਪ ਸਿੰਘ ਨਿੱਝਰ, ਨਿਰਮਲ ਗਿੱਲ ਧਨੌਲਾ, ਹਾਕਮ ਸਿੰਘ ਢਿੱਲੋਂ, ਬਿਕਰਮਜੀਤ ਕਾਹਲੋਂ, ਮਨਜੀਤ ਕੁਲਾਰ, ਸੰਤੋਖ ਸਿੰਘ ਢਿੱਲੋਂ, ਸੁਲੱਖਣ ਗਿੱਲ, ਸਟੀਵ ਸੰਘਾ, ਨਵਦੀਪ ਮਿਨਹਾਸ, ਸਟੀਵ ਢਿੱਲੋਂ, ਅਮਰੀਕ ਸਿੰਘ ਸੰਧੂ, ਬਲਵਿੰਦਰ ਬਰਾੜ ਆਦਿ ਸ਼ਖਸੀਅਤਾਂ ਨੇ ਹਿੱਸਾ ਲਿਆ।

# ਧਰਮਵੀਰ ਥਾਂਦੀ ਤੇ ਅਵਤਾਰ ਗਰੇਵਾਲ ਨੇ ਲਾਈ ਰੌਣਕ

**ਫਰਿਜ਼ਨੋ (ਬਿਊਰੋ):** ਪੰਜਾਬੀ ਸਾਫ ਸੁਥਰੀ ਗਾਇਕੀ ਨੂੰ ਪਿਆਰ ਕਰਨ ਵਾਲੇ ਕੁੱਝ ਸੂਝਵਾਨ ਸਰੋਤਿਆਂ ਦੇ ਉਦਮ ਨਾਲ ਸਾਫ ਸੁਥਰੇ ਗੀਤਾਂ ਦੀ ਇਕ ਮਹਿਫਲ ਇਥੋਂ ਨਜ਼ਦੀਕੀ ਕਸਬੇ ਕਰਮਨ ਵਿਚ ਕੁਲਵੰਤ ਸਿੰਘ ਧਾਲੀਆਂ ਦੇ ਘਰ ਸਜਾਈ ਗਈ। ਇਸ ਮਹਿਫਲ ਵਿਚ ਉਘੇ ਗਾਇਕ ਧਰਮਵੀਰ ਥਾਂਦੀ ਅਤੇ ਅਵਤਾਰ ਗਰੇਵਾਲ ਨੇ ਸਰੋਤਿਆਂ ਨੂੰ ਆਪਣੀ ਸਾਫ ਸੁਥਰੀ ਗਾਇਕੀ ਰਾਹੀਂ ਬਾਗੋਬਾਗ ਕਰੀ ਰੱਖਿਆ।



ਦਿਲਦਾਰ ਮਿਊਜ਼ੀਕਲ ਗਰੁਪ ਦੇ ਅਵਤਾਰ ਸਿੰਘ ਗਰੇਵਾਲ ਨੇ ਆਪਣੇ ਗੀਤਾਂ ਰਾਹੀਂ ਸਭ ਨੂੰ ਨੱਚਣ ਹੀ ਨਹੀਂ ਲਾਇਆ ਸਗੋਂ ਅਜੋਕੇ ਸਮਾਜ ਅੰਦਰ ਵੱਧ ਰਹੀ ਨਫਰਤ ਅਤੇ ਗੈਰਜ਼ਿੰਮੇਵਾਰੀ ਬਾਰੇ ਵੀ ਚੁਟਕਲੇ ਸੁਣਾਉਂਦਿਆਂ ਨਾ ਸਿਰਫ ਸਥਿਤੀ 'ਤੇ ਤਿੱਖਾ ਵਿਅੰਗ ਕੀਤਾ ਸਗੋਂ ਸਭ ਨੂੰ ਹਸਾ ਹਸਾ ਉਨ੍ਹਾਂ ਦੇ ਢਿੱਡੀਂ ਪੀੜਾਂ ਪਾ ਛੱਡੀਆਂ। ਗੁਰੂ ਨਾਨਕ ਸਪੋਰਟਸ ਕਲੱਬ ਦੇ ਗੁਲਬਿੰਦਰ ਸਿੰਘ ਢੇਸੀ ਨੇ ਵੀ ਧਾਰਮਿਕ ਗੀਤਾਂ ਰਾਹੀਂ ਰੱਬ ਦੀ ਯਾਦ ਕਰਾਈ।

ਸਤਵੀਰ ਸਿੰਘ ਹੀਰ ਨੇ ਅਜੋਕੀ ਪੰਜਾਬੀ ਗਾਇਕੀ ਰਾਹੀਂ ਪਰੋਸੀ ਜਾ ਰਹੀ ਅਸ਼ਲੀਲਤਾ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਗਰ ਸਾਰਾ ਸਮਾਜ ਡੱਟ ਕੇ ਵਿਰੋਧ ਕਰੇ ਤਾਂ ਅਜਿਹੀ ਅਸ਼ਲੀਲਤਾ ਨੂੰ ਸਹਿਜੇ ਹੀ ਠੱਲ੍ਹ ਪਾਈ ਜਾ ਸਕਦੀ ਹੈ। ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਦੇ ਸਕੱਤਰ ਕੇਵਲ ਸਿੰਘ ਨੇ ਕਿਹਾ ਕਿ ਸਿਰਫ ਗਾਇਕ ਹੀ ਨਹੀਂ ਸਗੋਂ ਅਜੋਕਾ ਸਾਰਾ ਸਮਾਜ ਹੀ ਪੈਸੇ ਦੇ ਮਗਰ ਪਿਆ ਹੋਇਆ ਹੈ ਅਤੇ ਇਸੇ ਕਰਕੇ ਸਾਰੇ ਮਨੁੱਖੀ ਰਿਸ਼ਤਿਆਂ ਦੀ ਕਦਰ ਭੁੱਲ ਆਪਣੀ ਕਾਮਯਾਬੀ ਲਈ ਗਲਤ ਤਰੀਕੇ ਅਪਨਾਏ ਜਾ ਰਹੇ ਹਨ। ਸੁੱਖੀ ਦਿੱਲੀ ਵਾਲੇ ਨੇ ਕੁੱਝ ਹਿੰਦੀ ਸ਼ੇਅਰ ਸੁਣਾ ਕੇ ਹਾਜ਼ਰੀ ਲਵਾਈ ਪਰ ਨਾਲ ਹੀ ਅਜੋਕੇ ਗੀਤਕਾਰਾਂ ਅਤੇ ਗਾਇਕਾਂ ਦੀ ਵਕਾਲਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਸੈਂਟਰਲ ਵੈਲੀ ਦੇ ਉਭਰ ਰਹੇ ਗਾਇਕ ਸੁਰਜੀਤ ਸਿੰਘ ਮਾਛੀਵਾੜਾ ਨੇ ਪਰਿਵਾਰਕ ਰਿਸ਼ਤਿਆਂ ਬਾਰੇ ਗੀਤਾਂ ਰਾਹੀਂ ਸਾਫ ਸੁਥਰੀ ਗਾਇਕੀ ਨੂੰ ਸਜਦਾ ਕੀਤਾ। ਇਸ ਮਹਿਫਲ ਨੂੰ ਸਿਖਰ 'ਤੇ ਪਹੁੰਚਾਉਣ ਦਾ ਕੰਮ ਧਰਮਵੀਰ ਥਾਂਦੀ ਨੇ ਆਪਣੀਆਂ ਪੁਰਾਣੀਆਂ ਐਲਬਮਾਂ ਵਿਚੋਂ ਮਿਸ ਪੂਜਾ ਨਾਲ ਰਿਕਾਰਡ ਕਰਵਾਏ ਗੀਤਾਂ ਅਤੇ ਕੁਝ ਨਵੇਂ ਨਕੋਰ ਗੀਤਾਂ ਰਾਹੀਂ ਪਹੁੰਚਾਇਆ। ਉਹ ਲਗਾਤਾਰ ਦੋ ਘੰਟੇ ਤੋਂ ਵੱਧ ਗਾਉਂਦਾ ਰਿਹਾ।

ਪ੍ਰੋਗਰਾਮ ਦੇ ਅਖੀਰ ਵਿਚ ਸਭ ਦਾ ਧੰਨਵਾਦ ਕਰਦਿਆਂ ਕੁਲਵੰਤ ਸਿੰਘ ਧਾਲੀਆਂ ਨੇ ਗਾਇਕਾਂ ਨੂੰ ਸਾਫ ਸੁਥਰੀ ਗਾਇਕੀ ਦਾ ਪੱਲਾ ਫੜ੍ਹਨ ਦੀ ਨਸੀਹਤ ਕੀਤੀ ਅਤੇ ਅਸ਼ਲੀਲਤਾ ਦਾ ਡਟ ਕੇ ਵਿਰੋਧ ਕਰਨ ਦਾ ਅਹਿਦ ਲਿਆ। ਇਸ ਮੌਕੇ ਹਾਜ਼ਰ ਮੁੱਖ ਸ਼ਖਸੀਅਤਾਂ ਵਿਚ ਅਤੀਤ ਸਿੰਘ, ਲਖਵੀਰ ਸਿੰਘ ਮਾਨ, ਜਗਦੀਪ ਸਿੰਘ, ਸੁਖਜੀਤ ਸਿੰਘ ਵਿਰਦੀ, ਹੈਰੀ ਵਿਰਦੀ, ਹਰਜੀਤ ਸਿੰਘ ਰਾਜੂ, ਗੁਰਚਰਨ ਸਿੰਘ ਮਾਨ, ਹਰਜੀਤ ਗਰੇਵਾਲ, ਮੋਹਨ ਸਿੰਘ ਅਤੇ ਕਮਲਜੀਤ ਸਿੰਘ ਬਾਸੀ ਸ਼ਾਮਲ ਹਨ। ਮੰਚ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਆਪਣੇ ਦਿਲਚਸ਼ਪ ਸ਼ਾਇਰਾਨਾ ਅੰਦਾਜ਼ ਵਿਚ ਕੀਤਾ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 8 ਦਸੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-41



*ਤੰਦ ਫੁਲਕਾਰੀ ਪਾਂਵਦੀ ਅੱਖੀਆਂ ਤੱਕਣ ਬਾਹਰ,*
*ਮੇਰਾ ਉਹੀ ਆ ਗਿਆ, ਹੋ ਕੇ ਫੇਰ ਤਿਆਰ।*
*ਕੱਠੀਆਂ ਬੈਠ ਸਹੇਲੀਆਂ ਕੀਤਾ ਬੜਾ ਸ਼ਿੰਗਾਰ,*
*ਛੱਡਣਾ ਪੈਂਦਾ ਧੀਆਂ ਨੂੰ ਪੇਕਿਆਂ ਦਾ ਘਰ-ਬਾਰ।*
*ਕੂੰਡੇ ਦੇ ਵਿਚ ਰਗੜ ਲੈ ਭਾਬੋ ਚਟਣੀ ਤੂੰ,*
*ਨਹੀਂ ਤ੍ਰਿੰਜਣੀ ਸੁਣੇਗੀ ਹੁਣ ਚਰਖੇ ਦੀ ਘੂੰ ਘੂੰ।*

## ਕੈਪਸ਼ਨ ਮੁਕਾਬਲਾ-39



ਅਨਪੜ੍ਹ ਕੋਈ ਰਹਿਣ ਨੀ ਦੇਣਾ,
ਸਰਬ ਸਿੱਖਿਆ ਅਭਿਆਨ ਚਲਾਇਆ।
ਪੜ੍ਹਨਾ-ਲਿਖਣਾ ਅਧਿਕਾਰ ਹੈ ਸਭ ਦਾ,
ਨਵੇਂ ਕਾਨੂੰਨ ਦੇ ਵਿਚ ਲਿਖਾਇਆ ।
ਨਾ ਮਾਸਟਰ, ਨਾ ਛੱਤ ਹੈ ਸਿਰ 'ਤੇ,
ਇੱਜੜ ਵਾਂਗੂੰ ਲਿਆ ਬਿਠਾਇਆ।
ਝੂਠੀਆਂ ਗੱਲਾਂ, ਫੋਕੇ ਲਾਰੇ,
ਬੱਸ ਗੱਲਾਂ ਨਾਲ ਕੜਾਹ ਬਣਾਇਆ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਪੰਜਾਬ ਦੇ ਸਰਕਾਰੀ ਸਕੂਲਾਂ ਦਾ
ਹੁਣ ਰੱਬ ਹੀ ਰਖਵਾਲਾ।
ਕਿਤੇ ਹੈ ਨਹੀਂ ਛੱਤ ਤੇ
ਕਿਤੇ ਲੱਗਿਆ ਤਾਲਾ।
ਨਾ ਮਾਸਟਰ, ਨਾ ਸਫਾਈ ਵਾਲਾ,
ਸਾਧਾਂ ਦੇ ਭੇਸ ਵਿਚ ਸਾਡੇ ਨੇਤਾ,
ਕਰਦੇ ਘਾਲਾ ਮਾਲਾ।
ਸਰਕਾਰੀ ਗਰਾਂਟਾਂ ਖਾ ਜਾਂਦੇ,
ਰਲੇ ਹੋਏ ਜੀਜਾ ਤੇ ਸਾਲਾ।

***-ਗੋਰਾ ਪ੍ਰਜਾਪਤ, ਨਿਊ ਯਾਰਕ।***
***ਫੋਨ: 646-721-1964***

---

ਤੁਰ ਕੇ ਸੀ ਜਾਂਦੇ ਅਸੀਂ,
ਪੜ੍ਹਨੇ ਨੂੰ ਸ਼ਹਿਰ।
ਕਮਰੇ ਸੀ ਹੁੰਦੇ ਸਾਡੇ
ਛੱਤਾਂ ਤੋਂ ਬਗੈਰ।
ਟਾਵਾਂ ਟਾਵਾਂ ਮਾਸਟਰ
ਲਾਉਂਦਾ ਸੀ ਕਲਾਸਾਂ।
ਧੁੱਪੇ ਸਭ ਬਹਿੰਦੀਆਂ ਸੀ
ਵਿਹਲੀਆਂ ਜਮਾਤਾਂ।

***-ਹਰਨਾਮ ਸਿੰਘ, ਸਿਆਟਲ।***

---

ਪਿੰਡਾਂ ਦੇ ਬੱਚੇ ਸਕੂਲੇ ਜਾਂਦੇ
ਪਾ ਮੋਢੇ ਉਤੇ ਬਸਤਾ।
ਤੁਰ ਕੇ ਜਾਣਾ ਪਾਲੇ ਦੇ ਵਿਚ,
ਉਤੋਂ ਕੱਚਾ, ਗਿੱਲਾ ਰਸਤਾ।
ਸਰਕਾਰਾਂ ਸੁੱਤੀਆਂ ਵਿਕਾਸ ਨਾ ਹੁੰਦਾ,
ਸੁੱਤਾ ਸਾਰਾ ਸਰਕਾਰੀ ਦਸਤਾ।
ਨਾ ਬੈਠਣ ਲਈ ਤੱਪੜ, ਨਾ ਛੱਤ,
ਸਕੂਲ ਦੀ ਹਾਲਤ ਖਸਤਾ।

***-ਬਲਜਿੰਦਰ ਸਿੰਘ ਸੈਣੀ***
***ਸਟਾਕਟਨ, ਕੈਲੀਫੋਰਨੀਆ।***

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ



ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਕੀ ਤੁਸੀਂ ਡੀਪੋਰਟ ਹੋ ਰਹੇ ਹੋ?
ਕੀ ਤੁਹਾਡਾ ਇਮੀਗਰੇਸ਼ਨ ਕੇਸ ਬੰਦ ਹੈ?
ਹਰ ਕਿਸਮ ਦੇ ਇਮੀਗਰੇਸ਼ਨ ਮਸਲੇ ਲਈ ਭਰੋਸੇਯੋਗ ਕਾਨੂੰਨੀ ਸਲਾਹ ਲੈਣ ਲਈ ਸੰਪਰਕ ਕਰੋ

ਸ਼ਿਕਾਗੋ ਏਰੀਏ ਵਿੱਚ ਵਸਦੇ ਲੋੜਵੰਧਾਂ ਦੀ ਸਹੂਲਤ ਲਈ

ਇਮੀਗਰੇਸ਼ਨ ਦੇ ਮਸ਼ਹੂਰ ਵਕੀਲ
ਗੁਰਪਤਵੰਤ ਸਿੰਘ ਪੰਨੂੰ
ਸ਼ਿਕਾਗੋ
ਵਿਖੇ ਇੱਕ ਦਿਨ ਦੀ ਫੇਰੀ ਤੇ

ਦਸੰਬਰ 8, 2012 • 10:00 ਤੋਂ 5:00 ਵਜੇ ਤੱਕ
Hilton Garden Inn 2930 South River Road, Des Plaines, IL 60018

ਡੀਪੋਰਟੇਸ਼ਨ ਡਿਫੈਂਸ
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

ਗਰੀਨ ਕਾਰਡ
ਜੇ ਤੁਸੀਂ 10 ਸਾਲ ਤੋਂ ਅਮਰੀਕਾ ਵਿੱਚ ਰਹਿ ਰਹੇ ਹੋ ਤਾਂ ਤੁਸੀਂ ਗਰੀਨ ਕਾਰਡ ਹਾਸਲ ਕਰ ਸਕਦੇ ਹੋ

NEW YORK
T 718.672.8000
75-20 Astoria Blvd, Suite 170
Jackson Heights, New York 11370
* admitted in the state of new york only

CALIFORNIA
T 510.796.9000
39180 Liberty Street, Suite 118
Fremont, CA 94538

# ਪੰਜਾਬ ਦਾ ਲੋਕਪਾਲ ਕਾਗਜ਼ੀ ਸ਼ੇਰ ਤੋਂ ਵੱਧ ਕੁਝ ਵੀ ਨਹੀਂ!

## ■ ਕਰੋੜਾਂ ਰੁਪਏ ਖਰਚਾ ਪਰ ਨਤੀਜਾ ਜ਼ੀਰੋ ■ ਸਿਆਸੀ ਆਗੂਆਂ ਨੂੰ ਹੱਥ ਪਾਉਣ ਦੀ ਨਹੀਂ ਹਿੰਮਤ

**ਚੰਡੀਗੜ੍ਹ:** ਪੰਜਾਬ ਦੇ ਲੋਕਪਾਲ ਦੀ ਵਾਗਡੋਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਚਹੇਤੇ ਜਸਟਿਸ ਜੈ ਸਿੰਘ ਸੇਖੋਂ ਨੂੰ ਸੌਂਪ ਦਿੱਤੀ ਹੈ ਤੇ ਪੰਜਾਬ ਦੇ ਮੰਤਰੀ ਜਨਮੇਜਾ ਸਿੰਘ ਸੇਖੋਂ ਦਾ ਭਰਾ ਹੋਣ ਕਰਕੇ ਉਨ੍ਹਾਂ ਦੀ ਨਿਯੁਕਤੀ 'ਤੇ ਉਂਗਲਾਂ ਉੱਠ ਖੜ੍ਹੀਆਂ ਹਨ। ਕਾਂਗਰਸ ਨੇ ਉਨ੍ਹਾਂ ਦੀ ਨਿਯੁਕਤੀ 'ਤੇ ਸਾਵਲ ਉਠਾਉਂਦਿਆਂ ਕਿਹਾ ਹੈ ਕਿ ਉਹ ਭਲਾ ਇਨਸਾਫ ਕਿੰਝ ਕਰ ਸਕਣਗੇ ਕਿਉਂਕਿ ਉਹ ਤਾਂ ਸੱਤਾਧਾਰੀ ਧਿਰ ਦੇ ਖਾਸ ਬੰਦੇ ਹਨ। ਉਂਜ ਇਹ ਮਾਮਲਾ ਹੁਣ ਅਦਾਲਤ ਵਿਚ ਵੀ ਪੁੱਜ ਗਿਆ ਹੈ ਤੇ ਪੰਜਾਬ ਸਰਕਾਰ ਨੂੰ ਨੋਟਿਸ ਵੀ ਜਾਰੀ ਹੋ ਗਿਆ ਹੈ।

ਜੇਕਰ ਪਿਛਲੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਹੁਣ ਤੱਕ ਲੋਕਪਾਲ ਖਰਚੇ ਦਾ ਘਰ ਹੀ ਬਣਿਆ ਰਿਹਾ ਹੈ। ਲੰਘੇ ਛੇ ਵਰ੍ਹਿਆਂ ਦੌਰਾਨ ਲੋਕਪਾਲ ਕੋਲ ਸਿਰਫ 28 ਸ਼ਿਕਾਇਤਾਂ ਪੁੱਜੀਆਂ ਜਦੋਂਕਿ ਲੋਕਪਾਲ ਦਾ ਖਰਚਾ 3.32 ਕਰੋੜ ਰੁਪਏ ਰਿਹਾ ਹੈ। ਸਰਕਾਰੀ ਖਜ਼ਾਨੇ ਵਿਚੋਂ ਇਕ ਸ਼ਿਕਾਇਤ ਪਿੱਛੇ ਔਸਤਨ 1.64 ਲੱਖ ਰੁਪਏ ਖਰਚਾ ਹੋਇਆ ਪਰ ਇਸ ਦਾ ਨਤੀਜਾ ਕੁਝ ਵੀ ਨਹੀਂ ਨਿਕਲਿਆ। ਲੰਘੇ ਡੇਢ ਦਹਾਕੇ ਦੌਰਾਨ ਲੋਕਪਾਲ ਨੇ 115 ਸਿਆਸੀ ਹਸਤੀਆਂ ਤੇ ਅਫਸਰਾਂ ਖ਼ਿਲਾਫ਼ ਕਾਰਵਾਈ ਸਿਫਾਰਸ਼ ਕੀਤੀ ਪਰ ਕਿਸੇ ਦਾ ਵਾਲ ਵਿੰਗਾ ਤਕ ਨਹੀਂ ਹੋ ਸਕਿਆ।

ਕਾਰਗੁਜ਼ਾਰੀ ਦੇਖੀਏ ਤਾਂ ਲੋਕਪਾਲ ਲੰਘੇ ਛੇ ਵਰ੍ਹਿਆਂ ਦੌਰਾਨ 202 ਸ਼ਿਕਾਇਤਾਂ ਦਾ ਨਿਬੇੜਾ ਕਰ ਚੁੱਕਾ ਹੈ ਜਦੋਂਕਿ 112 ਸ਼ਿਕਾਇਤਾਂ ਹਾਲੇ ਵੀ ਵਿਚਾਰ ਅਧੀਨ ਹਨ। ਲੋਕਪਾਲ ਪੰਜਾਬ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੀ ਗਈ ਜਾਣਕਾਰੀ ਮੁਤਾਬਕ ਲੋਕਪਾਲ ਖਾਲੀ ਹੱਥ ਹੀ ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ ਲੜ ਰਿਹਾ ਹੈ। ਸਾਲ 2011 ਦੌਰਾਨ ਲੋਕਪਾਲ ਕੋਲ ਸਿਰਫ਼ ਦੋ ਸ਼ਿਕਾਇਤਾਂ ਪੁੱਜੀਆਂ ਜਦੋਂਕਿ ਸਾਲ 2010 ਵਿਚ ਅੱਧੀ ਦਰਜਨ ਸ਼ਿਕਾਇਤਾਂ ਪੁੱਜੀਆਂ ਸਨ। ਇਸੇ ਤਰ੍ਹਾਂ ਸਾਲ 2009 ਵਿਚ ਪੰਜ ਸ਼ਿਕਾਇਤਾਂ ਪੁੱਜੀਆਂ ਸਨ ਜਦੋਂਕਿ ਸਾਲ 2008 ਵਿਚ ਸਿਰਫ ਇਕ ਸ਼ਿਕਾਇਤ ਹੀ ਮਿਲੀ ਸੀ। ਲੋਕਪਾਲ ਦਾ ਦਫਤਰ ਕਿਰਾਏ ਦੀ ਇਮਾਰਤ ਵਿਚ ਹੈ ਜਿਸ ਦਾ ਪ੍ਰਤੀ ਮਹੀਨਾ 94 ਹਜ਼ਾਰ ਕਿਰਾਇਆ ਦਿੱਤਾ ਗਿਆ। ਸਾਲਾਨਾ ਕਿਰਾਇਆ 11.28 ਲੱਖ ਰੁਪਏ ਬਣ ਜਾਂਦਾ ਹੈ। ਲੰਘੇ ਛੇ ਵਰ੍ਹਿਆਂ ਦੌਰਾਨ 67.68 ਲੱਖ ਰੁਪਏ ਇਕੱਲੇ ਕਿਰਾਏ ਦੇ ਤਾਰੇ ਜਾ ਚੁੱਕੇ ਹਨ। ਲੋਕਪਾਲ ਨੂੰ ਇਨ੍ਹਾਂ ਵਰ੍ਹਿਆਂ ਵਿਚ ਤਨਖਾਹ ਤੇ ਭੱਤੇ ਵੀ 60.63 ਲੱਖ ਰੁਪਏ ਬਣਦੇ ਹਨ।




ਸਾਲਾਨਾ ਤਨਖਾਹ ਤੇ ਭੱਤੇ 16 ਲੱਖ ਨੂੰ ਪਾਰ ਕਰ ਜਾਂਦੇ ਹਨ। ਇਸ ਛੇ ਸਾਲਾਂ ਦੇ ਸਮੇਂ ਦੌਰਾਨ ਲੋਕਪਾਲ ਦਾ 32.95 ਲੱਖ ਰੁਪਏ ਪੈਟਰੋਲ ਖਰਚ ਆਇਆ ਜਦੋਂਕਿ 9.22 ਲੱਖ ਰੁਪਏ ਗੱਡੀਆਂ ਦੀ ਮੁਰੰਮਤ 'ਤੇ ਖਰਚੇ ਗਏ ਹਨ। ਉਪਰੋਕਤ ਖਰਚਿਆਂ ਤੋਂ ਇਲਾਵਾ ਲੋਕਪਾਲ ਦੇ ਦਫ਼ਤਰ ਵੱਲੋਂ 1.61 ਕਰੋੜ ਦਾ ਬਜਟ ਖਰਚ ਕੀਤਾ ਗਿਆ ਹੈ। ਇਕ ਪਾਸੇ ਖਰਚੇ ਤਾਂ ਵਧ ਰਹੇ ਹਨ ਪਰ ਦੂਜੇ ਪਾਸੇ ਲੋਕਾਂ ਦੀਆਂ ਸ਼ਿਕਾਇਤਾਂ ਦੀ ਗਿਣਤੀ ਘਟ ਰਹੀ ਹੈ। ਲੋਕਪਾਲ ਕੋਲ 37 ਪ੍ਰਵਾਨਿਤ ਅਸਾਮੀਆਂ ਹਨ ਜਿਨ੍ਹਾਂ ਵਿਚੋਂ ਬਹੁਗਿਣਤੀ ਖਾਲੀ ਹਨ। ਪੰਜਾਬ ਸਰਕਾਰ ਲੋਕਪਾਲ ਨੂੰ ਖਰਚਾ ਦੇ ਕੇ ਪੱਲਾ ਝਾੜ ਲੈਂਦੀ ਹੈ ਪਰ ਕਦੇ ਵੀ ਕੋਈ ਤਾਕਤ ਨਹੀਂ ਦਿੱਤੀ ਗਈ। ਤਾਕਤ ਰਹਿਤ ਹੋਣ ਕਰਕੇ ਹੀ ਲੋਕਪਾਲ ਦੀ ਸੰਸਥਾ ਵਿਚ ਭਰੋਸੇ ਦੀ ਘਾਟ ਵਧੀ ਹੈ। ਉਂਜ ਵੀ ਸ਼ਿਕਾਇਤਾਂ ਨਿਬੇੜਨ ਵਿਚ ਸਮਾਂ ਬਹੁਤ ਲਿਆ ਜਾਂਦਾ ਹੈ। ਹਾਸਲ ਸੂਚਨਾ ਅਨੁਸਾਰ ਗੁਰਦੇਵ ਸਿੰਘ ਨਾਂ ਦੇ ਵਿਅਕਤੀ ਵੱਲੋਂ ਤਤਕਾਲੀ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਖ਼ਿਲਾਫ਼ 30 ਅਗਸਤ, 2007 ਨੂੰ ਸ਼ਿਕਾਇਤ ਲੋਕਪਾਲ ਕੋਲ ਕੀਤੀ ਗਈ ਸੀ ਜਿਸ ਦਾ ਚਾਰ ਵਰ੍ਹਿਆਂ ਮਗਰੋਂ ਵੀ ਨਿਬੇੜਾ ਨਹੀਂ ਸੀ ਹੋਇਆ। ਕਾਂਗਰਸ ਦੇ ਰਾਜਭਾਗ ਵੇਲੇ ਹਰਚਰਨ ਸਿੰਘ ਨਾਂ ਵਿਅਕਤੀ ਵੱਲੋਂ ਤਤਕਾਲੀ ਸਹਿਕਾਰਤਾ ਮੰਤਰੀ ਜਸਜੀਤ ਸਿੰਘ ਰੰਧਾਵਾ ਖ਼ਿਲਾਫ਼ ਸ਼ਿਕਾਇਤ ਕੀਤੀ ਗਈ ਸੀ ਜਿਸ ਦਾ ਫੈਸਲਾ ਹਾਲੇ ਤੱਕ ਨਹੀਂ ਹੋ ਸਕਿਆ।

ਇਵੇਂ ਹੀ ਕੈਬਨਿਟ ਮੰਤਰੀ ਤੀਕਸ਼ਣ ਸੂਦ ਖ਼ਿਲਾਫ਼ 25 ਮਾਰਚ, 2010 ਤੇ 29 ਜੁਲਾਈ, 2011 ਨੂੰ ਦੋ ਸ਼ਿਕਾਇਤਾਂ ਹੋਈਆਂ, ਉਨ੍ਹਾਂ 'ਤੇ ਕਾਰਵਾਈ ਵੀ ਸ਼ੁਰੂ ਨਹੀਂ ਹੋਈ। ਹਰਪਾਲ ਸਿੰਘ ਵੱਲੋਂ ਵਿਧਾਇਕ ਮਹਿੰਦਰ ਕੁਮਾਰ ਰਿਣਵਾ ਖ਼ਿਲਾਫ਼ 25 ਅਗਸਤ, 2006 ਨੂੰ ਸ਼ਿਕਾਇਤ ਕੀਤੀ ਗਈ ਸੀ ਜਿਸ ਦਾ ਨਿਬੇੜਾ ਲੋਕਪਾਲ ਅੱਜ ਤੱਕ ਨਹੀਂ ਕਰ ਸਕਿਆ ਹੈ। ਉਧਰ ਲੋਕਪਾਲ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਲੋਕਪਾਲ ਐਕਟ 1996 ਦੀ ਧਾਰਾ 2 (ਕੇ) ਤਹਿਤ ਆਈ.ਏ.ਐਸ, ਆਈ.ਪੀ.ਐਸ ਤੇ ਪੀ.ਸੀ.ਐਸ. ਅਧਿਕਾਰੀ ਜਨਤਕ ਵਿਅਕਤੀ ਦੀ ਪਰਿਭਾਸ਼ਾ ਵਿਚ ਨਹੀਂ ਆਉਂਦੇ। ਇਸ ਤਰ੍ਹਾਂ ਇਹ ਨੌਕਰਸ਼ਾਹੀ ਤਾਂ ਸਿੱਧੇ ਤੌਰ 'ਤੇ ਹੀ ਲੋਕਪਾਲ ਦੇ ਘੇਰੇ ਵਿਚੋਂ ਨਿਕਲ ਗਈ ਹੈ। ਜਿਹੜੀ ਸਿਆਸੀ ਨੇਤਾ ਘੇਰੇ ਵਿਚ ਆਉਂਦੇ ਹਨ, ਉਨ੍ਹਾਂ ਨੂੰ ਸਿੱਧਾ ਹੱਥ ਪਾਉਣ ਦੀ ਤਾਕਤ ਵੀ ਲੋਕਪਾਲ ਪੰਜਾਬ ਕੋਲ ਨਹੀਂ ਹੈ। ਲੋਕਪਾਲ ਨੂੰ ਸਿਫਾਰਸ਼ ਕਰਨ ਦਾ ਅਧਿਕਾਰ ਹੈ ਪਰ ਕਾਰਵਾਈ ਕਰਨ ਦਾ ਨਹੀਂ।

# ਭਾਰਤ ਵਿਚ ਪੰਜਾਬੀ ਨੂੰ ਲੱਗਿਆ ਖੋਰਾ

**ਚੰਡੀਗੜ੍ਹ:** ਪੜ੍ਹਨ ਵਾਲੀ ਤਰਜੀਹੀ ਭਾਸ਼ਾ ਦੇ ਤੌਰ 'ਤੇ ਭਾਰਤ ਵਿਚ ਪੰਜਾਬੀ ਭਾਸ਼ਾ ਮਰ ਰਹੀ ਹੈ ਜਦੋਂਕਿ ਬਾਕੀ ਖੇਤਰੀ ਭਾਸ਼ਾਵਾਂ ਇਸ ਮਾਮਲੇ ਵਿਚ ਵਧੀਆ ਕਾਰਗੁਜ਼ਾਰੀ ਦਿਖਾ ਰਹੀਆਂ ਹਨ। ਇਹ ਗੱਲ ਕੇਂਦਰ ਸਰਕਾਰ ਵੱਲੋਂ ਕਰਵਾਏ ਗਏ ਆਪਣੀ ਕਿਸਮ ਦੇ ਪਹਿਲੇ ਪੜ੍ਹਨ ਬਾਰੇ ਸਰਵੇਖਣ ਤੋਂ ਸਾਹਮਣੇ ਆਈ ਹੈ ਜੋ ਖਾਸ ਤੌਰ 'ਤੇ ਨੌਜਵਾਨਾਂ 'ਤੇ ਆਧਾਰਤ ਸੀ।

ਸਰਵੇਖਣ ਮੁਤਾਬਕ ਦੇਸ਼ ਦੇ 13 ਤੋਂ 35 ਸਾਲ ਦੇ ਨੌਜਵਾਨਾਂ ਵਿਚੋਂ ਸਿਰਫ਼ ਚੌਥਾ ਹਿੱਸਾ (ਚਾਰ ਵਿਚੋਂ ਇਕ) ਹੀ ਪਾਠ-ਪੁਸਤਕਾਂ ਤੋਂ ਇਲਾਵਾ ਹੋਰ ਕੁਝ ਪੜ੍ਹਨ ਵਿਚ ਰੁਚੀ ਰੱਖਦੇ ਹਨ। ਇਸੇ ਤਰ੍ਹਾਂ ਜਿਥੋਂ ਤਕ ਸ਼ੌਕੀਆ ਤੌਰ 'ਤੇ ਪੜ੍ਹਨ ਦਾ ਸਵਾਲ ਹੈ, ਪੰਜਾਬੀ ਸਭ ਤੋਂ ਪਿੱਛੇ ਹੈ। ਦੂਜੇ ਪਾਸੇ ਹਿੰਦੀ ਸ਼ੌਕੀਆ ਤੌਰ 'ਤੇ ਪੜ੍ਹੀ ਜਾਣ ਵਾਲੀ ਸਭ ਤੋਂ ਪਸੰਦੀਦਾ ਭਾਸ਼ਾ ਹੈ। ਉਂਜ ਹਿੰਦੀ ਪਾਠਕ ਮੁੱਖ ਤੌਰ 'ਤੇ ਕਾਲਪਨਿਕ ਜਗਤ ਦੀਆਂ ਕਹਾਣੀਆਂ 'ਤੇ ਆਧਾਰਤ ਨਾਵਲ ਪੜ੍ਹਦੇ ਹਨ ਤੇ ਚਲੰਤ ਮਾਮਲਿਆਂ ਬਾਰੇ ਰਸਾਲਿਆਂ ਨੂੰ ਘੱਟ ਹੀ ਪਸੰਦ ਕੀਤਾ ਜਾਂਦਾ ਹੈ।

ਸਭ ਤੋਂ ਵੱਧ ਪੜ੍ਹੀਆਂ ਜਾਣ ਵਾਲੀਆਂ ਦੇਸ਼ ਦੀਆਂ ਚੋਟੀ ਦੀਆਂ 10 ਖੇਤਰੀ ਭਾਸ਼ਾਵਾਂ ਵਿਚ ਹਿੰਦੀ ਤੋਂ ਬਾਅਦ ਮਰਾਠੀ, ਬੰਗਾਲੀ, ਕੰਨੜ, ਤਾਮਿਲ, ਮਲਿਆਲਮ ਤੇ ਗੁਜਰਾਤੀ ਦਾ ਨੰਬਰ ਆਉਂਦਾ ਹੈ। ਇਸ ਤੋਂ ਬਾਅਦ ਅੰਗਰੇਜ਼ੀ ਦਾ ਨੰਬਰ ਹੈ ਤੇ ਉਸ ਪਿਛੋਂ ਉੜੀਆ ਤੇ ਮਹਾਰਾਸ਼ਟਰੀ ਭਾਸ਼ਾਵਾਂ ਆਉਂਦੀਆਂ ਹਨ। ਇਸ ਸਰਵੇ ਵਿਚਲੀਆਂ ਕੁੱਲ 23 ਭਾਸ਼ਾਵਾਂ ਵਿਚੋਂ ਦੇਸ਼ ਦੇ ਨੌਜਵਾਨਾਂ ਨੇ ਪੰਜਾਬੀ ਨੂੰ 15ਵਾਂ ਨੰਬਰ ਦਿੱਤਾ ਹੈ। ਇਸ ਮਾਮਲੇ ਵਿਚ ਪੰਜਾਬੀ ਹੋਰ ਕਈ ਭਾਸ਼ਾਵਾਂ ਜਿਵੇਂ ਤੇਲਗੂ, ਉਰਦੂ, ਵਿਦੇਸ਼ੀ ਭਾਸ਼ਾਵਾਂ ਤੇ ਛੋਟੇ ਜਿਹੇ ਸੂਬੇ ਮਨੀਪੁਰ ਦੀ ਭਾਸ਼ਾ ਮਨੀਪੁਰੀ ਤੋਂ ਵੀ ਪਿੱਛੇ ਰਹੀ ਹੈ।




ਇਹ ਸਰਵੇਖਣ ਨੈਸ਼ਨਲ ਬੁੱਕ ਟਰੱਸਟ ਤੇ ਨੈਸ਼ਨਲ ਇੰਸਟੀਚਿਊਟ ਆਫ ਅਪਲਾਇਡ ਇਕਨਾਮਿਕ ਰਿਸਰਚ ਵੱਲੋਂ ਦੇਸ਼ ਦੇ ਨੌਜਵਾਨਾਂ ਦੇ ਪੜ੍ਹਨ ਬਾਰੇ ਰੁਝਾਨਾਂ ਬਾਰੇ ਡੈਟਾਬੇਸ ਤਿਆਰ ਕਰਨ ਲਈ ਕਰਵਾਇਆ ਗਿਆ। ਸਰਵੇਖਣ ਵਿਚ ਲਿਆ ਗਿਆ ਨੌਜਵਾਨ ਉਮਰ ਜੁੱਟ (13 ਤੋਂ 35 ਸਾਲ) ਦੇਸ਼ ਦੀ ਕੁੱਲ ਆਬਾਦੀ ਦਾ 56 ਫੀਸਦੀ ਬਣਦਾ ਹੈ। ਇਸ ਤੋਂ ਪਹਿਲੀ ਵਾਰ ਪਤਾ ਲੱਗਾ ਹੈ ਕਿ ਦੇਸ਼ ਦੇ ਨੌਜਵਾਨਾਂ ਦੀ ਭਾਵ 41.7 ਫੀਸਦੀ ਗਲਪ (ਯਥਾਰਕ ਕਹਾਣੀਆਂ ਆਧਾਰਤ ਲਿਖਤਾਂ) ਪੜ੍ਹਦੇ ਹਨ ਜਦੋਂਕਿ 18.5 ਫੀਸਦੀ ਕਲਪਨਾ ਜਗਤ ਆਧਾਰਤ ਨਾਵਲ ਪਸੰਦ ਕਰਦੇ ਹਨ।

ਮਿਲਜ਼ ਐਂਡ ਬੂਨਜ਼ ਤਰਜ਼ ਦੀਆਂ ਰੁਮਾਂਸਵਾਦੀ ਲਿਖਤਾਂ ਨੂੰ ਸਿਰਫ਼ 6.5 ਫੀਸਦੀ ਨੌਜਵਾਨ ਹੀ ਪਸੰਦ ਕਰਦੇ ਹਨ ਜਦੋਂਕਿ ਸਾਇੰਸ ਫਿਕਸ਼ਨ ਨੂੰ 8.4 ਫੀਸਦੀ, ਕਲਾਸਿਕ ਲਿਖਤਾਂ ਨੂੰ 16.3 ਫੀਸਦੀ ਤੇ ਕਾਮਿਕਸ ਨੂੰ 17.6 ਫੀਸਦੀ ਪੜ੍ਹਨਾ ਪਸੰਦ ਕਰਦੇ ਹਨ। ਸਰਵੇ ਜਾਰੀ ਕਰਨ ਤੋਂ ਬਾਅਦ ਮਨੁੱਖੀ ਵਸੀਲਾ ਵਿਕਾਸ ਮੰਤਰੀ ਐਮ ਐਮ ਪੱਲਮ ਰਾਜੂ ਨੇ ਕਿਹਾ ਕਿ ਤਕਨਾਲੋਜੀ ਤੇ ਇੰਟਰਨੈੱਟ ਦਾ ਪਸਾਰ ਪੜ੍ਹਨ ਦੀਆਂ ਆਦਤਾਂ ਵਿਚ ਅੜਿੱਕਾ ਬਣ ਰਿਹਾ ਹੈ ਜਿਸ ਨੂੰ ਲਾਇਬਰੇਰੀਆਂ ਬਣਾਉਣ ਤੇ ਹੋਰ ਸਹੂਲਤਾਂ ਰਾਹੀਂ ਉਤਸ਼ਾਹਤ ਕੀਤੇ ਜਾਣ ਦੀ ਲੋੜ ਹੈ।

# ਪੰਜਾਬ ਅਜੇ ਨਹੀਂ ਹੋਇਆ ਤੰਬਾਕੂਨੋਸ਼ੀ ਤੋਂ ਮੁਕਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਨੂੰ ਤੰਬਾਕੂਨੋਸ਼ੀ ਤੋਂ ਮੁਕਤ ਐਲਾਨ ਕੇ ਕੰਮ ਸਾਰ ਲਿਆ ਹੈ ਪਰ ਇਸ ਪਾਸੇ ਕਿਸੇ ਤਰ੍ਹਾਂ ਦੀ ਸਖ਼ਤੀ ਜਾ ਕਾਰਵਾਈ ਕਰਨ ਦੀ ਲੋੜ ਨਹੀਂ ਸਮਝੀ। ਇਸ ਲਈ ਜਨਤਕ ਥਾਵਾਂ 'ਤੇ ਸ਼ਿਗਰਟਨੋਸ਼ੀ ਤੇ ਤੰਬਾਕੂ ਦੀ ਵਿਕਰੀ ਤੇ ਵਰਤੋਂ ਸ਼ਰੇਆਮ ਹੋ ਰਹੀ ਹੈ ਪਰ ਕੋਈ ਵੀ ਸਰਕਾਰੀ ਅਧਿਕਾਰੀ ਇਸ ਖ਼ਿਲਾਫ਼ ਕਾਰਵਾਈ ਕਰਨ ਦੀ ਲੋੜ ਨਹੀਂ ਸਮਝਦਾ।

ਹਾਈ ਕੋਰਟ ਦੀਆਂ ਹਦਾਇਤਾਂ 'ਤੇ ਪੰਜਾਬ ਅੰਦਰ ਸਰਕਾਰ ਨੇ ਜਨਤਕ ਥਾਵਾਂ ਉੱਪਰ ਬੀੜੀ-ਸਿਗਰਟ ਪੀਣ ਦੀ ਮਨਾਹੀ ਕੀਤੀ ਹੋਈ ਹੈ ਤੇ ਹੋਟਲਾਂ-ਕਲੱਬਾਂ ਵਿਚ ਵੀ ਤੰਬਾਕੂ ਦੀ ਵਰਤੋਂ ਕਰਨ ਲਈ ਵੱਖਰੇ ਜ਼ੋਨ ਬਣਾਏ ਜਾਣ ਦੇ ਨਿਯਮ ਹਨ ਪਰ ਜਨਤਕ ਥਾਵਾਂ ਖਾਸ ਕਰ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਤੇ ਫੁਟਪਾਥਾਂ ਉੱਪਰ ਧੂੰਆਂ ਉਡਦਾ ਆਮ ਨਜ਼ਰ ਆਉਂਦਾ ਹੈ। ਹੋਰ ਤਾਂ ਹੋਰ ਪੰਜਾਬ ਵਿਚ ਵੱਡੇ-ਵੱਡੇ ਪੰਜ ਤਾਰਾਂ ਹੋਟਲਾਂ ਤੇ ਸਰਕਾਰੀ ਸਰਪ੍ਰਸਤੀ ਹੇਠ ਚੱਲਦੇ ਕਲੱਬਾਂ ਦੀਆਂ ਬਾਰਾਂ ਵਿਚ ਕਿਧਰੇ ਵੀ ਤੰਬਾਕੂ ਪੀਣ ਲਈ ਵੱਖਰੇ ਜ਼ੋਨ ਨਹੀਂ ਸਗੋਂ ਬਾਰਾਂ ਵਿਚ ਸਾਰੇ ਥਾਈਂ ਬੈਠੇ ਲੋਕ ਸਿਗਰਟਾਂ ਦੇ ਕਸ਼ ਛੱਡਦੇ ਰਹਿੰਦੇ ਹਨ।

ਸਿਗਰਟ ਦੇ ਧੂੰਏਂ ਦਾ ਪ੍ਰਦੂਸ਼ਣ ਆਪਣੇ ਆਪ ਹੀ ਤੰਬਾਕੂ ਦੇ ਸੇਵਨ ਨਾ ਕਰਨ ਵਾਲਿਆਂ ਲਈ ਅਸਹਿਣਸ਼ੀਲ ਹੁੰਦਾ ਹੈ ਪਰ ਬਹੁਗਿਣਤੀ ਸਿੱਖ ਵਸੋਂ ਵਾਲੇ ਸੂਬੇ ਪੰਜਾਬ ਵਿਚ ਧਾਰਮਿਕ ਪੱਖ ਤੋਂ ਵੀ ਇਹ ਮੁੱਦਾ ਬੜਾ ਗੰਭੀਰ ਹੈ। ਸਿੱਖ ਧਰਮ ਵਿਚ ਤੰਬਾਕੂ ਦੀ ਕਿਸੇ ਵੀ ਤਰ੍ਹਾਂ ਨਾਲ ਵਰਤੋਂ ਦੀ ਪੂਰਨ ਮਨਾਹੀ ਹੈ। ਨਿਯਮਾਂ ਮੁਤਾਬਕ 30 ਵਿਅਕਤੀਆਂ ਦੇ ਬੈਠਣ ਵਾਲੀ ਹਰ ਬਾਰ ਵਿਚ ਸਿਗਰਟ ਪੀਣ ਲਈ ਜ਼ੋਨ ਹੋਣਾ ਲਾਜ਼ਮੀ ਹੈ। ਇਸ ਜ਼ੋਨ ਵਿਚ ਸਿਰਫ ਕੋਈ ਸਿਗਰਟ ਲਿਆ ਕੇ ਪੀ ਸਕਦਾ ਹੈ। ਇਥੇ ਸ਼ਰਾਬ ਜਾਂ ਖਾਣਾ ਪਰੋਸਿਆ ਨਹੀਂ ਜਾ ਸਕਦਾ ਪਰ ਪੰਜਾਬ ਦੇ ਸਾਰੇ ਹੀ ਹੋਟਲਾਂ ਵਿਚ ਸਿਗਰਟ ਪੀਣ ਲਈ ਕਿਤੇ ਵੀ ਵੱਖਰੇ ਜ਼ੋਨ ਨਹੀਂ। ਸਿਗਰਟ ਪੀਣ ਵਾਲੇ ਮੇਜ਼ਾਂ ਉੱਪਰ ਹੀ ਸ਼ਰੇਆਮ ਸ਼ਰਾਬ ਤੇ ਖਾਣ ਪੀਣ ਦਾ ਸਾਮਾਨ ਪਰੋਸਿਆ ਜਾਂਦਾ ਹੈ।

ਹੈਰਾਨੀ ਇਸ ਗੱਲ ਦੀ ਹੈ ਕਿ ਸਰਕਾਰੀ ਅਧਿਕਾਰੀਆਂ ਨੂੰ ਇਸ ਨਿਯਮ ਨੂੰ ਲਾਗੂ ਕਰਵਾਉਣ ਦੀ ਕੋਈ ਪ੍ਰਵਾਹ ਹੀ ਨਹੀਂ। ਜਨਤਕ ਥਾਵਾਂ ਉੱਪਰ ਤੰਬਾਕੂ ਦੀ ਵਰਤੋਂ ਰੋਕਣ ਲਈ ਸਾਰੇ ਹੀ ਵਿਭਾਗਾਂ ਦੇ ਮੁਖੀ ਕਾਰਵਾਈ ਕਰਨ ਲਈ ਅਧਿਕਾਰਤ ਕੀਤੇ ਹੋਏ ਹਨ। ਬੱਸ ਅੱਡਿਆਂ ਉੱਪਰ ਜਨਰਲ ਮੈਨੇਜਰ, ਰੇਲਵੇ ਸਟੇਸ਼ਨਾਂ ਉੱਪਰ ਸਟੇਸ਼ਨ ਮਾਸਟਰ, ਸਕੂਲਾਂ ਵਿਚ ਜ਼ਿਲ੍ਹਾ ਸਿੱਖਿਆ ਅਫਸਰ, ਇਸੇ ਤਰ੍ਹਾਂ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ।

# ਹੋਂਦ ਚਿੱਲੜ: ਕਤਲੇਆਮ ਦੇ ਸਬੂਤਾਂ ਨਾਲ ਛੇੜਛਾੜ ਤੋਂ ਖਬਰਦਾਰ ਕੀਤਾ

**ਚੰਡੀਗੜ੍ਹ:** ਜਸਟਿਸ ਗਰਗ ਕਮਿਸ਼ਨ ਨੇ ਕਿਹਾ ਹੈ ਕਿ ਨਵੰਬਰ 1984 ਦੇ ਹੋਂਦ ਚਿੱਲੜ ਸਿੱਖ ਕਤਲੇਆਮ ਦੇ ਸਬੂਤਾਂ ਨਾਲ ਕਿਸੇ ਕਿਸਮ ਦੀ ਛੇੜਛਾੜ ਨਾ ਕੀਤੀ ਜਾਵੇ। ਕਮਿਸ਼ਨ ਨੇ ਪਿੰਡ ਹੋਂਦ ਚਿੱਲੜ ਦੇ ਉੱਜੜ ਚੁੱਕੇ ਪਰਿਵਾਰਾਂ ਦੇ ਵਿਕੇ ਘਰਾਂ ਦੀਆਂ ਕੰਧਾਂ ਢਾਹੁਣ 'ਤੇ ਵੀ ਰੋਕ ਲਾ ਦਿੱਤੀ ਹੈ। ਇਹ ਹੁਕਮ ਜਸਟਿਸ ਗਰਗ ਵੱਲੋਂ ਹੋਂਦ ਚਿੱਲੜ ਕੇਸ ਦੀ ਸੁਣਵਾਈ ਦੌਰਾਨ ਦਿੱਤੇ ਗਏ।

ਹੋਂਦ ਚਿੱਲੜ ਵਾਸੀ ਤੇ ਪਟੀਸ਼ਨਰ ਨੱਥੂ ਰਾਮ ਨੇ ਕਮਿਸ਼ਨ ਨੂੰ ਦੱਸਿਆ ਕਿ ਸਿੱਖਾਂ ਦੀਆਂ ਪੁਰਾਤਨ ਹਵੇਲੀਆਂ ਦੀਆਂ ਕੰਧਾਂ ਢਾਹ ਕੇ ਮੁੜ ਤੋਂ ਬਣਾਉਣ ਦੀ ਇਜਾਜ਼ਤ ਮੰਗੀ ਹੈ। ਉਸ ਨੇ ਕਿਹਾ ਕਿ ਉਹ ਪੁਰਾਣੀਆਂ ਹਵੇਲੀਆਂ ਨੂੰ ਮੁੜ ਆਪਣੀ ਮਰਜ਼ੀ ਮੁਤਾਬਕ ਵਰਤੋਂ ਵਿਚ ਲਿਆਉਣ ਲਈ ਉਨ੍ਹਾਂ ਦੀ ਮੁਰੰਮਤ ਕਰਵਾਉਣਾ ਚਾਹੁੰਦਾ ਹੈ। ਉਸ ਨੇ ਇਹ ਹਵੇਲੀਆਂ 1984 ਤੋਂ ਬਾਅਦ ਖਰੀਦ ਲਈਆਂ ਸਨ। ਜਸਟਿਸ ਗਰਗ ਨੇ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਬਾਅਦ ਮਾਰੇ ਗਏ ਸਿੱਖਾਂ ਨਾਲ ਸਬੰਧਤ ਇਮਾਰਤਾਂ ਤੇ ਖੰਡਰਾਂ ਨਾਲ ਛੇੜਛਾੜ ਕਰਨ 'ਤੇ ਰੋਕ ਲਾ ਦਿੱਤੀ ਹੈ।

ਸੂਤਰਾਂ ਅਨੁਸਾਰ ਕਤਲੇਆਮ ਤੋਂ ਬਾਅਦ ਹੋਂਦ ਚਿੱਲੜ ਵਿਚ ਰਹਿੰਦੇ ਸਿੱਖ ਪਰਿਵਾਰ ਉੱਥੋਂ ਕੂਚ ਕਰ ਗਏ ਸਨ ਤੇ ਬਾਅਦ ਵਿਚ ਉਨ੍ਹਾਂ ਆਪਣੀਆਂ ਜਾਇਦਾਦਾਂ 'ਕੌਡੀਆਂ ਦੇ ਭਾਅ' ਵੇਚ ਦਿੱਤੀਆਂ ਸਨ। ਕਮਿਸ਼ਨ ਨੇ ਸੁਣਵਾਈ ਮੌਕੇ ਮੌਜੂਦ ਕੰਨਗੋ ਨੂੰ ਪਿੰਡ ਦੀ ਜ਼ਮੀਨ ਦਾ ਰਿਕਾਰਡ ਅਗਲੀ ਤਾਰੀਖ਼ ਵੇਲੇ ਨਾਲ ਲੈ ਕੇ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਹਨ।



ਇਸ ਤੋਂ ਪਹਿਲਾਂ ਕੇਸ ਦੀ ਸੁਣਵਾਈ ਦੌਰਾਨ ਅੱਠ ਪਟੀਸ਼ਨਰਾਂ ਦੀਆਂ ਗਵਾਹੀਆਂ ਦਰਜ ਕੀਤੀਆਂ ਗਈਆਂ। ਗਵਾਹ ਅਮਰਜੀਤ ਸਿੰਘ ਪੁੱਤਰ ਸ਼ਾਂਤੀ ਬਾਈ ਨੇ ਦੱਸਿਆ ਕਿ 1984 ਦੇ ਸਿੱਖ ਕਤਲੇਆਮ ਦੌਰਾਨ ਉਸਦੇ ਪਰਿਵਾਰ ਦੇ ਅੱਠ ਜੀਅ ਉਸ ਦੀਆਂ ਅੱਖਾਂ ਸਾਹਮਣੇ ਮਾਰੇ ਗਏ ਸਨ। ਉਸ ਦੇ ਤਿੰਨ ਮਾਮੇ ਵੀ ਹਮਲਾਵਰਾਂ ਦੇ ਕਹਿਰ ਦਾ ਸ਼ਿਕਾਰ ਹੋਏ ਸਨ। ਉਸ ਨੇ ਕਮਿਸ਼ਨ ਅੱਗੇ ਹਲਫੀਆ ਬਿਆਨ ਵੀ ਦਿੱਤਾ। ਅਦਾਲਤ ਨੇ ਬਿਆਨ ਲੈਣ ਤੋਂ ਬਾਅਦ ਸਬੰਧਤ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਤਲਬ ਕਰ ਲਿਆ ਹੈ।

ਗਵਾਹਾਂ ਨੇ ਅਦਾਲਤ ਤੋਂ ਮੰਗ ਮੁਆਵਜ਼ੇ ਦੀ ਥਾਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਤਲੇਆਮ ਦੇ ਦੋਸ਼ੀਆਂ ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਕਮਿਸ਼ਨ ਨੇ ਹੋਰ ਪਟੀਸ਼ਨਰਾਂ ਨੂੰ ਵੱਖ ਵੱਖ ਤਰੀਕਾਂ ਦੇ ਕੇ ਬਿਆਨ ਲੈਣ ਲਈ ਬੁਲਾਇਆ ਹੈ। ਗੁੜਗਾਉਂ ਦੇ 118 ਕੇਸਾਂ ਦੀ ਸੁਣਵਾਈ ਲਈ 30 ਨਵੰਬਰ ਦੀ ਤਾਰੀਖ਼ ਮੁਕਰਰ ਕੀਤੀ ਗਈ ਹੈ। ਇਸ ਤੋਂ ਬਾਅਦ 12 ਦਸੰਬਰ ਨੂੰ ਹੋਂਦ ਚਿੱਲੜ ਦੇ ਰਹਿੰਦੇ ਕੇਸ ਸੁਣੇ ਜਾਣਗੇ। ਪਟੌਦੀ ਦੇ 14 ਪਟੀਸ਼ਨਰਾਂ ਨੂੰ 31 ਦਸੰਬਰ ਦੀ ਤਾਰੀਖ਼ ਦਿੱਤੀ ਗਈ ਹੈ। ਇਸ ਤੋਂ ਅਗਲੀ ਤਾਰੀਖ਼ 22 ਜਨਵਰੀ ਰੱਖੀ ਗਈ ਹੈ। ਉਸ ਦਿਨ ਤਿੰਨੋ ਥਾਵਾਂ ਦੇ ਰਹਿੰਦੇ ਕੇਸਾਂ ਦੀ ਸੁਣਵਾਈ ਹੋਵੇਗੀ।

# ਓਕ ਕਰੀਕ ਗੋਲੀ ਕਾਂਡ ਦੀ ਜਾਂਚ ਮੁਕੰਮਲ

## ਨਸਲੀ ਨਫਰਤ ਤੋਂ ਪ੍ਰੇਰਿਤ ਨਹੀਂ ਸੀ ਹਮਲਾ




**ਮਿਲਵਾਕੀ:** ਅਮਰੀਕੀ ਖੁਫੀਆ ਏਜੰਸੀ ਐਫ.ਬੀ.ਆਈ. ਨੇ ਅਗਸਤ ਮਹੀਨੇ ਵਿਚ ਵਿਸਕਾਨਸਿਨ ਦੇ ਓਕ ਕਰੀਕ ਗੁਰਦੁਆਰੇ ਵਿਚ ਹੋਈ ਗੋਲੀ ਬਾਰੀ ਦੀ ਘਟਨਾ ਬਾਰੇ ਆਪਣੀ ਜਾਂਚ ਮੁਕੰਮਲ ਕਰ ਲਈ ਹੈ। ਜਾਂਚ ਏਜੰਸੀ ਨੂੰ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਇਹ ਪਤਾ ਲਗਦਾ ਹੋਵੇ ਕਿ ਹਮਲਾ ਕਿਸੇ ਸਾਜ਼ਿਸ਼ ਤਹਿਤ ਕੀਤਾ ਗਿਆ ਸੀ। ਏਜੰਸੀ ਦੀ ਜਾਂਚ ਮੁਤਾਬਕ ਇਹ ਹਮਲਾ ਨਸਲੀ ਨਫਰਤ ਤੋਂ ਪ੍ਰੇਰਿਤ ਨਹੀਂ ਸੀ।

ਐਫ.ਬੀ.ਆਈ. ਦੀ ਮਿਲਵਾਕੀ ਡਵੀਜ਼ਨ ਦੇ ਵਿਸ਼ੇਸ਼ ਏਜੰਟ ਟੀ. ਕਾਰਲਸਨ ਮੁਤਾਬਕ ਜਾਂਚ ਦੌਰਾਨ ਪਤਾ ਲੱਗਿਆ ਕਿ ਇਹ ਕਾਰਾ ਵੇਡ ਮਾਈਕਲ ਪੇਜ ਨੇ ਇਕੱਲਿਆਂ ਹੀ ਕੀਤਾ ਸੀ ਤੇ ਇਸ ਵਿਚ ਕਿਸੇ ਨੇ ਉਸ ਦਾ ਸਾਥ ਨਹੀਂ ਦਿੱਤਾ। ਅਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਨਸਲੀ ਭੇਦਭਾਵ ਦਾ ਪੱਖ ਪੂਰਨ ਵਾਲਾ ਕੋਈ ਧੜਾ ਇਸ ਦੇ ਪਿੱਛੇ ਸੀ। ਇਸ ਜਾਂਚ ਦੌਰਾਨ ਐਫ.ਬੀ.ਆਈ. ਨੇ ਦੋ ਸੌ ਤੋਂ ਵੱਧ ਸੁਰਾਗ ਲੱਭੇ, ਤਿੰਨ ਸੌ ਵਿਅਕਤੀਆਂ ਦੇ ਬਿਆਨ ਲਏ ਤੇ ਦੋ ਸੌ ਤੋਂ ਵੱਧ ਸਬੂਤ ਇਕੱਤਰ ਕੀਤੇ।

ਇਸ ਕੰਮ ਵਿਚ 30 ਏਜੰਸੀਆਂ ਲੱਗੀਆਂ ਜਿਨ੍ਹਾਂ ਵਿਚੋਂ 27 ਸਥਾਨਕ, ਇਕ ਸੂਬਾਈ ਤੇ ਦੋ ਸੰਘੀ ਸਨ। ਜ਼ਿਕਰਯੋਗ ਹੈ ਕਿ 5 ਅਗਸਤ ਦੀ ਸਵੇਰ ਨੂੰ ਹਥਿਆਰੇ ਪੇਜ ਨੇ ਗੁਰਦੁਆਰੇ 'ਚ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਗੋਲੀਬਾਰੀ ਵਿਚ ਛੇ ਸਿੱਖ ਸ਼ਰਧਾਲੂ ਮਾਰੇ ਗਏ ਤੇ ਚਾਰ ਹੋਰ ਜ਼ਖ਼ਮੀ ਹੋ ਗਏ। ਪੇਜ ਨੇ ਓਕ ਕਰੀਕ ਪੁਲਿਸ ਦੇ ਅਧਿਕਾਰੀਆਂ 'ਤੇ ਵੀ ਗੋਲੀਆਂ ਚਲਾਈਆਂ ਤੇ ਇਕ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਦੌਰਾਨ ਦੂਜੇ ਪੁਲਿਸ ਅਧਿਕਾਰੀ ਵੱਲੋਂ ਚਲਾਈ ਗਈ ਗੋਲੀ ਨਾਲ ਉਹ ਮਾਰਿਆ ਗਿਆ।

## ਹਿਟਲਰ ਦਾ ਹਮਾਇਤੀ ਸੀ ਹਮਲਾਵਰ

**ਨਿਊ ਯਾਰਕ:** ਵਿਸਕਾਨਸਿਨ ਦੇ ਗੁਰਦੁਆਰੇ ਵਿਚ ਅੰਨ੍ਹੇਵਾਹ ਗੋਲੀਆਂ ਚਲਾਉਣ ਵਾਲੇ ਮਾਈਕਲ ਵੇਡ ਪੇਜ ਨੇ ਆਪਣੇ ਸਰੀਰ 'ਤੇ ਅਡੌਲਫ ਹਿਟਲਰ ਦਾ ਸਮਰਥਨ ਕਰਨ ਵਾਲੇ ਟੈਟੂ ਖੁਦਵਾਏ ਹੋਏ ਸਨ। ਮਿਲਵਾਕੀ ਦੇ ਮੈਡੀਕਲ ਵਿਭਾਗ ਵੱਲੋਂ ਜਾਰੀ ਰਿਪੋਰਟ ਅਨੁਸਾਰ 40 ਸਾਲਾ ਪੇਜ ਦੇ ਸਰੀਰ ਵਿਚ ਅਲਕੋਹਲ ਦੀ ਕੁਝ ਮਾਤਰਾ ਬਰਾਮਦ ਹੋਈ ਹੈ ਪਰ ਇਸ ਤੋਂ ਇਹ ਪੁਸ਼ਟੀ ਨਹੀਂ ਹੁੰਦੀ ਕਿ ਉਸ ਨੇ ਗੋਲੀ ਬਾਰੀ ਕਰਨ ਜਾਣ ਤੋਂ ਪਹਿਲਾਂ ਸ਼ਰਾਬ ਪੀਤੀ ਸੀ। ਮੈਡੀਕਲ ਮਾਹਿਰਾਂ ਅਨੁਸਾਰ ਇਥਾਈਲ ਅਲਕੋਹਲ ਦੇ ਇਹ ਅੰਸ਼ ਕਿਸੇ ਹੋਰ ਪਦਾਰਥ ਦੇ ਵੀ ਹੋ ਸਕਦੇ ਹਨ। ਪੋਸਟਮਾਰਟਮ ਰਿਪੋਰਟ ਅਨੁਸਾਰ ਪੇਜ ਨੇ ਆਪਣੇ ਸਰੀਰ 'ਤੇ ਚਿੱਟੀ ਚਮੜੀ ਵਾਲਿਆਂ ਦੀ ਸਰਬਉੱਚਤਾ ਦਰਸਾਉਣ ਵਾਲੇ ਕਈ ਟੈਟੂ ਖੁਦਵਾਏ ਹੋਏ ਸਨ। ਉਸ ਨੇ ਆਪਣੇ ਮੋਢੇ 'ਤੇ ਅੰਕ '88' ਖੁਦਵਾਇਆ ਹੋਇਆ ਸੀ ਜੋ ਕਿ ਹਿਟਲਰ ਦੀ ਹਮਾਇਤ ਦਾ ਸੰਕੇਤ ਹੈ। ਇਸ ਤਰ੍ਹਾਂ ਉਸ ਨੇ ਆਪਣੀ ਪਿੱਠ 'ਤੇ ਅਜਿਹਾ ਨਿਸ਼ਾਨ ਖੁਦਵਾਇਆ ਹੋਇਆ ਸੀ ਜੋ ਨਾਜ਼ੀਆਂ ਵੱਲੋਂ ਵਰਤਿਆ ਜਾਂਦਾ ਸੀ। ਉਸ ਦੀ ਸੱਜੀ ਲੱਤ 'ਤੇ ਅੰਕ '820' ਦੇ ਨਾਲ ਅੱਗ ਦੀਆਂ ਲਾਟਾਂ ਖੁਦਵਾਈਆਂ ਹੋਈਆਂ ਸਨ। ਉਸ ਦੀ ਛਾਤੀ 'ਤੇ 'ਪ੍ਰਾਈਡ' ਲਿਖਿਆ ਹੋਇਆ ਸੀ।

# ਕੰਪਿਊਟਰ ਨੇ ਕੈਨੇਡਾ ਜਾਣ ਦੇ ਚਾਹਵਾਨਾਂ ਦੀ ਖੋਲ੍ਹੀ ਕਿਸਮਤ

**ਟੋਰਾਂਟੋ:** ਕੈਨੇਡਾ ਜਾਣ ਲਈ ਵਰ੍ਹਿਆਂ ਤੋਂ ਉਡੀਕ ਵਿਚ ਬੈਠੇ ਤਕਰੀਬਨ 150 ਲੋਕਾਂ ਦੀ ਕਿਸਮਤ ਉਸ ਵੇਲੇ ਜਾਗ ਪਈ ਜਦੋਂ ਆਵਾਸ ਮਹਿਕਮੇ ਦੇ ਕੰਪਿਊਟਰ ਨੇ ਗਲਤੀ ਨਾਲ ਉਨ੍ਹਾਂ ਨੂੰ ਵੀਜ਼ੇ ਜਾਰੀ ਕਰ ਦਿੱਤੇ। ਕੈਨੇਡਾ ਸਰਕਾਰ ਨੂੰ ਉਨ੍ਹਾਂ ਨੂੰ ਪੱਕੇ ਰਿਹਾਇਸ਼ੀ ਹੋਣ ਦਾ ਐਲਾਨ ਕਰਨਾ ਪੈ ਗਿਆ। ਇਹ ਲੋਕ ਉਨ੍ਹਾਂ ਹਜ਼ਾਰਾਂ ਅਰਜ਼ੀ ਦੇਣ ਵਾਲਿਆਂ ਵਿਚੋਂ ਹਨ ਜਿਨ੍ਹਾਂ ਦੀਆਂ ਅਰਜ਼ੀਆਂ ਕੈਨੇਡਾ ਨੇ ਬਗ਼ੈਰ ਵਿਚਾਰਿਆਂ ਮੋੜਨ ਲਈ ਰੱਖੀਆਂ ਸਨ। ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਆਵਾਸ ਮੰਤਰੀ ਜੇਸਨ ਕੈਨੀ ਨੇ ਆਪਣੇ ਅਹੁਦੇ ਦੀ ਤਾਕਤ ਵਰਤਦਿਆਂ ਇਨ੍ਹਾਂ ਲੋਕਾਂ ਨੂੰ ਕੈਨੇਡਾ 'ਚ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਗਲਤੀ ਦਾ ਭਾਂਡਾ ਉਸ ਵੇਲੇ ਭੱਜਾ ਜਦ ਮੋਰੱਕੋ ਦੇ ਇਕ ਪਰਿਵਾਰ ਨੂੰ ਮਾਂਟਰੀਅਲ ਦੇ ਏਅਰਪੋਰਟ 'ਤੇ ਪਹੁੰਚ ਕੇ ਪਤਾ ਲੱਗਾ ਕਿ ਉਨ੍ਹਾਂ ਦਾ ਵੀਜ਼ਾ ਅਯੋਗ ਹੈ। ਇਹ ਖ਼ਬਰ ਉਥੋਂ ਦੇ ਫਰੈਂਚ ਅਖ਼ਬਾਰ 'ਲਾ ਪ੍ਰੈਸ' ਨੇ ਛਾਪ ਦਿੱਤੀ। ਮੰਤਰੀ ਨੇ ਦੱਸਿਆ ਕਿ ਉਸ ਦੇ ਵਿਭਾਗ ਦਾ ਆਈਟੀ ਢਾਂਚਾ ਕਈ ਸੋਧਾਂ ਵਿਚੋਂ ਲੰਘ ਰਿਹਾ ਹੈ। ਉਨ੍ਹਾਂ ਮੰਨਿਆ ਕਿ ਇਹ ਉਸ ਦੇ ਮਹਿਕਮੇ ਦੀ ਇਕ ਪ੍ਰਸ਼ਾਸਕੀ ਗਲਤੀ ਹੈ। ਮੰਤਰੀ ਨੇ ਕਿਹਾ ਕਿ ਦਿਨ 'ਚ ਹਜ਼ਾਰਾਂ ਫੈਸਲੇ ਕੀਤੇ ਜਾਂਦੇ ਹਨ ਪਰ ਕਈ ਵਾਰ ਅਜਿਹਾ ਵਾਪਰ ਜਾਂਦਾ ਹੈ। ਮੰਤਰੀ ਅਨੁਸਾਰ ਇਹ ਸਾਰੇ ਲੋਕ ਤਫ਼ਤੀਸ਼ ਕਰਾ ਚੁੱਕੇ ਹਨ, ਇਸ ਕਰਕੇ ਉਹ ਇੱਥੇ ਰਹਿ ਸਕਦੇ ਹਨ। ਇਸ ਬਾਰੇ ਅਜੇ ਪਤਾ ਨਹੀਂ ਕਿ ਕਿੰਨੇ ਲੋਕ ਕੈਨੇਡਾ ਪਹੁੰਚ ਚੁੱਕੇ ਹਨ। ਮੰਤਰੀ ਅਨੁਸਾਰ ਜੇ ਕਿਸੇ ਨੂੰ ਅਯੋਗ ਵੀਜ਼ੇ ਬਾਅਦ ਮੁੜਨਾ ਵੀ ਪੈ ਗਿਆ ਤਾਂ ਉਹ ਵਾਪਸ ਕੈਨੇਡਾ ਆ ਸਕਦਾ ਹੈ। ਇਸ ਗਲਤੀ ਨੇ ਕੋਈ ਦਰਜਨ ਦੇਸ਼ਾਂ ਦੇ ਲੋਕਾਂ ਨੂੰ ਕੈਨੇਡਾ ਦੇ ਵੀਜ਼ੇ ਲਾਏ ਹਨ ਜਿਨ੍ਹਾਂ ਦੀਆਂ ਫਾਈਲਾਂ ਫੈਡਰਲ ਸਕਿੱਲਡ ਵਰਕਰਜ਼ ਪ੍ਰੋਗਰਾਮ ਵਿਚ 27 ਫਰਵਰੀ, 2008 ਤੋਂ ਪਹਿਲਾਂ ਲਾਈਨ ਵਿਚ ਲੱਗੀਆਂ ਹੋਈਆਂ ਸਨ ਪਰ ਉਨ੍ਹਾਂ 'ਤੇ ਨਜ਼ਰਸਾਨੀ ਨਹੀਂ ਹੋਈ ਸੀ। ਕੈਨੇਡਾ ਸਰਕਾਰ ਨੇ ਆਪਣੇ ਪਿਛਲੇ ਬਜਟ ਵਿਚ ਆਵਾਸ ਅਰਜ਼ੀਆਂ ਦੇ ਬੈਕਲਾਗ ਨੂੰ ਸਾਫ ਕਰਨ ਲਈ ਤਕਰੀਬਨ 280,000 ਅਰਜ਼ੀਆਂ ਖਾਰਜ ਕਰਨ ਤੇ ਉਨ੍ਹਾਂ ਦੀਆਂ ਫੀਸਾਂ ਮੋੜਨ ਦਾ ਐਲਾਨ ਕੀਤਾ ਸੀ।

### ਗਲਤੀ ਨਾਲ ਸੈਂਕੜੇ ਲੋਕਾਂ ਨੂੰ ਮਿਲੇ ਕੈਨੇਡਾ ਦੇ ਵੀਜ਼ੇ




ਆਵਾਸ ਚਿੰਤਕਾਂ ਨੇ ਸਰਕਾਰ ਦੇ ਇਸ ਫੈਸਲੇ ਨੂੰ ਸਲਾਹਿਆ ਹੈ। ਵਕੀਲ ਰਿਚਰਡ ਕਰਲੈਂਡ ਮੁਤਾਬਕ ਹੋ ਸਕਦਾ ਹੈ ਕਿ ਇਸ ਫੈਸਲੇ ਨਾਲ ਸਰਕਾਰ ਨੂੰ ਬਾਅਦ ਵਿਚ ਸਿਰਦਰਦੀ ਖੜ੍ਹੀ ਹੋ ਜਾਵੇ ਪਰ ਮੌਕੇ ਅਨੁਸਾਰ ਇਹ ਚੰਗਾ ਫੈਸਲਾ ਹੈ। ਸ੍ਰੀ ਕੈਨੀ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਵੀਜ਼ੇ ਮਿਲੇ ਉਨ੍ਹਾਂ ਦਾ ਕੋਈ ਕਸੂਰ ਨਹੀਂ ਅਤੇ ਉਨ੍ਹਾਂ ਨੂੰ ਵਾਪਸ ਮੋੜ ਕੇ ਬੇਇਨਸਾਫ਼ੀ ਨਹੀਂ ਕੀਤੀ ਜਾ ਸਕਦੀ।

# ਸਵਿਤਾ ਦੀ ਮੌਤ ਨਾਲ ਕਸੂਤੀ ਫਸੀ ਆਇਰਲੈਂਡ ਸਰਕਾਰ

**ਲੰਡਨ:** ਆਇਰਲੈਂਡ ਵਿਚ ਗਰਭਵਤੀ ਭਾਰਤੀ ਡਾਕਟਰ ਦੀ ਮੌਤ ਤੋਂ ਬਾਅਦ ਉਥੇ ਗਰਭਪਾਤ ਬਾਰੇ ਕਾਨੂੰਨ 'ਚ ਤਬਦੀਲੀ ਕਰਨ ਦੀ ਮੰਗ ਵਧ ਗਈ ਹੈ। ਇਥੇ ਲੋਕਾਂ ਵੱਲੋਂ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਕੀਤੇ ਗਏ ਜਿਸ ਕਰਕੇ ਸਰਕਾਰ ਕਸੂਤੀ ਫਸ ਗਈ ਹੈ। ਉਧਰ ਆਇਰਲੈਂਡ ਦੇ ਰਾਸ਼ਟਰਪਤੀ ਮਾਈਕਲ ਡੀ. ਹਿਗਿਨਜ਼ ਨੇ ਕਿਹਾ ਹੈ ਕਿ ਗਰਭ ਬਾਰੇ ਸਮੱਸਿਆਵਾਂ ਕਾਰਨ ਉਨ੍ਹਾਂ ਦੇ ਦੇਸ਼ ਵਿਚ ਦਮ ਤੋੜ ਗਈ ਭਾਰਤੀ ਦੰਦਾਂ ਦੀ ਡਾਕਟਰ ਸਵਿਤਾ ਹਲਪਾਨਵਰ ਦੀ ਮੌਤ ਬਾਰੇ ਮੁਕੰਮਲ ਜਾਂਚ ਕਰਵਾਈ ਜਾਵੇਗੀ। ਇਹ ਜਾਂਚ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਠਾਏ ਜਾ ਰਹੇ ਸਵਾਲਾਂ ਦੇ ਜਵਾਬ ਦੇਵੇਗੀ ਤੇ ਸਰਕਾਰ ਦਾ ਪੱਖ ਵੀ ਸਪੱਸ਼ਟ ਕਰੇਗੀ।

ਰਾਸ਼ਟਰਪਤੀ ਵੱਲੋਂ ਇਸ ਮਾਮਲੇ ਵਿਚ ਦਖ਼ਲ ਦਿੱਤੇ ਜਾਣ ਨਾਲ ਸਰਕਾਰ 'ਤੇ ਦਬਾਅ ਹੋਰ ਵਧ ਗਿਆ ਹੈ। ਸਵਿਤਾ ਦੇ ਪਤੀ ਪਰਵੀਨ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਮਾਮਲੇ ਦੀ ਖੁੱਲ੍ਹੀ ਜਾਂਚ ਕਰਵਾਈ ਜਾਵੇ। ਰਾਸ਼ਟਰਪਤੀ ਨੇ ਕਿਹਾ ਹੈ ਕਿ ਜਾਂਚ ਰਾਹੀਂ ਇਹ ਯਕੀਨੀ ਬਣਾਇਆ ਜਾਵੇ ਕਿ ਔਰਤਾਂ ਹਰ ਹਾਲ ਵਿਚ ਸੁਰੱਖਿਅਤ ਰਹਿਣ ਤੇ ਗਰਭ ਅਵਸਥਾ ਦੌਰਾਨ ਜੇ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਉਨ੍ਹਾਂ ਨੂੰ ਲੋੜੀਂਦੀ ਮੈਡੀਕਲ ਸਹਾਇਤਾ ਮਿਲੇ।

ਸਵਿਤਾ ਦੇ ਪਤੀ ਪ੍ਰਵੀਨ ਹਲੱਪਾਨਾਵਰ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਜੋ ਮੈਡੀਕਲ ਰਿਪੋਰਟ ਸੌਂਪੀ ਗਈ ਹੈ, ਉਸ ਵਿਚ ਉਨ੍ਹਾਂ ਵੱਲੋਂ ਗਰਭਪਾਤ ਲਈ ਵਾਰ-ਵਾਰ ਕੀਤੀਆਂ ਅਪੀਲਾਂ ਬਾਰੇ ਕੋਈ ਵੇਰਵਾ ਨਹੀਂ ਹੈ ਪਰ ਉਸ ਵਿਚ ਚਾਹ ਤੇ ਬਰੈੱਡ ਮੰਗਣ ਬਾਰੇ ਮਾਮੂਲੀ ਚੀਜ਼ਾਂ ਦਾ ਜ਼ਿਕਰ ਤੱਕ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਡਾ. ਸਵਿਤਾ ਦੀ ਗਾਲਵੇ ਯੂਨੀਵਰਸਿਟੀ ਹਸਪਤਾਲ ਵਿਚ 28 ਅਕਤੂਬਰ ਨੂੰ ਮੌਤ ਹੋ ਗਈ ਸੀ। ਹਸਪਤਾਲ ਦਾ ਮੈਡੀਕਲ ਰਿਕਾਰਡ ਜੋ ਪ੍ਰਵੀਨ ਨੂੰ ਸੌਂਪਿਆ ਗਿਆ ਹੈ, ਵਿਚ 22 ਅਕਤੂਬਰ ਦਿਨ ਸੋਮਵਾਰ ਦੀ ਡਾਕਟਰ ਦੀ ਰਿਪੋਰਟ ਹੀ ਨਹੀਂ ਹੈ। ਇਸ ਦਿਨ ਹੀ ਪਹਿਲੀ ਵਾਰ ਇਸ ਭਾਰਤੀ ਜੋੜੇ ਨੇ ਗਰਭਪਾਤ ਲਈ ਅਪੀਲ ਕੀਤੀ ਸੀ ਪਰ 23 ਅਕਤੂਬਰ ਦੀ ਡਾਕਟਰ ਦੀ ਰਿਪੋਰਟ ਰਿਕਾਰਡ ਵਿਚ ਹੈ ਤੇ ਉਸ ਵਿਚ ਵੀ ਗਰਭਪਾਤ ਬਾਰੇ ਕੀਤੀ ਬੇਨਤੀ ਦਾ ਕੋਈ ਜ਼ਿਕਰ ਨਹੀਂ ਹੈ ਜਦੋਂ ਕਿ ਉਸ ਦਿਨ ਉਨ੍ਹਾਂ ਨੇ ਦੁਬਾਰਾ ਬੇਨਤੀ ਕੀਤੀ ਸੀ।

# ਹਰਿੰਦਰ ਤੱਖਰ ਵੀ ਮੁੱਖ ਮੰਤਰੀ ਦੇ ਅਹੁਦੇ ਦੀ ਦੌੜ 'ਚ ਸ਼ਾਮਲ

**ਟੋਰਾਂਟੋ:** ਕੈਨੇਡਾ ਦੇ ਸੂਬੇ ਉਂਟਾਰੀਓ 'ਚ ਸਰਕਾਰੀ ਸੇਵਾਵਾਂ ਬਾਰੇ ਮੰਤਰੀ ਹਰਿੰਦਰ ਤੱਖਰ ਨੇ ਵੀ ਆਪਣਾ ਅਹੁਦਾ ਤਿਆਗ ਰਹੇ ਮੁੱਖ ਮੰਤਰੀ ਡਾਲਟਨ ਮਗਿੰਟੀ ਦੀ ਥਾਂ ਲੈਣ ਲਈ ਪਹਿਲਾਂ ਖੜ੍ਹੇ ਛੇ ਉਮੀਦਵਾਰਾਂ ਵਿਚ ਆਪਣਾ ਨਾਂ ਦਰਜ ਕਰਵਾਇਆ ਹੈ। 61 ਵਰ੍ਹਿਆਂ ਦੇ ਤੱਖਰ ਨੇ ਇਸ ਅਹੁਦੇ ਦੀ ਨਾਮਜ਼ਦਗੀ ਲਈ ਆਪਣੇ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।


ਸੂਬਾਈ ਲਿਬਰਲ ਪਾਰਟੀ ਦੀ ਲੀਡਰਸ਼ਿਪ ਕਨਵੈਨਸ਼ਨ ਅਗਲੇ ਸਾਲ ਜਨਵਰੀ ਵਿਚ ਹੋਵੇਗੀ ਜਿਸ ਵਿਚ ਪਾਰਟੀ ਦੇ ਡੈਲੀਗੇਟ ਵੋਟਾਂ ਪਾ ਕੇ ਆਪਣੇ ਨਵੇਂ ਲੀਡਰ ਦੀ ਚੋਣ ਕਰਨਗੇ। 1974 ਵਿਚ ਕੈਨੇਡਾ ਆਏ ਤੱਖਰ 2003 ਵਿਚ ਪਹਿਲੀ ਵਾਰ ਚੋਣ ਜਿੱਤ ਕੇ ਵਿਧਾਨ ਸਭਾ 'ਚ ਪਹੁੰਚੇ। ਉਹ ਡਾਲਟਨ ਮਗਿੰਟੀ ਦੀ ਅਗਵਾਈ ਵਾਲੀ ਸਰਕਾਰ ਵਿਚ ਆਵਾਜਾਈ ਮੰਤਰੀ, ਛੋਟੀਆਂ ਸਨਅਤਾਂ ਬਾਰੇ ਮੰਤਰੀ ਤੇ ਫਿਰ 2009 ਵਿਚ ਸਰਕਾਰੀ ਸੇਵਾਵਾਂ ਦੇ ਮੰਤਰੀ ਦੇ ਅਹੁਦੇ 'ਤੇ ਰਹੇ।

ਸ. ਤੱਖਰ ਦੇ ਲੀਡਰ ਦੀ ਦੌੜ 'ਚ ਖੜ੍ਹੇ ਹੋਣ ਬਾਰੇ ਕਾਫ਼ੀ ਚਿਰ ਤੋਂ ਪੰਜਾਬੀ ਭਾਈਚਾਰੇ ਵਿਚ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਸਨ। ਕੁਝ ਅਖ਼ਬਾਰਾਂ ਦੀਆਂ ਰਿਪੋਰਟਾਂ ਵਿਚ ਸ. ਤੱਖਰ ਬਾਰੇ ਕਿਸੇ ਦੂਜੇ ਉਮੀਦਵਾਰ ਦੀ ਹਮਾਇਤ ਵਿਚ ਬੈਠ ਜਾਣ ਦੀ ਗੱਲ ਵੀ ਹੋਈ ਸੀ ਪਰ ਉਨ੍ਹਾਂ ਕਿਹਾ ਕਿ ਉਹ ਕਿਸੇ ਦਾ ਮੋਹਰਾ ਬਣਨ ਲਈ ਨਹੀਂ, ਸਗੋਂ ਜਿੱਤਣ ਲਈ ਖੜ੍ਹੇ ਹੋਏ ਹਨ।

# ਜਨਰਲ ਬਰਾੜ 'ਤੇ ਹਮਲੇ ਸਬੰਧੀ ਇਕ ਹੋਰ ਨਾਮਜ਼ਦ

**ਲੰਡਨ:** ਲੈਫਟੀਨੈਂਟ ਜਨਰਲ ਕੇ.ਐਸ. ਬਰਾੜ 'ਤੇ ਹਮਲੇ ਦੇ ਮਾਮਲੇ ਵਿਚ ਬਰਤਾਨਵੀ ਪੁਲਿਸ ਨੇ ਭਾਰਤੀ ਮੂਲ ਦੇ ਇਕ ਹੋਰ ਵਿਅਕਤੀ ਨੂੰ ਨਾਮਜ਼ਦ ਕੀਤਾ ਹੈ। ਬੀਤੇ ਦਿਨੀਂ ਪੁਲਿਸ ਨੇ ਜਨਰਲ ਬਰਾੜ 'ਤੇ ਹੋਏ ਹਮਲੇ ਬਾਰੇ ਇਕ ਮਹਿਲਾ ਸਮੇਤ ਦੋ ਨੂੰ ਗ੍ਰਿਫ਼ਤਾਰ ਕਰਨ ਦੀ ਪੁਸ਼ਟੀ ਕੀਤੀ ਸੀ। ਵੈਸਟਮਿੰਸਟਰ ਮੈਜਿਸਟਰੇਟ ਦੀ ਅਦਾਲਤ 'ਚ ਪੇਸ਼ ਕੀਤੇ 36 ਸਾਲਾ ਦਿਲਬਾਗ ਸਿੰਘ 'ਤੇ ਜਨਰਲ ਬਰਾੜ ਨੂੰ ਜ਼ਖ਼ਮੀ ਕਰਕੇ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਹੈ। ਪੁਲਿਸ ਮੁਤਾਬਕ ਦਿਲਬਾਗ ਸਿੰਘ ਦਾ ਕੋਈ ਸਥਾਈ ਪਤਾ ਨਹੀਂ ਹੈ। ਪਿਛਲੇ ਮਹੀਨੇ ਦੋ ਹੋਰ ਸ਼ੱਕੀ ਵਿਅਕਤੀਆਂ ਵੁਲਵਰਹੈਂਪਟਨ ਦੇ 33 ਸਾਲਾ ਬਰਜਿੰਦਰ ਸਿੰਘ ਸੰਘਾ ਤੇ ਬਰਮਿੰਘਮ ਦੇ 34 ਸਾਲਾ ਮਨਦੀਪ ਸਿੰਘ ਸੰਧੂ ਨੂੰ ਵੀ ਇਸ ਬਾਰੇ ਨਾਮਜ਼ਦ ਕੀਤਾ ਗਿਆ ਸੀ। ਸੰਘਾ ਉਤੇ ਜਨਰਲ ਬਰਾੜ ਦੀ ਪਤਨੀ ਮੀਨਾ ਉਤੇ ਵੀ ਹਮਲਾ ਕਰਨ ਦੇ ਦੋਸ਼ ਵੀ ਲਾਏ ਗਏ ਹਨ। ਪੁਲਿਸ ਨੇ ਇਸ ਮਾਮਲੇ 'ਚ ਪੱਛਮੀ ਲੰਡਨ 'ਚੋਂ 36 ਸਾਲਾ ਵਿਅਕਤੀ ਤੇ 55 ਸਾਲਾ ਔਰਤ ਨੂੰ ਹਿਰਾਸਤ ਵਿਚ ਲੈਣ ਦਾ ਐਲਾਨ ਕੀਤਾ ਸੀ। ਯਾਦ ਰਹੇ ਕਿ ਜਨਰਲ ਬਰਾੜ ਉਤੇ 30 ਸਤੰਬਰ ਨੂੰ ਹਮਲਾ ਹੋਇਆ ਸੀ ਅਤੇ ਉਨ੍ਹਾਂ ਦੀ ਗਰਦਨ ਤੇ ਗੱਲ੍ਹ ਉਤੇ ਜ਼ਖ਼ਮ ਆਏ ਸਨ। ਹਮਲੇ ਵੇਲੇ ਉਹ ਆਪਣੀ ਪਤਨੀ ਨਾਲ ਹੋਟਲ ਪਰਤ ਰਹੇ ਸਨ।

# ਵਿਦਿਆਰਥੀਆਂ ਵੱਲੋਂ ਟੋਰਾਂਟੋ ਦੇ ਕਾਲਜ ਖਿਲਾਫ ਮੁਕੱਦਮਾ



*ਜਾਰਜ ਬਰਾਊਨ ਕਾਲਜ ਦਾ ਦ੍ਰਿਸ਼।*

**ਟੋਰਾਂਟੋ:** ਕੋਰਸਾਂ ਬਾਰੇ ਗੁੰਮਰਾਹ ਕਰਨ ਦੇ ਦੋਸ਼ ਤਹਿਤ ਵਿਦਿਆਰਥੀਆਂ ਨੇ ਇਥੋਂ ਦੇ ਪ੍ਰਸਿੱਧ ਜਾਰਜ ਬਰਾਊਨ ਕਾਲਜ ਖ਼ਿਲਾਫ਼ ਕਲਾਸ-ਐਕਸ਼ਨ ਮੁਕੱਦਮਾ ਦਾਇਰ ਕੀਤਾ ਹੈ। ਸੂਤਰਾਂ ਅਨੁਸਾਰ 118 ਵਿਦਿਆਰਥੀਆਂ ਜਿਨ੍ਹਾਂ ਵਿਚ ਦੋ ਤਿਹਾਈ ਬਾਹਰਲੇ ਸ਼ਾਮਲ ਹਨ, ਨੇ ਇਹ ਕੇਸ ਦਾਇਰ ਕੀਤਾ ਜਿਸ ਦੀ ਸੁਣਵਾਈ ਚੱਲ ਰਹੀ ਹੈ। ਕੌਮਾਂਤਰੀ ਬਿਜ਼ਨਸ ਪ੍ਰੋਗਰਾਮ ਦੇ ਕੋਰਸ ਜਿਸ ਲਈ ਵਿਦੇਸ਼ੀ ਪਾੜ੍ਹਿਆਂ ਤੋਂ 11,000 ਡਾਲਰ ਦੀ ਫੀਸ ਭਰਾਈ ਗਈ, ਵਿਚ ਕੌਮਾਂਤਰੀ ਵਪਾਰ, ਗਾਹਕ ਸੇਵਾ, ਜਿਹੀਆਂ ਸਨਅਤੀ ਯੋਗਤਾਵਾਂ ਹੈ ਹੀ ਨਹੀਂ ਜਿਨ੍ਹਾਂ ਬਾਰੇ ਕਾਲਜ ਦੇ ਕੋਰਸ ਕੈਲੰਡਰ ਵਿਚ ਕਿਹਾ ਗਿਆ ਹੈ।

ਉਂਟਾਰੀਓ ਦੀ ਉੱਚ ਅਦਾਲਤ ਵਿਚ ਦੱਸਿਆ ਗਿਆ ਕਿ 2007 ਵਿਚ ਚੱਲੇ ਇਸ ਕੋਰਸ ਦੀਆਂ ਇਨ੍ਹਾਂ ਯੋਗਤਾਵਾਂ ਨੇ ਹੀ ਵਿਦਿਆਰਥੀਆਂ ਨੂੰ ਵਧੇਰੇ ਖਿੱਚਿਆ। ਕਾਲਜ ਵੱਲੋਂ ਕੋਰਸ ਨੂੰ ਫਾਸਟ ਟਰੈਕ ਰਾਹੀਂ ਮੁਕੰਮਲ ਕਰਵਾ ਕੇ 60,000 ਡਾਲਰ ਦੀ ਤਨਖ਼ਾਹ ਵਾਲੀਆਂ ਨੌਕਰੀਆਂ ਦੇ ਭਰੋਸੇ ਦਿਵਾਏ ਗਏ ਸਨ। ਵਿਦਿਆਰਥੀਆਂ ਨੂੰ ਆਪਣੀ ਅੰਤਿਮ ਪ੍ਰੀਖਿਆ ਵੇਲੇ ਹੀ ਇਸ ਭੇਤ ਬਾਰੇ ਪਤਾ ਲੱਗਾ ਕਿ ਕਾਲਜ ਦਾ ਸਨਅਤ ਨਾਲ ਕੋਈ ਤਾਲਮੇਲ ਨਹੀਂ। ਭਾਰਤ ਤੋਂ ਆਏ ਐਮ.ਬੀ.ਏ. ਪਾਸ ਅਸ਼ੀਸ਼ ਸਿੰਘ ਨੂੰ ਵੀ ਹੋਰਾਂ ਵਾਂਗ ਜਾਰਜ ਬਰਾਊਨ ਦੇ ਇਸ ਕੋਰਸ ਨੇ ਖਿੱਚਿਆ। ਉਸ ਨੇ ਆਪਣੀ ਫੀਸ ਤੇ ਹਵਾਈ ਟਿਕਟਾਂ ਲਈ ਪੈਸੇ ਉਧਾਰ ਫੜੇ ਸਨ। ਹੁਣ ਉਸ ਦੀ ਵਿਊਂਤ ਧਰੀ-ਧਰਾਈ ਰਹਿ ਗਈ ਹੈ ਤੇ ਉਸ ਨੂੰ ਰੋਜ਼ੀ-ਰੋਟੀ ਲਈ ਰੀਅਲ ਐਸਟੇਟ ਕਰਨੀ ਪੈ ਗਈ।

ਪਿਛਲੇ ਤਿੰਨ ਦਹਾਕਿਆਂ ਤੋਂ ਸੇਵਾਵਾਂ ਦੇ ਰਹੇ ਇਸ ਕਾਲਜ ਵਿਚ 100 ਤੋਂ ਵੱਧ ਮੁਲਕਾਂ ਦੇ ਵਿਦਿਆਰਥੀ ਦਾਖ਼ਲਾ ਲੈ ਚੁੱਕੇ ਹਨ। ਇਥੇ 150 ਤੋਂ ਵੱਧ ਕੋਰਸ ਕਰਵਾਏ ਜਾਂਦੇ ਹਨ। ਇਸੇ ਜਨਵਰੀ 'ਚ ਤਕਨੀਕੀ ਕੋਰਸ 'ਚ ਦਾਖ਼ਲ ਹੋਏ ਮੋਗੇ ਦੇ ਇਕ ਵਿਦਿਆਰਥੀ ਨੂੰ ਹੈਰਾਨੀ ਹੋਈ ਕਿ ਉਸ ਦੇ ਕਾਲਜ ਵਿਚ ਵੀ ਅਜਿਹਾ ਵਾਪਰਿਆ। ਜੱਜ ਐਡਵਰਡ ਬੇਲੋਬਾਬਾ ਮੁਤਾਬਕ ਬੇਸ਼ੱਕ ਕਾਲਜ ਦੀ ਕਾਫ਼ੀ ਭੱਲ ਬਣੀ ਹੋਈ ਹੈ ਪਰ ਇਹ ਬਹੁਤ ਵੱਡੀ ਗਲਤੀ ਤੇ ਬੇਨਿਯਮੀ ਹੈ ਜਿਸ ਦਾ ਨਿਤਾਰਾ ਹੋਵੇਗਾ। ਇਸ ਕੋਰਸ ਲਈ ਕੈਨੇਡੀਆਈ ਵਿਦਿਆਰਥੀਆਂ ਨੇ 3000 ਡਾਲਰ ਭਰੇ ਹਨ। ਇਸ ਮਾਮਲੇ ਦੇ ਅਦਾਲਤ ਵਿਚ ਜਾਣ ਮਗਰੋਂ ਕਾਲਜ ਨੇ ਇਸ ਕੋਰਸ ਦੀ ਆਨਲਾਈਨ ਜਾਣਕਾਰੀ ਤਾਂ ਬਦਲ ਦਿੱਤੀ ਹੈ ਪਰ ਇਹ ਨਹੀਂ ਮੰਨਿਆ ਕਿ ਗੁੰਮਰਾਹ ਕੀਤਾ ਗਿਆ ਹੈ।

# ਤਾਲਿਬਾਨ ਦੀ ਧਮਕੀ ਵੀ ਸਿੱਖ ਸ਼ਰਧਾਲੂਆਂ ਨੂੰ ਡੱਕ ਨਾ ਸਕੀ

**ਅੰਮ੍ਰਿਤਸਰ:** ਤਾਲਿਬਾਨ ਵੱਲੋਂ ਭਾਵੇਂ ਭਾਰਤੀਆਂ ਨੂੰ ਮਾਰਨ ਦੀ ਧਮਕੀ ਦਿੱਤੀ ਗਈ ਹੈ ਪਰ ਇਸ ਦੇ ਬਾਵਜੂਦ 2200 ਸਿੱਖ ਸ਼ਰਧਾਲੂਆਂ ਦਾ ਜਥਾ ਦੋ ਰੇਲ ਗੱਡੀਆਂ ਰਾਹੀਂ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਦਾ 544ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ

### 2200 ਸਿੱਖ ਸ਼ਰਧਾਲੂਆਂ ਦਾ ਜਥਾ ਦਰਸ਼ਨਾਂ ਲਈ ਪਾਕਿਸਤਾਨ ਵਿਚ

ਰਵਾਨਾ ਹੋਇਆ। ਇਥੇ ਭਾਰਤੀ ਰੇਲ ਵਿਭਾਗ ਵੱਲੋਂ ਪਾਕਿਸਤਾਨੀ ਵਿਸ਼ੇਸ਼ ਰੇਲ ਗੱਡੀ ਨੂੰ ਆਉਣ ਦੀ ਆਗਿਆ ਨਾ ਦਿੱਤੇ ਜਾਣ 'ਤੇ ਸਿੱਖ ਸ਼ਰਧਾਲੂਆਂ ਵੱਲੋਂ ਅਟਾਰੀ ਰੇਲਵੇ ਸਟੇਸ਼ਨ 'ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ, ਪਾਕਿਸਤਾਨੀ ਸਫਾਰਤਖਾਨੇ ਤੇ ਭਾਰਤੀ ਪ੍ਰਧਾਨ ਮੰਤਰੀ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ। ਇਸ ਬਾਰੇ ਉਨ੍ਹਾਂ ਪਾਕਿਸਤਾਨ ਓਕਾਫ ਬੋਰਡ ਦੇ ਚੇਅਰਮੈਨ ਨਾਲ ਵੀ ਗੱਲਬਾਤ ਕੀਤੀ ਹੈ। ਤਾਲਿਬਾਨ ਦੀ ਧਮਕੀ ਦੇ ਬਾਵਜੂਦ ਜਥੇ ਵਿਚ ਰਵਾਨਾ ਹੋਏ ਸ਼ਰਧਾਲੂਆਂ ਵਿਚ ਭਾਰੀ ਉਤਸ਼ਾਹ ਸੀ।

ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਗਏ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਰਜ਼ਾ ਪਰਵੇਜ਼ ਆਸਿਫ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਕਿ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਲਈ ਢੁਕਵੇਂ ਪ੍ਰਬੰਧ ਕੀਤੇ ਜਾਣ।



*ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੇ ਸਿੱਖ ਸ਼ਰਧਾਲੂ।*

ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਪਾਕਿਸਤਾਨ ਓਕਾਫ਼ ਬੋਰਡ ਦੇ ਚੇਅਰਮੈਨ ਨਾਲ ਗੱਲਬਾਤ ਕੀਤੀ ਸੀ।

ਭਾਵੇਂ ਚੇਅਰਮੈਨ ਨੇ ਦੱਸਿਆ ਕਿ ਪਾਕਿਸਤਾਨ ਵਿਖੇ ਸ਼ਰਧਾਲੂਆਂ ਦੀ ਸੁਰੱਖਿਆ ਦੇ ਪੂਰੇ ਇੰਤਜ਼ਾਮ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਪੱਤਰ ਭੇਜਿਆ ਹੈ। ਦਿੱਲੀ ਸਥਿਤ ਪਾਕਿਸਤਾਨੀ ਸਫਾਰਖਾਨੇ ਦੇ ਅਧਿਕਾਰੀਆਂ ਨੂੰ ਵੀ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਢੁਕਵੇਂ ਪ੍ਰਬੰਧ ਕਰਨ ਲਈ ਆਖਿਆ ਹੈ।

ਇਸ ਬਾਰੇ ਉਨ੍ਹਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਵੱਖਰਾ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉਹ ਆਪਣੇ ਤੌਰ 'ਤੇ ਪਾਕਿਸਤਾਨ ਸਰਕਾਰ ਨਾਲ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਹਿਣ। ਜ਼ਿਕਰਯੋਗ ਹੈ ਕਿ ਪਾਕਿਸਤਾਨੀ ਅਤਿਵਾਦੀ ਅਜਮਲ ਕਸਾਬ ਨੂੰ ਮੁੰਬਈ ਹਮਲੇ ਦੇ ਦੋਸ਼ ਵਿਚ ਫਾਂਸੀ ਦਿੱਤੇ ਜਾਣ ਤੋਂ ਬਾਅਦ ਤਾਲਿਬਾਨ ਸੰਗਠਨ ਨੇ ਧਮਕੀ ਦਿੱਤੀ ਹੈ ਕਿ ਉਸ ਵੱਲੋਂ ਭਾਰਤੀ ਲੋਕਾਂ 'ਤੇ ਹਮਲੇ ਕੀਤੇ ਜਾਣਗੇ। ਇਹ ਖ਼ਬਰਾਂ ਆਉਣ ਤੋਂ ਬਾਅਦ ਜਿੱਥੇ ਸ਼੍ਰੋਮਣੀ ਕਮੇਟੀ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ, ਉੱਥੇ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂ ਵੀ ਚਿੰਤਤ ਹਨ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਕਿਹਾ ਕਿ ਸੁਰੱਖਿਆ ਦੇ ਮਾਮਲੇ ਨੂੰ ਲੈ ਕੇ ਕਈ ਸ਼ਰਧਾਲੂਆਂ ਵੱਲੋਂ ਪੁੱਛ-ਗਿੱਛ ਕੀਤੀ ਗਈ ਹੈ।

## ਪਾਕਿਸਤਾਨ ਦੇ ਜੰਮਪਲ ਭਾਰਤੀ ਨਹੀਂ ਦੇਖ ਸਕਣਗੇ ਜਨਮ ਸਥਾਨ

**ਚੰਡੀਗੜ੍ਹ:** ਪਾਕਿਸਤਾਨ ਵਿਚ ਜੰਮੇ ਲੋਕ ਹੁਣ ਪਾਕਿਸਤਾਨ ਨਹੀਂ ਜਾ ਸਕਣਗੇ ਕਿਉਂਕਿ ਹੁਣ ਉਨ੍ਹਾਂ ਦੇ ਪਾਸਪੋਰਟ ਦੇ ਨਵੀਨੀਕਰਨ ਵੇਲੇ ਪਾਸਪੋਰਟ 'ਤੇ ਜਨਮ ਸਥਾਨ ਵਾਲੀ ਥਾਂ 'ਤੇ ਪਾਕਿਸਤਾਨ ਦੀ ਥਾਂ 'ਅਣਵੰਡਿਆ ਭਾਰਤ' ਲਿਖਿਆ ਜਾਣ ਲੱਗਾ ਹੈ। ਪਾਕਿਸਤਾਨ ਨੇ ਪਹਿਲਾਂ ਹੀ ਉਨ੍ਹਾਂ ਲੋਕਾਂ ਨੂੰ ਪਾਕਿਸਤਾਨ ਦਾ ਵੀਜ਼ਾ ਦੇਣ ਤੋਂ ਨਾਂਹ ਕੀਤੀ ਹੋਈ ਹੈ ਜਿਨ੍ਹਾਂ ਦੇ ਪਾਸਪੋਰਟਾਂ 'ਤੇ ਅਣਵੰਡਿਆ ਭਾਰਤ ਲਿਖਿਆ ਹੋਇਆ ਹੈ। ਹਾਸਲ ਜਾਣਕਾਰੀ ਮੁਤਾਬਕ ਪੰਜਾਬ ਵਿਚ ਵੱਡੀ ਗਿਣਤੀ ਵਿਚ ਹਰ ਵਰਗ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਦਾ ਜਨਮ ਪਾਕਿਸਤਾਨ ਵਿਚ ਹੋਇਆ ਸੀ ਤੇ ਉਹ ਦੇਸ਼ ਦੀ ਵੰਡ ਵੇਲੇ ਭਾਰਤੀ ਪੰਜਾਬ ਵਿਚ ਆ ਗਏ ਸਨ। ਉਨ੍ਹਾਂ ਲੋਕਾਂ ਦੇ ਰਿਸ਼ਤੇਦਾਰ ਪਾਕਿਸਤਾਨ ਵਿਚ ਰਹਿੰਦੇ ਹਨ। ਵਿਦੇਸ਼ ਮੰਤਰਾਲਾ ਪਹਿਲਾਂ ਪਾਕਿਸਤਾਨ ਵਿਚ ਜੰਮੇ ਲੋਕਾਂ ਦੇ ਪਾਸਪੋਰਟਾਂ 'ਤੇ ਜਨਮ ਦਾ ਸਥਾਨ ਪਾਕਿਸਤਾਨ ਹੀ ਲਿਖਦਾ ਸੀ ਪਰ ਵਿਦੇਸ਼ ਮੰਤਰਾਲੇ ਦੇ ਨਿਰਦੇਸ਼ਾਂ 'ਤੇ ਹੁਣ ਉਨ੍ਹਾਂ ਲੋਕਾਂ ਦੇ ਪਾਸਪੋਰਟਾਂ 'ਤੇ ਅਣਵੰਡਿਆ ਭਾਰਤ ਲਿਖਣਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਬਾਰੇ ਉਦੋਂ ਵਿਵਾਦ ਖੜ੍ਹਾ ਹੋ ਗਿਆ ਸੀ ਜਦੋਂ ਜਲੰਧਰ ਵਿਚ ਰਹਿੰਦੇ ਪਾਕਿਸਤਾਨ ਵਿਚ ਜੰਮੇ ਲੋਕਾਂ ਦੇ ਪਾਸਪੋਰਟ 'ਤੇ ਅਣਵੰਡਿਆ ਭਾਰਤ ਲਿਖਿਆ ਗਿਆ ਸੀ। ਉਨ੍ਹਾਂ ਨੂੰ ਪਾਕਿ ਦੇ ਦੂਤਘਰ ਨੇ ਵੀਜ਼ਾ ਦੇਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਸੀ ਕਿ ਉਹ ਭਾਰਤੀ ਪਾਸਪੋਰਟ 'ਤੇ ਅਣਵੰਡਿਆ ਭਾਰਤ ਨਹੀਂ ਮਨਜ਼ੂਰ ਕਰ ਸਕਦੇ ਕਿਉਂਕਿ ਅਣਵੰਡੇ ਭਾਰਤੀ ਹਿੱਸੇ ਦਾ ਨਾਂ ਹੁਣ ਪਾਕਿ ਹੈ। ਇਸ ਤੋਂ ਬਾਅਦ ਜਲੰਧਰ ਦੇ ਖੇਤਰੀ ਪਾਸਪੋਰਟ ਅਫ਼ਸਰ ਨੇ ਦਿੱਲੀ ਵਿਚ ਵਿਦੇਸ਼ ਮੰਤਰਾਲੇ ਨੂੰ ਇਸ ਬਾਰੇ ਸਥਿਤੀ ਸਪਸ਼ਟ ਕਰਨ ਲਈ ਕੇਸ ਭੇਜਿਆ ਸੀ। ਇਸ ਬਾਰੇ ਖੇਤਰੀ ਪਾਸਪੋਰਟ ਅਫ਼ਸਰ ਪ੍ਰਨੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਇਸ ਬਾਰੇ ਤਾਂ ਕੇਸ ਬਣਾ ਕੇ ਵਿਦੇਸ਼ ਮੰਤਰਾਲੇ ਨੂੰ ਭੇਜਿਆ ਹੈ, ਉਨ੍ਹਾਂ ਦਾ ਜਵਾਬ ਆਉਣ ਤੋਂ ਬਾਅਦ ਇਸ ਬਾਰੇ ਹਾਲਤ ਸਪਸ਼ਟ ਹੋਵੇਗੀ।

## ਜਥੇ ਦਾ ਕੋਟਾ ਵਧਾਉਣ ਤੋਂ ਇਨਕਾਰ

**ਚੰਡੀਗੜ੍ਹ:** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਲਈ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਜਾਣ ਵਾਲੇ ਸਿੱਖ ਯਾਤਰੀਆਂ ਦੇ 50 ਫੀਸਦੀ ਵੀਜ਼ੇ ਕੱਟੇ ਗਏ ਹਨ। ਇਸ ਵਾਰ ਵੱਖ-ਵੱਖ ਸਿੱਖ ਜਥੇਬੰਦੀਆਂ ਰਾਹੀਂ ਛੇ ਹਜ਼ਾਰ ਦੇ ਕਰੀਬ ਸ਼ਰਧਾਲੂਆਂ ਨੇ ਨਨਕਾਣਾ ਸਾਹਿਬ ਧਾਰਮਿਕ ਯਾਤਰਾ 'ਤੇ ਜਾਣ ਦੀ ਇੱਛਾ ਜਤਾਈ ਸੀ ਪਰ ਸਰਕਾਰ ਵੱਲੋਂ ਸਿਰਫ ਤਿੰਨ ਹਜ਼ਾਰ ਯਾਤਰੀਆਂ ਨੂੰ ਹੀ ਵੀਜ਼ੇ ਦਿੱਤੇ ਹਨ। ਨਨਕਾਣਾ ਸਾਹਿਬ ਧਾਰਮਿਕ ਯਾਤਰਾ ਵੱਲ ਸਿੱਖ ਸੰਗਤ ਦੇ ਵਧ ਰਹੇ ਉਤਸ਼ਾਹ ਨੂੰ ਦੇਖਦਿਆਂ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ, ਸ੍ਰੀ ਨਨਕਾਣਾ ਸਾਹਿਬ ਯਾਤਰੀ ਜਥੇ, ਸਾਈਂ ਮੀਆਂ ਮੀਰ ਫਾਉਂਡੇਸ਼ਨ, ਖਾਲੜਾ ਮਿਸ਼ਨ ਕਮੇਟੀ ਤੋਂ ਹਰਿਆਣਾ ਸੁਖਮਨੀ ਸੇਵਾ ਸੁਸਾਇਟੀ ਵੱਲੋਂ ਕੁਝ ਸਮਾਂ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਸੀ ਕਿ ਸਿੱਖ ਯਾਤਰੀਆਂ ਦੇ 50 ਸਾਲ ਪਹਿਲਾਂ ਤੈਅ ਤਿੰਨ ਹਜ਼ਾਰ ਦੇ ਜਥੇ ਦਾ ਕੋਟਾ ਵਧਾ ਕੇ ਦਸ ਹਜ਼ਾਰ ਕੀਤਾ ਜਾਵੇ ਪਰ ਭਾਰਤ ਸਰਕਾਰ ਵੱਲੋਂ ਸਿੱਖ ਜਥੇਬੰਦੀਆਂ ਦੀ ਉਕਤ ਮੰਗ ਵੱਲ ਕੋਈ ਧਿਆਨ ਨਹੀਂ ਦਿੱਤਾ।

# ਲੁਧਿਆਣਾ ਮੈਟਰੋ ਪ੍ਰੋਜੈਕਟ ਦਾ ਕੰਮ ਰਿੜ੍ਹਿਆ




**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਲੁਧਿਆਣਾ ਮੈਟਰੋ ਦੇ ਵਿੱਤੀ ਮਾਡਲ ਨੂੰ ਪ੍ਰਵਾਨਗੀ ਦੇਣ ਪਿੱਛੋਂ ਇਸ ਪ੍ਰਾਜੈਕਟ ਦੇ ਛੇਤੀ ਹੀ ਸ਼ੁਰੂ ਹੋਣ ਦੀ ਆਸ ਨਜ਼ਰ ਆਈ ਹੈ। ਇਸ ਬਾਰੇ ਸ. ਸੁਖਬੀਰ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ 9840 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਨੂੰ ਅੰਤਿਮ ਛੋਹਾਂ ਦਿੱਤੀਆਂ। ਉਨ੍ਹਾਂ ਨੇ ਮੈਟਰੋ ਦੇ ਇਆਲੀ ਚੌਕ ਤੋਂ ਬੀ.ਬੀ.ਐਮ.ਬੀ ਪਾਵਰ ਚੌਕ ਤੱਕ 15.70 ਕਿਲੋਮੀਟਰ ਰੂਟ ਨੂੰ ਵੀ ਪ੍ਰਵਾਨਗੀ ਦਿੱਤੀ ਜਿਸ 'ਚੋਂ 12.152 ਕਿਲੋਮੀਟਰ ਐਲੀਵੇਟਿਡ ਤੇ 3.617 ਕਿਲੋਮੀਟਰ ਜ਼ਮੀਨਦੋਜ਼ ਲਾਈਨ ਹੋਵੇਗੀ ਤੇ ਇਸ 'ਤੇ 11 ਐਲੀਵੇਟਿਡ ਤੇ ਤਿੰਨ ਜ਼ਮੀਨਦੋਜ਼ ਸਟੇਸ਼ਨ ਹੋਣਗੇ।

ਇਸੇ ਤਰ੍ਹਾਂ ਪਿੰਡ ਗਿੱਲ ਤੋਂ ਰਾਹੋਂ ਸੜਕ ਤੱਕ ਮੈਟਰੋ ਦੇ ਕਾਰੀਡੋਰ-2 ਜਿਸ ਦੀ ਲੰਬਾਈ 13.626 ਕਿਲੋਮੀਟਰ ਹੈ, ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਸ ਰੂਟ 'ਤੇ 4.886 ਕਿਲੋਮੀਟਰ ਐਲੀਵੇਟਿਡ ਤੇ 8.740 ਕਿਲੋਮੀਟਰ ਜ਼ਮੀਨਦੋਜ਼ ਰੇਲ ਟਰੈਕ ਹੋਵੇਗਾ। ਮੈਟਰੋ ਦੇ ਦੋਵੇਂ ਕਾਰੀਡੋਰਾਂ ਲਈ ਕ੍ਰਮਵਾਰ 11.70 ਏਕੜ ਤੇ 19.05 ਏਕੜ ਜ਼ਮੀਨ ਦੀ ਲੋੜ ਪਵੇਗੀ ਜਦਕਿ ਬਦੋਵਾਲ ਤੇ ਗਿੱਲ ਪਿੰਡ ਵਿਖੇ ਬਣਨ ਵਾਲੇ ਡਿੱਪੂਆਂ ਲਈ ਕ੍ਰਮਵਾਰ 65 ਤੇ 52 ਏਕੜ ਜ਼ਮੀਨ ਦੀ ਲੋੜ ਪਵੇਗੀ।

ਉਨ੍ਹਾਂ ਇਸ ਪ੍ਰਾਜੈਕਟ ਲਈ ਰਾਹਤ ਤੇ ਪੁਨਰਵਸੇਬਾ ਨੀਤੀ ਨੂੰ ਵੀ ਅੰਤਿਮ ਰੂਪ ਦਿੱਤਾ ਤੇ ਪ੍ਰਾਜੈਕਟ ਨੂੰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਥਾਨਕ ਸਰਕਾਰ ਵਿਭਾਗ ਨੂੰ ਹੋਰ ਨਿਗਮੀ ਸ਼ਹਿਰਾਂ ਵਿਚ ਮੈਟਰੋ ਟਰੈਕਾਂ 'ਤੇ ਧਿਆਨ ਕੇਂਦਰਤ ਕਰਨ ਲਈ ਕਿਹਾ। ਮੀਟਿੰਗ ਵਿਚ ਲੁਧਿਆਣਾ ਮੈਟਰੋ ਨੂੰ ਦਿੱਲੀ ਮੈਟਰੋ ਰੇਲਵੇ (ਅਪਰੇਸ਼ਨ ਤੇ ਮੈਨਟੇਨੈਂਸ) ਐਕਟ 2002 ਤਹਿਤ ਲਿਆਉਣ ਦਾ ਫੈਸਲਾ ਵੀ ਕੀਤਾ।

## ਸੁਮੇਧ ਸੈਣੀ ਨੂੰ ਅਹੁਦੇ ਤੋਂ ਲਾਂਭੇ ਕੀਤਾ ਜਾਵੇ: ਕੈਪਟਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਪੁਲੀਸ ਮੁਖੀ ਸੁਮੇਧ ਸਿੰਘ ਸੈਣੀ ਨੂੰ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਕੀਤੀ ਹੈ। ਕੈਪਟਨ ਨੇ ਕਿਹਾ ਹੈ ਕਿ ਸਾਲ 2008 ਵਿਚ ਟੈਲੀਫੋਨਾਂ ਦੀ ਟੈਪਿੰਗ ਦਾ ਸਖ਼ਤ ਨੋਟਿਸ ਲੈਂਦਿਆਂ ਚੀਫ਼ ਜਸਟਿਸ ਨੇ ਪੰਜਾਬ ਵਿਜੀਲੈਂਸ ਬਿਊਰੋ ਦੇ ਉਸ ਵੇਲੇ ਦੇ ਡਾਇਰੈਕਟਰ ਸੁਮੇਧ ਸੈਣੀ ਦੀ ਇਸ ਕਾਰਵਾਈ ਨੂੰ ਸੰਗਠਿਤ ਅਪਰਾਧ ਜਾਂ ਰਾਜ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਮਾਮਲਾ ਦੱਸਿਆ ਸੀ ਜੋ ਰਿਕਾਰਡ ਵਿਚ ਮੌਜੂਦ ਨਹੀਂ ਸੀ ਪਰ ਸੈਣੀ ਨੇ ਫੋਨਾਂ ਨੂੰ ਟੈਪ ਕਰਨ ਲਈ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ। ਜਸਟਿਸ ਠਾਕੁਰ ਅਨੁਸਾਰ ਅਜਿਹੀ ਕੀ ਗੰਭੀਰ ਜ਼ਰੂਰਤ ਸੀ ਜਿਸ ਨੇ ਵਿਜੀਲੈਂਸ ਬਿਊਰੋ ਨੂੰ ਟੈਪਿੰਗ ਕਰਨ ਦੀ ਮੰਗ ਕਰਨ ਵਾਸਤੇ ਮਜਬੂਰ ਕੀਤਾ। ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਸ੍ਰੀ ਸੈਣੀ ਦੀ ਇਹ ਕੋਸ਼ਿਸ਼ 'ਤੇ ਜਸਟਿਸ ਮਹਿਤਾਬ ਸਿੰਘ ਗਿੱਲ (ਰਿਟਾ.) ਨੂੰ ਨਿਸ਼ਾਨਾ ਬਣਾ ਕੇ ਬਦਨਾਮ ਕਰਨ ਦੀ ਸੀ ਜਿਨ੍ਹਾਂ ਨੇ ਉਸ ਦਾ ਕੇਸ ਸੀ.ਬੀ.ਆਈ. ਨੂੰ ਰੈਫਰ ਕੀਤਾ ਸੀ। ਉਨ੍ਹਾਂ ਕਿਹਾ ਕਿ ਭਾਵੇਂ ਸ੍ਰੀ ਸੈਣੀ ਨੇ ਜੱਜਾਂ ਦੇ ਫੋਨ ਟੈਪ ਨਹੀਂ ਕੀਤੇ ਪਰ ਸੱਤ ਸਿਟਿੰਗ ਜੱਜਾਂ ਦਾ ਆਪਣੀਆਂ ਰਿਪੋਰਟਾਂ ਵਿਚ ਜ਼ਿਕਰ ਕਰਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਸ੍ਰੀ ਸੈਣੀ ਨੂੰ ਪੰਜਾਬ ਦੇ ਡੀ.ਜੀ.ਪੀ. ਵਜੋਂ ਕੰਮ ਕਰਨ ਦਾ ਨੈਤਿਕ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸ੍ਰੀ ਸੈਣੀ ਨੇ ਉਸ ਵੇਲੇ ਦੇ ਪ੍ਰਮੁੱਖ ਸਕੱਤਰ (ਗ੍ਰਹਿ) ਤੋਂ ਟੈਲੀਫੋਨਾਂ ਨੂੰ ਟੈਪ ਕਰਨ ਦੀ ਇਜਾਜ਼ਤ ਲਈ ਸੀ ਪਰ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕੋਈ ਰਿਕਾਰਡ ਨਹੀਂ ਸੌਂਪਿਆ।

## ਕਾਂਗਰਸ ਤੇ ਬਸਪਾ ਦੀ ਹੁਣ ਬਹੁਤੀ ਉਡੀਕ ਨਹੀਂ: ਮਨਪ੍ਰੀਤ ਬਾਦਲ

**ਇਕੱਲੇ ਹੀ ਅਕਾਲੀਆਂ ਵਿਰੁੱਧ ਡਟਣ ਦੀ ਤਿਆਰੀ**



**ਚੰਡੀਗੜ੍ਹ:** ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਵਿੱਢਣ ਲਈ ਕਾਂਗਰਸ ਤੇ ਬਸਪਾ ਦੀ ਹਾਮੀ ਦੀ ਉਡੀਕ ਕਰ ਰਹੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਸਬਰ ਹੁਣ ਟੁੱਟ ਗਿਆ ਹੈ ਤੇ ਉਨ੍ਹਾਂ ਨੇ ਪਾਰਟੀ ਪੱਧਰ 'ਤੇ ਹੀ ਅਕਾਲੀ ਸਰਕਾਰ ਖ਼ਿਲਾਫ਼ ਧਰਨੇ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾ ਉਡੀਕ ਕਰਨ ਦਾ ਸਮਾਂ ਨਹੀਂ ਰਿਹਾ ਹੈ। ਉਨ੍ਹਾਂ ਪੰਜਾਬ ਵਿਚ ਵਧ ਰਹੇ ਸਿਆਸੀ ਖ਼ਲਾਅ ਤੇ ਸਿਆਸੀ ਬਦਲਾਖੋਰੀ 'ਤੇ ਫਿਕਰ ਪ੍ਰਗਟਾਇਆ ਹੈ। ਸ. ਮਨਪ੍ਰੀਤ ਬਾਦਲ ਨੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਤੇ ਬਹੁਜਨ ਸਮਾਜ ਪਾਰਟੀ ਨੇ ਸਾਂਝੇ ਮੋਰਚੇ ਨਾਲ ਰਲ ਕੇ ਚੱਲਣ ਲਈ ਹਾਈਕਮਾਂਡ ਤੋਂ ਪ੍ਰਵਾਨਗੀ ਲੈਣ ਲਈ 15 ਦਿਨਾਂ ਦਾ ਸਮਾਂ ਮੰਗਿਆ ਸੀ ਪਰ ਦੋਹਾਂ ਪਾਰਟੀਆਂ ਵੱਲੋਂ ਹਾਲੇ ਤੱਕ ਕੋਈ ਹੁੰਗਾਰਾ ਨਾ ਮਿਲਣ ਦੀ ਸੂਰਤ ਵਿਚ ਉਹ ਇੱਕਲੇ ਹੀ ਪੰਜਾਬ ਸਰਕਾਰ ਖ਼ਿਲਾਫ਼ ਲੜਾਈ ਸ਼ੁਰੂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਬਸਪਾ ਆਪਣੀ ਹਾਈਕਮਾਂਡ ਨਾਲ ਗੱਲ ਕਰਦੀ ਰਹੇ ਪਰ ਉਨ੍ਹਾਂ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਤੋਂ ਲੋਕਾਂ ਦੀ ਤਕਲੀਫ਼ ਨਹੀਂ ਦੇਖੀ ਜਾ ਸਕਦੀ। ਉਨ੍ਹਾਂ ਕਿਹਾ ਕਿ ਪੰਜ ਦਸੰਬਰ ਦੀ ਕਨਵੈਨਸ਼ਨ ਵਿਚ ਸਾਂਝੇ ਮੋਰਚੇ ਵੱਲੋਂ ਪੰਜਾਬ ਦੀ ਵਿਗੜ ਰਹੀ ਹਾਲਤ 'ਤੇ ਵਿਚਾਰ ਕੀਤੀ ਜਾਵੇਗੀ। ਉਸ ਤੋਂ ਬਾਅਦ 10 ਤੋਂ 17 ਦਸੰਬਰ ਤੱਕ ਪੰਜਾਬ ਭਰ ਵਿਚ ਜ਼ਿਲ੍ਹਾ ਪੱਧਰ 'ਤੇ ਰੋਸ ਧਰਨੇ ਦਿੱਤੇ ਜਾਣਗੇ। ਪੰਜਾਬ ਵਿਚ ਸਰਕਾਰ ਦੀਆਂ ਵਧੀਕੀਆਂ ਕਾਰਨ ਹਾਹਾਕਾਰ ਮੱਚੀ ਪਈ ਹੈ ਤੇ ਵਿਰੋਧੀ ਧਿਰ ਨੂੰ ਲੋਕਾਂ ਦੇ ਹੱਕ ਵਿਚ ਨਿੱਤਰਨ ਵਿਚ ਹੋਰ ਦੇਰ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਚ ਬੈਠ ਕੇ ਪੰਜਾਬ ਦੇ ਲੋਕਾਂ ਦਾ ਦਰਦ ਨਹੀਂ ਦੇਖਿਆ ਜਾ ਸਕਦਾ ਤੇ ਇਸ ਲਈ ਪਿੰਡ ਪਿੰਡ ਜਾਣ ਦਾ ਲੋੜ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਬਿਜਲੀ ਦੇ ਬਿੱਲ ਤਿੰਨ ਗੁਣਾ ਵਧ ਕੇ ਆਏ ਹਨ ਤੇ ਰੇਤਾ ਵੀ ਆਟੇ ਦੇ ਭਾਅ ਵਿਕਣ ਲੱਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਿਰੁੱਧ ਘੋਲ ਲਈ ਸਾਂਝੇ ਮੋਰਚੇ ਵਿਚ ਸ਼ਾਮਲ ਸਾਰੀਆਂ ਪਾਰਟੀਆਂ ਨੇ ਕਮਰਕੱਸੇ ਕਰ ਲਏ ਹਨ।

## ਦਿੱਲੀ ਗੁਰਦੁਆਰਾ ਚੋਣ ਕੇਸ ਦੀ ਸੁਣਵਾਈ ਟਲੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਬਾਰੇ ਸੁਪਰੀਮ ਕੋਰਟ ਵਿਚ ਚਲ ਰਹੇ ਮੁਕੱਦਮੇ ਦੀ ਸੁਣਵਾਈ ਟਲ ਗਈ ਹੈ। ਗੁਰਦੁਆਰਾ ਚੋਣ ਕਮਿਸ਼ਨ ਦੇ ਵਕੀਲਾਂ ਸੋਲੀ ਸੋਰਾਬਜੀ ਤੇ ਕੇ.ਟੀ.ਐਸ. ਤੁਲਸੀ ਨੇ ਦਿੱਲੀ ਗੁਰਦੁਆਰਾ ਐਕਟ ਵਿਚ ਕੀਤੀ ਜਾ ਰਹੀ ਸੋਧ ਦੇ ਮੱਦੇਨਜ਼ਰ ਅਦਾਲਤ ਤੋਂ ਚੋਣਾਂ ਦੀ ਸਮਾਂ ਸੀਮਾ ਵਧਾਉਣ ਦੀ ਮੰਗ ਕੀਤੀ। ਅਦਾਲਤ ਮੁਕੱਦਮਾ ਪਾਉਣ ਵਾਲੀਆਂ ਧਿਰਾਂ ਸ਼੍ਰੋਮਣੀ ਅਕਾਲੀ ਦਲ ਦਿੱਲੀ-ਯੂ.ਕੇ. ਤੇ ਦਸਮੇਸ਼ ਸੇਵਾ ਦਲ ਨੂੰ ਨੋਟਿਸ ਦੇਣ ਤੇ ਫਿਰ ਇਨ੍ਹਾਂ ਧਿਰਾਂ ਦੇ ਵਕੀਲਾਂ ਵੱਲੋਂ ਪੇਸ਼ ਹੋਣ ਵਾਲੀਆਂ ਦਲੀਲਾਂ ਉਪਰ ਵਿਚਾਰ ਉਪਰੰਤ ਫੈਸਲਾ ਕਰੇਗੀ।

# ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ

ਜਿਸ ਧਜ ਸੇ ਕੋਈ ਮਕਤਲ ਮੇਂ ਗਿਆ,
ਵੁਹ ਸ਼ਾਨ ਸਲਾਮਤ ਰਹਿਤੀ ਹੈ।

2007 ਵਿਚ ਭਾਰਤ ਵਾਸੀਆਂ ਨੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਤੇ ਸੁਖਦੇਵ ਦੀ ਜਨਮ ਸ਼ਤਾਬਦੀ ਮਨਾਈ। ਇਸ ਦੇ ਨਾਲ ਹੀ 1857 ਵਾਲੀ ਆਜ਼ਾਦੀ ਦੀ ਪਹਿਲੀ ਜੰਗ, ਕੌਮੀ ਬਗਾਵਤ ਜਾਂ ਗਦਰ ਵਿਚ ਹਿੱਸਾ ਲੈਣ ਵਾਲਿਆਂ ਨੂੰ 150ਵੀਂ ਵਰ੍ਹੇਗੰਢ ਦੇ ਰੂਪ ਵਿਚ ਯਾਦ ਕੀਤਾ ਗਿਆ। ਆਜ਼ਾਦੀ ਦੇ



ਕਿਰਪਾਲ ਸਿੰਘ ਸੰਧੂ
ਫੋਨ:559-259-4844

ਇਸ ਹੱਲੇ ਦੀ ਕਹਾਣੀ ਬੜੀ ਲੰਮੀ ਹੈ। ਫਰਾਂਸ, ਪੁਰਤਗਾਲ ਅਤੇ ਹਾਲੈਂਡ ਵਾਲੇ ਵਪਾਰ ਕਰਨ ਦੇ ਮਨੋਰਥ ਨਾਲ ਹਿੰਦੁਸਤਾਨ ਪਹੁੰਚੇ। ਇਉਂ ਉਹ ਦਿਨ-ਬ-ਦਿਨ ਮਾਲਾ-ਮਾਲ ਹੁੰਦੇ ਗਏ। ਦੇਖਾ-ਦੇਖੀ ਇੰਗਲੈਂਡ ਦੇ ਧਨੀ ਲੋਕਾਂ ਨੇ ਈਸਟ ਇੰਡੀਆ ਕੰਪਨੀ ਬਣਾਈ ਅਤੇ ਨਿਰੋਲ ਵਪਾਰ ਲਈ ਹਿੰਦੋਸਤਾਨ ਆਏ। ਬਰਤਾਨਵੀ ਪਾਰਲੀਮੈਂਟ ਨੇ 100 ਸਾਲ ਬਾਅਦ 1702 ਈਸਵੀ ਨੂੰ ਇਸ ਵਪਾਰਕ ਕੰਪਨੀ ਦੀ ਹੋਂਦ ਨੂੰ ਤਸਲੀਮ ਕੀਤਾ ਸੀ।

ਇਹ 1744 ਈਸਵੀ ਦਾ ਸਮਾਂ ਸੀ ਜਦੋਂ ਕੰਪਨੀ ਨੇ ਖਰੀਦੀਆਂ ਹੋਈਆਂ ਜਿਣਸਾਂ ਅਤੇ ਫਿਰ ਇੰਗਲੈਂਡ ਦੇ ਕਾਰਖਾਨਿਆਂ ਵਿਚ ਤਿਆਰ ਹੋ ਕੇ ਆਇਆ ਮਾਲ ਸਟੋਰ ਕਰਨ ਲਈ ਕਰਾਚੀ, ਮੁੰਬਈ, ਕਲਕੱਤਾ ਅਤੇ ਮਦਰਾਸ ਦੀਆਂ ਬੰਦਰਗਾਹਾਂ ਦੇ ਨੇੜੇ ਜ਼ਮੀਨ ਖਰੀਦ ਦੇ ਵੱਡੇ-ਵੱਡੇ ਗੋਦਾਮ ਬਣਵਾਏ ਅਤੇ ਉਨ੍ਹਾਂ ਦੀ ਰਾਖੀ ਤੇ ਦਫ਼ਤਰੀ ਕੰਮ-ਕਾਜ ਲਈ ਚੰਗੀਆਂ ਤਨਖਾਹਾਂ 'ਤੇ ਮੁਲਾਜ਼ਮ ਰੱਖੇ। ਉਨ੍ਹਾਂ ਉਤੇ ਬਰਤਾਨਵੀ ਚੋਣਵੇਂ ਫੌਜੀ ਅਫ਼ਸਰ ਲਾਏ ਗਏ। ਵਸਤੂਆਂ ਦੀ ਢੋਆ-ਢੁਆਈ, ਫੌਜੀ ਟੁਕੜੀਆਂ ਅਤੇ ਬਰੂਦ ਹਿੰਦੁਸਤਾਨ ਲਿਆਉਣ ਲਈ ਕੰਪਨੀ ਸਮੁੰਦਰੀ ਜਹਾਜ਼ਾਂ ਦੀ ਬਗੈਰ ਰੋਕ-ਟੋਕ ਵਰਤੋਂ ਕਰਨ ਲੱਗੀ।

18ਵੀਂ ਸਦੀ ਵਿਚ ਕੰਪਨੀ ਨੇ ਦੇਖਿਆ ਕਿ ਦਿੱਲੀ ਦੀ ਮੁਗਲੀਆ ਹਕੂਮਤ ਦਿਨ-ਬ-ਦਿਨ ਕਮਜ਼ੋਰ ਹੋ ਰਹੀ ਹੈ, ਕਈ ਰਿਆਸਤਾਂ ਦੇ ਰਾਜ ਘਰਾਣੇ ਆਪਸ ਵਿਚ ਲੜਦੇ, ਘਰੇਲੂ ਸੰਕਟ ਵਿਚ ਫਸ ਰਹੇ ਹਨ। ਇਸ ਲਈ ਕੰਪਨੀ ਨੇ ਫੈਸਲਾ ਕੀਤਾ ਕਿ ਝਗੜੇ ਵਾਲੀਆਂ ਰਿਆਸਤਾਂ ਵਿਚ ਬਤੌਰ ਸਾਲਸ ਇਕ ਧਿਰ ਦੀ ਮੱਦਦ ਕੀਤੀ ਜਾਵੇ ਜਿਹੜੀ ਕੰਪਨੀ ਦੇ ਨੇੜੇ ਹੋਵੇ। ਜੇ ਮਜਬੂਰੀਵਸ ਦੋਹਾਂ ਰਿਆਸਤਾਂ ਲਈ ਲਾਜ਼ਮੀ ਹੋਵੇ ਤਾਂ ਕਿਸੇ ਹੋਰ ਨਾਲ ਵਪਾਰ ਕਰਨ ਤੋਂ ਪਹਿਲਾਂ ਕੰਪਨੀ ਤੋਂ ਮਨਜ਼ੂਰੀ ਲਾਜ਼ਮੀ ਲੈਣੀ ਪਵੇਗੀ।

ਕੰਪਨੀ ਨੇ ਕੁਝ ਅਜਿਹੀ ਚਾਲ ਚੱਲੀ ਕਿ ਰਿਆਸਤਾਂ ਜੇ ਲੋੜ ਪੈਣ 'ਤੇ ਕੰਪਨੀ ਨਾਲ ਸੰਧੀ ਕਰਦੀਆਂ ਤਾਂ ਉਨ੍ਹਾਂ ਨੂੰ ਆਪਣੀ ਫੌਜ ਵਿਚ ਕਮੀ ਕਰਨੀ ਪੈਂਦੀ ਸੀ। ਕੰਪਨੀ ਨੂੰ ਜ਼ਰੂਰਤ ਪੈਣ 'ਤੇ ਗੋਰੇ ਫੌਜੀ ਜਰਨੈਲ ਦੀ ਕਮਾਨ ਥੱਲੇ ਜੰਗ ਵਿਚ ਹਿੱਸਾ ਲੈਣਾ ਰਿਆਸਤਾਂ ਲਈ ਲਾਜ਼ਮੀ ਹੁੰਦਾ ਸੀ। ਮਿਸਾਲ ਵਜੋਂ 1757 ਵਿਚ ਸੂਰਾਜ ਉਦ-ਦੌਲਾ ਨੂੰ ਪਲਾਸੀ ਦੇ ਮੁਕਾਮ 'ਤੇ ਅਤੇ 1764 ਵਿਚ ਮੀਰ ਕਾਸਮ ਨੂੰ ਬਕਸਰ ਦੀ ਲੜਾਈ ਵਿਚ ਗੋਰਿਆਂ ਨੇ ਸੰਧੀ ਵਾਲੀਆਂ ਰਿਆਸਤਾਂ ਦੀ ਫੌਜੀ ਤਾਕਤ ਨਾਲ ਸ਼ਿਕਸਤ ਦਿੱਤੀ ਸੀ।

ਸੰਧੀ ਅਧੀਨ ਰਿਆਸਤਾਂ ਲਈ ਇਹ ਸ਼ਰਤ ਵੀ ਸੀ ਕਿ ਬਦ-ਅਮਨੀ, ਬਦ-ਇੰਤਜ਼ਾਮੀ ਦੀ ਸੂਰਤ ਵਿਚ ਕੰਪਨੀ ਦਖਲ ਦੇ ਕੇ ਰਿਆਸਤ ਨੂੰ ਆਪਣੀ ਅਮਲਦਾਰੀ ਵਿਚ ਲੈ ਸਕਦੀ ਹੈ; ਜਿਵੇਂ ਅਵਧ, ਕੋਚੀਨ ਅਤੇ ਨਾਗਪੁਰ ਦੀਆਂ ਰਿਆਸਤਾਂ ਨਾਲ ਹੋਇਆ ਸੀ। ਕੰਪਨੀ ਦੀ ਅੰਦਰੂਨੀ ਨੀਤੀ ਇਹ ਵੀ ਸੀ ਕਿ ਰਿਆਸਤ ਵਿਚ ਜਗੀਰਦਾਰ ਮੁਖੀਆਂ ਤੋਂ ਰਾਜੇ ਦੇ ਖਿਲਾਫ਼ ਬਗਾਵਤ ਕਰਵਾ ਲਈ ਜਾਂਦੀ। ਹਾਲਤ ਖਰਾਬ ਹੋਣ ਤਕ ਦਖਲ ਨਾ ਦੇਣਾ, ਫਿਰ ਇਸ ਗੱਲ ਨੂੰ ਦਲੀਲ ਬਣਾ ਕੇ ਰਿਆਸਤ ਨੂੰ ਕੰਪਨੀ ਦੇ ਅਧੀਨ ਕਰ ਲੈਣਾ।

1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਮਗਰੋਂ 13 ਦਸੰਬਰ 1845 ਨੂੰ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਜੰਗ ਦਾ ਐਲਾਨ ਕਰ ਦਿੱਤਾ ਅਤੇ 21 ਦਸੰਬਰ ਨੂੰ ਫੇਰੂ ਸ਼ਹਿਰ ਅਤੇ ਮਾਰਚ 1846 ਵਿਚ ਸਭਰਾਵਾਂ ਦੀ ਲੜਾਈ 'ਚ ਲਾਹੌਰ ਦਰਬਾਰ ਦੀਆਂ ਫੌਜਾਂ ਨੂੰ ਹਾਰ ਹੋਈ। ਅਖੀਰ 29 ਮਾਰਚ 1849 ਨੂੰ ਕੰਪਨੀ ਨੇ ਪੰਜਾਬ 'ਤੇ ਮੁਕੰਮਲ ਕਬਜ਼ਾ ਕਰ ਲਿਆ।

ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ 'ਡਾਕਟਰਿਨ ਆਫ ਲੈਪਸ' ਨਾਂ ਦਾ ਨਵਾਂ ਕਾਨੂੰਨ ਬਣਵਾ ਲਿਆ। ਇਸ ਵਿਚ ਕਿਹਾ ਗਿਆ ਸੀ ਕਿ ਜਿਨ੍ਹਾਂ ਰਾਜਿਆਂ ਦੇ ਅੱਗਿਓਂ ਲੜਕਾ ਵਾਰਸ ਨਹੀਂ ਹੈ, ਉਨ੍ਹਾਂ ਦੀਆਂ ਰਿਆਸਤਾਂ ਕੰਪਨੀ ਅਧੀਨ ਕਰ ਲਈਆਂ ਜਾਣਗੀਆਂ। ਫਿਰ ਇਹ ਵੀ ਹੁਕਮ ਸੁਣਾਇਆ ਗਿਆ ਕਿ ਅਮਨ ਅਤੇ ਜੰਗ ਦੇ ਦਿਨਾਂ ਵਿਚ ਜਿਹੜੇ ਰਾਜੇ ਆਪਣੀ ਰਿਆਸਤ ਵਿਚ ਅਮਨ ਬਹਾਲ ਨਹੀਂ ਰੱਖ ਸਕਦੇ, ਉਨ੍ਹਾਂ ਰਿਆਸਤਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਲਾਰਡ ਵਿਲਜ਼ਲੀ ਨੇ ਦਿੱਲੀ ਅਤੇ ਆਗਰੇ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਬਹਾਦਰ ਸ਼ਾਹ ਜ਼ਫ਼ਰ ਅਤੇ ਉਸ ਦੇ ਪਰਿਵਾਰ ਨੂੰ ਲਾਲ ਕਿਲਾ ਛੱਡ ਕੇ ਕੁਤਬ ਵਾਲੇ ਮਕਾਨ 'ਚ ਰਿਹਾਇਸ਼ ਰੱਖਣ ਲਈ ਮਜਬੂਰ ਕੀਤਾ।

ਲਾਰਡ ਡਲਹੌਜ਼ੀ ਨੇ ਮੁਗਲ ਬਾਦਸ਼ਾਹ ਦੀ ਮੋਹਰ, ਜੋ ਕੰਪਨੀ ਦੇ ਸਿੱਕਿਆਂ ਉਤੇ 1778 ਤੋਂ ਲੱਗਣੀ ਸ਼ੁਰੂ ਹੋਈ ਸੀ, ਬੰਦ ਕਰ ਕੇ ਉਸ ਸਿੱਕੇ ਉਪਰ ਭਾਰਤ ਦੇ ਬਾਦਸ਼ਾਹ ਵਿਲੀਅਮ ਦੀ ਛਾਪ ਲਾਉਣ ਦਾ ਹੁਕਮ ਜਾਰੀ ਕਰ ਦਿੱਤਾ। ਕੰਪਨੀ ਦੇ ਰਾਜ ਪ੍ਰਬੰਧ ਤਹਿਤ ਹਿੰਦੋਸਤਾਨ ਦੀ ਦਸਤਕਾਰੀ ਸਨਅਤ ਬਿਲਕੁਲ ਤਬਾਹ ਹੋ ਗਈ। ਮਿਸਾਲ ਵਜੋਂ ਢਾਕਾ ਕੱਪੜੇ ਦੀ ਸਨਅਤ ਦਾ ਗੜ੍ਹ ਸੀ। 1827 ਤੋਂ 1837 ਤੱਕ ਦੇ ਦਸਾਂ ਸਾਲਾਂ ਵਿਚ ਡੇਢ ਲੱਖ ਦੀ ਆਬਾਦੀ ਵਾਲੇ ਇਸ ਸ਼ਹਿਰ ਵਿਚ ਸਿਰਫ਼ 20 ਹਜ਼ਾਰ ਦੇ ਕਰੀਬ ਹੀ ਕਾਰੀਗਰ ਰਹਿ ਗਏ। ਸਾਰੇ ਭਾਰਤ ਵਿਚ ਹੀ ਜੁਲਾਹੇ, ਬੁਣਕਰ, ਤਰਖਾਣ, ਲੁਹਾਰ ਅਤੇ ਮੋਚੀ ਰੋਜ਼ਗਾਰ ਖੁੱਸਣ ਕਾਰਨ ਬੇਰੁਜ਼ਗਾਰ ਹੋ ਗਏ।

ਕੰਪਨੀ ਨੇ ਜ਼ਮੀਨ ਨੂੰ ਵਿਅਕਤੀਗਤ ਕਿਸਾਨ ਦੀ ਮਾਲਕੀ ਅਧੀਨ ਲਿਆਉਣ ਲਈ ਕਈ ਕਾਨੂੰਨ ਬਣਾਏ ਪਰ ਨਤੀਜੇ ਵਜੋਂ ਕਿਸਾਨ ਸ਼ਾਹੂਕਾਰਾਂ ਦੇ ਕਰਜ਼ੇ ਥੱਲੇ ਦੱਬਿਆ ਗਿਆ। ਵਿਆਜ ਦੀ ਦਰ ਨੀਅਤ ਨਾ ਹੋਣ ਕਰ ਕੇ ਸ਼ਾਹੂਕਾਰ ਮਨ-ਮਰਜ਼ੀ ਦਾ ਵਿਆਜ-ਦਰ-ਵਿਆਜ ਲਾ ਕੇ ਆਪਣੀ ਰਕਮ ਵਸੂਲ ਕਰਦਾ ਸੀ। ਕਰਜ਼ਾ ਅਦਾ ਨਾ ਕਰਨ ਦੀ ਸੂਰਤ ਵਿਚ ਸਰਕਾਰ ਜ਼ਿਮੀਦਾਰ ਦੀ ਜ਼ਮੀਨ ਨਿਲਾਮ ਕਰ ਦਿੰਦੀ ਅਤੇ ਕਿਸਾਨ ਨੂੰ ਆਪਣੀ ਜ਼ਮੀਨ ਤੋਂ ਹੱਥ ਧੋਣੇ ਪੈਂਦੇ। ਜ਼ਮੀਨ ਗੁਆ ਚੁੱਕਿਆ ਜਾਗੀਰਦਾਰ ਅਤੇ ਕਰਜ਼ੇ ਕਰਕੇ ਜ਼ਮੀਨ ਤੋਂ ਵਾਂਝਾ ਹੋਇਆ ਕਿਸਾਨ ਇਕ ਪਲੇਟਫਾਰਮ 'ਤੇ ਇਕੱਠੇ ਹੋਣ ਲੱਗੇ। ਜ਼ਮੀਨ ਦੀ ਖਰੀਦੋ-ਫਰੋਖਤ ਲਈ ਜਾਂ ਸਰਕਾਰੇ ਦਰਬਾਰੇ ਆਪਣੇ ਕੰਮਾਂ-ਕਾਰਾਂ ਨੂੰ ਸੁਲਝਾਉਣ ਲਈ ਸਰਕਾਰ ਨੇ ਸਰਕਾਰੀ ਫੀਸ ਵਜੋਂ ਅਸ਼ਟਾਮ ਪੇਪਰ ਖਰੀਦਣਾ ਲਾਜ਼ਮੀ ਕਰ ਦਿੱਤਾ ਜਿਸ ਨੂੰ ਆਮ ਆਦਮੀ ਬੋਝ ਸਮਝਦਾ ਸੀ।

ਜਿਥੇ ਕੰਪਨੀ ਨੇ ਰਾਜਿਆਂ ਅਤੇ ਜਗੀਰਦਾਰ ਘਰਾਣਿਆਂ ਨੂੰ ਕਮਜ਼ੋਰ ਕੀਤਾ, ਉਥੇ ਨਾਲ-ਨਾਲ ਗਰੀਬ ਮੁਜ਼ਾਰੇ ਕਿਸਾਨ ਜਾਂ ਛੋਟੀ ਮਾਲਕੀ ਵਾਲੇ ਕਿਸਾਨ ਨੂੰ ਵੀ ਇਹ ਖ਼ੁਸ਼ ਨਾ ਰੱਖ ਸਕੀ। ਭਾਰਤੀ ਫੌਜੀਆਂ ਵਿਚ ਇਹ ਰੋਸ ਸੀ ਕਿ ਜੰਗ ਦੇ ਮੋਰਚਿਆਂ 'ਤੇ ਜਦੋਂ ਉਹ ਅੰਗਰੇਜ਼ਾਂ ਦੇ ਬਰਾਬਰ ਬਹਾਦਰੀ ਦਿਖਾਉਂਦੇ ਹਨ ਤਾਂ ਫਿਰ ਤਨਖਾਹ ਅਤੇ ਤਰੱਕੀਆਂ ਵਿਚ ਫਰਕ ਕਿਉਂ? 2 ਨਵੰਬਰ 1825 ਨੂੰ ਬੈਰਕ ਪੁਰ ਛਾਉਣੀ ਵਾਲੀ ਪਲਟਨ ਨੂੰ ਬਰਮਾ ਜਾਣ ਦਾ ਹੁਕਮ ਹੋਇਆ ਪਰ ਧਾਰਮਿਕ ਰੀਤ ਅਧੀਨ 450 ਫੌਜੀਆਂ ਨੇ ਸਮੁੰਦਰੀ ਜਹਾਜ਼ ਵਿਚ ਸਵਾਰ ਹੋਣ ਤੋਂ ਨਾਂਹ ਕਰ ਦਿੱਤੀ। ਇਨ੍ਹਾਂ ਫੌਜੀਆਂ ਨੂੰ ਗੋਲੀਆਂ ਨਾਲ ਸ਼ਹੀਦ ਕੀਤਾ ਗਿਆ। ਉਸ ਤੋਂ ਬਾਅਦ ਫਿਰ ਬੈਰਕ ਪੁਰ ਛਾਉਣੀ 'ਚ 34ਵੀਂ ਪੈਦਲ ਫੌਜ ਨੇ ਬਗਾਵਤ ਕਰ ਦਿੱਤੀ। ਬਗਾਵਤ ਦਾ ਕਰਤਾ-ਧਰਤਾ ਫੌਜੀ ਮੰਗਲ ਪਾਂਡੇ ਸੀ ਜਿਸ ਨੂੰ 6 ਅਪ੍ਰੈਲ 1857 ਨੂੰ ਫਾਂਸੀ ਦੇ ਦਿੱਤੀ ਗਈ। ਇਸ ਕਾਰਵਾਈ ਦਾ ਫੌਜੀਆਂ 'ਤੇ ਮਨੋਵਿਗਿਆਨਕ ਅਸਰ ਸੀ।

ਕੰਪਨੀ ਭਾਵੇਂ ਇਹ ਪ੍ਰਚਾਰ ਕਰਦੀ ਸੀ ਕਿ ਲੋਕਾਂ ਦੇ ਮਾਲੀ ਅਤੇ ਸਮਾਜਕ ਹਾਲਾਤ ਨੂੰ ਮੁੱਖ ਰੱਖ ਕੇ 1763 ਤੋਂ 1856 ਤੱਕ 40 ਜੰਗਾਂ ਲੜੀਆਂ ਗਈਆਂ ਪਰ ਲੋਕ ਕੰਪਨੀ ਦੀ ਝੂਠ ਤੇ ਫਰੇਬ ਰਾਹੀਂ ਸੱਤਾ 'ਤੇ ਕਬਜ਼ੇ ਦੀ ਨੀਤੀ ਨੂੰ ਸਮਝਦੇ ਸਨ। ਇਹ ਗ਼ਦਰ ਫੌਜੀਆਂ ਵੱਲੋਂ ਹੀ ਆਰੰਭਿਆ ਗਿਆ ਸੀ ਪਰ ਇਸ ਪਿਛੇ ਕੰਪਨੀ ਦੀਆਂ ਗਲਤ ਨੀਤੀਆਂ ਵਿਰੁਧ ਆਵਾਮ ਦਾ ਰੋਹ ਵੀ ਸੀ।



*1857 ਦੀ ਬਗਾਵਤ ਵਿਚ ਜੂਝ ਰਹੇ ਜੁਝਾਰੂਆਂ ਦਾ ਇਕ ਚਿੱਤਰ।*

ਇਤਿਹਾਸਕਾਰ ਭਾਵੇਂ ਇਸ ਗਦਰ ਦੀ ਸ਼ੁਰੂਆਤ 10 ਮਈ 1857 ਨੂੰ ਮੇਰਠ ਛਾਉਣੀ ਤੋਂ ਹੋਈ ਮੰਨਦੇ ਹਨ ਪਰ ਸਾਰੇ ਮੁਲਕ ਵਿਚ ਕੰਪਨੀ ਦੀ ਨੀਤੀ ਖਿਲਾਫ਼ ਅੰਦਰ ਹੀ ਅੰਦਰ ਆਜ਼ਾਦੀ ਲਈ ਜੋ ਅੱਗ ਧੁਖ ਰਹੀ ਸੀ, ਇਹ ਉਸ ਦਾ ਹੀ ਪ੍ਰਗਟਾਵਾ ਸੀ। 7 ਮਈ 1857 ਨੂੰ ਮੇਰਠ ਛਾਉਣੀ ਵਿਚ ਅਵਧ ਦੇ ਰਸਾਲੇ ਨੇ ਚਰਬੀ ਵਾਲੇ ਕਾਰਤੂਸ ਵਰਤਣ ਤੋਂ ਇਨਕਾਰ ਕਰ ਦਿੱਤਾ। ਸਰਕਾਰ ਨੇ ਕੋਰਟ ਮਾਰਸ਼ਲ ਰਾਹੀਂ ਉਨ੍ਹਾਂ ਫੌਜੀਆਂ ਨੂੰ ਦਸ ਸਾਲ ਕੈਦ ਬਾ-ਮੁਸ਼ੱਕਤ ਕਰ ਕੇ ਜੇਲ੍ਹ ਭੇਜ ਦਿੱਤਾ। ਇਸ ਦਾ ਐਲਾਨ ਮੇਰਠ ਛਾਉਣੀ ਵਿਚ ਪਰੇਡ ਸਮੇਂ ਕੀਤਾ ਗਿਆ। ਐਲਾਨ ਨੇ ਸਮੁੱਚੀ ਫੌਜ ਨੂੰ ਭੜਕਾ ਦਿੱਤਾ ਜੋ 10 ਮਈ 1857 ਨੂੰ

## ਬਾਤਾਂ ਗਦਰ ਦੀਆਂ

ਬਗਾਵਤ ਦੇ ਰੂਪ ਵਿਚ ਸਾਹਮਣੇ ਆਇਆ। ਪਹਿਲਾਂ ਫੌਜੀਆਂ ਨੇ ਜੇਲ੍ਹ 'ਤੇ ਕਬਜ਼ਾ ਕਰ ਕੇ ਫੌਜੀ ਭਰਾਵਾਂ ਨੂੰ ਨਾਲ ਲਿਆ ਅਤੇ ਦਿੱਲੀ ਵੱਲ ਚੱਲ ਪਏ। 11 ਮਈ 1857 ਨੂੰ ਦਿੱਲੀ 'ਤੇ ਆਪਣਾ ਕੰਟਰੋਲ ਕਰ ਕੇ ਬਾਦਸ਼ਾਹ ਨੂੰ ਨਵੇਂ ਸਿਰੇ ਤੋਂ 21 ਤੋਪਾਂ ਦੀ ਸਲਾਮੀ ਦੇ ਕੇ ਹਿੰਦੋਸਤਾਨ ਦਾ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਬਹਾਦਰ ਸ਼ਾਹ ਨੇ ਦਿੱਲੀ ਦੀ ਕੌਂਸਲ ਬਣਾ ਕੇ ਹਾਲਤ ਸੁਧਾਰਨ ਦਾ ਯਤਨ ਕੀਤਾ, ਆਪ ਹਾਥੀ ਉਤੇ ਸਵਾਰ ਹੋ ਕੇ ਦਿੱਲੀ ਦਾ ਦੌਰਾ ਕੀਤਾ।

11 ਮਈ ਨੂੰ ਮੁਜ਼ੱਫਰਨਗਰ ਤੋਂ ਸ਼ੁਰੂ ਹੋ ਕੇ ਅਲੀਗੜ੍ਹ, ਬੁਲੰਦ ਸ਼ਹਿਰ, ਕਾਨ੍ਹਪੁਰ, ਫਤਿਹਪੁਰ, ਆਗਰਾ, ਫਾਰੁਖਾਬਾਦ, ਪਟਨਾ, ਆਜ਼ਮਗੜ੍ਹ, ਬਨਾਰਸ, ਗੋਰਖਪੁਰ ਵਗੈਰਾ ਸ਼ਹਿਰਾਂ ਵਿਚ ਹੋਈ ਇਹ ਬਗਾਵਤ ਉਤਰ ਪੱਛਮੀ ਅਤੇ ਕੇਂਦਰੀ ਇਲਾਕਿਆਂ ਵਿਚ ਫੈਲ ਗਈ। ਇਨ੍ਹਾਂ 282 ਫੌਜੀਆਂ ਦੀ ਕੁਰਬਾਨੀ ਦਾ ਜ਼ਿਕਰ ਆਜ਼ਾਦੀ ਇਤਿਹਾਸ ਵਿਚ (ਕਾਲਿਆਂ ਦਾ ਖੂਹ ਕਰ ਕੇ) ਆਉਂਦਾ ਹੈ। ਇਹ 13 ਮਈ 1857 ਦੀ ਸਵੇਰ ਨੂੰ ਲਾਹੌਰ ਮੀਆਂ ਮੀਰ ਦੀ ਛਾਉਣੀ ਤੋਂ ਕੀਤੀ ਬਗਾਵਤ ਸੀ। ਕੰਪਨੀ ਨੇ ਦੁਬਾਰਾ ਦਿੱਲੀ ਉਤੇ ਕਬਜ਼ਾ ਕਰਨ ਲਈ ਆਪਣੀ ਫੌਜ ਡਗਸ਼ਈ, ਕਸੌਲੀ, ਸਵਾਥੋਂ ਅਤੇ ਗੋਰਖਾ ਰਜਮੈਂਟ ਨੂੰ ਅੰਬਾਲੇ ਨੇੜੇ ਇਕੱਠੇ ਕੀਤਾ। ਇਨ੍ਹਾਂ ਦੀ ਮੱਦਦ ਪਟਿਆਲਾ, ਜੀਂਦ ਤੇ ਕਰਨਾਲ ਦੇ ਨਵਾਬ ਨੇ ਵੀ ਕੀਤੀ। ਬਾਦਸ਼ਾਹ ਦੀਆਂ ਫੌਜਾਂ ਨੇ ਵਖਤ ਖਾਂ ਨੂੰ ਆਪਣਾ ਕਮਾਂਡਰ-ਇਨ-ਚੀਫ਼ ਬਣਾਇਆ ਜੋ ਬੜੀ ਬਹਾਦਰੀ ਨਾਲ ਲੜੇ ਪਰ ਬਗਾਵਤ ਫੇਲ੍ਹ ਹੋ ਗਈ। 21 ਸਤੰਬਰ 1857 ਨੂੰ ਬਾਦਸ਼ਾਹ ਨੂੰ ਗ੍ਰਿਫ਼ਤਾਰ ਕਰ ਕੇ ਰੰਗੂਨ ਜੇਲ੍ਹ ਭੇਜ ਦਿੱਤਾ ਗਿਆ।

ਅਗਸਤ 1858 ਵਿਚ ਬਰਤਾਨੀਆ ਦੀ ਪਾਰਲੀਮੈਂਟ ਦੇ ਦੋਹਾਂ ਸਦਨਾਂ ਨੇ ਭਾਰਤ 'ਚੋਂ ਈਸਟ ਇੰਡੀਆ ਕੰਪਨੀ ਦੀ ਹਕੂਮਤ ਨੂੰ ਸਦਾ ਲਈ ਖ਼ਤਮ ਕਰਨ ਦਾ ਬਿੱਲ ਪਾਸ ਕਰ ਦਿੱਤਾ। ਪਹਿਲੀ ਨਵੰਬਰ 1858 ਨੂੰ ਅਲਾਹਾਬਾਦ ਵਿਚ ਮਲਕਾ ਵੱਲੋਂ ਭੇਜਿਆ ਗਿਆ ਇਹ ਹੁਕਮ ਸੁਣਾਇਆ ਗਿਆ। ਉਸ ਦਿਨ ਤੋਂ ਮਲਕਾ ਹਿੰਦੋਸਤਾਨ ਦੀ ਹੋਣੀ ਦੀ ਮਾਲਕ ਬਣ ਗਈ ਤੇ ਭਾਰਤੀ ਰਜਵਾੜੇ ਪੂਰੀ ਤਰ੍ਹਾਂ ਨਾਲ ਅੰਗਰੇਜ਼ ਸਰਕਾਰ ਦੇ ਭਾਈਵਾਲ ਬਣ ਗਏ।


1857 ਦੇ ਗਦਰ ਬਾਰੇ ਉਸ ਵੇਲੇ ਦੇ ਮਹਾਨ ਚਿੰਤਕ ਕਾਰਲ ਮਾਰਕਸ, ਜੋ ਲੰਡਨ ਵਿਚ ਰਹਿ ਰਿਹਾ ਸੀ, ਨੇ ਡਿਸਪੈਚ ਰਾਹੀਂ ਇਕ ਰਿਪੋਰਟ ਅਮਰੀਕਾ ਵਿਚ ਛਪਦੀ 'ਨਿਊ ਯਾਰਕ ਡੈਲੀ ਟ੍ਰਿਬਿਊਨ' ਨੂੰ ਭੇਜੀ ਸੀ ਜਿਸ ਵਿਚ ਇਸ ਨੂੰ ਕੌਮੀ ਬਗਾਵਤ ਦਾ ਦਰਜਾ ਦਿੱਤਾ ਗਿਆ ਸੀ।

ਅੰਗਰੇਜ਼ ਕੰਪਨੀ ਦੇ ਖ਼ਿਲਾਫ਼ 1857 ਵਾਲਾ ਗਦਰ ਭਾਵੇਂ ਕਾਮਯਾਬ ਨਾ ਹੋ ਸਕਿਆ ਪਰ ਇਹ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਹਿੰਦੋਸਤਾਨੀ ਲੋਕਾਂ ਵਿਚ ਚੇਤਨਾ ਅਤੇ ਆਉਣ ਵਾਲੇ ਇਨਕਲਾਬ ਦੀ ਨੀਂਹ ਜ਼ਰੂਰ ਰੱਖ ਗਿਆ।

---

# ਨਸ਼ਿਆਂ ਵਿਰੁਧ ਚੇਤਨਾ ਲਹਿਰ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਅਜੋਕੇ ਪੰਜਾਬ ਦੀ ਫੇਰੀ 'ਤੇ ਨਿਕਲੀਏ ਤਾਂ ਬਾਤਾਂ ਪਾਉਣ ਦੀ ਭਾਸ਼ਾ ਵਿਚ ਹਾਸਾ ਵੀ ਆਉਂਦਾ ਹੈ ਤੇ ਰੋਣ ਵੀ। ਅੱਜ ਦੇ ਵਿਦਿਆਰਥੀਆਂ ਨੂੰ ਬੂਟ ਵਰਦੀਆਂ ਪਾ ਕੇ ਪੜ੍ਹਨ ਜਾਂਦੇ ਵੇਖ ਅਸੀਂ ਆਪਣੇ ਸਮਿਆਂ ਦੇ ਨੰਗੇ ਪੈਰੀਂ ਕੱਛੇ ਪਹਿਨਣ ਵਾਲੇ ਸਕੂਲੀ ਮੁੰਡਿਆਂ ਨਾਲ ਮੇਲਦੇ ਹਾਂ ਤਾਂ ਬੜੀ ਖੁਸ਼ੀ ਹੁੰਦੀ ਹੈ, ਪਬਲਿਕ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਸਕੂਲ ਬੱਸਾਂ ਵੇਖ ਕੇ ਹੋਰ ਵੀ ਜ਼ਿਆਦਾ। ਪਰ ਜਦੋਂ ਇਨ੍ਹਾਂ ਬਾਰੇ ਨਸ਼ਾਖੋਰੀ ਦੀਆਂ ਗੱਲਾਂ ਸੁਣਦੇ ਹਾਂ ਤਾਂ ਮਨ ਚਿੰਤਾ ਵਿਚ ਡੁੱਬ ਜਾਂਦਾ ਹੈ। ਮਾੜੀ ਗੱਲ ਇਹ ਕਿ ਅੱਜ ਦੇ ਅਧਿਆਪਕਾਂ ਤੇ ਮਾਪਿਆਂ ਦਾ ਪ੍ਰਭਾਵ ਪਹਿਲਾਂ ਵਾਲਾ ਨਹੀਂ ਰਿਹਾ। ਵਿਦਿਆਰਥੀਆਂ ਵਲੋਂ ਨਸ਼ਾ ਕਰਨ ਦੀਆਂ ਛੁਟ-ਪੁੱਟ ਖਬਰਾਂ ਤਾਂ ਦੂਜੇ ਰਾਜਾਂ ਤੋਂ ਵੀ ਆਉਂਦੀਆਂ ਹਨ ਪਰ ਪੰਜਾਬ ਦੀ ਸਥਿਤੀ ਅਤਿਅੰਤ ਚਿੰਤਾ ਵਾਲੀ ਹੈ ਜਿੱਥੇ ਮਣਾਂ-ਮੂੰਹੀ ਫੂਕੀ ਤੇ ਹੀਰੋਇਨ ਭਾਰਤ-ਪਾਕਿ ਸੀਮਾ ਰਾਹੀਂ ਆ ਰਹੀ ਹੈ।

ਨਵੰਬਰ ਮਹੀਨੇ ਦੀ 19-20 ਤਰੀਕ ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਵਲੋਂ ਨਸ਼ਿਆਂ ਵਿਰੁਧ ਚੇਤਨਾ ਮੁਕਾਬਲੇ ਤੇ ਰੈਲੀਆਂ ਕਰ ਕੇ ਕੀਤੀ ਗਈ ਪਹਿਲਕਦਮੀ ਠੰਢੀ ਹਵਾ ਦੇ ਬੁਲ੍ਹੇ ਵਾਂਗ ਆਈ ਹੈ। ਸਿਖਿਆ ਵਿਭਾਗ ਨੇ ਸਮੂਹ ਸਰਕਾਰੀ ਸਕੂਲਾਂ ਨੂੰ ਦਿਸ਼ਾ ਨਿਰਦੇਸ਼ ਦੇ ਕੇ ਪੋਸਟਰ, ਲੇਖ, ਕਵਿਤਾ ਤੇ ਨਾਅਰੇ ਲਿਖਵਾਉਣ ਤੇ ਚਾਰਟ ਬਣਾਉਣ ਦੇ ਜੋ ਮੁਕਾਬਲੇ ਕਰਵਾਏ, ਉਨ੍ਹਾਂ ਤੋਂ ਚੰਗੇ ਨਤੀਜੇ ਪ੍ਰਾਪਤ ਹੋਏ ਹਨ। 19,500 ਸਕੂਲਾਂ ਵਿਚ ਕਰਵਾਏ ਇਨ੍ਹਾਂ ਮੁਕਾਬਲਿਆਂ 'ਚ ਜਿੱਤਣ ਵਾਲਿਆਂ ਨੂੰ ਅਧਿਆਪਕਾਂ ਤੇ ਅਧਿਕਾਰੀਆਂ ਨੇ ਅਗਲੇ ਦਿਨ ਵਿਸ਼ਾਲ ਰੈਲੀਆਂ ਪਿਛੋਂ ਇਨਾਮ ਵੰਡੇ ਜਿਨ੍ਹਾਂ 'ਚ ਸ਼ਾਮਲ ਹੋਣ ਲਈ ਬੱਚਿਆਂ ਦੇ ਮਾਪਿਆਂ ਨੂੰ ਵੀ ਸੱਦੇ ਭੇਜੇ ਗਏ। ਪੰਜਾਬ ਦੇ 26 ਲੱਖ ਵਿਦਿਆਰਥੀਆਂ ਅਤੇ ਚਾਰ ਲੱਖ ਅਧਿਆਪਕਾਂ, ਪ੍ਰਬੰਧਕਾਂ, ਕਮੇਟੀ ਮੈਂਬਰਾਂ, ਸਮਾਜ ਸੇਵਕਾਂ ਅਤੇ ਪੰਚਾਂ-ਸਰਪੰਚਾਂ ਦੇ ਇਨ੍ਹਾਂ ਜਲੂਸਾਂ ਨੇ ਪਿੰਡਾਂ ਤੇ ਸ਼ਹਿਰਾਂ ਦੇ ਵਸਨੀਕਾਂ ਨੂੰ ਹੈਰਾਨ ਕਰ ਦਿੱਤਾ ਹੈ। ਚੋਣਵੇਂ ਥਾਂਈਂ ਸਿੱਖਿਆ ਮੰਤਰੀ, ਸਿੱਖਿਆ ਸਕੱਤਰ ਤੇ ਮਹਾਂ ਨਿਰਦੇਸ਼ਕ, ਸਕੂਲ ਸਿੱਖਿਆ ਦੀ ਸ਼ਿਰਕਤ ਨਾਲ ਹੋਰ ਚੰਗਾ ਪ੍ਰਭਾਵ ਪਿਆ ਹੈ। ਰੈਲੀਆਂ ਦੀ ਨਿਗਰਾਨੀ ਤੇ ਪ੍ਰੇਰਨਾ ਲਈ ਸਰਕਾਰ ਵਲੋਂ 84 ਟੀਮਾਂ ਦੇ ਤਾਇਨਾਤ ਕੀਤੇ ਜਾਣ ਦਾ ਖਾਸ ਕਰਕੇ। ਇਹ ਉਪਰਾਲਾ ਸਕੂਲ ਸਿੱਖਿਆ ਦੇ ਨਵ ਨਿਯੁਕਤ ਡਾਇਰੈਕਟਰ ਜਨਰਲ ਕਾਹਲ ਸਿੰਘ ਪੰਨੂੰ ਦੇ ਯਤਨਾਂ ਨਾਲ ਹੋਇਆ ਹੈ। ਇਸ ਪਹਿਲਕਦਮੀ ਦੀ ਪੈਰਵੀ ਬੇਹੱਦ ਜ਼ਰੂਰੀ ਹੈ। ਇਸ ਨੂੰ ਅਫਸਰੀ ਤਬਾਦਲਿਆਂ ਦੀ ਭੇਟ ਚੜ੍ਹਨ ਤੋਂ ਬਚਾਉਣ ਦੀ ਖਾਸ ਲੋੜ ਹੈ। ਅਸੀਂ ਚੰਗੇ ਉਪਰਾਲਿਆਂ ਨੂੰ ਤਬਾਦਲਿਆਂ ਦੀ ਬਲੀ ਚੜ੍ਹਦੇ ਦੇਖਿਆ ਹੈ ਪਰ ਨਸ਼ਾ ਵਿਰੋਧੀ ਮੁਹਿੰਮ ਨੂੰ ਇਸ ਤੋਂ ਬਚਾਉਣਾ ਭਵਿੱਖ ਦੀ ਰਾਖੀ ਲਈ ਬੇਹੱਦ ਜ਼ਰੂਰੀ ਹੈ।

### ਕਸਾਬ ਦਾ ਫਰੀਦਕੋਟ ਵਧੇ ਫੁੱਲੇ

ਚਾਰ ਸਾਲ ਪਹਿਲਾਂ ਮੁੰਬਈ ਦੇ ਤਾਜ ਹੋਟਲ ਤੇ ਹੋਰਨਾ ਥਾਵਾਂ 'ਤੇ ਨਿਰਦੋਸ਼ੇ ਲੋਕਾਂ ਦੀ ਜਾਨ ਲੈਣ ਵਾਲੇ 10 ਅਤਿਵਾਦੀਆਂ ਦੇ ਸਾਥੀ ਅਜਮਲ ਕਸਾਬ ਨੂੰ ਮਾਸੂਮ ਚਿਹਰੇ ਵਾਲਾ ਬੁੱਚੜ ਕਿਹਾ ਜਾਂਦਾ ਹੈ। ਭਾਰਤੀ ਨਿਆਂ ਪ੍ਰਣਾਲੀ ਨੇ ਉਸ ਨੂੰ ਫਾਂਸੀ ਦੇ ਫੰਦੇ ਨਾਲ ਲਟਕਾਉਂਦਿਆਂ 4 ਸਾਲ ਲਾ ਦਿੱਤੇ। ਉਸ ਦੇ ਫਾਂਸੀ ਲਗਣ ਨਾਲ ਅਤਿਵਾਦ ਨੂੰ ਠੱਲ੍ਹ ਪੈਂਦੀ ਹੈ ਜਾਂ ਨਹੀਂ ਪਰ ਨਿਰਦੋਸ਼ ਜੀਵਾਂ ਦੇ ਸਾਕ ਸਬੰਧੀਆਂ ਦੇ ਜ਼ਖਮਾਂ 'ਤੇ ਮਲ੍ਹਮ ਜ਼ਰੂਰ ਲੱਗੇਗੀ। ਭਾਰਤੀ ਮੀਡੀਆ ਨੇ ਇਸ ਅਮਲ ਨੂੰ 'ਦੇਰ ਆਇਦ ਦਰੁਸਤ ਆਇਦ' ਗਰਦਾਨਦਿਆਂ। ਮਹਾਂ ਬਦੀ ਦੇ ਚਿਹਰੇ ਉਤੇ ਪਰਦਾ ਗਿਰਨਾ ਦੱਸਿਆ ਹੈ। ਇਸਲਾਮਾਬਾਦ ਦੀ 'ਡਾਅਨ' ਪਤ੍ਰਿਕਾ ਨੇ ਉਸ ਦੇ ਚਿਹਰੇ ਨੂੰ ਅਤਿਵਾਦ ਦੇ ਦੈਂਤ ਦਾ ਭਿਆਨਕ ਰੂਪ ਦਸ ਕੇ ਪਾਕਿਸਤਾਨ ਦੀ ਸਰਕਾਰ ਅਤੇ ਲੋਕਾਈ ਤੋਂ ਮੰਗ ਕੀਤੀ ਹੈ ਕਿ ਹੁਣ ਉਨ੍ਹਾਂ ਨੂੰ ਮਿਲ ਕੇ ਅਜਿਹੇ ਯਤਨ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਭਾਰਤ-ਪਾਕਿ ਮਿਤਰਤਾ ਹੀ ਨਹੀਂ, ਸਾਰੇ ਏਸ਼ੀਆ ਦੀ ਸ਼ਾਂਤੀ ਜੁੜੀ ਹੋਈ ਹੈ। ਇਸ ਸਭ ਕਾਸੇ ਦਾ ਸਵਾਗਤ ਕਰਨਾ ਬਣਦਾ ਹੈ।

ਅਜਮਲ ਕਸਾਬ ਦੇ ਜੱਦੀ ਪਿੰਡ ਫਰੀਦਕੋਟ ਦਾ ਮੁੜ ਚਰਚਾ ਵਿਚ ਆਉਣਾ ਵੀ ਕੁਦਰਤੀ ਹੈ। ਸਾਡੇ ਕੋਲ ਉਸ ਪਿੰਡ ਦੀ ਜਨ ਸੰਖਿਆ ਤੇ ਖੇਤਰਫਲ ਦੇ ਕੋਈ ਅੰਕੜੇ ਨਹੀਂ। ਕਹਿੰਦੇ ਹਨ ਉਸ ਦੇ ਆਲੇ ਦੁਆਲੇ ਭਰਪੂਰ ਫਸਲਾਂ ਵੀ ਹਨ ਤੇ ਪਿੰਡ ਵਿਚ ਧੂੰਆਂ ਛਡਣ ਵਾਲੇ ਲਘੂ ਉਦਯੋਗਾਂ ਦੀਆਂ ਚਿਮਨੀਆਂ ਵੀ। ਪਰ ਸਾਰੀ ਦੀ ਸਾਰੀ ਵੱਸੋਂ ਏਨੀ ਸਹਿਮੀ ਹੋਈ ਹੈ ਕਿ ਦੂਰ ਦੁਰੇਡੇ ਸ਼ਹਿਰਾਂ ਤੇ ਮੀਡੀਆ ਕਾਰਕੁਨਾਂ ਅੱਗੇ ਮੂੰਹ ਖੋਲ੍ਹਣ ਲਈ ਤਿਆਰ ਨਹੀਂ। ਪਿੰਡ ਦੀ ਮਸਜਿਦ ਦੇ ਇਮਾਮ ਨੂੰ ਲਾਊਡ ਸਪੀਕਰ ਦੀ ਸਹਾਇਤਾ ਨਾਲ ਅਪੀਲ ਕਰਨੀ ਪਈ ਹੈ ਕਿ ਉਹ ਕਿਸੇ ਵੀ ਕਿਸਮ ਦੀ ਚੰਗੀ ਮੰਦੀ ਟਿੱਪਣੀ ਤੋਂ ਗੁਰੇਜ਼ ਕਰਨ। ਅਜਮਲ ਦੇ ਪਿਤਾ ਅਮੀਰ ਕਸਾਬ ਨੂੰ ਪਰਿਵਾਰ ਸਮੇਤ ਪਿੰਡ ਛੱਡ ਕੇ ਅਗਿਆਤ ਟਿਕਾਣੇ ਉਤੇ ਸ਼ਰਨ ਲੈਣੀ ਪੈ ਗਈ ਹੈ। ਅਜਮਲ ਨੇ ਕੀ ਖਟਿਆ! ਫਾਂਸੀ ਲਗਣ ਸਮੇਂ ਉਸ ਦਾ ਕਥਿੱਤ ਤੌਰ ਤੇ 'ਅੱਲ੍ਹਾ ਮੈਨੂੰ ਮੁਆਫ ਕਰੀਂ, ਮੁੜ ਅਜਿਹਾ ਕਾਰਾ ਨਹੀਂ ਕਰਾਂਗਾ' ਕਹਿਣਾ ਸਮਝ ਆਉਂਦਾ ਹੈ ਪਰ ਅਤਿਵਾਦੀ ਉਸ ਦੇ ਸ਼ਬਦਾਂ ਤੋਂ ਸਬਕ ਸਿਖਣਗੇ ਜਾਂ ਨਹੀਂ ਇਸ ਬਾਰੇ ਕਹਿਣਾ ਮੁਸ਼ਕਲ ਹੈ। ਉਨ੍ਹਾਂ ਵਲੋਂ ਕਸਾਬ ਦੀ ਲਾਸ਼ ਵਾਸਤੇ ਪਾਇਆ ਜਾ ਰਿਹਾ ਰੌਲਾ-ਰੱਪਾ ਇਸ ਗੱਲ ਦਾ ਸੰਕੇਤ ਹੈ ਕਿ ਪਾਕਿਸਤਾਨ ਦੀ ਸਰਕਾਰ ਅਤੇ ਓਥੋਂ ਦੇ ਵਸਨੀਕਾਂ ਨੂੰ ਸਮਝ ਸੋਚ ਕੇ ਸਖਤੀ ਤੋਂ ਕੰਮ ਲੈਣ ਦੀ ਲੋੜ ਹੈ। ਇਹ ਜਾਨਣ ਦੀ ਸਭ ਤੋਂ ਵਧ ਕਿ ਭਾਰਤ ਅਪਣੇ ਗਵਾਂਢੀ ਦੇਸ਼ ਦਾ ਦੋਖੀ ਨਹੀਂ। ਜੇ ਓਧਰ ਵਾਲਾ ਫਰੀਦਕੋਟ ਵਧੇ ਫੁੱਲੇਗਾ ਤਾਂ ਏਧਰ ਵਾਲੇ ਹੋਰ ਵਧਣਗੇ। ਫਿਰੋਜ਼ਪੁਰ-ਬਠਿੰਡਾ ਰੇਲਵੇ ਲਾਈਨ ਵਾਲਾ ਜ਼ਿਲਾ ਬਣ ਚੁੱਕਿਆ ਹੈ। ਬਠਿੰਡਾ-ਡੱਬਵਾਲੀ ਸੜਕ ਵਾਲੇ ਦਾ ਡਾਕਘਰ ਵੀ ਆਪਣਾ ਨਹੀਂ। ਇਸ ਦਾ ਡਾਕ ਘਰ ਖਾਸ ਹੋ ਜਾਣਾ ਪੱਕਾ ਹੈ।

**ਅੰਤਿਕਾ:**

ਜੇ ਗੱਲ ਦਸਤੂਰ ਸਿਰ ਹੁੰਦੀ
ਸਹੀ ਜੇ ਕਾਫਲਾ ਹੁੰਦਾ,
ਬਣਾ ਕੇ ਬੰਗਲੇ ਫੁੱਟ ਪਾਥ 'ਤੇ
ਉਹ ਨਾ ਪਿਆ ਹੁੰਦਾ।
ਖਲੋ ਇੱਕ ਥਾਂ ਗਿਆ ਜੋ ਸ਼ਖਸ
ਕੱਲਾ ਰਹਿ ਗਿਆ ਮਿਤਰੋ,
ਸਮੇਂ ਦੇ ਨਾਲ ਜੇ ਤੁਰਦਾ
ਤਾਂ ਅੱਜ ਨੂੰ ਕਾਫਲਾ ਹੁੰਦਾ।

## 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਦੀ ਲੜੀ

# ਪਰੂਫ ਰੀਡਿੰਗ ਸੈਕਸ਼ਨ ਦੇ ਨਿਰਾਲੇ ਸਾਥੀ


*ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੋਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।*

**ਅਮੋਲਕ ਸਿੰਘ ਜੰਮੂ**
ਫੋਨ: 847-359-0746

ਮੈਂ ਦਸ ਚੁਕਾ ਹਾਂ ਕਿ ਪਰੂਫ ਰੀਡਿੰਗ ਸੈਕਸ਼ਨ ਵਿਚ ਮੇਰੇ 12 ਸਾਲ ਕਿਵੇਂ ਇਕ ਮਾਨਸਿਕ ਕੈਦ ਵਾਂਗ ਨਿਕਲੇ। ਇਹ ਠੀਕ ਹੈ ਕਿ ਅਗੇ ਵਧਣ ਦੀ ਸਭ ਨੂੰ ਚਾਹਨਾ ਸੀ, ਫਿਰ ਵੀ ਮੇਰੇ ਸਾਥੀ ਪਰੂਫ ਰੀਡਰਾਂ ਨੂੰ ਆਪਣੀ ਇਸ ਨੌਕਰੀ 'ਤੇ ਇਕ ਤਸੱਲੀ ਜਿਹੀ ਸੀ ਪਰ ਮੇਰੇ ਅੰਦਰ ਇਹ ਗੱਲ ਵਾਰ ਵਾਰ ਉਠਦੀ ਕਿ ਮੇਰੇ ਲਈ ਇਹ ਨੌਕਰੀ ਇਕ ਪੌੜੀ ਤਾਂ ਹੋ ਸਕਦੀ ਹੈ, ਮੰਜਿਲ ਨਹੀਂ। ਮੇਰੇ ਕੁਝ ਸਾਥੀਆਂ ਦੇ ਮਨ ਵਿਚ ਮੇਰੇ ਐਮ ਫਿਲ ਕਰਨ ਅਤੇ ਸੰਪਾਦਕ ਦੀਆਂ ਨਜ਼ਰਾਂ ਵਿਚ ਮੇਰਾ ਚੰਗਾ ਅਕਸ ਹੋਣ ਕਰਕੇ ਮੇਰੇ ਪ੍ਰਤੀ ਇਕ ਕਿਸਮ ਦਾ ਹਸਦ ਜਾਗ ਚੁਕਾ ਸੀ। ਅਜਿਹਾ ਹੋ ਜਾਣਾ ਕੁਦਰਤੀ ਹੀ ਹੈ। ਸਾਡੇ ਸੈਕਸ਼ਨ ਦਾ ਇੰਚਾਰਜ ਪ੍ਰੇਮ ਗੋਰਖੀ ਸੀ ਜੋ ਆਪਣੇ ਅੰਦਰ ਵਸੇ ਘੱਟ ਪੜ੍ਹੇ ਹੋਣ (ਸ਼ਾਇਦ ਉਹ ਮੈਟ੍ਰਿਕ ਪਾਸ ਵੀ ਨਹੀਂ ਸੀ) ਅਤੇ ਸ਼ਾਇਦ ਅਖੌਤੀ ਨਿਮਨ ਜਾਤ ਵਿਚੋਂ ਹੋਣ ਦੇ ਅਹਿਸਾਸ-ਏ-ਕਮਤਰੀ ਕਰਕੇ ਅਕਸਰ ਸਾਡੇ 'ਤੇ ਰੋਅਬ ਜਿਹਾ ਪਾਉਂਦਾ ਰਹਿੰਦਾ। ਉਸ ਦੇ ਇਸ ਰੋਅਬ ਦਾ ਸ਼ਿਕਾਰ ਮੈਂ ਕੁਝ ਜਿਆਦਾ ਹੀ ਹੁੰਦਾ। ਮੇਰੇ 'ਚ ਵੀ ਭਾਵੁਕਤਾ ਸੀ ਅਤੇ ਮੈਂ ਝੱਟ ਭੜਕ ਵੀ ਪੈਂਦਾ। ਬਰਜਿੰਦਰ ਭਾਅ ਜੀ ਨੇ ਇਕ ਦੋ ਵਾਰ ਮੈਨੂੰ ਇਸ ਮਾਮਲੇ ਵਿਚ ਸਾਵਧਾਨ ਰਹਿਣ ਲਈ ਵੀ ਆਖਿਆ ਪਰ...।

ਇਹ ਵੀ ਦਿਲਚਸਪ ਗੱਲ ਹੈ ਕਿ ਜਦੋਂ ਤਕ ਮੈਂ ਗੋਰਖੀ ਨੂੰ ਮਿਲਿਆ ਨਹੀਂ ਸਾਂ ਅਤੇ ਉਸ ਦੇ ਤਸ਼ੱਦਦ ਦਾ ਸ਼ਿਕਾਰ ਨਹੀਂ ਸਾਂ ਹੋਇਆ, ਉਦੋਂ ਤਕ ਮੇਰੇ ਮਨ ਵਿਚ ਉਸ ਦਾ ਇਕ ਲੇਖਕ ਵਜੋਂ ਚੋਖਾ ਸਤਿਕਾਰ ਸੀ। ਸੱਚ ਤਾਂ ਇਹ ਹੈ ਕਿ ਪੰਜਾਬੀ ਟ੍ਰਿਬਿਊਨ ਵਿਚ ਨੌਕਰੀ 'ਤੇ ਹਾਜਰ ਹੋਣ ਪਿਛੋਂ ਇਸੇ ਸਤਿਕਾਰ ਕਰ ਕੇ ਹੀ ਮੈਂ ਉਸ ਨੂੰ ਆਪਣੇ ਨਾਲ ਯੂਨੀਵਰਸਿਟੀ ਵਿਚ ਆਪਣੇ ਹੋਸਟਲ ਵਾਲੇ ਕਮਰੇ ਵਿਚ ਵੀ ਲੈ ਕੇ ਗਿਆ ਅਤੇ ਪੀ ਜੀ ਆਈ ਦੇ ਸਾਹਮਣੇ ਵਾਲੀਆਂ ਰੇੜ੍ਹੀਆਂ ਤੋਂ ਪਰੌਠੇ ਵੀ ਖਵਾਏ। ਅਸਲ ਵਿਚ ਪ੍ਰੇਮ ਗੋਰਖੀ ਦੀਆਂ ਰਚਨਾਵਾਂ ਖਾਸ ਕਰ ਨਾਵਲਿਟ 'ਕੰਮੀਆਂ ਦਾ ਵਿਹੜਾ' ਨਾਲ ਮੇਰਾ ਪਰੀਚੈ ਸ਼ਾਇਦ 1972-73 ਵਿਚ ਸਾਹਿਤਕ ਰਸਾਲੇ 'ਦ੍ਰਿਸ਼ਟੀ' ਰਾਹੀਂ ਹੋਇਆ ਸੀ। ਇਹ ਪਰਚਾ ਬਰਜਿੰਦਰ ਭਾਅ ਜੀ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਬਨਣ ਤੋਂ ਪਹਿਲਾਂ ਤਕ ਕੱਢਿਆ ਕਰਦੇ ਸਨ। ਸਾਹਿਤ ਦਾ ਨਵਾਂ-ਨਵਾਂ ਵਿਦਿਆਰਥੀ ਹੋਣ ਕਰਕੇ ਮੇਰੇ ਮਨ ਵਿਚ ਲੇਖਕਾਂ ਦਾ ਇਕ ਖਾਸ ਹੀ ਸਤਿਕਾਰ ਸੀ। ਇਹ ਵਖਰੀ ਗੱਲ ਹੈ ਕਿ ਬਾਅਦ ਦੇ ਜੀਵਨ ਵਿਚ ਜਦੋਂ ਕਈ ਲੇਖਕਾਂ ਨੂੰ ਨੇੜਿਓਂ ਹੋ ਕੇ ਦੇਖਣ ਦਾ ਮੌਕਾ ਮਿਲਿਆ ਤਾਂ ਅਹਿਸਾਸ ਹੋਇਆ ਕਿ ਅਸਲੀ ਜੀਵਨ ਵਿਚ ਉਨ੍ਹਾਂ ਦੀ ਸ਼ਖਸੀਅਤ ਲਿਖਤਾਂ ਨਾਲੋਂ ਕਿੰਨੀ ਵਖਰੀ ਹੁੰਦੀ ਹੈ।

ਜਿਵੇਂ ਕਿ ਪਹਿਲਾਂ ਜ਼ਿਕਰ ਆ ਚੁਕਾ ਹੈ, ਸ਼ੁਰੂ ਵਿਚ ਪ੍ਰੇਮ ਗੋਰਖੀ, ਰਾਜਿੰਦਰ ਸੋਢੀ, ਸੁਰਿੰਦਰ ਸਿੰਘ ਮੈਂ ਅਤੇ ਗੁਰਦੇਵ ਸਿੰਘ ਭੁੱਲਰ ਹੀ ਪਰੂਫ ਰੀਡਰਾਂ ਵਜੋਂ ਚੁਣੇ ਗਏ ਸਾਂ। ਸਾਲ-ਡੇਢ ਦੇ ਅੰਦਰ ਹੀ ਤਰਲੋਚਨ ਸਿੰਘ ਸ਼ੇਰਗਿੱਲ, ਰਣਜੀਤ ਰਾਹੀ ਅਤੇ ਮੂਹਰਜੀਤ ਵੀ ਆ ਰਲੇ। ਇਹ ਸਾਰੇ ਬੜੀਆਂ ਦਿਲਚਸਪ ਸ਼ਖਸੀਅਤਾਂ ਸਨ।




ਤਰਲੋਚਨ ਪੰਜਾਬੀ ਯੂਨੀਵਰਸਿਟੀ, ਪਟਿਆਲੇ ਤੋਂ ਐਮ ਏ ਕਰਕੇ ਆਇਆ ਸੀ ਅਤੇ ਉਥੋਂ ਖੱਬੇਪੱਖੀ ਲਹਿਰ ਨਾਲ ਡੂੰਘਾ ਜੁੜਿਆ ਰਿਹਾ ਸੀ। ਟਾਲਸਟਾਏ, ਦਾਸਤੋਵਸਕੀ ਅਤੇ ਗੋਰਕੀ ਤੋਂ ਲੈ ਕੇ ਰਸੂਲ ਹਮਜ਼ਾਤੋਵ ਤਕ ਸਾਰਾ ਰੂਸੀ ਸਾਹਿਤ ਪੜ੍ਹ ਚੁਕਾ ਸੀ। ਉਹ ਸ਼ਾਇਰ ਸਾਧੂ ਸਿੰਘ ਬੇਦਿਲ ਦਾ ਬੇਟਾ ਸੀ। ਸ. ਬੇਦਿਲ ਖੁਦ ਵਧੀਆ ਸ਼ਾਇਰ ਸੀ ਅਤੇ ਬੜਾ ਹੀ ਨੇਕ ਇਨਸਾਨ ਹੈ। ਮਾਤਾ ਛੇਤੀ ਚੜ੍ਹਾਈ ਕਰ ਗਈ ਸੀ। ਬਾਪੂ ਜੀ 95 ਸਾਲ ਦੀ ਉਮਰ ਵਿਚ ਵੀ ਪੂਰੀ ਚੜ੍ਹਦੀ ਕਲਾ 'ਚ ਹਨ। ਦੋਹਾਂ ਪਿਓ-ਪੁਤਾਂ ਵਿਚਾਲੇ ਰਿਸ਼ਤਾ ਵੀ ਬੜਾ ਦਿਲਚਸਪ ਸੀ। ਇਕ ਵਾਰ ਮੈਂ ਤਰਲੋਚਨ ਦੇ ਕਮਰੇ ਵਿਚ ਗਿਆ। ਉਸ ਦੇ ਪਿਤਾ ਜੀ ਆਏ ਹੋਏ ਸਨ। ਕਿਸੇ ਗੱਲੋਂ ਉਨ੍ਹਾਂ ਤਰਲੋਚਨ ਨੂੰ ਕਿਹਾ, "ਯਾਰ ਤੂੰ ਬੜਾ ਨਿਕੰਮਾ ਬੰਦਾ ਏਂ।" ਤਰਲੋਚਨ ਦਾ ਜਵਾਬ ਸੀ, "ਬਾਪੂ ਜੀ, ਮੈਂ ਤੇ ਆਪ ਮੰਨਦਾਂ, ਮੈਂ ਨਿਕੰਮਾ ਹੀ ਨਹੀਂ, ਬੇਵਕੂਫ ਦਾ ਪੁਤਰ ਹਾਂ, ਉਲੂ ਦਾ ਪੱਠਾ ਹਾਂ। ਬਸ, ਤੁਸੀਂ ਹੀ ਨਹੀਂ ਮੰਨਦੇ।" ਇਸ ਤੋਂ ਜਾਹਰ ਹੈ ਕਿ ਦੋਹਾਂ ਪਿਉ-ਪੁਤਾਂ ਵਿਚਾਲੇ ਕਿੰਨਾ ਨਿਰਛਲ, ਕਰੀਬੀ ਅਤੇ ਦੋਸਤਾਨਾ ਸਬੰਧ ਸੀ।

ਬਰਨਾਲੇ ਨਜਦੀਕ ਪਿੰਡ ਦਾਨਗੜ੍ਹ ਜੰਮਿਆ ਤਰਲੋਚਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਉਥੋਂ ਦੇ ਧੁਨੰਤਰ ਮਾਰਕਸੀ ਪ੍ਰੋਫੈਸਰ ਮਰਹੂਮ ਰਵਿੰਦਰ ਰਵੀ ਦਾ ਚਹੇਤਾ ਹੋਇਆ ਸੀ। 70ਵਿਆਂ ਦਾ ਦਹਾਕਾ ਪੰਜਾਬ ਵਿਚ ਵਿਦਿਆਰਥੀਆਂ ਦੀਆਂ ਖੱਬੇਪੱਖੀ ਲਹਿਰਾਂ ਦੀ ਪੂਰਨ ਚੜ੍ਹਤ ਦਾ ਸਮਾਂ ਸੀ। ਨੌਜਵਾਨਾਂ ਦੇ ਮਨ ਵਿਚ ਲੁੱਟ-ਖਸੁੱਟ ਤੋਂ ਰਹਿਤ ਨਵੇਂ ਸਮਾਜ ਦੀ ਸਿਰਜਣਾ ਦੇ ਸੁਪਨੇ ਸੰਜੋਏ ਹੋਏ ਸਨ। ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਖੱਬੇਪੱਖੀ ਵਿਦਿਆਰਥੀ ਯੂਨੀਅਨਾਂ ਦਾ ਡੰਕਾ ਵੱਜਿਆ ਹੋਇਆ ਸੀ। ਇਨ੍ਹਾਂ ਵਿਦਿਆਰਥੀਆਂ ਵਿਚ ਪ੍ਰਿੰ. ਸੰਤ ਸਿੰਘ ਸੇਖੋਂ ਅਤੇ ਪ੍ਰੋ: ਕਿਸ਼ਨ ਸਿੰਘ ਦੀਆਂ ਆਲੋਚਨਾ ਪ੍ਰਣਾਲੀਆਂ ਨੂੰ ਲੈ ਕੇ ਗੋਸ਼ਟੀਆਂ ਤੇ ਬਹਿਸਾਂ ਰੋਜ ਹੁੰਦੀਆਂ ਰਹਿੰਦੀਆਂ ਸਨ। ਤਰਲੋਚਨ ਬਾਰੇ ਕਿਹਾ ਜਾਂਦਾ ਸੀ ਕਿ ਉਹ ਇਨ੍ਹਾਂ ਗੋਸ਼ਟੀਆਂ ਦੀ ਰੂਹੇ ਰਵਾਂ ਹੁੰਦਾ ਸੀ। ਉਸ ਨੇ ਟਾਲਸਟਾਏ, ਚੈਖਵ, ਮੈਕਸਿਮ ਗੋਰਕੀ, ਸ਼ੋਲੋਖੋਵ ਅਤੇ ਰਸੂਲ ਹਮਜ਼ਾਤੋਵ ਬੜੀ ਰੀਝ ਨਾਲ ਪੜ੍ਹੇ ਹੋਏ ਸਨ। 'ਮੇਰਾ ਦਾਗਿਸਤਾਨ' ਵਾਲਾ ਰਸੂਲ ਹਮਜ਼ਾਤੋਵ ਉਨ੍ਹੀਂ ਦਿਨੀ ਪੰਜਾਬੀ ਦੀ ਐਮ. ਏ. ਕਰਨ ਵਾਲੇ ਸਾਰੇ ਵਿਦਿਆਰਥੀਆਂ ਵਿਚ ਹੀ ਮਕਬੂਲ ਸੀ। ਆਮ ਕਰਕੇ ਤਰਲੋਚਨ ਬੜਾ ਹੱਸਮੁਖ ਰਹਿੰਦਾ ਪਰ ਕਦੀ ਕਦੀ ਬਹੁਤ ਉਦਾਸ ਵੀ ਹੁੰਦਾ। ਇਕ ਵਾਰ ਸ਼ਰਾਬ ਪੀਤੀ ਵਿਚ ਉਸ ਦਿਲ ਖੋਲ੍ਹਿਆ ਕਿ ਉਸ ਨੂੰ ਇਸ ਗੱਲ ਦਾ ਗਮ ਹੈ ਕਿ ਇਨਕਲਾਬ ਲਿਆਉਣ ਦੇ ਜਿਸ ਰਾਹ ਉਹ ਤੁਰੇ ਸਨ, ਉਸ ਦੀ ਮੰਜਿਲ 'ਤੇ ਪਹੁੰਚ ਨਾ ਸਕੇ। ਤਰਲੋਚਨ ਮਾਨਸਿਕ ਰੋਗੀ ਹੋਣ ਦੀ ਹੱਦ ਤਕ ਸੰਵੇਦਨਸ਼ੀਲ ਸੀ। ਸ਼ਾਇਰੀ ਵਿਰਸੇ 'ਚ ਮਿਲੀ ਹੋਣ ਕਰਕੇ ਉਹ ਸ਼ਾਇਰੀ ਵੀ ਕਰਦਾ ਸੀ। ਉਸ ਦੀ ਸ਼ਾਇਰੀ ਵਿਚ ਉਸ ਦੇ ਦਿਲ ਦਾ ਦਰਦ ਸਹਿਜੇ ਹੀ ਪੜ੍ਹਿਆ ਜਾ ਸਕਦਾ ਹੈ।

ਤਰਲੋਚਨ ਦੀਆਂ ਇਲਤਾਂ ਦੇ ਨਾਲ-ਨਾਲ ਉਸ ਦੀ ਸਾਹਿਤਕ ਸੂਝ ਬਾਰੇ ਵੀ ਕਈ ਗੱਲਾਂ ਚੇਤੇ ਆ ਰਹੀਆਂ ਹਨ। ਅਜਿਹੀਆਂ ਹੀ ਯਾਦਾਂ ਵਿਚੋਂ ਇੱਕ ਪ੍ਰੋ. ਮੋਹਨ ਸਿੰਘ ਦੀ ਕਹਾਣੀ 'ਨਿੱਕੀ-ਨਿੱਕੀ ਵਾਸ਼ਨਾ' ਬਾਰੇ ਉਸ ਨਾਲ ਹੋਈ ਗੱਲਬਾਤ ਸੀ। "ਨਿੱਕੀ-ਨਿੱਕੀ ਵਾਸ਼ਨਾ" ਮੇਰੀ ਵੀ ਪਸੰਦੀਦਾ ਕਹਾਣੀ ਸੀ। ਕਹਾਣੀ ਦਾ ਕਥਾਨਕ ਪੋਠੋਹਾਰੀ ਬੋਲੀ ਅਤੇ ਸਭਿਆਚਾਰ ਦੇ ਪਿਛੋਕਤ ਵਿਚ ਉਸਾਰਿਆ ਗਿਆ ਹੈ। ਕਹਾਣੀਕਾਰ ਨੇ ਆਪਣੀ ਜਨਮ ਭੌਂ ਦੇ ਪਹਾੜਾਂ, ਕੂਲ੍ਹਾਂ, ਬਨਸਪਤੀ ਅਤੇ ਖਾਸ ਕਰ ਕੇ ਬਨਫਸ਼ੇ ਦੀ ਖੁਸ਼ਬੋ ਦਾ ਵਰਣਨ ਅਜਿਹੇ ਮਾਰਮਿਕ ਤਰੀਕੇ ਨਾਲ ਕੀਤਾ ਹੈ ਕਿ ਪੜ੍ਹਨ ਵਾਲਾ ਖੁਦ ਉਸ ਟੁਣੇਹਾਰ ਮਹਿਕ ਨੂੰ ਮਹਿਸੂਸ ਕਰਨ ਲੱਗ ਜਾਂਦਾ ਹੈ। ਕਹਾਣੀ ਦੀ ਨਾਇਕਾ ਰੇਸ਼ਮਾ 'ਤੇ ਜਵਾਨੀ ਚੜ੍ਹ ਰਹੀ ਹੈ ਅਤੇ ਉਹ ਆਪ ਮੁਹਾਰੇ ਸਭ ਹੱਦਾਂ ਬੰਨੇ ਤੋੜ ਕੇ ਆਪਣੇ ਅਮੋੜ ਕੁਦਰਤੀ ਵੇਗ ਵਿਚ ਵਹਿ ਜਾਣਾ ਲੋਚਦੀ ਹੈ। ਰੇਸ਼ਮਾ ਦਾ ਬਾਪ ਸਤਾਰ ਮੁਹੰਮਦ ਕੱਟੜ ਧਾਰਮਿਕ ਰੁਚੀਆਂ ਵਾਲੇ ਸਭਿਆਚਾਰ ਦਾ ਧਾਰਨੀ ਹੈ ਅਤੇ ਉਸ ਨੂੰ ਆਪਣੀ ਧੀ ਦਾ ਇਹ ਵਿਹਾਰ ਕਿਸੇ ਹਾਲਤ ਵਿਚ ਵੀ ਕਬੂਲ ਨਹੀਂ ਹੈ। ਕੁੜੀ ਇਕ ਪਰਦੇਸੀ ਰਾਹੀ ਦੇ ਪਿਛੇ ਪਿਛੇ ਕਿਸੇ ਮੋਹ ਵਿਚ ਤੁਰੀ ਜਾਂਦੀ ਹੈ। ਜਦੋਂ ਬਾਪ ਨੂੰ ਪਤਾ ਲਗਦਾ ਹੈ ਤਾਂ ਉਹ ਗੁੱਸੇ ਵਿਚ ਕੁੜੀ ਨੂੰ ਬੁਰੀ ਤਰ੍ਹਾਂ ਕੁਟ ਧਰਦਾ ਹੈ। ਰੇਸ਼ਮਾ ਨੂੰ ਮਾਂ ਪੁਛਦੀ ਹੈ, "ਪਰ ਪੁੱਤਰਾ, ਤੂੰ ਉਸ ਦੇ ਪਿਛੇ ਪਿਛੇ ਕਿਉਂ ਚਲੀ ਅਹੀਏਂਸ।" ਤੇ ਰੇਸ਼ਮਾ ਉਤਰ ਦਿੰਦੀ ਹੈ, "ਕਹੇ ਕਰਾਂ ਹਰ, ਮਿਘੀ ਨਿੱਕੀ ਨਿੱਕੀ ਵਾਸ਼ਨਾ ਅਛਣੀ ਅਹੀ।"

ਤਰਲੋਚਨ ਮਾਰਕਸਵਾਦੀ ਸੀ, ਪਰ ਉਸ ਦਿਨ ਉਸ ਨੇ ਫਰਾਇਡ ਦੇ ਮਨੋਵਿਗਿਆਨਕ ਸਿਧਾਂਤ ਦੇ ਹਵਾਲੇ ਨਾਲ ਇਸ ਕਹਾਣੀ ਦੀਆਂ ਤਹਿਆਂ ਅੰਦਰ ਲੁਪਤ ਸਭਿਆਚਾਰ ਦੇ ਸਦੀਵੀ ਵਿਰੋਧ ਨੂੰ ਜਿਸ ਤਰੀਕੇ ਨਾਲ ਖੋਲ੍ਹਿਆ, ਮੈਂ ਉਸ ਦੀ ਪਾਰਖੂ ਸਮਰੱਥਾ ਦਾ ਲੋਹਾ ਮੰਨ ਗਿਆ ਸਾਂ।


ਹੋਰ ਬਹੁਤੇ ਸਟਾਫ ਮੈਂਬਰਾਂ ਵਾਂਗ ਤਰਲੋਚਨ ਦਾ ਵਿਆਹ ਵੀ ਅਦਾਰੇ ਵਿਚ ਆਉਣ ਤੋਂ ਬਾਅਦ ਹੀ ਹੋਇਆ ਸੀ। ਉਸ ਦੇ ਦੋ ਬੱਚੇ ਵੀ ਹੋਏ ਪਰ ਸਾਰੀਆਂ ਸਿਫਤਾਂ ਦੇ ਬਾਵਜੂਦ ਸੰਵੇਦਨਸ਼ੀਲ ਮਾਨਸਿਕਤਾ ਕਾਰਨ ਉਸ ਨੂੰ ਆਪਣੀ ਪਤਨੀ ਦਾ ਸੰਗ ਰਾਸ ਨਾ ਆਇਆ। ਬਹੁਤ ਹੀ ਮਾੜੀ ਤਰ੍ਹਾਂ ਉਸ ਦਾ ਤਲਾਕ ਹੋਇਆ। ਤਲਾਕ ਪਿਛੋਂ ਉਸ ਦੀ ਮਨੋਦਸ਼ਾ ਤੇਜੀ ਨਾਲ ਨਿਘਰਦੀ ਚਲੀ ਗਈ। ਮੁੰਡਾ ਵੀ ਕੋਈ ਬਹੁਤਾ ਸਿਆਣਾ ਨਾ ਨਿਕਲਿਆ। ਤਰਲੋਚਨ ਸ਼ਰਾਬ ਦਾ ਗੁਲਾਮ ਹੁੰਦਾ ਚਲਾ ਗਿਆ ਅਤੇ ਇਸੇ ਕਰ ਕੇ ਅਖੀਰ 'ਪੰਜਾਬੀ ਟ੍ਰਿਬਿਊਨ' ਦੀ ਨੌਕਰੀ ਛੁਟ ਗਈ। 5 ਕੁ ਸਾਲ ਪਹਿਲਾਂ ਉਹ ਬੜੇ ਹੀ ਭੈੜੇ ਹਾਲਾਤ ਵਿਚ ਇਸ ਜਹਾਨ ਨੂੰ ਸਦਾ ਲਈ ਅਲਵਿਦਾ ਕਹਿ ਗਿਆ। ਸਾਡੇ ਇਸ ਜ਼ਹੀਨ ਸਾਥੀ ਦਾ ਇਹ ਬਹੁਤ ਦੁਖਦਾਇਕ ਅੰਤ ਸੀ।

ਮੂਹਰਜੀਤ ਪਟਿਆਲਾ ਜ਼ਿਲ੍ਹੇ ਵਿਚ ਰਾਜਪੁਰਾ ਨੇੜਲੇ ਕਿਸੇ ਪਿੰਡ ਤੋਂ ਸੀ। ਉਸ ਨੇ ਤਰਲੋਚਨ ਅਤੇ ਦਲਜੀਤ ਸਿੰਘ ਸਰਾਂ ਤੋਂ ਚਾਰ-ਪੰਜ ਸਾਲ ਪਹਿਲਾਂ ਸੁਰਜੀਤ ਪਾਤਰ ਹੋਰਾਂ ਨਾਲ ਪੰਜਾਬੀ ਯੂਨੀਵਰਸਿਟੀ ਤੋਂ ਪੰਜਾਬੀ ਦੀ ਐਮ.ਏ. ਕੀਤੀ ਸੀ। ਮਾਪਿਆਂ ਨੇ ਉਸ ਦਾ ਨਾਂ ਮੋਹਰ ਸਿੰਘ ਰੱਖਿਆ ਸੀ ਪਰ ਪਿੱਛੋਂ ਜਦੋਂ ਉਸ ਨੇ ਸਾਹਿਤ ਨੂੰ ਮੂੰਹ ਮਾਰਨਾ ਸ਼ੁਰੂ ਕੀਤਾ ਤਾਂ ਆਪਣਾ ਨਾਂ ਮੂਹਰਜੀਤ ਰੱਖ ਲਿਆ। ਸਾਲ 1970-72 ਦੇ ਉਨ੍ਹਾਂ ਦਿਨਾਂ ਵਿਚ ਐਮ.ਏ. ਕਰਨ ਵਾਲਿਆਂ ਲਈ ਅਜੇ ਨੌਕਰੀਆਂ ਦਾ ਕਾਲ ਨਹੀਂ ਪਿਆ ਸੀ। ਉਸ ਨੂੰ ਵੀ ਕਿਸੇ ਕਾਲਜ ਵਿਚ ਨੌਕਰੀ ਮਿਲ ਗਈ ਪਰ ਕਾਲਜ ਵਿਚ ਚਲਦੀ ਸਿਆਸਤ ਕਰ ਕੇ ਉਹ ਆਪਣੀ ਨੌਕਰੀ ਨੂੰ ਬਹੁਤਾ ਚਿਰ ਬਚਾ ਕੇ ਨਾ ਰੱਖ ਸਕਿਆ। ਕੁਝ ਸਾਲ ਜਿੰਦਗੀ ਦੇ ਧੱਕੇ-ਧੋੜੇ ਖਾਣ ਪਿਛੋਂ ਉਹ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੀ ਸ਼ਰਨ ਵਿਚ ਦਾਖੇ ਉਨ੍ਹਾਂ ਦੇ ਪਿੰਡ ਚਲਾ ਗਿਆ। ਇਸ ਸਮੇਂ ਤੱਕ ਉਸ ਦੀ ਸ਼ਖਸੀਅਤ ਵਿਚ ਕਈ ਤਰ੍ਹਾਂ ਦੇ ਵਿੰਗ ਵਲ ਪੈ ਚੁੱਕੇ ਸਨ। ਨੌਕਰੀ ਦੀ ਆਸ ਉਸ ਨੇ ਲਾਹ ਛੱਡੀ ਸੀ। 'ਪੰਜਾਬੀ ਟ੍ਰਿਬਿਊਨ' ਸ਼ੁਰੂ ਹੋਇਆ ਤਾਂ ਕੁਝ ਮਹੀਨਿਆਂ ਪਿਛੋਂ ਸੇਖੋਂ ਸਾਹਿਬ ਦੇ ਕਹਿਣ 'ਤੇ ਸੰਪਾਦਕ ਬਰਜਿੰਦਰ ਸਿੰਘ ਨੇ ਮੂਹਰਜੀਤ ਨੂੰ ਪਰੂਫ ਰੀਡਿੰਗ ਸੈਕਸ਼ਨ ਵਿਚ ਰੱਖ ਲਿਆ।

ਮੂਹਰਜੀਤ ਬਾਰੇ ਕਹਿੰਦੇ ਹਨ ਕਿ ਯੂਨੀਵਰਸਿਟੀ ਵਿਚ ਪੜ੍ਹਾਈ ਸਮੇਂ ਉਸ ਅੰਦਰ ਸਾਹਿਤਕ ਮਸ ਪੱਖੋਂ ਬੜਾ ਦਮ ਖਮ ਸੀ ਪਰ ਜਿਸ ਮੋੜ ਤੇ ਉਹ ਸਾਡਾ ਸਾਥੀ ਬਣਿਆ ਉਦੋਂ ਤੱਕ ਉਸ ਦਾ ਇਹ ਦਮ ਖਮ ਮਰ ਚੁਕਾ ਸੀ। ਸ਼ਰਾਬ ਪੀਣ ਅਤੇ ਤੰਬਾਕੂਨੋਸ਼ੀ ਦਾ ਉਹ ਗੁਲਾਮ ਹੋ ਗਿਆ ਸੀ। ਸਟਾਫ ਵਿਚ ਉਸ ਦਾ ਕਿਸੇ ਨਾਲ ਵਿਸ਼ੇਸ਼ ਨੇੜ ਨਹੀਂ ਸੀ। ਵਿਆਹ ਉਸ ਦਾ ਵੀ ਸਾਡੇ ਨਾਲ ਆਉਣ ਤੋਂ ਪਿਛੋਂ ਹੀ ਹੋਇਆ। ਕੁੜੀ ਮੋਰਿੰਡੇ ਨੇੜੇ ਕਿਸੇ ਪਿੰਡ ਰਹਿੰਦੇ ਇਕ ਕਾਮਰੇਡ ਦੀ ਧੀ ਸੀ ਅਤੇ ਉਸ ਨੇ ਆਰਟ ਐਂਡ ਕਰਾਫਟ ਦੀ ਡਿਗਰੀ ਕੀਤੀ ਹੋਈ ਸੀ। ਸਾਰੇ ਹੈਰਾਨ ਸਨ ਕਿ ਕੁੜੀ ਦੇ ਮਾਪਿਆਂ ਨੇ ਮੂਹਰਜੀਤ ਵਿਚ ਕੀ ਵੇਖਿਆ ਜੋ ਕੁੜੀ ਉਸ ਦੇ ਲੜ ਲਾ'ਤੀ। ਉਂਜ, ਮੂਹਰਜੀਤ ਨਾਲ, ਉਸ ਦੀਆਂ ਸਭ ਕਮਜ਼ੋਰੀਆਂ ਦੇ ਬਾਵਜੂਦ, ਉਸ ਬੜੀ ਦਲੇਰੀ ਨਾਲ ਕੱਟੀ ਅਤੇ ਕਦੇ ਮਰੂੰ-ਮਰੂੰ ਨਾ ਕੀਤਾ।

ਮਸੀਂ ਸਾਢੇ ਪੰਜ ਫੁਟ ਦੇ ਮੂਹਰਜੀਤ ਦੀ ਸ਼ਕਲ ਅਤੇ ਚਾਲ-ਢਾਲ ਵੇਖ ਕੇ ਲੱਗਦਾ ਸੀ ਕਿ ਉਹ ਅੱਜ ਵੀ ਗਿਆ, ਭਲਕੇ ਵੀ ਗਿਆ ਪਰ ਉਸ ਦੀ ਦੇਹ ਸਾਲਾਂ ਦੇ ਸਾਲ ਹੰਢਾਉਂਦੀ ਗਈ। ਇਕ ਵਾਰ ਮੂਹਰਜੀਤ ਦੇ ਘਰ ਬੀਮੇ ਦੀ ਕੋਈ ਗੱਲ ਚੱਲੀ ਤਾਂ ਉਸ ਦੀ ਪਤਨੀ ਨੇ ਕਿਸੇ ਬੀਮਾ ਏਜੰਟ ਬਾਰੇ ਪੁੱਛਿਆ। ਮੇਰਾ ਸਾਂਢੂ ਤੇਜਿੰਦਰ ਮਾਹਲ ਬੀਮਾ ਏਜੰਟ ਸੀ, ਮੈਂ ਉਸ ਦੇ ਨਾਂ ਦੀ ਦੱਸ ਪਾ ਦਿਤੀ। ਤੇਜਿੰਦਰ ਨੇ ਮੂਹਰਜੀਤ ਦਾ ਜੀਵਨ ਬੀਮਾ ਕਰ ਦਿਤਾ। ਇਹ ਦਿਲਚਸਪ ਗੱਲ ਸੀ ਕਿ ਮੂਹਰਜੀਤ ਦੀ ਪਤਨੀ ਘਰ ਦਾ ਹੋਰ ਭਾਵੇਂ ਕੋਈ ਖਰਚਾ ਰੋਕ ਲੈਂਦੀ ਪਰ ਇਹ ਯਕੀਨੀ ਬਣਾਉਂਦੀ ਕਿ ਬੀਮੇ ਦੀ ਕਿਸ਼ਤ ਬਾਕਾਇਦਾ ਟਾਈਮ ਸਿਰ ਜਾਵੇ।

ਮੂਹਰਜੀਤ ਦਾ ਤਰਲੋਚਨ ਅਤੇ ਰਜਿੰਦਰ ਸੋਢੀ ਨਾਲ ਕੋਈ ਵੱਖਰਾ ਹੀ ਰਿਸ਼ਤਾ ਸੀ। ਸ਼ਰਾਬ ਦੇ ਨਾਲ-ਨਾਲ ਮੂਹਰਜੀਤ ਸਿਗਰਟ ਪੀਣ ਦਾ ਸ਼ੌਕੀ ਸੀ ਅਤੇ ਦਫਤਰ ਆਉਂਦੇ ਸਾਰ ਸਿਗਰਟ ਦੀ ਡੱਬੀ ਕੱਢ ਕੇ ਮੇਜ ਉਤੇ ਰੱਖ ਦਿੰਦਾ। ਤਰਲੋਚਨ ਤੇ ਰਾਜਿੰਦਰ ਸੋਢੀ ਨੂੰ ਵੀ ਸਿਗਰਟ ਪੀਣ ਦੀ ਲਤ ਸੀ। ਦੋਹਾਂ ਨੇ ਮੂਹਰਜੀਤ ਦੀ ਡੱਬੀ ਚੁਕਣੀ ਤੇ ਸਿਗਰਟ ਕੱਢ ਕੇ ਪੀ ਲੈਣੀ। ਸ਼ਾਇਦ 1982 ਦੀ ਗੱਲ ਹੈ। ਸਾਲ ਦੇ ਅਖੀਰ 'ਤੇ 30 ਜਾਂ 31 ਦਸੰਬਰ ਦਾ ਦਿਨ ਸੀ। ਮੂਹਰਜੀਤ ਨੇ ਉਨ੍ਹਾਂ ਦੋਹਾਂ ਅੱਗੇ ਸਾਲ ਭਰ 'ਚ ਪੀਤੀਆਂ ਸਿਗਰਟਾਂ ਦਾ ਪੂਰਾ ਬਿਲ ਬਣਾ ਕੇ ਧਰ ਦਿਤਾ। ਕੱਚੇ ਹੋਣ ਦੀ ਥਾਂ ਸੋਢੀ ਤੇ ਤਰਲੋਚਨ ਕਹਿਣ ਲੱਗੇ, "ਲਿਆ ਹੁਣ ਤੇ ਪਿਆ, ਹਿਸਾਬ ਨਵਾਂ ਸਾਲ ਚੜ੍ਹਨ 'ਤੇ ਚੁਕਤਾ ਕਰਾਂਗੇ।"




ਸ਼ੁਰੂ ਵਿਚ 'ਪੰਜਾਬੀ ਟ੍ਰਿਬਿਊਨ' ਦੇ ਸਾਰੇ ਸਟਾਫ ਮੈਂਬਰ ਸਾਈਕਲਾਂ 'ਤੇ ਹੀ ਆਉਂਦੇ ਸਨ ਅਤੇ ਸਿਰਫ ਸੰਪਾਦਕ ਬਰਜਿੰਦਰ ਸਿੰਘ ਕੋਲ ਹੀ ਰਾਜਦੂਤ ਮੋਟਰਸਾਈਕਲ ਹੁੰਦਾ ਸੀ। ਇਹ ਗੱਲ ਪਹਿਲਾਂ ਆ ਚੁੱਕੀ ਹੈ ਕਿ ਲੰਬਾ ਸਮਾਂ ਟ੍ਰਿਬਿਊਨ ਦੇ ਜਨਰਲ ਮੈਨੇਜਰ ਰਹੇ ਰੁਲੀਆ ਰਾਮ ਸ਼ਰਮਾ ਸਟਾਫ ਮੈਂਬਰਾਂ ਦਾ ਕਾਫੀ ਖਿਆਲ ਰੱਖਦੇ ਸਨ। ਉਨ੍ਹਾਂ ਬਰਜਿੰਦਰ ਸਿੰਘ ਨੂੰ ਮੋਟਰਸਾਈਕਲ 'ਤੇ ਦੇਖਿਆ ਤਾਂ ਕਹਿਣ ਲੱਗੇ, ਟ੍ਰਿਬਿਊਨ ਗਰੁਪ ਦਾ ਕੋਈ ਸੰਪਾਦਕ ਮੋਟਰਸਾਈਕਲ 'ਤੇ ਆਉਂਦਾ ਚੰਗਾ ਨਹੀਂ ਲਗਦਾ, ਅਤੇ ਨਾਲ ਹੀ ਦਫਤਰ ਦੀ ਇਕ ਅੰਬੈਸਡਰ ਕਾਰ ਬਰਜਿੰਦਰ ਸਿੰਘ ਨੂੰ ਬਹੁਤ ਸਸਤੇ ਭਾਅ ਅਤੇ ਉਹ ਵੀ ਕਿਸ਼ਤਾਂ ਉਤੇ ਦੇ ਦਿਤੀ।

ਜਦੋਂ ਟ੍ਰਿਬਿਊਨ ਮੁਲਾਜ਼ਮਾਂ ਨੂੰ ਨਵੇਂ ਤਨਖਾਹ ਸਕੇਲ ਮਿਲੇ ਤਾਂ ਸਭ ਦੀ ਮਾਲੀ ਹਾਲਤ ਚੰਗੀ ਹੋ ਗਈ ਤੇ ਹੌਲੀ ਹੌਲੀ ਸਭ ਨੇ ਹੀ ਸਕੂਟਰ-ਮੋਟਰਸਾਈਕਲ ਲੈ ਲਏ। ਮੂਹਰਜੀਤ ਨੇ ਵੀ ਸਕੂਟਰ ਲੈ ਲਿਆ। ਸਾਨੂੰ ਹਮੇਸ਼ਾਂ ਇਹ ਡਰ ਲੱਗਾ ਰਹਿੰਦਾ ਕਿ ਉਸ ਨੇ ਅਜ ਸਕੂਟਰ ਤੋਂ ਡਿਗ ਕੇ ਸੱਟ ਲਵਾਈ ਕਿ ਕੱਲ੍ਹ! ਮੂਹਰਜੀਤ ਨੇ ਉਂਜ ਸਕੂਟਰ ਤੋਂ ਡਿਗ ਕੇ ਕਈ ਵਾਰ ਸੱਟਾਂ ਲਵਾਈਆਂ ਪਰ ਕਿਸੇ ਗੰਭੀਰ ਸੱਟ ਤੋਂ ਹਮੇਸ਼ਾ ਬਚਿਆ ਰਿਹਾ।

ਮੂਹਰਜੀਤ ਨੇ ਆਪਣੇ ਸਾਹਿਤਕ ਜੀਵਨ ਦੇ ਮੁੱਢਲੇ ਦੌਰ ਵਿਚ ਬੜੀਆਂ ਚੰਗੀਆਂ ਕਹਾਣੀਆਂ

*(ਬਾਕੀ ਸਫਾ 29 'ਤੇ)*

---

## ਗਜ਼ਲ

**ਸਾਧੂ ਸਿੰਘ ਬੇਦਿਲ**

ਨਕਸ਼ਾ ਹੈ ਮੇਰੇ ਸਾਹਮਣੇ ਇਉਂ ਇਨਕਲਾਬ ਦਾ।
ਛੱਲ ਜਿਵੇਂ ਹੈ ਮਾਰਦਾ ਪਾਣੀ ਚਿਨਾਬ ਦਾ।

ਓ ਯਾਰ! ਹੁਣ ਤਾਰੀਕੀਆਂ ਦੀ ਗੱਲ ਰਹਿਣ ਦੇ,
ਕਰ ਜ਼ਿਕਰ ਮਾਹਿਤਾਬ ਦਾ ਜਾਂ ਆਫਤਾਬ ਦਾ।

ਧਰਮਾਂ ਦੇ ਨਾਂ 'ਤੇ ਭਰਮ ਦੇ ਜੋ ਜਾਲ ਸਿਰਜਦੀ,
ਹਰ ਬਾਬ ਸਾੜੋ ਦੋਸਤੋ! ਐਸੀ ਕਿਤਾਬ ਦਾ।

ਜਾਗੋ ਓ ਮੇਰੇ ਦੋਸਤੋ! ਕਿਰਤੀ ਤੇ ਕਾਮਿਓ!
ਉਠੋ ਕਿ ਜੂਲਾ ਲਾਹੀਏ ਸ਼ਾਹ ਦੇ ਅਤਾਬ ਦਾ।

ਉਠੋ! ਉਹ ਸੇਜਾਂ ਸਾਰੀਆਂ ਧਰਤੀ ਤੋਂ ਹੂੰਝੀਏ,
ਟੁਟਦੈ ਜਿਨ੍ਹਾਂ ਲਈ ਨਿੱਤ ਨਵਾਂ ਲੱਖ ਫੁੱਲ ਗੁਲਾਬ ਦਾ।

ਧਰ ਕੇ ਤਲੀ 'ਤੇ ਸੀਸ ਉਹ ਮਕਤਲ 'ਚ ਨੱਚਿਆ,
ਜਿਸ ਦੇ ਗਲੇ 'ਚੋਂ ਲੰਘ ਗਇਆ ਪਾਣੀ ਪੰਜਾਬ ਦਾ।

---

## ਖਰੇ ਖਰੇ ਬੋਲ

**ਤਰਲੋਚਨ ਸ਼ੇਰਗਿੱਲ**

ਅੰਦਰੋਂ ਖਾਲੀ ਢੋਲ ਨੇ, ਬਾਹਰੋਂ ਭਰੇ ਭਰੇ।
ਖੁਰਦਿਆਂ ਖੁਰਦਿਆਂ ਖੁਰ ਗਏ, ਬੰਦੇ ਖਰੇ ਖਰੇ।
ਬੰਦਿਆਂ ਵਿਚੋਂ ਮਰ ਗਿਐ, ਬੰਦਿਆਂ ਦਾ ਈ ਨਿੱਘ,
ਨਿੱਘ ਵਾਲੇ ਜੋ ਸਨ, ਹੋ ਗਏ ਠਰੇ ਠਰੇ।
ਕੁੱਲੀ, ਗੁੱਲੀ, ਜੁੱਲੀ ਦੀ ਕਿਉਂ ਕਰਦੇ ਹੋ ਗੱਲ?
ਇਸ ਬਸਤੀ ਦੇ ਵਾਸਤੇ, ਰੱਬ ਜੋ ਕਰੇ ਕਰੇ।
ਫੁੱਲ ਵਾਂਗੂ ਸੀ ਟਹਿਕਦਾ, ਜੋ ਯਾਰਾਂ ਵਿਚਕਾਰ,
ਦਾਰੂ ਪੀ ਪੀ ਸੜ ਰਿਹੈ, ਰਹਿ ਕੇ ਘਰੇ ਘਰੇ।
ਕੋਈ ਚੰਦਰੀ 'ਵਾ ਹੈ, ਬਸਤੀ ਵਿਚ ਵਗੀ,
ਸਹਿਮੇ ਸਹਿਮੇ ਬਾਲ ਨੇ, ਬੰਦੇ ਡਰੇ ਡਰੇ।
ਦੂਰੋਂ ਨਾਲ ਇਸ਼ਾਰਿਆਂ ਸੱਦੀ ਜਾਵੇ ਨਿੱਤ,
ਐਪਰ ਜਦ ਹਾਂ ਆਂਵਦੇ, ਰਹਿਨੈਂ ਪਰੇ ਪਰੇ।
ਰੁਸ ਗਏ, ਸਭੋ ਸਾਕ-ਅੰਗ, ਨਾਲੇ ਮਿੱਤਰ ਯਾਰ,
ਤਰਲੋਚਨ ਤੂੰ ਬੋਲ ਜਦ, ਆਖੇ ਖਰੇ ਖਰੇ।

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਕੋਠੇ ਚੜ੍ਹ ਕੇ ਵੇਖਦੇ ਹਾਕਮ ਪੈਂਦੀ ਲੁੱਟ...

*ਜੇ ਪੈਰਾਂ ਹੇਠ ਇਮਾਨਦਾਰੀ ਤੇ ਇਨਸਾਨੀਅਤ ਦੱਬੀ ਹੋਈ ਹੈ ਤਾਂ ਇਸ ਗੱਲ ਨੂੰ ਭੁੱਲ ਜਾਵੋ ਕਿ ਕਿਸਮਤ ਤੁਹਾਡੇ ਗਲ ਵਿਚ ਹਾਰ ਪਾਉਣ ਲਈ ਕਾਹਲੀ ਹੋਵੇਗੀ। ਗਰੀਬ ਦੀ ਧੀ ਜਦੋਂ ਮਜ਼ਬੂਰੀਆਂ ਵੱਸ ਅਬਲਾ ਹੋ ਜਾਵੇ ਤਾਂ ਸਮਾਜ ਵੀ ਉਸ ਦੀ ਇੱਜ਼ਤ ਦੀਆਂ ਵੱਖੀਆਂ ਉਧੇੜਦਾ ਹੈ। ਹਕੂਮਤ ਦੇ ਨਸ਼ੇ ਨੇ ਮਤ ਈ ਐਨੀ ਮਾਰੀ ਹੁੰਦੀ ਹੈ ਕਿ ਚੇਤਾ ਹੀ ਨਹੀਂ ਰਹਿੰਦਾ ਕਿ ਚਲੋ ਹਰਨਾਕਸ਼ ਦਾ ਯੁੱਗ ਤਾਂ ਨਾ ਆਊ ਪਰ ਸੱਦਾਮ, ਗਦਾਫ਼ੀ ਵਾਂਗ ਭੁਗਤਣਾ ਬੜਾ ਮਹਿੰਗਾ ਪੈਂਦਾ ਹੈ। ਚਲੋ ਚੀਜ਼ਾਂ ਜਾਂ ਵਸਤਾਂ ਨੇ ਤਾਂ ਮਹਿੰਗੀਆਂ ਸਸਤੀਆਂ ਹੋਣਾ ਹੀ ਹੁੰਦਾ ਹੈ, ਜ਼ਮੀਰਾਂ ਦੇ ਭਾਅ ਲਗਭਗ ਡਿਗਦੇ ਜਾ ਰਹੇ ਹਨ। ਜੇ ਕਿਸੇ ਸਿਆਣੇ ਨੂੰ ਪੁੱਛਿਆ ਜਾਵੇ ਕਿ ਬੇਈਮਾਨ, ਕੁਰੱਪਟ, ਲੁਟੇਰੇ, ਸਿਰ ਮੁੰਨਣ ਵਾਲੇ ਹੱਕ ਖਾਣ ਵਾਲੇ, ਦੇਸ਼ ਧਰੋਹੀ ਇਕੋ ਥਾਂ 'ਕੱਠੇ ਕਿਥੋਂ ਮਿਲਣਗੇ ਤਾਂ ਬਿਨਾਂ ਦੇਰੀ ਕੀਤਿਆਂ ਕਹਿ ਦੇਵੇਗਾ, "ਦਿੱਲੀ ਜਾਂ ਚੰਡੀਗੜ੍ਹ 'ਚ।" ਆਦਰਸ਼ ਬਦਲ ਜਾਣ ਨਾਲ ਹਾਲਾਤ ਤੇ ਸੰਦਰਭ ਰੋਜ਼ਾਨਾ ਬਦਲ ਰਹੇ ਹਨ। ਇਸੇ ਲਈ ਸੂਈ ਧਾਗੇ ਨੂੰ ਨਹੀਂ, ਧਾਗਾ ਸੂਈ ਨੂੰ ਖਿੱਚੀ ਫਿਰਦਾ ਹੈ। ਅਰਦਾਸ ਕਈ ਵਾਰ ਪੁੱਤਰ ਦੀ ਦਾਤ ਲਈ ਕੀਤੀ ਗਈ ਹੁੰਦੀ ਹੈ ਪਰ ਜੰਮ ਧੀਆਂ ਜੌੜੀਆਂ ਪੈਂਦੀਆਂ ਹਨ ਕਿਉਂਕਿ ਪਰਮਾਤਮਾ ਅਰਦਾਸ ਨੂੰ ਨਹੀਂ, ਤੁਹਾਡੀ ਜ਼ਮੀਰ ਨੂੰ ਸੁਣ ਰਿਹਾ ਹੁੰਦਾ ਹੈ। ਐਵੇਂ ਵਹਿਮ ਹੀ ਹੈ ਕਿ ਉਚੀਆਂ ਕੰਧਾਂ ਕੁੱਤੇ-ਬਿੱਲੇ ਨਹੀਂ ਟੱਪਦੇ ਕਿਉਂਕਿ ਇਹ ਕੰਮ ਹੁਣ ਉਨ੍ਹਾਂ ਨੇ ਬੰਦਿਆਂ ਨੂੰ ਸੌਂਪ ਦਿੱਤਾ ਹੈ। ਹੈਰਾਨੀ ਦੀ ਗੱਲ ਹੈ ਕਿ ਮਧਰੇ ਹੱਥੀਂ ਖਜ਼ੂਰਾਂ ਤੋੜ ਲੈਂਦੇ ਹਨ ਪਰ ਲੰਮੇ ਮੰਗ ਮੰਗ ਕੇ ਖਾ ਰਹੇ ਨੇ। ਚਿੜੀਆਂ ਕਾਂਵਾਂ ਨਾਲ ਅੱਖ ਮਟੱਕਾ ਕਰਨ ਲੱਗ ਪਈਆਂ ਹਨ ਅਤੇ ਕਾਂ 'ਤੇ ਲੂੰਬੜੀ ਨੂੰ ਛੇੜਨ ਦਾ ਦੋਸ਼ ਲੱਗ ਰਿਹਾ ਹੈ। ਪਤਨੀਆਂ ਜਾਣ ਗਈਆਂ ਹਨ ਕਿ ਪਤੀ, ਪਤਨੀਵਰਤਾ ਨਹੀਂ ਰਹੇ ਹਨ। ਲੋਕ ਲੱਜ ਨੂੰ ਕਰਵਾ ਚੌਥ ਵਾਲੇ ਦਿਨ ਉਹ ਵੀ ਮਹਿੰਦੀ ਵਾਲੇ ਹੱਥਾਂ ਨਾਲ ਨਾਰੀਅਲ ਭੰਨੀ ਜਾਂਦੀਆਂ ਹਨ। ਹਾਲਾਂ ਕਿ ਚੰਨ ਨੂੰ ਛਾਨਣੀ 'ਚੋਂ ਵੇਖ ਕੇ ਜਿਸ ਚੰਦ ਦੀ ਤਸਵੀਰ ਦੀ ਪੂਜਾ ਕਰਕੇ ਪੈਰੀਂ ਹੱਥ ਲਾਵੇਗੀ, ਉਹ ਦਫ਼ਤਰ 'ਚ ਕੰਮ ਕਰਨ ਜਾਂਦੀ ਕੁਆਰੀ ਕੁੜੀ ਦੇ ਚੱਕਰ ਵਿਚ ਜੇਲ੍ਹ 'ਚ ਬੰਦ ਹੈ। ਅਸਲ ਵਿਚ ਮਕਾਨ ਹੀ ਉਚੇ ਦਿਸ ਰਹੇ ਹਨ, ਨੀਹਾਂ ਓਪਰੀਆਂ ਹੀ ਹਨ। ਵੇਖ ਲਓ ਖਚਰਿਆਂ ਨੇ ਖਚਰੀ ਹਾਸੀ ਹੱਸਣ ਤੋਂ ਕਦੇ ਬਾਜ਼ ਨਹੀਂ ਆਉਣਾ।*

"ਏ ਭੂਆ ਦਿਖੀ ਨੀਂ ਕਦੇ, ਕਿਥੋਂ ਆਈ ਤੀ?"

"ਦਗਾੜਾ ਪੈਣਾ, ਮੈਂ ਕਿਤੇ 'ਮਰੀਕਾ ਨੂੰ ਗਈ ਤੀ, ਐਥੇ ਈ ਰਹਿਨੀ ਆਂ, ਤੂੰ ਹੀ ਥੇਹ ਪੈਣਿਆਂ ਦਰੀਂ ਆਉਣਾ ਕਦੇ ਕਦੇ।

"ਭੂਆ ਮੈਂ ਦਿੱਲੀ ਚਲਾ ਗਿਆ ਤੀ। ਦੋ ਤਿੰਨ ਮਹੀਨੇ ਲੰਘ ਗਏ ਉਥੇ ਬੱਸ ਕੱਲ ਈ ਮੁੜਿਆਂ?"

"ਦਿੱਲੀ ਆਪਣੇ ਮੋਹਨ ਸਿੰਹੁ ਨੂੰ ਮਿਲਣ ਗਿਆ ਤੀ।"

"ਅਖੇ ਮੈਂ ਹੈਗਾ ਨਾ ਕਿਤੇ ਮਹਾਰਾਜਾ ਪਟਿਆਲਾ। ਚੱਲ ਮੈਂ ਤਾਂ ਤੈਨੂੰ ਬਾਦ 'ਚ ਦੱਸਦਾਂ ਪਈ ਦਿੱਲੀ ਕੀ ਕਰਨ ਗਿਆ ਤੀ, ਤੂੰ ਦੱਸ ਕਿਧਰੋਂ ਆਈ ਐਂ? ਵਿਆਹ ਤੀ ਕਿਧਰੇ, ਦਾਲ ਰੋਟੀ ਚੁੱਕੀ ਫਿਰਦੀ ਆਂ?"

"ਵੇ ਕਾਹਨੂੰ ਆਪਣੇ ਮਰਾਸੀਆਂ ਦੇ ਸੱਦਾ ਆਇਆ ਤੀ ਫਜ਼ਲ ਦੀਨ ਦਾ।"

"ਉਨ੍ਹਾਂ ਦੇ ਕਿਆ ਤੀ?"

"ਬਿਮਾਰੀ ਪੈਣਿਆਂ ਤੂੰ ਤਾਂ ਗਿਆ ਤੀਗਾ ਦਿੱਲੀ ਨੂੰ, ਉਨ੍ਹਾਂ ਨੇ ਆਪਣੇ ਬੁੜ੍ਹੇ ਦੀ ਧਾਂਦਲੀ ਪਾਈ ਐ।"

"ਧਾਂਦਲੀ ਉਹ ਕੀ ਹੁੰਦੀ ਐ ਭੂਆ?"

"ਵੱਡਾ ਚਲਾਕ ਬਣਦੈਂ, ਤੈਨੂੰ ਕਿਤੇ ਪਤੈ ਪਈ ਕੀ ਹੁੰਦੀ ਐ ਧਾਂਦਲੀ! ਉਨ੍ਹਾਂ ਦਾ ਬੁੜ੍ਹਾ ਮਰ ਗਿਆ ਤੀ ਪਿਛਲੇ ਐਤਵਾਰ ਨੂੰ, ਅੱਜ ਤੀ ਉਨ੍ਹਾਂ ਦੇ ਪ੍ਰੋਗਰਾਮ।

"ਭੂਆ ਕਮਲੀਆਂ ਘੋਟਦੀ ਐਂ। ਸ਼ਰਧਾਂਜਲੀ ਸਮਾਗਮ ਤੀ, ਧਾਂਦਲੀ ਧਾਂਦਲੀ ਕਹੀ ਜਾਨੀ ਐਂ।"

"ਬੱਸ ਬੱਸ ਹਾਈ...ਮੈਂ ਕਿਹੜਾ ਅੱਗ ਲਾਉਣੀਆਂ ਸੋਲਾਂ ਜਮਾਤਾਂ ਪੜ੍ਹੀ ਆਂ।"

"ਭਲਾ ਭੂਆ ਸਾਰੀ ਉਮਰ ਰਜਾਈ ਨੀਂ ਜੁੜੀ ਫਜ਼ਲ ਦੇ ਪਿਉ ਕਮਾਲਦੀਨ ਨੂੰ, ਹੁਣ ਸ਼ਰਧਾਂਜਲੀਆਂ ਦੇਣ ਲੱਗ ਪਏ!"

"ਅਕਲ ਦਿਆ ਅੰਨ੍ਹਿਆ ਫਜ਼ਲ ਦੇ ਦੋ ਮੁੰਡੇ ਦੁਬਈ ਗਏ ਨੇ ਆਂ। ਉਹ ਆਂਹਦੇ ਤੀ ਬਈ ਬੁੜ੍ਹਾ ਬੜਾ ਕਰਕੇ ਕੱਢਣੈ।"

"ਫੇ ਪਈਆਂ ਹੋਣੀਆਂ ਜਲੇਬੀਆਂ?"

"ਬਥੇਰੀਆਂ! ਪਰ ਫਜ਼ਲ ਨੇ ਬੁੜ੍ਹਾ ਬੜਾ ਬੜਾ ਤਾਂ ਕੀ ਕਰਨਾ ਤੀ, ਉਹਦਾ ਤਾਂ ਮਰਿਓ ਦਾ ਵੀ ਨੱਕ ਵੱਢਤਾ...!"

"ਕੀ ਹੋ ਗਿਆ ਭੂਆ?"

"ਚਲੋ ਸਰਪੰਚ ਨੇ ਵੀ ਲੌਡ ਸਪੀਕਰ 'ਤੇ ਚਾਰ ਅੱਖਰ ਚੰਗੇ ਕਹਿ 'ਤੇ, ਲੰਬੜਦਾਰ ਵੀ ਕਮਾਲ ਬਾਰੇ ਚੰਗਾ ਬੋਲ ਗਿਆ ਪਰ ਫਜ਼ਲ ਦੀਨ ਨੇ ਤਾਂ ਜਲੂਸ ਕੱਢਤਾ 'ਖੀਰ 'ਚ।"

"ਉਹ ਕਿਦਾਂ?"

"ਸਾਰਿਆਂ ਦਾ ਸ਼ੁਕਰੀਆ ਕਰਨ ਲੱਗਾ ਬੋਲਿਆ, 'ਏਨਾ ਚੰਗਾ ਤਿਗਾ ਸਾਡਾ ਪਿਓ ਪਈ ਮੈਨੂੰ ਸਮਝ ਨੀਂ ਲਗਦੀ ਗੱਲ ਕਿਥੋਂ ਸ਼ੁਰੂ ਕਰਾਂ ਤੇ ਕਿਥੇ ਛੱਡਾਂ...ਬੜੇ ਭਲੇ ਕਾਰਜ ਕੀਤੇ ਆ ਸਾਡੇ ਬੁੜ੍ਹੇ ਨੇ। ਜਿੱਦਣ ਸਾਡੀ ਮਾਂ ਵਿਆਹ ਕੇ ਲਿਆਇਆ ਤੀ ਇਹ ਉਹਦੇ ਨਾਲ ਲੜ ਕੇ ਝੀਰਾਂ ਦੇ ਫੱਤੂ ਨਾਲ ਭੱਜ ਗਈ। ਪੂਰੇ ਡੂਢ ਮਹੀਨੇ ਪਿੱਛੋਂ ਲੱਭੀ ਜਾ ਕੇ...ਪਰ ਵੇਖ ਲਓ ਸਾਡੇ ਬੁੜ੍ਹੇ ਨੇ ਸੀ ਨੀਂ ਕੀਤੀ ਫੇਰ ਰੱਖ ਲੀ, ਭਲਾ ਏਦੂੰ ਚੰਗਾ ਹੋ ਸਕਦੈ ਕੋਈ?' ਮੱਦੀ ਮੈਂ ਤਾਂ ਮਰ ਮਰ ਜਾਵਾਂ ਪਈ ਇਹ ਫਜ਼ਲ ਦੀਨ ਕਰਦਾ ਕੀ ਐ? ਦੋ ਫੁਲਕੇ ਲੈ ਕੇ ਆ ਗਈ ਮੈਂ ਤਾਂ ਪਰ ਤੂੰ ਦੱਸ ਦਿੱਲੀ ਕੀ ਕਰਨ ਗਿਆ ਤੀ?"

"ਭੂਆ ਮੈਨੂੰ ਲੈ ਗਿਆ ਕਾਮਰੇਡਾਂ ਦਾ ਬਿੱਕਰ। ਆਂਹਦਾ ਚੱਲ ਤੈਨੂੰ ਦਿੱਲੀ ਜੰਤਰ-ਮੰਤਰ 'ਤੇ ਅੰਨਾ ਹਜ਼ਾਰੇ ਨੂੰ ਮਿਲਾ ਕੇ ਲਿਆਵਾਂ। ਮੈਂ ਸੋਚਿਆ ਚਲੋ ਦਿੱਲੀ ਦੇਖ ਆਉਨੇਂ ਆਂ, ਕਾਮਰੇਡ ਦੀ ਚੰਗੀ ਪੁੱਛ ਪ੍ਰਤੀਤ ਹੋਣੀ ਆ ਉਥੇ?"

"ਮੱਦੀ ਚੱਲ ਪੁੱਛ ਪ੍ਰਤੀਤ ਨੂੰ ਤਾਂ ਮਾਰ ਗੋਲੀ, ਇਹ ਜੰਤਰ-ਮੰਤਰ 'ਤੇ ਭਲਾ ਜਾਦੂਗਰ ਰਹਿੰਦੇ ਆਂ? ਬੜੀ ਮਸ਼ੂਰੀ ਆ ਇਹਦੀ?"

"ਭੂਆ ਐਵੇਂ ਕੰਧਾਂ ਈ ਆ ਚਾਰ। ਹੋਰ ਉਥੇ ਕਿਤੇ ਰਹਿੰਦੇ ਜਾਦੂਗਰ ਸਮਰਾਟ।"

"ਨਾ ਫਿਰ ਕੀ ਕਰਕੇ ਆਇਆ...!"

"ਸੁਆਹ ਕਰਨੀ ਭੂਆ! ਹਾਲੇ ਅਸੀਂ ਪੰਜ ਕੁ ਨਾਅਰੇ ਮਾਰੇ ਤੀ...ਪੈ ਗਈ ਪੁਲਿਸ ਵਾਛੜ ਆਗੂੰ। ਜਿਹੜੇ ਕਹਿੰਦੇ ਤੀ ਪਾਰਲੀਮੈਂਟ ਦਾ ਘਰਾਓ ਕਰਨਾ, ਖਲ੍ਹਾਰ 'ਤੇ ਪੁਲਿਸ ਨੇ ਥਾਏਂ।"

"ਵੇ ਤੈਨੂੰ ਤਾਂ ਨੀਂ ਕਿਹਾ ਪੁਲਿਸ ਨੇ ਕੁਛ?"

"ਕਾਮਰੇਡ ਸਿਆਣਾ ਨਿਕਲਿਆ, ਭੂਆ ਮੈਨੂੰ ਆਂਹਦਾ ਮੱਦੀ ਸਾਰੀ ਉਮਰ ਬਹੁਤ ਖਾਧੀ ਐ ਪੁਲਿਸ ਦੀ ਕੁੱਟ। ਆ ਜਾ ਖਬਾਰਾਂ ਵਾਲਿਆਂ ਵੱਲ ਨੂੰ ਆ ਜਾ। ਨਾਲੇ ਭੂਆ ਇਹ ਨਾਂ ਦੇ ਈ ਕਾਮਰੇਡ ਆ ਉਹ ਹੁਣਾ।"

"ਵੇ ਰੌਲਾ ਤਾਂ ਬੜਾ ਪੈਂਦਾ ਪਈ ਅੰਨਾ ਕਹਿੰਦਾ ਇਹ ਚਿੱਟੇ ਕੱਪੜਿਆਂ ਆਲੇ ਲੁਟੇਰੇ, ਬੇਈਮਾਨ ਸਾਰੇ ਯਮਨਾ 'ਚ ਡੋਬ ਕੇ ਮਾਰਨੇ ਆ...ਕਰੂ ਕੁਛ?"

"ਭੂਆ ਮੈਨੂੰ ਤਾਂ ਐਂ ਲਗਦਾ ਪਈ ਸਰਕਾਰ ਨੇ ਇਨ੍ਹਾਂ ਦਾ ਈ ਘੁੱਗੂ ਵਜਾ ਦੇਣੈਂ। ਹੁਣ ਬੱਸ ਕੱਲਾ ਰਾਮ ਦੇਵ ਈ ਪਾਉਂਦੈ ਦੁਹਾਈ...!"

"ਅੱਛਾ ਉਹ ਜਿਹੜਾ ਭਗਵੇਂ ਜਿਹੇ ਕੱਪੜਿਆਂ ਆਲਾ ਦੇਖਦਾ ਵੀ ਤੇਰੇ ਫੁੱਫੜ ਆਂਗੂੰ ਟੇਡਾ ਜਿਹਾ ਡੇਂਗੀ ਅੱਖ ਨਾਲ ਈ ਐ।"

"ਭੂਆ ਬੜੀ ਸ਼ੈਅ ਆ ਅਰਬਾਂਪਤੀ, ਕਰੋੜਾਂ 'ਚ ਸਰਕਾਰ ਉਹਦੇ ਅੱਲ ਟੈਕਸ ਕੱਢੀ ਫਿਰਦੀ ਐ।"

"ਅੱਛਾ ਮੈਂ ਤਾਂ ਸੋਚਿਆ ਪਈ ਉਹ ਟੁਟੀ ਜੰਗ ਈ ਐ, ਜਿਹੜਾ ਲੀੜਾ ਲੱਤਾਂ ਵੀ ਬੜਾ ਘੱਟ ਪਾਊਂਦੈ...। ਚੱਲ ਐਂ ਦੱਸ ਮੁਲਕ ਦਾ ਕੁਛ ਸੁਧਰੂ ਕਿ ਨਹੀਂ?"

"ਭੂਆ ਜਿਹੜੇ ਫੁੱਲ ਆਲੇ ਦੁਹਾਈ ਪਾਉਂਦੇ ਆ ਇਨ੍ਹਾਂ ਦਾ ਸੂਤ ਨੀਂ ਲੱਗਿਆ ਕਈ ਸਾਲਾਂ ਤੋਂ, ਇਹ ਵੀ ਨਵਾਂ ਫੁੱਲ ਈ ਪਾਉਣ ਨੂੰ ਫਿਰਦੇ ਆ। ਬਦਨਾਮ ਇਹ ਵੀ ਬਥੇਰੇ ਹੋ ਗਏ ਆ ਹੁਣ। ਚੱਲ ਭੂਆ ਹੁਣ ਤੂੰ ਇਹ ਦੱਸ ਪਈ ਦਾਣਿਆਂ ਵਾਲੀ ਭੱਠੀ ਹੁਣ ਲਾਉਨੀਆਂ ਕਿ ਨਹੀਂ?"

"ਟੁੱਟ ਪੈਣਿਆਂ ਕਿਥੇ ਛੇੜ'ਤੀ ਤੂੰ ਮੇਰੀ ਦੁਖਦੀ ਰਗ! ਸਤੀ ਪਈ ਆਂ ਮੈਂ ਇਨ੍ਹਾਂ ਤੋਂ?"

"ਕੀਹਤੋਂ?"

"ਦੇਖ ਮੱਦੀ, ਆਪਣਾ ਗੁਆਂਢੀ ਦੁਨੀ ਚੰਦ ਪੇ-ਪੁੱਤ ਤੋਂ ਬਹੁਤ ਜ਼ਿਆਦਾ ਦੁਖੀ ਐ ਤੇ ਮੇਰਾ ਵੱਸ ਚੱਲੇ ਤਾਂ ਮੈਂ ਮਾਂ ਪੁੱਤ ਗੁੱਤੋਂ ਤੇ ਬੋਦੇ ਤੋਂ ਫੜ੍ਹ ਲਵਾਂ।"

"ਭੂਆ ਇਹ ਪੇ ਪੁੱਤ ਤੇ ਮਾਂ ਪੁੱਤ ਆਲੀ ਕੀ ਕਹਾਣੀ ਆ? ਸਮਝ ਨੀਂ ਆਉਂਦੀ ਕੁਛ। ਕਿਤੇ ਸਰਪੰਚ ਨੂੰ ਤਾਂ ਨੀਂ ਲਪੇਟੀ ਜਾਂਦੀ ਜਿਹਦਾ ਪੁੱਤ ਹੁਣ ਥਾਣੇਦਾਰ ਲੱਗਿਆ ਤੇ ਉਧਰ ਨੰਦੋ ਪੁੱਤ ਨਾਲ ਰਲ ਕੇ ਭੁੱਕੀ ਵੇਚ ਵੇਚ ਗੱਭਰੂ ਗਾਲ੍ਹੀ ਜਾਂਦੀ ਐ।"

"ਫੋਟ ਤੇਰੇ, ਵੱਡਾ ਪੜ੍ਹਿਆ ਲਿਖਿਆ। ਗੋਹੇ 'ਤੇ ਡਿਗ ਪਿਆ। ਮੂਰਖਾ ਜਹਾਨ ਦਿਆ, ਮੈਂ ਬੱਦਲਾਂ ਦੀ ਗੱਲ ਕਰਨੀ ਆਂ?"

"ਅੱਛਾ ਬਾਦਲ ਕਹਿ ਬੱਦਲ ਕਹੀ ਜਾਨੀ ਐਂ।"

"ਮੱਦੀ ਇਹ ਆਂਹਦੇ ਤਾਂ ਸੀ ਸੌਣ ਵਾਗੂੰ ਵਰ੍ਹਾਂਗੇ ਪਰ ਹੁਣ ਭਾਦੋਂ ਵੀ ਸੁੱਕੀ ਲੰਘਣ ਲੱਗ ਪਈ।"

"ਹੋਰ ਪਾ ਵੋਟਾਂ।"

"ਪਾਈ ਤਾਂ ਹੱਥ ਪੰਜੇ ਨੂੰ ਤਿਗੀ। ਬਹਿ ਗਿਆ ਬੇੜਾ ਉਨ੍ਹਾਂ ਦਾ, ਉਹ ਬੁੱਢੇ ਵਾਰੇ ਠਰਕ ਭੋਰਨੇ ਤੋਂ ਨੀਂ ਹਟਦਾ।"

"ਪਰ ਦੁਨੀ ਚੰਦ ਕਾਹਤੋਂ ਦੁਖੀ ਐ ਇਨ੍ਹਾਂ ਤੋਂ?"

"ਚਾਰ ਪੰਜ ਸਾਲ ਪਹਿਲਾਂ ਵੱਡੀ ਧੀ ਵਿਆਹੀ ਸੀ, ਸ਼ਗਨ ਦਾ ਗਿਆਰਾਂ ਹਜ਼ਾਰ ਮਿਲਿਆ ਸੀ, ਵੋਟਾਂ ਵੇਲੇ ਆਂਹਦੇ ਸੀ, ਹੁਣ ਕੱਤੀ ਹਜ਼ਾਰ ਦਿਆਂ ਕਰਾਂਗੇ। ਹੁਣ ਵਿਚਾਰੇ ਨੇ ਦੂਜੀ ਧੀ ਵਿਆਹ'ਤੀ। ਛੇ ਮਹੀਨੇ ਹੋ ਗਏ ਕੋਟ ਕਚਹਿਰੀਆਂ 'ਚ ਘੁੰਮਦੇ ਨੂੰ ਪਈ ਚਲੋ ਸ਼ਗਨ ਦੇ ਪੈਸਿਆਂ ਨਾਲ ਸੁਸਾਇਟੀ ਦਾ ਕਰਜਾ ਲਹਿ ਜੂ। ਆਪ ਤਾਂ ਪੇ ਪੁੱਤ ਹਜ਼ਾਜ਼ਾਂ 'ਚ ਝੂਟਦੇ ਆ, ਨੂੰਹ ਵੀ ਨਾਲੇ ਘੁੰਮਦੀ ਐ। ਕੱਲ ਦੁਨੀ ਚੰਦ ਵੱਡੇ ਦਰਵਾਜੇ ਕੋਲ ਬੈਠਾ ਪਿੱਟੇ ਪਈ ਪੈਸੇ ਤਾਂ ਸਾਰੇ ਇਹ ਸ਼ਗਨਾਂ ਦੇ ਅੰਬਰਸਰ ਵੱਲ ਦਾ ਇਕ ਲੀਡਰ ਖੁਆ ਗਿਆ ਕਿਸੇ ਨੂੰ, ਇਹ ਨੀ ਮਿਲਣੇ ਹੁਣ। ਮੱਦੀ ਉਹ ਤਾਂ ਲਲਕਾਰੇ ਮਾਰੇ ਪਈ ਜੇ ਮੈਨੂੰ ਪੈਸੇ ਨਾ ਮਿਲੇ ਤਾਂ ਘਰਦੀਆਂ ਤਾਂ ਕੀ ਪਿੰਡ ਦੀ ਇਕ ਵੀ ਵੋਟ ਨਾ ਪੈਣ ਦਊਂ ਤੁਹਾਨੂੰ।"

"ਭੂਆ ਚੱਲ ਇਹ ਗੱਲ ਤਾਂ ਮਨ ਨੂੰ ਲਗਦੀ ਆ ਪਈ ਦੁਨੀ ਚੰਦ ਪਿਉ ਪੁੱਤ ਤੋਂ ਦੁਖੀ ਐ...ਪਰ ਤੂੰ ਕਿਹੜੇ ਮਾਂ ਪੁੱਤ ਨੂੰ ਭੰਡਣ ਲੱਗਦੀ ਆਂ।"

"ਐਨਾ ਭੋਲਾ ਜਿੱਦਾਂ ਕਿਤੇ ਕੁਝ ਪਤਾ ਈ ਨੀਂ ਹੁੰਦਾ। ਸਾਲ ਕੁ ਹੋ ਗਿਆ ਮੈਂ ਆਪਣੀ ਦਾਣੇ ਭੁੰਨਣ ਵਾਲੀ ਭੱਠੀ ਗੈਸ ਸਲੰਡਰ 'ਤੇ ਲਾ ਲਈ ਸੀ। ਮਹੀਨਾ ਲੰਘ ਜਾਂਦਾ ਤੀ ਇਕ ਸਲੰਡਰ ਨਾਲ, ਦੋ ਤਿੰਨ ਸੌ ਨਗਦ ਤੇ ਦੋ ਮਣ ਦਾਣੇ ਬਣ ਜਾਂਦੇ ਸੀ। ਹੁਣ ਆਹ ਸਾਲ 'ਚ ਛੇ ਸਲੰਡਰ ਮਿਲਣਗੇ ਤੇ ਭਾਅ ਨੂੰ ਵੀ ਲਾ 'ਤੀ ਅੱਗ।"

"ਅੱਛਾ ਭੂਆ ਤੂੰ ਗੱਲ ਕਰਨੀ ਆਂ ਸੋਨੀਆਂ ਗਾਂਧੀ ਤੇ ਰਾਹੁਲ ਦੀ। ਰਾਜਨੀਤੀ ਸਿੱਖ ਗਈ ਪੂਰੀ। ਮਾਂ ਪੁੱਤ ਨੂੰ ਤਾਂ ਆਂਹਨੀ ਆਂ, ਬਾਦਲਾਂ ਦਾ ਰਿਸ਼ਤੇਦਾਰਾਂ ਜੂ ਕਹਿੰਦਾ ਪਈ ਸਲੰਡਰਾਂ 'ਤੇ ਇਨ੍ਹਾਂ ਦੀਆਂ ਫੋਟੋਆਂ ਲਾਓ। ਭੂਆ ਇਹ ਤਾਂ ਸਾਰਾ ਕੁਛ ਮਨਮੋਹਨ ਸਿੰਹੁ ਦੀ ਸਰਕਾਰ ਨੇ ਕੀਤਾ।"

"ਛੋਕਰਿਆ, ਕਮਲੀ ਨਾ ਸਮਝ ਮੈਨੂੰ। ਜਿਹੜੇ ਮੋਹਣ ਸਿੰਹੁ ਦੀ ਗੱਲ ਤੂੰ ਕਰਦੈਂ ਉਹ ਤਾਂ ਵਿਚਾਰਾ ਸਾਧ ਐ। ਉਹ ਤਾਂ ਸਿਰਫ਼ ਨੱਚਦੈ, ਢੋਲਕੀਆਂ ਛੈਣੇ ਤਾਂ ਇਹ ਮਾਂ ਪੁੱਤ ਵਜਾਉਂਦੇ ਨੇ।"

"ਭੂਆ ਇਹ ਐਨੀਆਂ ਗੱਲਾਂ ਸਿੱਖਦੀ ਕਿਥੋਂ ਆਂ। ਕਿਤੇ ਅਖ਼ਬਾਰ ਤਾਂ ਨੀਂ ਪੜ੍ਹਨ ਲੱਗ ਪਈ?"

"ਦੇਖ ਤੈਨੂੰ ਦੱਸਾਂ ਮੱਦੀ ਦਿਆ ਲੱਗਦਿਆ! ਜਿੱਦਣ ਰੌਲੇ ਪਏ ਆ। ਆਪਣੇ ਪਿੰਡ ਵੀ ਮਚ ਗਈ ਨਫ਼ਰਤ ਤੇ ਮਜ਼ਬ ਦੀ ਅੱਗ। ਹਾ ਜਿਹੜੀ ਖਜ਼ੂਰਾਂ ਕੋਲ ਵੱਡੀ ਹਵੇਲੀ ਆ, ਇਹ ਸੀ ਮੁਹੰਮਦ ਸ਼ਰੀਫ਼ ਹੋਰਾਂ ਦੀ। ਕਹਿੰਦੇ ਕਹਾਉਂਦੇ ਮੁਸਲਮਾਨ ਤਿਗੇ। ਡਰਦੇ ਰਾਤ ਨੂੰ ਪਿੰਡ ਛੱਡ ਗਏ। ਜੁਆਨ ਧੀ ਪੰਡਿਤਾਂ ਦੇ ਸੋਮ ਨਾਥ ਨੂੰ ਸੰਭਾਲ ਗਏ ਕਿ ਲੈ ਅੱਜ ਤੋਂ ਇਹ ਤੇਰੀ ਧੀ ਆ! ਤੂੰ ਹੀ ਇਹਦੇ ਹੱਥ ਪੀਲੇ ਕਰ ਦਈਂ। ਰਾਹ 'ਚ ਅਸੀਂ ਇਹਦੀ ਇੱਜ਼ਤ ਨਹੀਂ ਬਚਾ ਸਕਾਂਗੇ, ਇਸੇ ਲਈ ਤੇਰੇ ਕੋਲ ਛੱਡ ਚੱਲੇ ਆਂ। ਦੋ ਤਿੰਨ ਦਿਨ ਬਾਅਦ ਕਿਤੇ ਦੰਗੇ ਕਰਦੇ ਭੁੱਖਿਆਂ ਨੂੰ ਪੈ ਗਈ ਭਿਣਕ! ਆ ਗਏ ਤਲਵਾਰਾਂ ਟਕੂਏ ਲੈ ਕੇ ਵੱਢਣ-ਟੁੱਕਣ। ਮੱਦੀ ਹੁਣ ਭਾਵੇਂ ਆਪਣਾ ਸਾਰਾ ਪਿੰਡ ਚਿੱਟੀਆਂ ਨੀਲੀਆਂ ਆਲ੍ਹਿਆਂ ਨੇ ਪਾੜਿਆ ਪਿਐ, ਉਦਣ ਸਾਰਾ ਪਿੰਡ 'ਕੱਠਾ ਹੋ ਕੇ ਕਹਿਣ ਲੱਗਾ, ਪਹਿਲਾਂ ਸਾਡੀਆਂ ਲਾਸ਼ਾਂ ਤੋਂ ਲੰਘੋਗੇ, ਫੇਰ ਪਾਉਗੇ ਹੱਥ ਇਸ ਕੁੜੀ ਨੂੰ...ਕਿਆ ਜੁਰਅਤ ਸੀ ਕਿਸੇ 'ਚ ਸਭ ਭਿਰਨ ਭਿਰਨ ਨੱਠ ਪਏ।"

"ਭੂਆ ਗੱਲ ਕੋਈ ਹੋਰ ਚਲਦੀ ਤੀ? ਤੂੰ ਜਲੰਧਰੋਂ ਸਿੱਧੀ ਬੀਕਾਨੇਰ ਚਲੀ ਗਈ। ਇਹ ਤਾਂ ਗੱਲ ਈ ਨੀਂ ਜੁੜਦੀ ਨਾਲ?"

"ਜੁੜਦੀ ਕਿੱਦਾਂ ਨੀਂ! ਲੈ ਸੁਣ ਜਦੋਂ ਮੈਂ ਫਜ਼ਲ ਹੋਰਾਂ ਦੇ ਘਰੋਂ ਨਿਕਲੀ ਤਾਂ ਸੱਥ 'ਚ ਕੱਲਾ ਮਾਹਟਰ ਬੈਠਾ ਸੀ ਸੰਤੂ। ਮਸੋਸਿਆ ਜਿਹਾ ਬੈਠਾ ਸੀ, ਆਂਹਦਾ ਭੂਆ ਕੁੜੀ ਆਪਣੀ ਵੀਰਾਂ ਸੋਲ੍ਹਵੇਂ ਸਾਲ 'ਚ ਹੋ ਗਈ। ਚਿੰਤਾ ਕਰੀਂਦੈ। ਮੈਂ ਕਿਹਾ ਵੇ ਸੰਤੂਆ, ਹਾਲੇ ਤਾਂ ਫੁੱਲ ਭਰ ਐ ਕਾਹਦਾ ਫਿਕਰ ਕਰਦੈ। ਅੱਖਾਂ ਭਰ ਕੇ ਮੇਰੇ ਅੱਗੇ 'ਖਬਾਰ ਧਰ'ਤੀ। ਮੈਂ ਕਿਹਾ ਮੈਨੂੰ ਕਿਹੜਾ ਪੜ੍ਹਨੀ ਆਉਂਦੀ ਆ...ਦੋ ਮੁੰਡੇ-ਕੁੜੀ ਦੀਆਂ ਜੈ ਮਾਲਾ ਦੀਆਂ ਫੋਟੋਆਂ ਵਿਖਾ ਕੇ ਕਹਿਣ ਲੱਗਾ, ਭੂਆ ਵੇਖ ਬਾਬੇ ਫਰੀਦ ਦੀ ਧਰਤੀ 'ਤੇ ਕੀ ਹੋ ਕੇ ਹਟਿਆ। ਪੰਦਰਾਂ ਸਾਲ ਦੀ ਸਕੂਲੇ ਪੜ੍ਹਦੀ ਧੀ ਮਾਂ ਬਾਪ ਦੀਆਂ ਹੱਡੀਆਂ ਭੰਨ ਕੇ ਲੈ ਗਏ ਚੁੱਕ ਕੇ...ਪੌਣੇ ਮਹੀਨੇ ਬਾਅਦ ਲੱਭੀ ਐ ਮੱਦੀ...ਤੇ ਮੇਰਾ ਤਾਂ ਹੋਰ ਵੀ ਕਾਲਜਾ ਨਿਕਲ ਗਿਆ ਰੁੱਗ ਭਰਕੇ ਜਦੋਂ ਪਤਾ ਲੱਗਾ ਪਈ ਇਸ ਮਲੂਕੜੀ ਜਿੰਦ ਦਾ ਪੈਰ ਭਾਰੀ ਐ...ਹਾਏ ਹਾਏ ਥੋੜਾ ਬਹਿ ਜੇ ਬੇੜਾ ਨਿਆਣੀ ਦੇ ਨਿਆਣਾ...!"

"ਭੂਆ ਇਹ ਕਹਾਣੀਆਂ ਤੂੰ ਨੀਂ ਜਾਣਦੀ! ਪੁਲਿਸ ਨੂੰ ਸਭ ਪਤੈ, ਚੁੱਕਣ ਵਾਲੇ ਵੀ ਪਾਰਟੀਆਂ ਦੇ ਬੰਦੇ ਆ। ਜਿਹੜੇ ਵੋਟਾਂ ਮੰਗਣ ਆਉਂਦੇ ਆ। ਡੇਢ ਦਰਜਨ ਪਰਚੇ ਦਰਜ ਆ ਇਸ ਕੁੜੀ ਚੁੱਕਣ ਵਾਲੇ ਛੋਕਰੇ 'ਤੇ।"

"ਵੇ ਮੱਦੀ ਪਰਚੇ ਦਰਜ ਕਰਨ ਵਾਲੇ ਅੰਨ੍ਹੇ ਆ। ਪਾਈਆ ਪੱਕੀ ਭੁੱਕੀ ਫੜ੍ਹੀ ਤੀ ਤੇਰੇ ਫੁੱਫੜ ਕੋਲੋਂ। ਛੇ ਮਹੀਨੇ ਕੈਦ ਕੱਟੀ। ਹੱਡ ਵੱਖਰੇ ਭਨਾਏ। ਹੈਂ ਆਹ ਇਹ ਏਨੇ ਪਰਚਿਆਂ ਵਾਲੇ ਬਾਹਰ ਕਿਵੇਂ ਫਿਰਦੇ ਰਹੇ?"

"ਭੂਆ ਫੁੱਫੜ ਦਾ ਕਿਹੜਾ ਚੰਡੀਗੜ੍ਹ ਕੋਈ ਰਿਸ਼ਤੇਦਾਰ ਹੋਣਾ?"

"ਅੱਗ ਲੱਗਣ ਏਦਾਂ ਦੇ ਰਿਸ਼ਤੇਦਾਰ। ਫਾਹੇ ਲਾਉਣਗੇ ਕਿ ਨਹੀਂ? ਰੌਲਿਆਂ ਤੋਂ ਬਾਦ ਪਹਿਲਾ ਵਾਕਿਆ ਸੁਣਿਆਂ ਇਹ ਮੱਦੀ।"

"ਭੂਆ ਹੁਣ ਪਤਾ ਨੀਂ ਕੀਹਦੇ ਕੀਹਦੇ ਨਾਲ ਹੁਣ ਏਦਾਂ ਹੋਣੀ ਆਂ।"

"ਰੱਬਾ ਏਦੂੰ ਤਾਂ ਪਹਿਲਾਂ ਈ ਚੁੱਕ ਲਵੀਂ।"

"ਭੂਆ ਤੈਨੂੰ ਫਿਰ ਮਾਂ ਪੁੱਤ ਵਾਲੀ ਗੱਲ ਵੀ ਸੰਤੂ ਮਾਹਟਰ ਨੇ ਈ ਦੱਸੀ ਹੋਣੀ ਆ?"

"ਸੱਚ ਮੱਦੀ ਮਾਹਟਰ ਨੇ ਤਾਂ ਉਹ ਸੁਣਾਈਆਂ ਪਈ ਜਗੋਂ ਤੇਰ੍ਹਵੀਆਂ ਨਹੀਂ ਸੋਲ੍ਹਵੀਆਂ ਸਨ।"

"ਭੂਆ ਤੂੰ ਤਾਂ ਅੱਜ ਚਿੱਤ ਈ ਉਦਾਸ ਕਰ 'ਤਾ।"

"ਵੇ ਮੱਦੀ ਮੈਨੂੰ ਤਾਂ ਐਂ ਲਗਦੈ ਪਈ ਰੱਬ ਅੱਜ ਕੱਲ ਸਿੰਘਾਸਣ 'ਤੇ ਨਹੀਂ ਬਹਿੰਦਾ। ਲੋਕੀਂ ਖੜਾਵਾਂ ਦੀ ਈ ਪੂਜਾ ਕਰਨ ਜਾਂਦੇ ਆ।"

ਤੇ ਭੂਆ-ਭਤੀਜਾ ਲਟਕਦੇ ਚਿਹਰੇ ਲੈ ਕੇ ਅੱਡੋ ਅੱਡ ਹੋ ਗਏ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਪੁੱਠੇ ਵਹਿਣ

ਦੇਖ ਮੇਰਿਆ ਮਾਲਕਾ ਕਿੱਦਾਂ ਪੈ ਗਈ ਲੁੱਟ।
ਤੂੰ ਵੀ ਲੱਗਦਾ ਸੌਂ ਗਿਆ ਭਰ ਕੇ ਕੌੜਾ ਘੁੱਟ।
ਕੁੜੀਆਂ ਚੁੱਕਦੇ ਘਰਾਂ 'ਚੋਂ ਕਰਦਾ ਨਹੀਂ ਕੋਈ ਸੀਅ।
ਕੁੱਖ ਵਿਚ ਦੱਸ ਦੇ ਫੇਰ ਕੋਈ ਕਿੱਦਾਂ ਰੱਖ ਲਊ ਧੀ।
ਕਾਂਵਾਂਰੌਲੀ ਪੈ ਰਹੀ ਚਿੜੀਆਂ ਹੌਕੇ ਲੈਣ।
ਜੰਮ ਕੇ ਧੀ ਨੂੰ ਆਂਦਰਾਂ ਮਾਂ ਦੀਆਂ ਪਾਵਣ ਵੈਣ।
ਕੁੱਤੀ ਲੀਡਰ ਚੋਰਾਂ ਦੀ, ਕਿਵੇਂ ਮਚਾਵੇ ਸ਼ੋਰ।
ਮੀਂਹ ਪਾਪ ਦਾ ਵਰ੍ਹ ਰਿਹਾ ਘਟਾ ਛਾਈ ਘਨਘੋਰ।
ਅੱਖੀਂ ਛਿੱਟੇ ਮਾਰ ਲੈ ਉਂਗਲੀ ਕੰਨੀ ਫੇਰ।
ਵਾਸਤਾ ਤੈਨੂੰ ਡਾਢਿਆ ਹੁਣ ਹੋਰ ਕਰੀਂ ਦਾ ਦੇਰ।
ਭੇਜ ਕਿਸੇ ਪ੍ਰਹਿਲਾਦ ਨੂੰ ਸੁਣ ਸਾਡੀ ਫਰਿਆਦ।
ਨਹੀਂ ਰਹਿਣ ਦਿੱਤਾ ਹਰਨਾਖਸ਼ਾਂ ਤੇਰਾ ਬਾਗ ਆਬਾਦ।
ਅੰਬਰ ਅੱਥਰੂ ਕੇਰਦਾ, ਧਰਤੀ ਨੂੰ ਗਸ਼ ਪੈਣ।
ਤੇਰੇ ਰੋਕਿਆਂ ਰੁਕਣਗੇ 'ਭੌਰੇ' ਪੁੱਠੇ ਵਹਿਣ।

## ਪਰੂਫ ਰੀਡਿੰਗ ਸੈਕਸ਼ਨ ਦੇ ਨਿਰਾਲੇ ਸਾਥੀ

(ਸਫਾ 28 ਦੀ ਬਾਕੀ)

ਅਤੇ ਰੇਖਾ ਚਿੱਤਰ ਲਿਖੇ ਪਰ ਸ਼ਾਇਦ 'ਪੰਜਾਬੀ ਟ੍ਰਿਬਿਊਨ' ਦੇ ਪਰੂਫ ਰੀਡਰਾਂ ਵਾਲੇ ਪਿੰਜਰੇ ਵਿਚ ਆਉਣ ਤੋਂ ਪਹਿਲਾਂ ਹੀ ਉਸ ਦੀ ਪ੍ਰੇਰਨਾ ਦੇ ਸੋਮੇ ਸੁੱਕ ਗਏ ਹੋਏ ਸਨ। ਉਸ ਦੀਆਂ ਚੋਣਵੀਆਂ ਲਿਖਤਾਂ 'ਤੇ ਆਧਾਰਤ 'ਮਿੰਨੀ ਮਨੁੱਖ ਦੀ ਮਹਾਨ ਯਾਤਰਾ' ਨਾਂ ਦੀ ਕਿਤਾਬ ਰਵੀ ਸਾਹਿਤ ਪ੍ਰਕਾਸ਼ਨ ਨੇ 1990 'ਚ ਛਾਪੀ ਸੀ। ਇਸ ਸੰਗ੍ਰਹਿ ਵਿਚਲੇ ਕੁਝ ਰੇਖਾ ਚਿਤਰ ਤੇ ਕਹਾਣੀਆਂ ਕਾਫ਼ੀ ਚੰਗੇ ਹਨ।

ਇਸ ਸੰਗ੍ਰਿਹ ਵਿਚਲੀ ਕਹਾਣੀ 'ਉਦਾਸ ਪਲਾਂ ਦੀ ਦਾਸਤਾਂ' ਪੜ੍ਹ ਕੇ ਗੁਰਦਿਆਲ ਬੱਲ ਦਾ ਕਹਿਣਾ ਸੀ ਕਿ ਮੂਹਰਜੀਤ ਦੀ ਸੰਵੇਦਨਾ ਵਿਚ ਇਨਸਾਨੀ ਜੀਵਨ ਅਤੇ ਜਜ਼ਬਿਆਂ ਦੀ ਪਵਿੱਤਰਤਾ ਲਈ ਉਸ ਕਿਸਮ ਦਾ ਕਾਵਿਕ ਜਲੌਅ ਹੈ, ਜਿਸ ਕਿਸਮ ਦਾ ਚੈਖੋਵ, ਮੋਹਣ ਰਾਕੇਸ਼ ਦੀਆਂ ਕੁਝ ਲਿਖਤਾਂ ਅਤੇ ਓ. ਹੈਨਰੀ ਦੀ 'ਸਿਆਣਿਆਂ ਦੇ ਤੋਹਫੇ' ਨਾਂ ਦੀ ਕਹਾਣੀ ਵਿਚ ਹੈ।

ਵਿਨਸੈਂਟ ਵਾਨ ਗਾਗ ਦੇ ਜੀਵਨ 'ਤੇ ਆਧਾਰਤ ਇਰਵਿੰਗ ਸਟੋਨ ਦਾ ਨਾਵਲ 'ਲਸਟ ਫਾਰ ਲਾਈਫ' ਮੈਂ ਵੀ ਪੜ੍ਹਿਆ ਹੋਇਆ ਸੀ ਪਰ ਮੂਹਰਜੀਤ ਨੇ ਇਹ ਨਾਵਲ ਸਾਥੋਂ ਬਹੁਤ ਪਹਿਲਾਂ ਹੀ ਪੜ੍ਹਿਆ ਹੋਇਆ ਸੀ। ਉਹ ਸਾਰੀ ਉਮਰ ਇਸ ਨਾਵਲ ਦੀ ਗੱਲ ਕਰਦਾ ਸ਼ਾਇਦ ਵਾਨ ਗਾਗ ਦੇ ਪੈਸ਼ਨ ਨੂੰ ਜਿਉਣ ਦੀ ਹੀ ਕੋਸ਼ਿਸ਼ ਕਰਦਾ ਰਿਹਾ ਸੀ। ਕਹਾਣੀ ਦੇ ਨਾਇਕ ਦੇ ਹੱਥਾਂ ਵਿਚ ਵੀ ਇਹੋ ਨਾਵਲ ਸੀ। ਕਹਾਣੀ 'ਉਦਾਸ ਪਲਾਂ ਦੀ ਦਾਸਤਾਂ' ਦੀ ਨਾਇਕਾ ਨੂੰ ਬੇਹੱਦ ਨਿਰਮਲ ਭਾਵਨਾ ਨਾਲ ਚਿਤਰਿਆ ਗਿਆ ਹੈ। ਮੂਹਰਜੀਤ ਦੀ ਇਸ ਕਹਾਣੀ ਬਾਰੇ ਬੱਲ ਦਾ ਨਿਰਣਾ ਸੀ ਕਿ 'ਉਦਾਤ' ਦੇ ਸੰਕਲਪ ਦੇ ਅਰਥ ਕੀ ਹਨ ਅਤੇ ਬੰਦੇ ਦੀ ਜ਼ਿੰਦਗੀ ਵਿਚ ਇਸ ਅਹਿਸਾਸ ਦਾ ਮੁੱਲ ਕੀ ਹੈ-ਸਹਿਜੇ ਹੀ 'ਉਦਾਸ ਪਲਾਂ ਦੀ ਦਾਸਤਾਂ' ਨੂੰ ਪੜ੍ਹ ਕੇ ਸਮਝਿਆ ਜਾ ਸਕਦਾ ਹੈ।

ਮੂਹਰਜੀਤ 4 ਕੁ ਸਾਲ ਪਹਿਲਾਂ 60 ਸਾਲ ਦੀ ਉਮਰੇ ਟ੍ਰਿਬਿਊਨ ਤੋਂ ਰਿਟਾਇਰ ਹੋਣ ਪਿਛੋਂ ਸਭ ਨੂੰ ਅਲਵਿਦਾ ਕਹਿ ਗਿਆ। ਸਿਰ ਦੇ ਵਾਲ ਉਸ ਦੇ ਉਦੋਂ ਵੀ ਅਜੇ ਕਾਲੇ ਹੀ ਸਨ ਪਰ ਸਨ ਅਸਲੀ।

ਪਰੂਫ ਰੀਡਿੰਗ ਸੈਕਸ਼ਨ ਦੇ ਬਾਕੀ ਸਾਥੀਆਂ ਬਾਰੇ ਗੱਲ ਫੇਰ।

## ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

### ਗਦਰੀ ਯੋਧਿਆਂ ਦਾ ਸਿੱਖ ਪਿਛੋਕੜ-2

# ਜਲ੍ਹਿਆਂ ਵਾਲੇ ਬਾਗ ਦਾ ਸਾਕਾ ਤੇ ਸ਼ਹੀਦ ਊਧਮ ਸਿੰਘ

ਪਹਿਲੀ ਆਲਮੀ ਜੰਗ ਦਾ ਮਾੜਾ ਅਸਰ ਹਿੰਦੁਸਤਾਨ 'ਤੇ ਵੀ ਹੋਇਆ। ਬਹੁਤ ਸਾਰੇ ਲੋਕ ਮਾਰੇ ਗਏ ਅਤੇ ਜ਼ਖ਼ਮੀ ਹੋ ਗਏ, ਮੁਦਰਾ ਦਾ ਪਾਸਾਰ, ਵਧੇ ਹੋਏ ਟੈਕਸਾਂ ਦਾ ਬੋਝ ਅਤੇ ਹੋਰ ਅਨੇਕਾਂ ਸਮੱਸਿਆਵਾਂ ਨੇ ਹਿੰਦੁਸਤਾਨ ਦੀ ਜਨਤਾ 'ਤੇ ਬੇਹੱਦ ਅਸਰ ਪਾਇਆ। ਆਜ਼ਾਦੀ ਲਈ ਜੂਝ ਰਹੇ ਵੱਖੋ-ਵੱਖਰੇ ਧੜਿਆਂ ਨੇ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਆਪੋ-ਆਪਣੇ ਗਿਲੇ-ਸ਼ਿਕਵੇ ਦੂਰ ਕਰ ਕੇ ਏਕਾ ਕੀਤਾ। ਸਾਰੇ ਭਾਰਤ ਵਿਚ ਜਨਤਕ ਬੇਚੈਨੀ ਬਹੁਤ ਬੁਰੀ ਤਰ੍ਹਾਂ ਫੈਲ ਗਈ, ਖਾਸ ਕਰ ਕੇ ਮੁੰਬਈ ਦੇ ਮਿੱਲ ਕਾਮਿਆਂ ਵਿਚ, ਜਿਸ ਕਰਕੇ ਸੰਨ 1919 ਵਿਚ ਰੌਲਟ ਕਮੇਟੀ ਬਣਾਈ ਗਈ। ਰੌਲਟ ਕਮੇਟੀ ਦਾ ਨਾਮ ਅੰਗਰੇਜ਼ ਜੱਜ ਸਿਡਨੀ ਰੌਲਟ ਦੇ ਨਾਮ 'ਤੇ ਪਿਆ। ਕਮੇਟੀ ਦਾ ਕੰਮ ਹਿੰਦੋਸਤਾਨ ਵਿਚ ਇਨਕਲਾਬੀ ਲਹਿਰ ਦੇ ਜਰਮਨ ਅਤੇ ਬਾਲਸ਼ਵਿਕਾਂ ਨਾਲ ਸਬੰਧਾਂ ਦੀ ਪੜਤਾਲ ਕਰਨਾ ਸੀ, ਖਾਸ ਕਰਕੇ ਪੰਜਾਬ ਤੇ ਬੰਗਾਲ ਵਿਚ। ਕਮੇਟੀ ਨੇ ਡਿਫੈਂਸ ਆਫ ਇੰਡੀਆ ਐਕਟ 1915 ਦੇ ਪਰਸਾਰ ਦੀ ਮੰਗ ਕੀਤੀ। ਐਕਟ ਨੇ ਵਾਇਸਰਾਏ ਦੀ ਸਰਕਾਰ ਦੀਆਂ ਸ਼ਕਤੀਆਂ ਬਹੁਤ ਵਧਾ ਦਿੱਤੀਆਂ, ਜਿਸ ਵਿਚ ਪ੍ਰੈਸ ਨੂੰ ਚੁੱਪ ਕਰਾ ਦੇਣਾ, ਰਾਜਨੀਤਕ ਤੌਰ 'ਤੇ ਸਰਗਰਮ ਲੋਕਾਂ ਨੂੰ ਬਿਨਾਂ ਮੁਕੱਦਮੇ ਤੋਂ ਨਜ਼ਰਬੰਦ ਕਰਨਾ, ਕਿਸੇ ਵੀ ਵਿਅਕਤੀ ਨੂੰ ਵਿਦਰੋਹ ਦੇ ਸ਼ੱਕ 'ਤੇ ਬਿਨਾਂ ਵਰੰਟਾਂ ਦੇ ਗ੍ਰਿਫਤਾਰ ਕਰਨਾ ਆਦਿ।

ਇਸ ਐਕਟ ਨੇ ਲੋਕਾਂ ਦੇ ਗੁੱਸੇ ਨੂੰ ਬਹੁਤ ਭੜਕਾ ਦਿੱਤਾ। ਅੰਮ੍ਰਿਤਸਰ, ਜਲ੍ਹਿਆਂ ਵਾਲੇ ਬਾਗ ਵਿਚ 15000 ਦੇ ਕਰੀਬ ਲੋਕ ਇਕੱਠੇ ਹੋਏ। ਅਗਲੇ ਕੁੱਝ ਦਿਨਾਂ ਵਿਚ ਹਾਲਾਤ ਬਹੁਤ ਹੀ ਖ਼ਰਾਬ ਹੋ ਗਏ। ਕਿਹਾ ਜਾਂਦਾ ਹੈ ਕਿ ਮਾਈਕਲ ਓਡਵਾਇਰ ਦਾ ਵਿਸ਼ਵਾਸ ਸੀ ਕਿ ਇਹ ਮਈ ਦੇ ਆਸ-ਪਾਸ, ਜਦੋਂ ਗਰਮ ਮੌਸਮ ਕਾਰਨ ਅੰਗਰੇਜ਼ ਸੈਨਾ ਪਹਾੜਾਂ ਵਿਚ ਚਲੀ ਜਾਂਦੀ ਹੈ, ਹੋਣ ਵਾਲੀ ਬਗ਼ਾਵਤ ਵਰਗੀ ਸਾਜਿਸ਼ ਦੇ ਮੁੱਢਲੇ ਅਤੇ ਛੁਪੇ ਹੋਏ ਭੈੜੇ ਚਿੰਨ੍ਹ ਹਨ। ਅੰਮ੍ਰਿਤਸਰ ਕਤਲੇਆਮ, ਇਸ ਤੋਂ ਪਿੱਛੋਂ ਅਤੇ ਪਹਿਲਾਂ ਦੀ ਪ੍ਰਤਿਕਿਰਿਆ ਇਸ ਤੱਥ ਨੂੰ ਦਰਸਾਉਂਦੀ ਹੈ ਕਿ ਇਹ ਇੱਕ ਨਿਵੇਕਲੀ ਘਟਨਾ ਦੀ ਬਜਾਇ, ਪੰਜਾਬ ਸਾਸ਼ਨ ਵੱਲੋਂ ਅਜਿਹੀ ਸਾਜਸ਼ ਨੂੰ ਦਬਾਉਣ ਲਈ ਸੋਚੀ ਸਮਝੀ ਯੋਜਨਾ ਦਾ ਨਤੀਜਾ ਸੀ। ਕਿਹਾ ਜਾਂਦਾ ਹੈ ਕਿ ਜੇਮਜ਼ ਹੂਸਮੇਨ ਡੂ ਬੂਲੇ ਨੇ ਪੰਜਾਬ ਵਿਚ ਵਧ ਰਹੇ ਤਣਾਅ-ਪੂਰਨ ਹਾਲਾਤ ਵਿਚ ਉਠ ਰਹੇ ਗ਼ਦਰ ਦੇ ਡਰ ਅਤੇ ਅੰਮ੍ਰਿਤਸਰ ਵਿਚ ਹੋਏ ਕਤਲੇਆਮ ਵਿਚ ਸਿੱਧਾ ਸਬੰਧ ਦੱਸਿਆ ਹੈ। (ਸੋਮੇ ਸੈਲ ਜੌਹਨ ਡਬਲਿਊ (2000) ਹੈਲੇ: ਏ ਸਟੱਡੀ ਇਨ ਬ੍ਰਿਟਿਸ਼ ਇੰਪੀਰੀਅਲਿਜ਼ਮ, 1872-1969, ਕੈਂਬਰਿਜ ਯੂਨੀਵਰਸਿਟੀ, ਅਤੇ ਬਰਾਊਨ, ਐਮਲੀ (1973), ਬੁਕ ਰਿਵਿਊਜ; ਸਾਊਥ ਏਸ਼ੀਆ, ਦ ਜਰਨਲ ਆਫ ਏਸ਼ੀਅਨ ਸਟੱਡੀਜ, ਕਾਂਡ 32, ਨੰਬਰ 3 (ਮਈ 1973) ਪੰਨਾ 522-23)

10 ਅਪ੍ਰੈਲ 1919 ਦੇ ਦਿਨ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਨਿਵਾਸ ਅੱਗੇ ਬਹੁਤ ਵੱਡਾ ਰੋਸ ਵਿਖਾਵਾ ਸੀ। ਇਹ ਦਿਖਾਵਾ ਭਾਰਤ ਦੀ ਸੁਤੰਤਰਤਾ-ਲਹਿਰ ਦੇ ਦੋ ਮਸ਼ਹੂਰ ਨੇਤਾ ਸਤਿਆਪਾਲ ਅਤੇ ਸੈਫ਼ੁਦੀਨ ਕਿਚਲੂ ਦੀ ਰਿਹਾਈ ਦੀ ਮੰਗ ਵਾਸਤੇ ਸੀ। ਫੌਜੀ ਕੁਮਕ ਨੇ ਭੀੜ ਉਤੇ ਗੋਲੀ ਚਲਾ ਦਿੱਤੀ ਜਿਸ ਨਾਲ ਕਈ ਵਿਖਾਵਾਕਾਰੀ ਮਾਰੇ ਗਏ। ਇਸ ਗੋਲੀ ਕਾਂਡ ਕਾਰਨ ਕਈ ਹਿੰਸਕ ਘਟਨਾਵਾਂ ਵਾਪਰ ਗਈਆਂ। ਉਸੇ ਦਿਨ ਬਾਅਦ ਵਿਚ ਕਈ ਬੈਂਕ ਅਤੇ ਹੋਰ ਸਰਕਾਰੀ ਇਮਾਰਤਾਂ ਜਿਵੇਂ ਟਾਊਨ ਹਾਲ ਅਤੇ ਰੇਲਵੇ ਸਟੇਸ਼ਨ 'ਤੇ ਹਮਲਾ ਕੀਤਾ ਗਿਆ ਅਤੇ ਅੱਗਾਂ ਲਾਈਆਂ ਗਈਆਂ। ਹਿੰਸਾ ਬਹੁਤ ਭੜਕ ਗਈ, ਜਿਸ ਦੇ ਨਤੀਜੇ ਵਜੋਂ ਘੱਟੋ-ਘੱਟ ਪੰਜ ਯੂਰਪੀਨ, ਜਿਨ੍ਹਾਂ ਵਿਚ ਸਰਕਾਰੀ ਨੌਕਰ ਅਤੇ ਨਾਗਰਿਕ ਸ਼ਾਮਲ ਸਨ, ਮਾਰੇ ਗਏ। ਦਿਨ ਵੇਲੇ ਬਦਲੇ ਵਿਚ ਫੌਜ ਵੱਲੋਂ ਕਈ ਵਾਰ ਭੀੜ ਉਤੇ ਗੋਲੀ ਚਲਾਈ ਗਈ ਅਤੇ ਕੋਈ 20 ਲੋਕਾਂ ਦੀ ਮੌਤ ਹੋ ਗਈ। ਅਗਲੇ ਦੋ ਦਿਨ ਤੱਕ ਅੰਮ੍ਰਿਤਸਰ ਸ਼ਹਿਰ ਚੁੱਪ ਸੀ ਪਰ ਪੰਜਾਬ ਦੇ ਦੂਜੇ ਸ਼ਹਿਰਾਂ ਵਿਚ ਰੋਸ ਵਿਚ ਹਿੰਸਾ ਜਾਰੀ ਰਹੀ। ਰੇਲਵੇ ਲਾਈਨਾਂ ਕੱਟੀਆਂ ਗਈਆਂ, ਟੈਲੀਗਰਾਫ ਪੋਸਟਾਂ ਤਬਾਹ ਕੀਤੀਆਂ ਗਈਆਂ ਅਤੇ ਸਰਕਾਰੀ ਇਮਾਰਤਾਂ ਜਲਾ ਦਿੱਤੀਆਂ ਗਈਆਂ। ਤਿੰਨ ਯੂਰਪੀਨ ਕਤਲ ਕਰ ਦਿੱਤੇ। 13 ਅਪ੍ਰੈਲ ਤੱਕ ਬ੍ਰਿਟਿਸ਼ ਸਰਕਾਰ ਨੇ ਪੰਜਾਬ ਦੇ ਬਹੁਤੇ ਹਿੱਸਿਆਂ ਵਿਚ ਮਾਰਸ਼ਲ-ਲਾਅ ਲਾਗੂ ਕਰਨ ਦਾ ਫ਼ੈਸਲਾ ਕਰ ਲਿਆ। ਨਾਗਰਿਕ ਆਜ਼ਾਦੀ ਨੂੰ ਜਿਵੇਂ ਇਕੱਠ ਕਰਨ ਆਦਿ 'ਤੇ ਰੋਕਾਂ ਲਾ ਕੇ ਸੀਮਤ ਕਰ ਦਿੱਤਾ ਗਿਆ। ਚਾਰ ਤੋਂ ਵੱਧ ਬੰਦੇ ਇਕੱਠੇ ਹੋਣ 'ਤੇ ਰੋਕ ਲਾ ਦਿੱਤੀ ਗਈ।

13 ਅਪ੍ਰੈਲ ਵਿਸਾਖੀ ਦੇ ਦਿਹਾੜੇ 'ਤੇ ਹਿੰਦੂ, ਸਿੱਖ, ਮੁਸਲਮਾਨ ਹਰਿਮੰਦਰ ਸਾਹਿਬ ਦੇ ਨੇੜੇ ਜਲ੍ਹਿਆਂ ਵਾਲੇ ਬਾਗ਼ ਵਿਚ ਇਕੱਠੇ ਹੋ ਗਏ। ਮੀਟਿੰਗ ਦਾ ਸਮਾ ਸ਼ਾਮ ਦੇ 4:30 ਵਜੇ ਮਿੱਥਿਆ ਗਿਆ ਸੀ ਜਿਸ ਦੇ ਸ਼ੁਰੂ ਹੋਣ ਦੇ ਇੱਕ ਘੰਟੇ ਬਾਅਦ ਬ੍ਰਿਗੇਡੀਅਰ-ਜਨਰਲ ਡਾਇਰ 65 ਗੋਰਖੇ ਅਤੇ 25 ਬਲੋਚ ਫੌਜੀਆਂ ਨਾਲ ਬਾਗ਼ ਵਿਚ ਆਇਆ। ਉਨ੍ਹਾਂ ਵਿਚੋਂ 50 ਕੋਲ ਰਾਈਫਲਾਂ ਸਨ। ਡਾਇਰ ਦੋ ਹਥਿਆਰਬੰਦ ਗੱਡੀਆਂ ਲਿਆਇਆ ਜਿਨ੍ਹਾਂ ਵਿਚ ਮਸ਼ੀਨਗਨਾਂ ਲੱਦੀਆਂ ਹੋਈਆਂ ਸਨ ਪਰ ਵਾਹਨ ਬਾਹਰ ਛੱਡ ਦਿੱਤੇ ਗਏ, ਕਿਉਂਕਿ ਉਹ ਤੰਗ ਲਾਂਘੇ ਵਿਚੋਂ ਅੰਦਰ ਨਹੀਂ ਸੀ ਜਾ ਸਕਦੇ। ਜਲ੍ਹਿਆਂ ਵਾਲਾ ਬਾਗ਼ ਚਾਰੇ ਪਾਸੇ ਤੋਂ ਘਰਾਂ ਅਤੇ ਇਮਾਰਤਾਂ ਨਾਲ ਘਿਰਿਆ ਹੋਇਆ ਸੀ ਅਤੇ ਕੁੱਝ ਬਹੁਤ ਤੰਗ ਲਾਂਘੇ ਸਨ ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਪੱਕੇ ਤੌਰ 'ਤੇ ਤਾਲੇ ਲੱਗੇ ਹੋਏ ਸਨ। ਮੁੱਖ ਲਾਂਘਾ ਦੂਸਰਿਆਂ ਦੇ ਮੁਕਾਬਲੇ ਖੁਲ੍ਹਾ ਸੀ, ਪਰ ਉਸ 'ਤੇ ਫੌਜੀਆਂ ਦਾ ਪਹਿਰਾ ਸੀ ਜਿਨ੍ਹਾਂ ਦੇ ਪਿੱਛੇ ਹਥਿਆਰਬੰਦ ਗੱਡੀਆਂ ਸਨ। ਜਨਰਲ ਡਾਇਰ ਨੇ ਭੀੜ ਨੂੰ ਖਿੰਡ ਜਾਣ ਲਈ ਕੋਈ ਵੀ ਚਿਤਾਵਨੀ ਦਿੱਤੇ ਬਗੈਰ ਮੁੱਖ ਲਾਂਘਾ ਰੋਕ ਦਿੱਤਾ। ਇਸ ਕਾਰੇ ਲਈ ਉਸ ਨੇ ਪਿੱਛੋਂ ਸਫਾਈ ਇਹ ਦਿੱਤੀ ਕਿ ਇਹ ਮੀਟਿੰਗ ਨੂੰ ਖਿੰਡਾਉਣ ਲਈ ਨਹੀਂ ਸਗੋਂ ਹੁਕਮ-ਅਦੂਲੀ ਲਈ ਹਿੰਦੋਸਤਾਨੀਆਂ ਨੂੰ ਸਬਕ ਸਿਖਾਉਣ ਲਈ ਕੀਤਾ ਗਿਆ ਸੀ। (ਨਿਗੇਲ ਕੋਲੈਟ (2007); ਦ ਬੁਚੜ ਆਫ ਅੰਮ੍ਰਿਤਸਰ: ਜਨਰਲ ਰੇਗਨਿਲਡ ਡਾਇਰ, ਪੰਨਾ 255-58)

ਡਾਇਰ ਨੇ ਆਪਣੇ ਫੌਜੀਆਂ ਨੂੰ ਸੰਘਣੀ ਭੀੜ (ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸਨ) 'ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ। ਤਕਰੀਬਨ ਦਸ ਮਿੰਟ ਤੱਕ ਗੋਲਾਬਾਰੀ ਚਾਲੂ ਰਹੀ। ਗੋਲੀਬੰਦੀ ਦਾ ਹੁਕਮ ਉਦੋਂ ਕੀਤਾ ਜਦੋਂ ਤਕਰੀਬਨ 1650 ਰਾਊਂਡ ਖਰਚ ਹੋ ਗਏ ਸੀ ਅਤੇ ਬਾਰੂਦ-ਸਿੱਕਾ ਤਕਰੀਬਨ ਮੁੱਕ ਗਿਆ ਸੀ। (ਸੋਮਾ: ਉਹੀ ਪੰਨਾ 266, 337) ਇਸ ਗੋਲੀ-ਕਾਂਡ ਵਿਚ ਹੋਈਆਂ ਮੌਤਾਂ ਦੀ ਗਿਣਤੀ ਬਾਰੇ ਦੁਬਿਧਾ ਹੈ। ਇਸ ਕਤਲੇਆਮ ਦੀ ਬ੍ਰਿਟਿਸ਼ ਜਾਂਚ ਅਨੁਸਾਰ ਮੌਤਾਂ ਦੀ ਗਿਣਤੀ 379 ਹੈ, ਜਾਂਚ ਲਈ ਅਪਨਾਏ ਗਏ ਢੰਗ ਦੀ ਵੀ ਆਲੋਚਨਾ ਕੀਤੀ ਗਈ। (ਸੋਮਾ: ਹੰਟਰ ਰਿਪੋਰਟ, ਪੰਨਾ 116-17) ਇਸ ਦੇ ਨਾਲ ਹੀ, ਪੰਜਾਬ ਦੇ ਇੱਕ ਉਚ ਸਿਵਲ ਅਧਿਕਾਰੀ ਦੀ ਕਮੇਟੀ ਵਲੋਂ ਕੀਤੀ ਇੰਟਰਵਿਊ ਅਨੁਸਾਰ ਅਸਲ ਗਿਣਤੀ ਕਿਤੇ ਜ਼ਿਆਦਾ ਸੀ।

ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਦਾ ਬਦਲਾ ਸ਼ਹੀਦ ਊਧਮ ਸਿੰਘ ਨੇ ਇੰਗਲੈਂਡ ਜਾ ਕੇ ਮਾਰਚ 1940 ਵਿਚ ਮਾਈਕਲ ਓਡਵਾਇਰ ਨੂੰ ਮਾਰ ਕੇ ਲਿਆ। ਊਧਮ ਸਿੰਘ ਦਾ ਜਨਮ ਸੰਗਰੂਰ ਜ਼ਿਲ੍ਹੇ ਦੀ ਤਹਿਸੀਲ ਸੁਨਾਮ ਦੇ ਪਿੰਡ ਸ਼ਾਹਪੁਰ ਕਲਾਂ ਵਿਚ ਸ. ਟਹਿਲ ਸਿੰਘ ਦੇ ਘਰ 26 ਦਸੰਬਰ 1899 ਈ. ਨੂੰ ਹੋਇਆ। ਸ. ਟਹਿਲ ਸਿੰਘ ਇੱਕ ਅੰਮ੍ਰਿਤਧਾਰੀ ਸਿੱਖ ਸਨ ਜਿਨ੍ਹਾਂ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਨਾਂ ਚੂਹੜ ਸਿੰਘ ਸੀ। ਮਾਂ-ਬਾਪ ਦੀ ਮੌਤ ਤੋਂ ਬਾਅਦ ਕਿਸ਼ਨ ਸਿੰਘ ਰਾਗੀ ਦੀ ਮਦਦ ਨਾਲ ਸ਼ੇਰ ਸਿੰਘ (ਊਧਮ ਸਿੰਘ) ਅਤੇ ਉਸ ਦਾ ਵੱਡਾ ਭਰਾ ਮੁਕਤਾ ਸਿੰਘ ਅੰਮ੍ਰਿਤਸਰ, ਪੁਤਲੀ ਘਰ, ਕੇਂਦਰੀ ਖਾਲਸਾ ਯਤੀਮਖਾਨਾ ਵਿਚ 24 ਅਕਤੂਬਰ 1907 ਨੂੰ ਚਲੇ ਗਏ। ਇਥੇ ਹੀ ਸਿੱਖ ਰਹਿਤ ਵਿਚ ਪਰਪੱਕ ਹੋਏ, ਸ਼ੇਰ ਸਿੰਘ ਨੂੰ ਨਵਾਂ ਨਾਂ ਊਧਮ ਸਿੰਘ ਅਤੇ ਵੱਡੇ ਭਰਾ ਮੁਕਤਾ ਸਿੰਘ ਨੂੰ ਸਾਧੂ ਸਿੰਘ ਦਿੱਤਾ ਗਿਆ। ਇੱਥੇ ਹੀ ਊਧਮ ਸਿੰਘ ਨੇ ਦਸਵੀਂ ਪਾਸ ਕੀਤੀ ਅਤੇ ਕਈ ਕਿੱਤਿਆਂ ਵਿਚ ਸਿਖਲਾਈ ਲਈ। ਸਾਧੂ ਸਿੰਘ ਦੀ 1917 'ਚ ਮੌਤ ਹੋ ਗਈ ਤੇ ਊਧਮ ਸਿੰਘ 1919 ਵਿਚ ਯਤੀਮਖਾਨਾ ਛੱਡ ਕੇ ਗ਼ਦਰ ਲਹਿਰ 'ਚ ਕੁੱਦ ਪਿਆ।

ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਸਾਕਾ ਊਧਮ ਸਿੰਘ ਨੇ ਆਪਣੀਆਂ ਅੱਖਾਂ ਸਾਹਮਣੇ ਦੇਖਿਆ ਸੀ। ਊਧਮ ਸਿੰਘ ਦੇਸ਼-ਦੇਸ਼ ਘੁੰਮਦੇ-ਘੁਮਾਉਂਦੇ ਲੰਡਨ ਪਹੁੰਚ ਗਿਆ। 13 ਮਾਰਚ 1940 ਨੂੰ ਜਲ੍ਹਿਆਂ ਵਾਲੇ ਬਾਗ਼ ਦੇ ਕਤਲੇਆਮ ਤੋਂ 21 ਸਾਲ ਬਾਅਦ ਕੇਕਸਟਨ ਹਾਲ ਵਿਚ ਸੈਂਟਰਲ ਏਸ਼ੀਅਨ ਸੋਸਾਇਟੀ ਦੀ ਮੀਟਿੰਗ ਸੀ ਜਿਸ ਵਿਚ ਮਾਈਕਲ ਓਡਵਾਇਰ ਨੇ ਵੀ ਬੋਲਣਾ ਸੀ। ਊਧਮ ਸਿੰਘ ਆਪਣਾ ਰਿਵਾਲਵਰ ਪੁਸਤਕ ਵਿਚ ਛੁਪਾ ਕੇ ਲੈ ਗਿਆ। ਜਿਉਂ ਹੀ ਓਡਵਾਇਰ ਪਲੈਟਫਾਰਮ ਵੱਲ ਜਾਣ ਲੱਗਾ, ਊਧਮ ਸਿੰਘ ਨੇ ਗੋਲੀਆਂ ਚਲਾਈਆਂ। ਓਡਵਾਇਰ ਥਾਂ 'ਤੇ ਹੀ ਮਾਰਿਆ ਗਿਆ। ਜੈਟਲੈਂਡ ਜੋ ਹਿੰਦੋਸਤਾਨ ਲਈ ਸਕੱਤਰ ਸੀ, ਉਤੇ ਵੀ ਗੋਲੀ ਚਲਾਈ ਪਰ ਉਹ ਮਰਿਆ ਨਹੀਂ, ਜ਼ਖਮੀ ਹੋ ਗਿਆ ਅਤੇ ਦੋ ਹੋਰ ਅਫਸਰ ਵੀ ਜ਼ਖਮੀ ਹੋ ਗਏ। ਊਧਮ ਸਿੰਘ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਹਿਲੀ ਅਪ੍ਰੈਲ 1940 ਨੂੰ ਊਧਮ ਸਿੰਘ ਨੂੰ ਸਜ਼ਾ ਸੁਣਾਈ ਗਈ। ਸੈਂਟਰਲ ਕਰਿਮੀਨਲ ਕੋਰਟ, ਓਲਡ ਬੈਲੇ ਵਿਚ ਜਦੋਂ ਜਸਟਿਸ ਐਟਕਿਨਸਨ ਨੇ ਊਧਮ ਸਿੰਘ ਨੂੰ ਉਸ ਦਾ ਨਾਂ ਪੁੱਛਿਆ ਤਾਂ ਊਧਮ ਸਿੰਘ ਨੇ ਜੁਆਬ ਵਿਚ ਕਿਹਾ, ਰਾਮ ਮੁਹੰਮਦ ਸਿੰਘ ਆਜ਼ਾਦ। ਇਹ ਨਾਂ ਨਸਲ, ਜਾਤ, ਧਰਮ ਅਤੇ ਫਿਰਕੇ ਦੀਆਂ ਹੱਦਾਂ ਤੋਂ ਪਾਰ ਲੰਘ ਜਾਣ ਵੱਲ ਇਸ਼ਾਰਾ ਕਰਦਾ ਹੈ। ਊਧਮ ਸਿੰਘ ਨੇ ਓਡਵਾਇਰ ਦੇ ਕਤਲ ਬਾਰੇ ਸਪਸ਼ਟ ਕੀਤਾ, "ਮੈਂ ਇਹ ਇਸ ਲਈ ਕੀਤਾ ਕਿ ਮੈਨੂੰ ਉਸ ਨਾਲ ਗੁੱਸਾ ਸੀ। ਉਹ ਇਸੇ ਦੇ ਲਾਇਕ ਸੀ।"

**ਭਗਤ ਸਿੰਘ:** ਸ. ਅਜੀਤ ਸਿੰਘ ਦੇ ਸਬੰਧ ਵਿਚ ਗੱਲ ਕਰਦਿਆਂ ਇਹ ਤੱਥ ਸਾਹਮਣੇ ਆਇਆ ਸੀ ਕਿ ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਪਰਿਵਾਰ ਪੁਰਖਿਆਂ ਤੋਂ ਅੰਮ੍ਰਿਤਧਾਰੀ ਅਤੇ ਦੇਸ਼-ਭਗਤ ਪਰਿਵਾਰ ਸੀ। ਅਜੀਤ ਸਿੰਘ ਦੇ ਦਾਦਾ ਅਤੇ ਭਗਤ ਸਿੰਘ ਦੇ ਪੜਦਾਦਾ ਸ. ਫਤਿਹ ਸਿੰਘ ਇੱਕ ਅੰਮ੍ਰਿਤਧਾਰੀ ਸਿੰਘ ਸਨ ਜੋ ਖ਼ਾਲਸਾ ਫੌਜਾਂ ਵੱਲੋਂ ਐਂਗਲੋ-ਸਿੱਖ ਲੜਾਈਆਂ ਵਿਚ ਅੰਗਰੇਜ਼ਾਂ ਦੇ ਖਿਲਾਫ ਇੱਕ ਸੱਚੇ ਸੰਤ-ਸਿਪਾਹੀ ਵਾਂਗ ਲੜੇ। ਉਨ੍ਹਾਂ ਨੇ ਸਰਦਾਰ ਮਜੀਠੀਆ ਦੇ ਕਹਿਣ 'ਤੇ ਵੀ 1857 ਦੇ ਗ਼ਦਰ ਵਿਚ ਅੰਗਰੇਜ਼ਾਂ ਦਾ ਸਾਥ ਨਹੀਂ ਦਿੱਤਾ ਜਦ ਕਿ ਸਰਦਾਰ ਮਜੀਠੀਆ ਵਰਗੇ ਕਈਆਂ ਨੇ ਆਪਣੀਆਂ ਜਗੀਰਾਂ ਵਾਪਸ ਲੈਣ ਦੇ ਲਾਲਚ ਵੱਸ ਅਜਿਹਾ ਕੀਤਾ। ਉਹ ਅੰਗਰੇਜ਼ਾਂ ਦਾ ਸਾਥ ਦੇਣ ਨੂੰ ਆਪਣੇ ਲੋਕਾਂ ਨਾਲ ਗੱਦਾਰੀ ਸਮਝਦੇ ਸਨ। ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਅਤੇ ਚਾਚਾ ਅਜੀਤ ਸਿੰਘ ਅੰਮ੍ਰਿਤਧਾਰੀ ਸਿੱਖ ਸਨ ਜਿਸ ਦਾ ਜ਼ਿਕਰ ਅਜੀਤ ਸਿੰਘ ਨੇ ਆਪਣੀ ਪੁਸਤਕ ਵਿਚ ਕੀਤਾ ਹੈ। ਇਹ ਬਿਲਕੁਲ ਇੱਕ ਕੁਦਰਤੀ ਅਮਲ ਹੈ ਕਿ ਇੱਕ ਗੁਰਸਿੱਖ ਅਤੇ ਦੇਸ਼-ਭਗਤ ਪਰਿਵਾਰ ਵਿਚ ਪੈਦਾ ਹੋਣ ਕਰਕੇ ਭਗਤ ਸਿੰਘ ਨੂੰ ਇਹ ਸਾਰੇ ਸੰਸਕਾਰ ਗੁੜ੍ਹਤੀ ਵਿਚ ਮਿਲੇ ਅਤੇ ਦੇਸ਼ ਦੀ ਆਜ਼ਾਦੀ ਲਈ ਉਸ ਨੇ ਬ੍ਰਿਟਿਸ਼ ਰਾਜ ਦੇ ਖਿਲਾਫ ਇਨਕਲਾਬੀ ਰਸਤਾ ਅਪਨਾਇਆ। ਲਾਹੌਰ ਸਾਜਿਸ਼ ਕੇਸ ਵਿਚ ਚਾਰਜ ਹੋਣ ਤੋਂ ਬਾਅਦ ਸ. ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਸਮੇਂ ਸਮੇਂ ਬਿਆਨ ਜਾਰੀ ਕੀਤੇ, ਜੋ ਕੋਰਟ ਵਿਚ ਪੇਸ਼ ਕੀਤੇ ਜਾਂਦੇ ਰਹੇ। ਭਗਤ ਸਿੰਘ ਦੀ ਅੰਗਰੇਜ਼-ਰਾਜ ਦੇ ਜ਼ੁਲਮ ਦੇ ਖਿਲਾਫ ਜਦੋਜਹਿਦ ਨੂੰ ਦੱਸਣ ਲਈ ਇਨ੍ਹਾਂ ਵਿਚੋਂ ਕੁੱਝ ਹਵਾਲੇ ਦਿੱਤੇ ਜਾ ਸਕਦੇ ਹਨ। ਭਗਤ ਸਿੰਘ ਅਤੇ ਬੀ.ਕੇ. ਦੱਤ ਦੇ 'ਅਸੈਂਬਲੀ ਬੰਬ ਕੇਸ' ਬਿਆਨਾਂ, ਜੋ 6 ਜੂਨ 1929 ਨੂੰ ਆਸਫ ਅਲੀ ਨੇ ਉਨ੍ਹਾਂ ਦੀ ਤਰਫੋਂ ਪੜ੍ਹੇ, ਵਿਚੋਂ ਕੁੱਝ ਹਿੱਸੇ ਇਸ ਤਰ੍ਹਾਂ ਹਨ,

**ਅਮਲੀ ਰੋਸ ਵਿਖਾਵਾ:** ਅਸੀਂ ਆਪਣੇ ਦੇਸ਼ ਦੇ ਇਤਿਹਾਸ, ਹਾਲਾਤ ਅਤੇ ਉਸ ਦੀਆਂ ਅਕਾਂਖਿਆਵਾਂ ਦੇ ਗੰਭੀਰ ਵਿਦਿਆਰਥੀਆਂ ਤੋਂ ਜ਼ਿਆਦਾ ਕੁੱਝ ਵੀ ਨਹੀਂ। ਅਸੀਂ ਪਖੰਡ ਨੂੰ ਨਫਰਤ ਕਰਦੇ ਹਾਂ, ਸਾਡਾ ਅਮਲੀ ਰੋਸ ਵਿਖਾਵਾ ਸੰਸਥਾ (ਇੰਸਟੀਟਿਊਸ਼ਨ) ਦੇ ਖਿਲਾਫ ਸੀ, ਜਿਸ ਨੇ ਆਪਣੇ ਅਰੰਭ ਤੋਂ ਲੈ ਕੇ, ਨਾ ਸਿਰਫ ਆਪਣੀ ਨਾਅਹਿਲੀਅਤ ਦਿਖਾਉਣ ਵਿਚ ਸਗੋਂ ਸ਼ਰਾਰਤ ਲਈ ਇਸ ਦੀ ਦੂਰ-ਰਸੀ ਸ਼ਕਤੀ ਲਈ ਵਿਸ਼ੇਸ਼ ਮਦਦ ਕੀਤੀ। ਜਿਉਂ ਜਿਉਂ ਸਾਨੂੰ ਵਿਸ਼ਵਾਸ ਹੁੰਦਾ ਗਿਆ ਕਿ ਇਸ ਦੀ ਹੋਂਦ ਸਿਰਫ ਸੰਸਾਰ ਨੂੰ ਹਿੰਦੁਸਤਾਨ ਦੀ ਹੀਣਤਾ ਅਤੇ ਮਜ਼ਬੂਰੀ ਦਿਖਾਉਣ ਲਈ ਹੈ, ਅਤੇ ਇਹ ਗੈਰ-ਜ਼ਿੰਮੇਵਾਰ ਹੈ ਅਤੇ ਇਸ ਦੀ ਹੋਂਦ ਬਾਦਸ਼ਾਹੀ ਹਕੂਮਤ ਦੀ ਦਮਨਕਾਰੀ ਪ੍ਰਭੂਸੱਤਾ ਦਾ ਚਿੰਨ੍ਹ ਹੈ। ਵਾਰ ਵਾਰ ਜਨਤਾ ਦੇ ਨੁਮਾਇੰਦਿਆਂ ਵੱਲੋਂ ਰੱਖੀ ਗਈ ਕੌਮੀ ਮੰਗ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਜਾਂਦਾ ਰਿਹਾ ਹੈ।

**ਬੰਬ ਦੀ ਜ਼ਰੂਰਤ:** ਸਵਰਗੀ ਸ੍ਰੀ ਐਸ. ਆਰ. ਦਾਸ, ਜੋ ਇੱਕ ਵੇਲੇ ਗਵਰਨਰ ਜਨਰਲ ਦੀ ਪ੍ਰਬੰਧਕੀ ਕੌਂਸਲ ਦੇ ਕਾਨੂੰਨ ਮੈਂਬਰ ਰਹੇ, ਦੇ ਸ਼ਬਦਾਂ ਨੂੰ ਜਿਹਨ ਵਿਚ ਰੱਖਦੇ ਹੋਏ ਜੋ ਉਸ ਨੇ ਆਪਣੇ ਪੁੱਤਰ ਨੂੰ ਮਸ਼ਹੂਰ ਖਤ ਵਿਚ ਲਿਖੇ ਸਨ ਤੇ ਜਿਨ੍ਹਾਂ ਦਾ ਅਰਥ ਕੁੱਝ ਇਸ ਤਰ੍ਹਾਂ ਸੀ, 'ਬੰਬ ਇੰਗਲੈਂਡ ਨੂੰ ਉਸ ਦੇ ਸੁਪਨਿਆਂ ਤੋਂ ਜਗਾਉਣ ਵਾਸਤੇ ਜ਼ਰੂਰੀ ਸੀ', ਅਸੀਂ ਅਸੈਂਬਲੀ ਚੈਂਬਰ ਦੇ ਫਰਸ਼ 'ਤੇ ਬੰਬ ਉਨ੍ਹਾਂ ਸਭਨਾਂ ਦੀ ਤਰਫੋਂ ਆਪਣਾ ਵਿਰੋਧ ਜਤਾਉਣ ਲਈ ਸੁੱਟਿਆ ਜਿਨ੍ਹਾਂ ਕੋਲ ਆਪਣੀ ਹਿਰਦੇਵੇਧਕ ਪੀੜ ਪ੍ਰਗਟ ਕਰਨ ਦਾ ਹੋਰ ਕੋਈ ਰਸਤਾ ਨਹੀਂ ਸੀ ਬਚਿਆ। ਸਾਡਾ ਇੱਕੋ ਇੱਕ ਮਕਸਦ 'ਬੋਲਿਆਂ ਨੂੰ ਸੁਣਾਉਣਾ' ਅਤੇ 'ਬੇਧਿਆਨਿਆਂ ਨੂੰ ਚੇਤਾਵਨੀ ਦੇਣਾ' ਸੀ। ਦੂਸਰੇ ਵੀ ਉਸੇ ਤਰ੍ਹਾਂ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ ਜਿਵੇਂ ਅਸੀਂ ਕੀਤਾ ਹੈ ਅਤੇ ਸ਼ਾਂਤ ਨਜ਼ਰ ਆਉਂਦੇ ਭਾਰਤੀ ਲੋਕਾਂ ਦੇ ਸਮੁੰਦਰ ਵਿਚ ਇੱਕ ਸੱਚਮੁੱਚ ਦਾ ਤੂਫਾਨ ਉਠਣ ਵਾਲਾ ਹੈ। ਅਸੀਂ ਉਨ੍ਹਾਂ ਨੂੰ ਚੇਤਾਵਨੀ ਦੇਣ ਲਈ ਸਿਰਫ 'ਖਤਰੇ ਦਾ ਸਿਗਨਲ' ਦਿੱਤਾ ਹੈ ਜਿਹੜੇ ਖਤਰੇ ਵੱਲ ਧਿਆਨ ਦਿੱਤੇ ਬਿਨਾਂ ਅੱਗੇ ਦੌੜੇ ਜਾ ਰਹੇ ਹਨ। ਅਸੀਂ 'ਨਾਨ-ਵਾਇਲੈਂਸ ਯੁਟੋਪੀਆ' ਦੌਰ ਦੇ ਅੰਤ ਦੀ ਨਿਸ਼ਾਨਦੇਹੀ ਕੀਤੀ ਹੈ, ਜਿਸ ਦੀ ਨਿਰਾਰਥਕਤਾ ਨੂੰ ਉਠ ਰਹੀ ਪੀੜ੍ਹੀ ਬਿਨਾਂ ਕਿਸੇ ਸ਼ੱਕ ਦੇ ਪ੍ਰਛਾਂਵੇਂ ਦੇ ਯਕੀਨੀ ਮੰਨਦੀ ਹੈ।

**ਆਦਰਸ਼ ਦੀ ਵਿਆਖਿਆ:** ਅਸੀਂ ਉਪਰਲੇ ਪਹਿਰੇ ਵਿਚ 'ਯੁਟੋਪੀਅਨ ਨਾਨ-ਵਾਇਲੈਂਸ' ਸ਼ਬਦ ਵਰਤਿਆ ਹੈ ਜਿਸ ਦੀ ਵਿਆਖਿਆ ਕਰਨ ਦੀ ਜ਼ਰੂਰਤ ਹੈ। ਜਦੋਂ ਤਾਕਤ ਦੀ ਆਕਰਮਣਕਾਰੀ ਰੂਪ ਵਿਚ ਵਰਤੋਂ ਕੀਤੀ ਜਾਵੇ ਤਾਂ ਇਹ 'ਹਿੰਸਾ (ਵਾਇਲੈਂਸ)' ਹੁੰਦੀ ਹੈ, ਅਤੇ ਇਸ ਲਈ ਇਹ ਨੈਤਿਕ ਤੌਰ 'ਤੇ ਨਿਆਂ-ਸੰਗਤ ਨਹੀਂ ਹੈ, ਪ੍ਰੰਤੂ ਜਦੋਂ ਇਸ ਦੀ ਵਰਤੋਂ ਕਿਸੇ ਹੱਕੀ ਉਦੇਸ਼ ਲਈ ਕੀਤੀ ਜਾਵੇ, ਤਾਂ ਇਹ ਨੈਤਿਕ ਤੌਰ 'ਤੇ ਨਿਆਂ-ਸੰਗਤ ਹੈ। ਤਾਕਤ ਨੂੰ ਬਿਲਕੁਲ ਨਕਾਰਨਾ 'ਯੁਟੋਪੀਅਨ' ਹੈ ਅਤੇ 'ਮਿਉ ਮੂਵਮੈਂਟ' ਜੋ ਦੇਸ਼ ਵਿਚ ਪੈਦਾ ਹੋ ਗਈ ਹੈ ਅਤੇ ਉਹ ਸ਼ੁਰੂਆਤ ਜਿਸ ਦੀ ਅਸੀਂ ਚਿਤਾਵਨੀ ਦੇ ਚੁੱਕੇ ਹਾਂ, ਉਸੇ ਆਦਰਸ਼ ਤੋਂ ਪ੍ਰਭਾਵਤ ਹੈ ਜਿਸ ਨੇ ਗੁਰੂ ਗੋਬਿੰਦ ਸਿੰਘ ਅਤੇ ਸ਼ਿਵਾਜੀ, ਕਮਾਲ ਪਾਸ਼ਾ ਅਤੇ ਰਿਜ਼ਾ ਖਾਨ. ਵਾਸ਼ਿੰਗਟਨ ਅਤੇ ਗੈਰੀਬਾਲਡੀ, ਲਾਫਾਇਤ ਅਤੇ ਲੈਨਿਨ ਨੂੰ ਪ੍ਰਭਾਵਿਤ ਕੀਤਾ। (ਸੋਮਾ-ਵਿਕੀਪੀਡੀਆ, ਦ ਫਰੀ ਇਨਸਾਈਕਲੋਪੀਡੀਆ)।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਜ਼ਫਰਨਾਮੇ ਵਿਚ ਔਰੰਗਜ਼ੇਬ ਨੂੰ ਲਿਖਿਆ ਕਿ ਜਦੋਂ ਜ਼ੁਲਮ ਦੇ ਖਿਲਾਫ ਸਾਰੇ ਹੀਲੇ ਮੁੱਕ ਜਾਣ ਤਾਂ ਤਲਵਾਰ ਉਠਾਉਣੀ ਪੈਂਦੀ ਹੈ, "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਾਂ ਬਾ ਸ਼ਮਸ਼ੀਰ ਦਸਤ।" ਇਸੇ ਸਿਧਾਂਤ ਦੀ ਤਰਜ਼ਮਾਨੀ ਕਰਦਿਆਂ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਕਿਹਾ ਹੈ, "ਇਨਕਲਾਬੀ, ਆਪਣੇ ਪਰਉਪਕਾਰ ਦੇ ਸਿਧਾਂਤਾਂ ਕਾਰਨ ਸ਼ਾਂਤੀ ਦੇ ਪ੍ਰੇਮੀ ਹਨ-ਅਸਲੀ ਅਤੇ ਪੱਕੀ ਸ਼ਾਂਤੀ ਜੋ ਇਨਸਾਫ ਅਤੇ ਬਰਾਬਰੀ 'ਤੇ ਆਧਾਰਤ ਹੈ, ਭਰਮਾਊ ਸ਼ਾਂਤੀ ਨਹੀਂ ਜੋ ਕਾਇਰਤਾ ਵਿਚੋਂ ਅਤੇ ਸੰਗੀਨਾਂ ਰਾਹੀਂ ਕਾਇਮ ਕੀਤੀ ਜਾਂਦੀ ਹੈ। ਜੇ ਇਨਕਲਾਬੀ ਬੰਬਾਂ ਅਤੇ ਪਿਸਤੌਲਾਂ ਦੀ ਵਰਤੋਂ ਕਰਦੇ ਹਨ, ਇਹ ਆਖਰੀ ਹੀਲੇ ਵਜੋਂ ਇੱਕ ਭਿਆਨਕ ਲੋੜ ਹੁੰਦੀ ਹੈ।"

# ਉਦਮੁ ਕਰਤ ਹੋਵੈ ਮਨੁ ਨਿਰਮਲ...

## ਗੁਰਬਾਣੀ ਗਿਆਨ

ਆਸਾ ਮਹਲਾ ੫
ਉਦਮੁ ਕਰਤ ਹੋਵੈ ਮਨੁ ਨਿਰਮਲੁ
ਨਾਚੈ ਆਪੁ ਨਿਵਾਰੇ॥
ਪੰਚ ਜਨਾ ਲੇ ਵਸਗਤਿ ਰਾਖੈ
ਮਨ ਮਹਿ ਏਕੰਕਾਰੇ॥੧॥
ਤੇਰਾ ਜਨੁ ਨਿਰਤਿ
ਕਰੇ ਗੁਨ ਗਾਵੈ॥
ਰਬਾਬੁ ਪਖਾਵਜ ਤਾਲ ਘੁੰਘਰੂ
ਅਨਹਦ ਸਬਦੁ ਵਜਾਵੈ॥੧॥ ਰਹਾਉ॥
ਪ੍ਰਥਮੇ ਮਨੁ ਪਰਬੋਧੈ
ਅਪਨਾ ਪਾਛੈ ਅਵਰ ਰੀਝਾਵੈ॥
ਰਾਮ ਨਾਮ ਜਪੁ ਹਿਰਦੈ ਜਾਪੈ
ਮੁਖ ਤੇ ਸਗਲ ਸੁਨਾਵੈ॥੨॥
ਕਰ ਸੰਗਿ ਸਾਧੂ ਚਰਨ ਪਖਾਰੈ
ਸੰਤ ਧੂਰਿ ਤਨਿ ਲਾਵੈ॥
ਮਨੁ ਤਨੁ ਅਰਪਿ ਧਰੇ
ਗੁਰ ਆਗੈ ਸਤਿ ਪਦਾਰਥੁ ਪਾਵੈ॥੩॥
ਜੋ ਜੋ ਸੁਨੈ ਪੇਖੈ ਲਾਇ ਸਰਧਾ
ਤਾ ਕਾ ਜਨਮ ਮਰਨ ਦੂਖੁ ਭਾਗੈ॥
ਐਸੀ ਨਿਰਤਿ ਨਰਕ
ਨਿਵਾਰੈ ਨਾਨਕ ਗੁਰਮੁਖਿ ਜਾਗੈ॥੪॥

ਪੰਚਮ ਪਾਤਸ਼ਾਹ ਆਖਦੇ ਹਨ ਕਿ ਹੇ ਮੇਰੇ ਪ੍ਰਭੂ ਜੀਉ! ਤੇਰਾ ਭਗਤ ਜੋ ਤੇਰੇ ਗੁਣ ਗਾਇਨ ਕਰਦਾ ਹੈ, ਉਹ ਮਾਨੋ ਤੇਰੇ ਪਿਆਰ ਵਿਚ ਨੱਚ ਰਿਹਾ ਹੈ। ਰਬਾਬ, ਪਖਾਵਜ, ਤਬਲਾ, ਛੈਣੇ ਤੇ ਘੁੰਗਰੂ- ਸਾਰੇ ਸਾਜ਼ਾਂ ਦੀ ਆਵਾਜ਼ ਅਨਹਦ ਸ਼ਬਦ ਵਿਚੋਂ, ਭਾਵ ਤੇਰੀ ਸਿਫਤ ਸਲਾਹ ਵਿਚੋਂ ਹੀ ਸੁਣ ਰਹੀ ਹੈ। ਪ੍ਰਭੂ ਦੇ ਭਗਤ ਦਾ ਮਨ ਸਿਮਰਨ ਨਾਲ ਨਿਰਮਲ ਹੋਈ ਜਾਂਦਾ ਹੈ। ਆਪੇ ਨੂੰ ਭੁੱਲ ਕੇ ਪ੍ਰਭੂ ਨਾਲ ਜੁੜਨਾ ਹੀ ਉਸ ਦਾ ਨਾਚ ਹੈ ਤੇ ਉਹ ਪ੍ਰਭੂ ਨੂੰ ਮਨ ਵਿਚ ਵਸਾ ਕੇ ਪੰਜਾਂ ਚੋਰਾਂ ਨੂੰ ਵਸ ਵਿਚ ਕਰ ਲੈਂਦਾ ਹੈ।

ਪ੍ਰਥਮੇ ਮਨੁ ਪਰਬੋਧੈ
ਅਪਨਾ ਪਾਛੈ ਅਵਰ ਰੀਝਾਵੈ॥
ਰਾਮ ਨਾਮ ਜਪੁ ਹਿਰਦੈ ਜਾਪੈ
ਮੁਖ ਤੇ ਸਗਲ ਸੁਨਾਵੈ॥੨॥

ਉਸ ਮਿਹਰਬਾਨ ਪ੍ਰਭੂ ਦਾ ਭਗਤ ਨਾਮ ਸਿਮਰਨ ਕਰ ਕੇ ਪਹਿਲਾਂ ਤਾਂ ਮੋਹ ਦੀ ਨੀਂਦ ਵਿਚ ਸੁੱਤੇ ਹੋਏ ਆਪਣੇ ਮਨ ਨੂੰ ਜਗਾਉਂਦਾ ਹੈ, ਫਿਰ ਦੂਜਿਆਂ ਦੇ ਅੰਦਰ ਪ੍ਰਭੂ ਮਿਲਾਪ ਦੀ ਰੀਝ ਪੈਦਾ ਕਰਦਾ ਹੈ। ਉਹ ਪਹਿਲਾਂ ਆਪਣੇ ਹਿਰਦੇ ਵਿਚ ਰਾਮ ਨਾਮ ਦਾ ਸਿਮਰਨ ਕਰਦਾ ਹੈ ਅਤੇ ਫਿਰ ਮੁਖ ਤੇ ਸਗਲ ਸੁਨਾਵੇ, ਹੋਰਾਂ ਨੂੰ ਭੀ ਸੁਣਾਉਂਦਾ ਹੈ। ਸੋ, ਹੇ ਭਾਈ! ਇਹ ਹੀ ਮਾਨਸ ਜਨਮ ਦੀ ਕਮਾਈ ਹੈ। ਆਪ ਵੀ ਨਾਮ ਜਪੋ ਤੇ ਹੋਰਾਂ ਨੂੰ ਜਪਾਵੋ।

ਕਰ ਸੰਗਿ ਸਾਧੂ ਚਰਨ ਪਖਾਰੈ
ਸੰਤ ਧੂਰਿ ਤਨਿ ਲਾਵੈ॥
ਮਨੁ ਤਨੁ ਅਰਪਿ ਧਰੇ
ਗੁਰ ਆਗੈ ਸਤਿ ਪਦਾਰਥੁ ਪਾਵੈ॥੩॥

ਗੁਰਦੇਵ ਜੀ ਆਖਦੇ ਹਨ ਕਿ ਪ੍ਰਭੂ ਦਾ ਸੇਵਕ ਪਹਿਲਾਂ ਆਪਣੇ ਹੱਥਾਂ ਨਾਲ ਗੁਰਮੁਖ ਪਿਆਰਿਆਂ ਦੇ ਚਰਨ ਧੋਂਦਾ ਹੈ, ਉਪਰੰਤ ਸੰਤ ਜਨਾਂ ਦੀ ਚਰਨ ਧੂੜੀ ਨੂੰ ਆਪਣੇ ਸਰੀਰ 'ਤੇ ਲਾਉਂਦਾ ਹੈ ਅਤੇ ਫਿਰ ਆਪਣਾ ਮਨ ਅਤੇ ਤਨ-ਗੁਰੂ ਨੂੰ ਅਰਪਣ ਕਰ ਦਿੰਦਾ ਹੈ। ਫਿਰ ਸੱਚ ਜੋ ਸਦਾ ਹੀ ਕਾਇਮ ਰਹਿਣ ਵਾਲਾ ਪਦਾਰਥ ਹੈ, ਉਹ ਗੁਰੂ ਕੋਲੋਂ ਨਾਮ ਸਿਮਰਨ ਦੇ ਰੂਪ ਵਿਚ ਪ੍ਰਾਪਤ ਕਰ ਲੈਂਦਾ ਹੈ। ਸੋ, ਭਾਈ! ਨਾਮ ਸਿਮਰਨ ਹੀ ਉਤਮ ਹੈ।

ਜੋ ਜੋ ਸੁਨੈ ਪੇਖੈ ਲਾਇ ਸਰਧਾ
ਤਾ ਕਾ ਜਨਮ ਮਰਨ ਦੂਖੁ ਭਾਗੈ॥
ਐਸੀ ਨਿਰਤਿ ਨਰਕ
ਨਿਵਾਰੈ ਨਾਨਕ ਗੁਰਮੁਖਿ ਜਾਗੈ॥੪॥

ਹੁਣ ਗੁਰਦੇਵ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ! ਉਸ ਅਕਾਲ ਪੁਰਖ ਪ੍ਰਭੂ ਦਾ ਨਾਮ ਸਿਮਰਨ ਐਸਾ ਨਾਚ ਹੈ ਕਿ ਜੋ ਵੀ ਜੀਵ ਇਸ ਨੂੰ ਸ਼ਰਧਾ ਅਤੇ ਪਿਆਰ ਨਾਲ ਸੁਣਦਾ ਹੈ ਤੇ ਵੇਖਦਾ ਹੈ, ਉਸ ਜੀਵ ਦਾ ਜਨਮ ਅਤੇ ਮਰਨ ਦਾ ਦੁੱਖ ਹਮੇਸ਼ਾ ਲਈ ਹੀ ਦੂਰ ਹੋ ਜਾਂਦਾ ਹੈ। ਇਹ ਪ੍ਰਭੂ ਭਗਤੀ ਤੇ ਨਾਮ ਸਿਮਰਨ ਦਾ ਜੋ ਨ੍ਰਿਤ ਹੈ, ਇਹ ਗੁਰੂ ਦੀ ਸ਼ਰਨ ਵਿਚ ਪੈ ਕੇ ਨਾਮ ਜਪਣ ਵਾਲੇ ਜੀਵ ਨੂੰ ਨਰਕਾਂ ਵਿਚ ਪੈਣ ਤੋਂ ਬਚਾ ਲੈਂਦਾ ਹੈ। ਉਹ ਜੀਵ ਮੋਹ ਮਾਇਆ ਦੀ ਨੀਂਦ ਵਿਚੋਂ ਜਾਗ ਕੇ ਪ੍ਰਭੂ ਨਾਲ ਜੁੜ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਨਾਨਕੁ ਤਿਨ ਕੈ ਸੰਗਿ ਸਾਥਿ

## ਮਨੁੱਖਤਾ ਦੇ ਰਾਹ ਦਸੇਰਾ ਗੁਰੂ ਨਾਨਕ ਦੇਵ



ਗੁਰੂ ਨਾਨਕ ਦੇਵ ਮਨੁੱਖਤਾ ਦੇ ਰਾਹ ਦਸੇਰਾ ਹਨ। ਉਨ੍ਹਾਂ ਦੇ ਜੀਵਨ ਇਤਿਹਾਸ ਅਤੇ ਉਪਦੇਸ਼ਾਂ ਤੋਂ ਇਹ ਗੱਲ ਸਪੱਸ਼ਟ ਹੈ ਕਿ ਉਨ੍ਹਾਂ ਸਮੁੱਚੀ ਮਨੁੱਖਤਾ ਦੇ ਕਲਿਆਣ ਲਈ ਹੰਭਲਾ ਮਾਰਿਆ। ਉਨ੍ਹਾਂ ਦਾ ਜਨਮ 1469 ਈਸਵੀ ਵਿਚ ਪਾਕਿਸਤਾਨ ਦੇ ਵਰਤਮਾਨ ਨਗਰ ਸ੍ਰੀ ਨਨਕਾਣਾ ਸਾਹਿਬ ਵਿਚ ਹੋਇਆ। ਸਿੱਖ ਇਤਿਹਾਸ ਵਿਚੋਂ ਉਨ੍ਹਾਂ ਦੇ ਜੀਵਨ ਵਿਚ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਨਿਵੇਕਲੇ ਮਹੱਤਵ ਦੇ ਲਖਾਇਕ ਤੱਤ ਦ੍ਰਿਸ਼ਟਮਾਨ ਹੋ ਜਾਂਦੇ ਹਨ। ਉਨ੍ਹਾਂ ਨੇ ਮੁੱਢ ਤੋਂ ਹੀ ਮਨੁੱਖੀ ਏਕਤਾ, ਬਰਾਬਰੀ ਤੇ ਧਾਰਮਿਕ ਸਹਿ-ਹੋਂਦ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਇਆ ਹੋਇਆ ਸੀ। ਉਨ੍ਹਾਂ ਦਾ ਆਗਮਨ ਅਜਿਹੇ ਯੁੱਗ ਵਿਚ ਹੋਇਆ ਜਦ ਉੱਤਰ-ਪੱਛਮੀ ਭਾਰਤ ਅਧੋਗਤੀ ਦਾ ਸ਼ਿਕਾਰ ਸੀ। ਇਸ ਅਧੋਗਤੀ ਦਾ ਵਰਣਨ ਉਨ੍ਹਾਂ ਆਪਣੀ ਪਾਵਨ ਬਾਣੀ ਵਿਚ ਕਈ ਥਾਵਾਂ 'ਤੇ ਕੀਤਾ ਹੈ। ਉਨ੍ਹਾਂ ਸਿੱਖ ਧਰਮ ਨੂੰ ਸਿਰਫ ਅਧਿਆਤਮਿਕਤਾ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਇਸ ਧਰਮ ਨੂੰ ਮਨੁੱਖੀ ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਦਇਆ, ਸੇਵਾ, ਸੰਤੋਖ, ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜਿਉਣ ਦੇ ਯੋਗ ਬਣਾਇਆ। ਉਨ੍ਹਾਂ ਦਾ ਸੁਨੇਹਾ ਬੜਾ ਸਰਲ ਅਤੇ ਸਪਸ਼ਟ ਸੀ ਅਤੇ ਲੋਕਾਂ ਨੇ ਉਨ੍ਹਾਂ ਦੇ ਹਰ ਸੱਦੇ ਨੂੰ ਭਰਪੂਰ ਹੁੰਗਾਰਾ ਭਰਿਆ।

ਗੁਰੂ ਨਾਨਕ ਦੇ ਸਮੇਂ ਹਿੰਦੁਸਤਾਨ ਵਿਚ ਬ੍ਰਾਹਮਣਾਂ, ਕਾਜ਼ੀਆਂ ਅਤੇ ਜੋਗੀਆਂ ਦਾ ਬੋਲਬਾਲਾ ਸੀ। ਇਹ ਲੋਕ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਗਰਦਾਨਦੇ ਸਨ, ਪਰ ਸ੍ਰੀ ਗੁਰੂ ਨਾਨਕ ਦੇ ਵਿਚਾਰ ਅਨੁਸਾਰ ਇਹ ਧਰਮ ਤੋਂ ਅਸਲੋਂ ਹੀ ਸੱਖਣੇ ਸਨ। ਇਨ੍ਹਾਂ ਨੇ ਆਪਣੇ ਸੁਆਰਥ ਖ਼ਾਤਰ ਧਾਰਮਿਕ ਭੇਖ ਅਪਣਾਇਆ ਹੋਇਆ ਸੀ ਅਤੇ ਇਹ ਆਮ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ। ਇਸ ਦਾ ਜ਼ਿਕਰ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥ (ਪੰਨਾ 662)

ਗੁਰੂ ਨਾਨਕ ਦੇ ਸਮੇਂ ਹਿੰਦੁਸਤਾਨੀ ਸਮਾਜ ਵਿਚ ਇਸਤਰੀ ਦੀ ਦਸ਼ਾ ਬੜੀ ਮਾੜੀ ਸੀ। ਇਸਤਰੀ ਨੂੰ ਪੈਰ ਦੀ ਜੁੱਤੀ, ਦਾਸੀ ਅਤੇ ਪਰਦੇ ਆਦਿ ਵਿਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਅਜਿਹੀ ਹਾਲਤ ਵਿਚ ਇਸਤਰੀ ਨੇ ਵੀ ਅਧੀਨਗੀ ਨੂੰ ਆਪਣੇ ਜੀਵਨ ਦਾ ਜਮਾਂਦਰੂ ਅੰਗ ਸਵੀਕਾਰ ਕਰ ਲਿਆ ਸੀ। ਉਨ੍ਹਾਂ ਨੇ ਇਸਤਰੀ ਦੇ ਸਨਮਾਨ ਨੂੰ ਹਕੀਕੀ ਤੌਰ 'ਤੇ ਬਹਾਲ ਕਰਦਿਆਂ ਆਪਣੇ ਪੰਥ ਵਿਚ ਮਰਦ ਦੇ ਬਰਾਬਰ ਖੜ੍ਹਾ ਕਰ ਦਿੱਤਾ। ਇਸਤਰੀ ਦੇ ਮਾਣ-ਸਤਿਕਾਰ ਅਤੇ ਵਡਿਆਈ ਦੇ ਹੱਕ ਵਿਚ ਬੁਲੰਦ ਕੀਤੀ ਆਵਾਜ਼ ਉਨ੍ਹਾਂ ਦੀ ਬਾਣੀ ਵਿਚੋਂ ਨਿਹਾਰੀ ਜਾ ਸਕਦੀ ਹੈ। ਉਨ੍ਹਾਂ ਦਾ ਫਰਮਾਨ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥ (ਪੰਨਾ 473)

ਇਸੇ ਤਰ੍ਹਾਂ ਗੁਰੂ ਨਾਨਕ ਨੇ ਊਚ-ਨੀਚ ਅਤੇ ਜਾਤ-ਪਾਤ ਦੇ ਵੰਡ-ਵਿਤਕਰੇ ਦੀ ਨਿਖੇਧੀ ਕੀਤੀ। ਇਹ ਨਹੀਂ ਕਿ ਉਨ੍ਹਾਂ ਨੇ ਲੋਕਾਂ ਨੂੰ ਹੀ ਉਪਦੇਸ਼ ਕੀਤਾ, ਸਗੋਂ ਇਸ 'ਤੇ ਆਪ ਵੀ ਅਮਲੀ ਰੂਪ ਵਿਚ ਪਹਿਰਾ ਦਿੱਤਾ। ਉਹ ਫ਼ਰਮਾਉਂਦੇ ਹਨ:

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥ (ਪੰਨਾ 15)

ਗੁਰੂ ਨਾਨਕ ਨੇ ਵਹਿਮਾਂ-ਭਰਮਾਂ ਦਾ ਖੰਡਨ ਕਰ ਕੇ ਮੂਲ-ਮੰਤਰ ਵਿਚ ਪਰਮਾਤਮਾ ਦੇ ਸਰੂਪ ਦੀ ਵਿਆਖਿਆ ਕੀਤੀ ਅਤੇ ਉਸ ਦੀ ਪ੍ਰਾਪਤੀ ਦਾ ਮਾਰਗ ਵੀ ਦੱਸਿਆ। ਜਪੁਜੀ ਸਾਹਿਬ ਵਿਚ ਗੁਰੂ ਸਾਹਿਬ ਨੇ ਸਚਿਆਰ ਮਨੁੱਖ ਦੀ ਅਵਸਥਾ ਬਿਆਨ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਨਾਮ ਸਿਮਰਨ ਦੁਆਰਾ ਮਨ ਤੋਂ ਵਿਕਾਰਾਂ ਦੀ ਮੈਲ ਲੱਥ ਜਾਂਦੀ ਹੈ ਅਤੇ ਮਨ ਜਾਗ੍ਰਿਤ ਹੋ ਜਾਂਦਾ ਹੈ। ਜਿਹੜੇ ਮਨੁੱਖ ਪਰਮਾਤਮਾ ਦੀ ਯਾਦ ਵਿਚ ਆਪਣੇ ਮਨ ਨੂੰ ਟਿਕਾਈ ਰੱਖਦੇ ਹਨ, ਉਹ ਉਸੇ ਵਿਚ ਅਭੇਦ ਹੋ ਜਾਂਦੇ ਹਨ ਅਤੇ ਨਾਮ ਮਾਰਗ ਉਪਰ ਚੱਲ ਕੇ ਸਰਬੱਤ ਦੇ ਭਲੇ ਵਾਲਾ ਜੀਵਨ ਬਤੀਤ ਕਰਦੇ ਹਨ। ਗੁਰੂ ਸਾਹਿਬ ਫਰਮਾਉਂਦੇ ਹਨ:

ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ॥ (ਪੰਨਾ 8)

ਗੁਰੂ ਨਾਨਕ ਨੇ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰਨ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ ਅਤੇ ਕਿਹਾ ਕਿ ਪਵਿੱਤਰ ਕਮਾਈ ਉਹੀ ਹੈ ਜਿਹੜੀ ਦਿਆਨਤਦਾਰੀ ਤੇ ਇਮਾਨਦਾਰੀ ਨਾਲ ਕੀਤੀ ਗਈ ਹੋਵੇ। ਝੂਠ ਬੋਲ ਕੇ ਅਤੇ ਠੱਗੀ ਮਾਰ ਕੇ ਕੀਤੀ ਕਮਾਈ ਹੱਕ-ਸੱਚ ਦੀ ਕਮਾਈ ਨਹੀਂ ਕਹੀ ਜਾ ਸਕਦੀ। ਰਿਸ਼ਵਤ ਲੈ ਕੇ ਜਾਂ ਭ੍ਰਿਸ਼ਟ ਤਰੀਕੇ ਨਾਲ ਕੀਤੀ ਕਮਾਈ ਲੋਕਾਂ ਦਾ ਖ਼ੂਨ ਚੂਸਣ ਦੇ ਬਰਾਬਰ ਹੈ। ਇਥੇ ਹੀ ਬਸ ਨਹੀਂ, ਹੱਕ-ਸੱਚ ਦੀ ਕੀਤੀ ਕਮਾਈ ਨੂੰ ਵੰਡ ਛਕਣ ਦਾ ਉਪਦੇਸ਼ ਵੀ ਗੁਰੂ ਨਾਨਕ ਦਾ ਵਿਲੱਖਣ ਸਿਧਾਂਤ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ 1245)

'ਕਿਛੁ ਹਥਹੁ ਦੇਇ' ਦਾ ਇਹ ਸਿਧਾਂਤ ਦੂਜੇ ਧਾਰਮਿਕ ਮੱਤਾਂ ਦੇ ਦਾਨ ਆਦਿ ਦੇ ਸਿਧਾਂਤ ਨਾਲੋਂ ਵਿਲੱਖਣ ਅਰਥ ਰੱਖਦਾ ਹੈ ਕਿਉਂਕਿ ਦੂਜੇ ਮੱਤਾਂ ਵਿਚ ਦਾਨ ਆਪਣੇ ਨਿੱਜੀ ਹਿੱਤ ਜਾਂ ਅਗਲੇ ਜਨਮ ਵਿਚ ਚੰਗੇ ਫਲ ਦੀ ਕਾਮਨਾ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਸੀ, ਪਰ ਗੁਰੂ ਸਾਹਿਬ ਨੇ ਦਾਨ ਦੇ ਅਰਥ ਕਿਸੇ ਮਕਸਦ ਦੀ ਪੂਰਤੀ ਜਾਂ ਵਿਅਕਤੀਗਤ ਲਾਭ ਨੂੰ ਮੁੱਖ ਰੱਖ ਕੇ ਨਹੀਂ ਕੀਤੇ ਸਗੋਂ ਉਨ੍ਹਾਂ ਦੇ ਇਸ ਸਿਧਾਂਤ ਵਿਚੋਂ 'ਸਰਬੱਤ ਦੇ ਭਲੇ' ਦੀ ਖਾਹਿਸ਼ ਉਜਾਗਰ ਹੁੰਦੀ ਹੈ। ਵੰਡ ਛਕਣ ਜਾਂ ਲੋੜਵੰਦਾਂ ਦੀ ਸਹਾਇਤਾ ਕਰਨ ਬਾਰੇ ਗੁਰੂ ਜੀ ਦੇ ਹੁਕਮ ਨਾਲ ਸ਼ਰਤ ਇਹ ਹੈ ਕਿ ਇਹ ਸਹਾਇਤਾ ਮਿਹਨਤ ਅਥਵਾ 'ਘਾਲਿ' ਦੀ ਕਮਾਈ ਵਿਚੋਂ ਹੋਣੀ ਚਾਹੀਦੀ ਹੈ।

ਨਾਨਕ ਪਾਤਸ਼ਾਹ ਦੇ ਉਪਦੇਸ਼ਾਂ ਵਿਚੋਂ 'ਸਰਬੱਤ ਦੇ ਭਲੇ' ਦੀ ਭਾਵਨਾ ਉਜਾਗਰ ਹੁੰਦੀ ਹੈ। ਉਹ ਕੇਵਲ ਸਿੱਖਾਂ ਦੇ ਹੀ ਨਹੀਂ, ਸਗੋਂ ਸਮੁੱਚੀ ਮਨੁੱਖਤਾ ਦੇ ਸੱਚੇ ਮਾਰਗਦਰਸ਼ਕ ਸਨ ਜਿਨ੍ਹਾਂ ਨੇ ਭਰਮ-ਭੁਲੇਖਿਆਂ ਵਿਚ ਭਟਕ ਰਹੀ ਲੋਕਾਈ ਦਾ ਸਹੀ ਮਾਰਗਦਰਸ਼ਨ ਕਰ ਕੇ, ਉਸ ਨੂੰ ਪਰਮਾਰਥ ਦੇ ਰਾਹ ਤੋਰਿਆ। ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ ਜੋ ਸਦੀਵੀ ਸੇਧ ਦੇਣ ਵਾਲੇ ਹਨ।

# ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਸ੍ਰੀ ਨਨਕਾਣਾ ਸਾਹਿਬ



ਗੁਰਦੁਆਰਾ ਜਨਮ ਸਥਾਨ ਤੋਂ ਅੱਧੇ-ਪੌਣੇ ਕਿਲੋਮੀਟਰ ਦੀ ਵਿੱਥ 'ਤੇ ਗੁਰਦੁਆਰਾ ਤੰਬੂ ਸਾਹਿਬ ਸੁਸ਼ੋਭਿਤ ਹੈ। ਇਸ ਸਥਾਨ 'ਤੇ ਤੰਬੂ ਦੀ ਤਰ੍ਹਾਂ ਫੈਲਿਆ ਹੋਇਆ ਬੋਹੜ ਦਾ ਵਿਸ਼ਾਲ ਪੁਰਾਣਾ ਰੁੱਖ ਹੈ। ਇਸ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਚੂਹੜਕਾਣੇ ਤੋਂ ਸੱਚਾ ਸੌਦਾ ਕਰਨ ਤੋਂ ਬਾਅਦ ਵਾਪਸੀ ਸਮੇਂ ਰੁਕੇ ਸਨ।

ਸ੍ਰੀ ਨਨਕਾਣਾ ਸਾਹਿਬ ਉਹ ਮੁਕੱਦਸ ਨਗਰ ਹੈ ਜਿਥੇ ਜਗਤ ਗੁਰੂ ਬਾਬਾ ਨਾਨਕ ਜੀ, ਨਿਰੰਕਾਰ ਦੇ ਸਾਕਾਰ ਰੂਪ ਵਿਚ ਪਿਤਾ ਮਹਿਤਾ ਕਾਲੂ ਚੰਦ ਬੇਦੀ ਦੇ ਘਰ, ਮਾਤਾ ਤ੍ਰਿਪਤਾ ਦੇਵੀ ਦੀ ਕੁੱਖੋਂ ਵਿਸਾਖ ਸੁਦੀ 3 (20 ਵਿਸਾਖ), ਸੰਮਤ 1526 (ਭਾਈ ਲਾਲੋ ਵਾਲੀ ਸਾਖੀ ਵਿਚ ਜਨਮ ਕੱਤਕ ਸੁਦੀ 15 ਦਾ ਲਿਖਿਆ ਹੈ) ਨੂੰ ਪ੍ਰਗਟ ਹੋਏ। ਇਸ ਕਸਬੇ ਦਾ ਪਹਿਲਾ ਨਾਂ ਰਾਏਪੁਰ ਤੇ ਫਿਰ ਰਾਇ ਭੋਇ ਦੀ ਤਲਵੰਡੀ ਹੋਇਆ। ਉਨ੍ਹਾਂ ਦੇ ਆਗਮਨ ਨਾਲ ਇਸ ਦਾ ਨਾਂ ਉਨ੍ਹਾਂ ਦੇ ਨਾਂ ਤੋਂ ਨਨਕਾਣਾ ਸਾਹਿਬ ਜਗਤ ਪ੍ਰਸਿੱਧ ਹੋਇਆ। ਗੁਰੂ ਸਾਹਿਬ ਵਿਚ ਰੱਬੀ ਨੂਰ ਦੇਖਣ ਵਾਲਾ ਪਹਿਲਾ ਸ਼ਖ਼ਸ ਇਸੇ ਰਾਇ ਭੋਇ ਦੀ ਮੰਡੀ ਦਾ ਚੌਧਰੀ ਰਾਇ ਬੁਲਾਰ ਭੱਟੀ ਸੀ ਜਿਸ ਨੇ ਗੁਰੂ ਨਾਨਕ ਦੀ ਭੈਣ ਬੇਬੇ ਨਾਨਕੀ ਤੋਂ ਬਾਅਦ ਗੁਰੂ ਜੀ 'ਚੋਂ ਰੱਬੀ ਜੋਤਿ ਨੂੰ ਪਛਾਣਿਆ। ਬਾਬਾ ਜੀ ਦੇ ਪਿਤਾ ਮਹਿਤਾ ਕਾਲੂ ਜੀ ਰਾਇ ਬੁਲਾਰ ਦੇ ਗੁਮਾਸ਼ਤੇ ਸਨ ਤੇ ਉਸ ਦੀਆਂ ਜ਼ਮੀਨਾਂ ਦਾ ਪ੍ਰਬੰਧ ਕਰਦੇ ਸਨ।

ਸ੍ਰੀ ਨਨਕਾਣਾ ਸਾਹਿਬ ਦੇ ਮੇਨ ਬਾਜ਼ਾਰ ਵਿਚ ਮੱਥੇ 'ਤੇ ਗੁਰਦੁਆਰਾ ਜਨਮ ਸਥਾਨ ਸੁਸ਼ੋਭਿਤ ਹੈ। ਗੁਰੂ ਸਾਹਿਬ ਤੋਂ ਬਾਅਦ ਪੰਜਵੀਂ ਪਾਤਸ਼ਾਹੀ ਤੱਕ ਇਹ ਮੁਕੱਦਸ ਸਥਾਨ ਆਮ ਹਾਲਤ ਵਿਚ ਹੀ ਰਿਹਾ। ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਸ ਪਾਵਨ ਸਥਾਨ ਦੇ ਦਰਸ਼ਨਾਂ ਨੂੰ ਆਏ ਤਾਂ ਇਸ ਅਸਥਾਨ ਦੀ ਸੇਵਾ ਉਨ੍ਹਾਂ ਆਪਣੇ ਚੇਲੇ ਅਲਮਸਤ ਜੀ ਨੂੰ ਸੌਂਪੀ ਜਿਸ ਦੇ ਬਾਅਦ ਲੰਬਾ ਸਮਾਂ ਇਸ ਸਥਾਨ ਦੀ ਸੇਵਾ-ਸੰਭਾਲ ਉਦਾਸੀ ਸਾਧੂ ਕਰਦੇ ਰਹੇ। ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਅਸਥਾਨ ਦਾ ਨਵ-ਨਿਰਮਾਣ ਕਰਵਾ ਕੇ ਆਲੀਸ਼ਾਨ ਇਮਾਰਤ ਦਾ ਨਿਰਮਾਣ ਕਰਵਾਇਆ।

ਗੁਰਦੁਆਰਾ ਜਨਮ ਅਸਥਾਨ ਦੇ ਪਾਸ ਹੀ ਇਕ ਗਲੀ ਵਿਚ ਗੁਰਦੁਆਰਾ ਪੱਟੀ ਸਾਹਿਬ ਮੌਜੂਦ ਹੈ। ਇਸ ਸਥਾਨ 'ਤੇ 1475 ਈਸਵੀ ਵਿਚ ਗੁਰੂ ਜੀ ਨੂੰ ਪੰਡਿਤ ਗੋਪਾਲ ਦਾਸ ਪਾਸ ਹਿੰਦੀ ਪੜ੍ਹਨ ਲਈ 1478 ਈਸਵੀ ਵਿਚ ਪੰਡਿਤ ਬ੍ਰਿਜ ਲਾਲ ਪਾਸ ਸੰਸਕ੍ਰਿਤ ਅਤੇ 1482 ਈਸਵੀ ਵਿਚ ਮੌਲਵੀ ਕੁਤਬਉੱਦੀਨ ਪਾਸ ਫ਼ਾਰਸੀ ਪੜ੍ਹਨ ਲਈ ਭੇਜਿਆ ਗਿਆ। ਗੁਰੂ ਨਾਨਕ ਦੇਵ ਦੀ ਤੀਖਣ ਬੁੱਧੀ, ਆਤਮਿਕ ਗਿਆਨ ਅਤੇ ਰੌਸ਼ਨ ਦਿਮਾਗ ਦੇ ਸਾਹਮਣੇ ਵਾਰੀ-ਵਾਰੀ ਤਿੰਨਾਂ ਹੀ ਸੰਸਾਰਕ ਉਸਤਾਦਾਂ ਨੇ ਸਿਰ ਨਿਵਾਇਆ। ਗੁਰੂ ਜੀ ਨੇ ਪ੍ਰਚੱਲਿਤ ਵਿੱਦਿਆ 'ਤੇ ਕਟਾਖ ਕਰਦਿਆਂ ਵਿੱਦਿਆ ਦਾ ਅਸਲ ਸਰੂਪ ਉਜਾਗਰ ਕੀਤਾ। ਉਨ੍ਹਾਂ ਨੇ ਇਨ੍ਹਾਂ ਉਸਤਾਦਾਂ ਦੇ ਸ਼ੰਕੇ ਨਵਿਰਤ ਕਰਨ ਲਈ ਆਸਾ ਰਾਗ ਵਿਚ ਪੱਟੀ ਨਾਂ ਦੀ ਬਾਣੀ ਉਚਾਰਨ ਕੀਤੀ:

ਸਸੈ ਸੋਇ ਸ੍ਰਿਸਟਿ ਜਿਨ ਸਾਜੀ
ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੈ ਚਿਤੁ ਜਿਨ ਕਾ ਲਾਗਾ
ਆਇਆ ਤਿਨ ਕਾ ਸਫਲੁ ਭਇਆ॥

ਜਿਸ ਸਥਾਨ 'ਤੇ ਗੁਰਦੇਵ ਨੂੰ ਪੜ੍ਹਨ ਲਈ ਭੇਜਿਆ ਗਿਆ ਸੀ, ਉਸੇ ਸਥਾਨ 'ਤੇ ਗੁਰਦੁਆਰਾ ਪੱਟੀ ਸਾਹਿਬ ਸੁਭਾਇਮਾਨ ਹੈ। ਇਸ ਸਥਾਨ 'ਤੇ ਮੌਲਵੀ ਕੁਤਬੁਉੱਦੀਨ ਪਾਸੋਂ ਫ਼ਾਰਸੀ ਪੜ੍ਹਨ ਕਰ ਕੇ ਇਸ ਸਥਾਨ ਨੂੰ ਗੁਰਦੁਆਰਾ ਮੌਲਵੀ ਪੱਟੀ ਸਾਹਿਬ ਵੀ ਆਖਿਆ ਜਾਂਦਾ ਹੈ।

ਗੁਰਦੁਆਰਾ ਪੱਟੀ ਸਾਹਿਬ ਦੇ ਪਾਸ ਹੀ ਗੁਰਦੁਆਰਾ ਬਾਲ ਲੀਲਾ ਮੌਜੂਦ ਹੈ। ਇਸ ਸਥਾਨ 'ਤੇ ਗੁਰੂ ਜੀ ਬਾਲ ਉਮਰ ਵਿਚ ਆਪਣੇ ਹਾਣੀਆਂ ਨਾਲ ਖੇਡਿਆ ਕਰਦੇ ਸਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਬਾਬਾ ਜੀ ਆਪਣੇ ਦੇਸ਼ ਦੇਸ਼ਾਂਤਰਾਂ ਦੇ ਰਟਨ ਸਮੇਂ ਜਦ ਵੀ ਤਲਵੰਡੀ ਆਉਂਦੇ ਸਨ, ਰਾਇ ਬੁਲਾਰ ਜੀ ਉਨ੍ਹਾਂ ਦੀ ਟਹਿਲ ਸੇਵਾ ਕਰਦੇ ਸਨ। ਇਕ ਵਾਰ ਆਪ ਤਲਵੰਡੀ ਆਏ ਤਾਂ ਆਪ ਨੇ ਪਾਣੀ ਦੀ ਘਾਟ ਦਾ ਵਰਣਨ ਕੀਤਾ। ਰਾਇ ਜੀ ਨੇ ਉਸੇ ਸਮੇਂ ਨਾਨਕਸਰ ਨਾਂ ਦਾ ਸਰੋਵਰ ਬਣਵਾ ਦਿੱਤਾ। ਇਹ ਸਰੋਵਰ ਅੱਜ ਵੀ ਗੁਰਦੁਆਰਾ ਬਾਲ ਲੀਲਾ ਦੇ ਬਿਲਕੁਲ ਨਾਲ ਵਿਦਮਾਨ ਹੈ।

ਗੁਰਦੁਆਰਾ ਜਨਮ ਸਥਾਨ ਤੋਂ ਅੱਧੇ-ਪੌਣੇ ਕਿਲੋਮੀਟਰ ਦੀ ਵਿੱਥ 'ਤੇ ਗੁਰਦੁਆਰਾ ਤੰਬੂ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਤੰਬੂ ਦੀ ਤਰ੍ਹਾਂ ਫੈਲਿਆ ਹੋਇਆ ਬੋਹੜ ਦਾ ਵਿਸ਼ਾਲ ਪੁਰਾਣਾ ਰੁੱਖ ਹੈ। ਇਸ ਸਥਾਨ 'ਤੇ ਗੁਰੂ ਨਾਨਕ ਚੂਹੜਕਾਣੇ ਤੋਂ ਸੱਚਾ ਸੌਦਾ ਕਰਨ ਤੋਂ ਬਾਅਦ ਵਾਪਸੀ ਸਮੇਂ ਰੁਕੇ ਸਨ। ਗੁਰਦੁਆਰਾ ਤੰਬੂ ਸਾਹਿਬ ਦੇ ਪਾਸ ਹੀ ਉਹ ਸਥਾਨ ਹੈ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਤੋਂ ਵਾਪਸੀ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੂਹ ਪ੍ਰਾਪਤ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਪਧਾਰੇ ਸਨ। ਗੁਰੂ ਜੀ ਇਸ ਜਗ੍ਹਾ 'ਤੇ ਤਿੰਨ ਦਿਨ ਠਹਿਰੇ। ਬਾਅਦ ਵਿਚ ਇਥੇ ਯਾਦਗਾਰੀ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਣਾਇਆ ਗਿਆ। ਦੱਸਿਆ ਜਾਂਦਾ ਹੈ ਕਿ ਇਥੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮੁਬਾਰਕ ਚਰਨ ਪਾਏ ਸਨ। ਗੁਰਦੁਆਰਾ ਪੰਜਵੀਂ ਪਾਤਸ਼ਾਹੀ ਦੀ ਇਮਾਰਤ ਸੁਰੱਖਿਅਤ ਹੈ। ਗੁਰਦੁਆਰਾ ਜਨਮ ਅਸਥਾਨ ਮੇਨ ਬਾਜ਼ਾਰ ਨਾਲ ਲੱਗਦੀ ਇਕ ਗਲੀ ਵਿਚ ਗੁਰਦੁਆਰਾ ਮਾਲ ਜੀ ਸਾਹਿਬ ਵੀ ਆਪਣੀ ਸ਼ਾਨ ਨੂੰ ਬਰਕਰਾਰ ਰੱਖ ਰਿਹਾ ਹੈ। ਨਨਕਾਣਾ ਸਾਹਿਬ 'ਚ ਗੁਰਦੁਆਰਾ ਕਿਆਰਾ ਸਾਹਿਬ ਵੀ ਹੈ। ਦੱਸਦੇ ਹਨ ਕਿ ਹਿੰਦੂ-ਮੁਸਲਮਾਨਾਂ ਵਿਚ ਗੁਰੂ ਜੀ ਦਾ ਮਾਣ-ਸਤਿਕਾਰ ਦਿਨ-ਬਦਿਨ ਵਧਦਾ ਗਿਆ।

### ਸ੍ਰੀ ਨਨਕਾਣਾ ਸਾਹਿਬ

ਸੰਨ ਸੰਤਾਲੀ ਕਾਹਦਾ ਆਇਆ ਐਸੀ ਝੁੱਲੀ ਹਨੇਰੀ,
ਮਿਲ ਜਾਵੇ ਨਨਕਾਣਾ ਸਾਹਿਬ ਸਾਨੂੰ, ਲਾਈ ਵਾਹ ਬਥੇਰੀ।
ਡਾਢੇ ਅੱਗੇ ਜ਼ੋਰ ਨਾ ਚੱਲਿਆ ਵਰਤ ਗਿਆ ਫਿਰ ਭਾਣਾ,
ਮਾੜੀ ਕਿਸਮਤ ਸਾਡੀ ਤੇ ਸਾਥੋਂ ਖੁੱਸ ਗਿਆ ਨਨਕਾਣਾ।

ਦੂਰ ਨੇੜੇ ਦੀ ਗੱਲ ਕੋਈ ਨਾ, ਪਰ ਹੱਦਾਂ 'ਤੇ ਗੱਲ ਰਹਿ ਗਈ,
ਦੋਹਾਂ ਦੇਸ਼ਾਂ ਝੰਡੇ ਗੱਡ ਲਏ, ਫਿਰ ਮੁਸੀਬਤ ਪੈ ਗਈ।
ਵਸ ਰਹੀ ਨਾ ਗੱਲ ਸਾਡੇ, ਹੁਣ ਪੈ ਗਿਆ ਵਕਤ ਲੰਘਾਣਾ,
ਮਾੜੀ ਕਿਸਮਤ ਸਾਡੀ ਤੇ ਸਾਥੋਂ ਖੁੱਸ ਗਿਆ ਨਨਕਾਣਾ।

ਨਾ ਸੋਚਣ ਨਾ ਸਮਝਣ ਇਥੇ, ਕੁਝ ਨਾ ਕਰਨ ਸਰਕਾਰਾਂ,
ਪਾਸਪੋਰਟ ਕਈ ਚੁੱਕੀ ਫਿਰਦੇ, ਵੇਖੇ ਸਿੰਘ ਹਜ਼ਾਰਾਂ।
ਰਾਹਦਾਰੀ ਨਾ ਵੀਜ਼ਾ ਦੱਸ ਫਿਰ, ਵੇਖਣ ਕੀਹਨੇ ਜਾਣਾ।
ਮਾੜੀ ਕਿਸਮਤ ਸਾਡੀ ਤੇ ਸਾਥੋਂ ਖੁੱਸ ਗਿਆ ਨਨਕਾਣਾ।

ਆ ਬਾਬਾ ਹੁਣ ਪਾ ਫੇਰਾ, ਤੈਨੂੰ ਦੁਖੜੇ ਖੋਲ੍ਹ ਸੁਣਾਈਏ,
ਚੁੱਕੀਆਂ ਜਾਣ ਜੇ ਹੱਦਾਂ, ਸਾਰੇ ਜਾ ਕੇ ਭੁੱਲ ਬਖਸ਼ਾਈਏ।
ਉਸੇ ਦਿਨ ਹੀ 'ਦੇਵ' ਨੇ ਦਿੱਲੀਉਂ, ਲਾਹੌਰ ਦਾ ਟਿਕਟ ਕਟਾਣਾ,
ਮਾੜੀ ਕਿਸਮਤ ਸਾਡੀ ਤੇ ਸਾਥੋਂ ਖੁੱਸ ਗਿਆ ਨਨਕਾਣਾ।

*-ਦੇਵ ਘੋਲੀਆ ਖੁਰਦ (ਮੋਗਾ)*
*ਫੋਨ: 559-232-7764*

# ਗਦਰੀ ਬਾਬਿਆਂ ਦੀ ਇਨਕਲਾਬੀ ਸੋਚ ਅਤੇ ਅਮਲ ਨੂੰ ਸਲਾਮ

***ਇਹ ਪਰਚਾ ਹਾਲ ਹੀ ਵਿਚ ਦੇਸ਼ ਭਗਤ ਯਾਦਗਾਰ ਹਾਲ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ ਹੋਏ ਇੱਕੀਵੇਂ ਮੇਲੇ ਵਿਚ ਪੜ੍ਹਿਆ ਗਿਆ ਸੀ ਪਰ ਇਸ ਪਰਚੇ ਵਿਚ ਲੇਖਕਾ ਨੇ ਗਦਰੀ ਬਾਬਿਆਂ ਨੂੰ ਆਪਣੀ ਅਕੀਦਤ ਦੇ ਫੁੱਲ ਭੇਟ ਕਰਦਿਆਂ ਸਾਨੂੰ ਸੱਦਾ ਦਿੱਤਾ ਹੈ ਕਿ ਅਸੀਂ ਗਦਰੀ ਬਾਬਿਆਂ ਵਲੋਂ ਮਿਥੇ ਨਿਸ਼ਾਨੇ ਤੋਂ ਥਿੜਕੀਏ ਨਾ ਅਤੇ ਮਾਨਵੀ ਬਰਾਬਰੀ ਦੇ ਉਨ੍ਹਾਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹੰਭਲਾ ਮਾਰੀਏ। -ਸੰਪਾਦਕ***

ਗਦਰੀ ਬਾਬਿਆਂ ਦੀ ਯਾਦ ਵਿਚ ਮਨਾਏ ਜਾ ਰਹੇ ਇਸ 21ਵੇਂ ਮੇਲੇ ਮੌਕੇ ਸਮੂਹ ਦੇਸ਼ ਅਤੇ ਬਦੇਸ਼ ਵਾਸੀਆਂ ਤੇ ਸਮਾਜਿਕ ਪਰਿਵਰਤਨ ਲਈ ਸੰਘਰਸ਼ਸ਼ੀਲ ਲੋਕਾਂ ਨੂੰ ਇਨਕਲਾਬੀ ਸ਼ੁੱਭ ਇੱਛਾਵਾਂ ਅਤੇ ਵਧਾਈ। ਇਸ ਮੇਲੇ ਵਿਚ ਜਿਥੇ ਅਗਾਂਹਵਧੂ ਦੇਸ਼ ਭਗਤ, ਧਰਮ ਨਿਰਪੱਖ ਅਤੇ ਇਨਕਲਾਬੀ ਰੰਗਾਂ ਵਿਚ ਰੰਗੀਆਂ ਹੋਈਆਂ ਭਿੰਨ ਭਿੰਨ ਸਭਿਆਚਾਰਕ ਵੰਨਗੀਆਂ-ਗੀਤ-ਸੰਗੀਤ, ਭਾਸ਼ਣ, ਕੁਇਜ਼ ਮੁਕਾਬਲੇ, ਪੇਟਿੰਗ, ਕਵੀ ਦਰਬਾਰ, ਵਿਚਾਰ ਗੋਸ਼ਟੀਆਂ, ਨਾਟਕ ਅਤੇ ਕੋਰਿਓਗ੍ਰਾਫ਼ੀਆਂ ਆਦਿ ਦਰਸ਼ਕਾਂ ਦੇ ਸਨਮੁੱਖ ਪੇਸ਼ ਕੀਤੀਆਂ ਜਾਂਦੀਆਂ ਹਨ, ਉਥੇ ਨਾਲ ਹੀ ਗਦਰ ਪਾਰਟੀ ਅਤੇ



**ਡਾ. ਰਘਬੀਰ ਕੌਰ***

ਦੇਸ਼ ਦੀ ਆਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਕਰਨ ਵਾਲੀਆਂ ਹੋਰ ਵੱਖ-ਵੱਖ ਜੁਝਾਰੂ ਧਾਰਾਵਾਂ, ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਸ ਦੇ ਸਾਥੀਆਂ ਵਲੋਂ ਆਜ਼ਾਦੀ, ਬਰਾਬਰੀ ਅਤੇ ਸਮਾਜਿਕ ਨਿਆਂ ਦੀ ਪ੍ਰਾਪਤੀ ਵਾਸਤੇ ਰਚੇ ਗਏ ਯਾਦਗਾਰੀ ਇਤਿਹਾਸ ਦੀਆਂ ਗਾਥਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਪਰੰਪਾਰਾਵਾਂ ਨੂੰ ਅਜੋਕੀਆਂ ਪ੍ਰਸਥਿਤੀਆਂ ਵਿਚ ਜਾਰੀ ਰੱਖਣ ਦਾ ਅਹਿਦ ਦੁਹਰਾਇਆ ਜਾਂਦਾ ਹੈ।

ਅਸਲ ਵਿਚ ਗਦਰੀ ਸੂਰਬੀਰਾਂ ਦੀ ਯਾਦ ਵਿਚ ਮਨਾਏ ਜਾਂਦੇ ਇਸ ਮੇਲੇ, ਜੋ ਇਸ ਵਾਰ ਆਜ਼ਾਦੀ ਸੰਗਰਾਮ 'ਚ ਆਜ਼ਾਦ ਹਿੰਦ ਫ਼ੌਜ ਦੀ ਭੂਮਿਕਾ ਨੂੰ ਸਮਰਪਿਤ ਹੈ, ਨੇ ਹਾਕਮ ਲੁਟੇਰੇ ਵਰਗਾਂ ਦੀਆਂ ਸਰਕਾਰਾਂ ਅਤੇ ਹਾਕਮ ਪਾਰਟੀਆਂ ਵਲੋਂ ਲੋਕਾਂ ਨੂੰ ਪਰੋਸੇ ਜਾ ਰਹੇ ਅਸ਼ਲੀਲ, ਖਪਤਵਾਦੀ, ਅਸਮਾਜਿਕ ਤੇ ਸਥਾਪਤੀ ਪੱਖੀ ਸਭਿਆਚਾਰ ਦੇ ਮੁਕਾਬਲੇ ਵਿਚ ਇਕ ਸਿਹਤਮੰਦ, ਅਗਾਂਹਵਧੂ, ਮਾਨਵਵਾਦੀ ਅਤੇ ਤਬਦੀਲੀ ਮੁੱਖੀ ਨਰੋਏ ਸਭਿਆਚਾਰ ਨੂੰ ਪ੍ਰਫੁਲਤ ਕਰਨ ਦਾ ਇਕ ਮੰਚ ਪੇਸ਼ ਕੀਤਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਸਮਝਦੀ ਹੈ ਕਿ ਦੇਸ਼ ਨੂੰ ਦਰਪੇਸ਼ ਮੌਜੂਦਾ ਸੰਕਟ ਵਿਚੋਂ ਬਾਹਰ ਕੱਢਣ ਵਾਸਤੇ ਗਦਰੀ ਬਾਬਿਆਂ ਵਲੋਂ ਦਰਸਾਏ ਧਰਮ ਨਿਰਪੱਖਤਾ, ਦੇਸ਼ ਭਗਤੀ ਅਤੇ ਸਾਂਝੀਵਾਲਤਾ ਦੇ ਉਸ ਸੁਨੇਹੇ ਨੂੰ ਮੁੜ ਆਪਣੇ ਚੇਤਿਆਂ ਵਿਚ ਸਮੋਣ ਅਤੇ ਉਸ ਉਪਰ ਅਮਲ ਕਰਨ ਦੀ ਵੱਡੀ ਜ਼ਰੂਰਤ ਹੈ। ਸਾਮਰਾਜੀ ਸ਼ਕਤੀਆਂ ਸਾਡੇ ਹਾਕਮਾਂ ਦੀ ਮਿਲੀ-ਭੁਗਤ ਰਾਹੀਂ ਭਾਰਤੀ ਮੰਡੀ, ਇਸ ਦੇ ਅਨਮੋਲ ਕੁਦਰਤੀ ਖ਼ਜ਼ਾਨਿਆਂ ਅਤੇ ਵਿੱਤੀ ਖੇਤਰ ਉਪਰ ਕਬਜ਼ਾ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ।

ਸਰਕਾਰ ਵਲੋਂ ਅਪਨਾਈਆਂ ਜਾ ਰਹੀਆਂ ਸਾਮਰਾਜ ਨਿਰਦੇਸ਼ਤ, ਨਵ ਉਦਾਰਵਾਦੀ ਨੀਤੀਆਂ ਕਰਕੇ ਦੇਸ਼ ਨੂੰ ਗਰੀਬੀ, ਭੁੱਖਮਰੀ, ਬੇਕਾਰੀ, ਮਹਿੰਗਾਈ, ਅਨਪੜ੍ਹਤਾ ਅਤੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਲਾਹਨਤਾਂ ਨੇ ਘੇਰ ਰਖਿਆ ਹੈ। ਅਰਬਾਂ ਰੁਪਏ ਦੇ ਭ੍ਰਿਸ਼ਟਾਚਾਰੀ ਕਾਰਨਾਮਿਆਂ ਨਾਲ ਹਾਕਮ ਧਿਰਾਂ ਦੇ ਬਹੁਤ ਸਾਰੇ ਨੇਤਾ ਸੰਸਾਰ ਪ੍ਰਸਿੱਧੀ ਹਾਸਿਲ ਕਰ ਗਏ ਹਨ। ਔਰਤਾਂ, ਪਛੜੇ ਅਤੇ ਦਲਿਤ ਜਾਤੀਆਂ ਨਾਲ ਸਬੰਧਤ ਵੱਡੇ ਹਿੱਸੇ ਦੇ ਲੋਕਾਂ ਉਪਰ ਜ਼ਬਰ ਅਤੇ ਆਮ ਲੋਕਾਂ ਉਪਰ ਅਨਿਆਂ ਦੀਆਂ ਵਾਰਦਾਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਕਾਨੂੰਨ ਅਤੇ ਪ੍ਰਬੰਧ ਦੀ ਵਿਵਸਥਾ ਡਗਮਗਾ ਗਈ ਹੈ। ਪ੍ਰੰਤੂ ਕਾਨੂੰਨ ਪ੍ਰਬੰਧ ਕਾਇਮ ਰੱਖਣ ਲਈ ਜ਼ਿੰਮੇਵਾਰ 'ਸਰਕਾਰੀ ਮਸ਼ੀਨਰੀ', ਲੋਕ ਲਹਿਰਾਂ ਅਤੇ ਸੰਘਰਸ਼ਸ਼ੀਲ ਲੋਕਾਂ ਉਪਰ ਜ਼ਬਰ ਢਾਹੁਣ ਵਿਚ ਪੂਰੀ ਤਰ੍ਹਾਂ ਮਸਰੂਫ਼ ਹੈ। ਦੇਸ਼ ਭਗਤਾਂ ਵਲੋਂ ਕੁਰਬਾਨੀ, ਸਾਦਗੀ ਤੇ ਨਿਰਸਵਾਰਥ ਸੇਵਾ ਦੀਆਂ ਪਰੰਪਰਾਵਾਂ ਦੇ ਉਲਟ ਸਾਡੇ ਹਾਕਮ ਲੁੱਟ-ਖਸੁੱਟ, ਸੁਆਰਥ ਅਤੇ ਮੌਕਾਪ੍ਰਸਤੀ ਦੇ ਰਾਹ ਤੁਰੇ ਹੋਏ ਹਨ। ਅਜਿਹੇ ਵਿਚ ਆਜ਼ਾਦੀ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਵਾਲੇ ਦੇਸ਼ ਭਗਤਾਂ ਤੇ ਗਦਰੀ ਸੂਰਬੀਰਾਂ ਦੀ ਵਿਰਾਸਤ ਵੀ ਦੋ-ਪਾਸੜ ਹਮਲਿਆਂ ਦੀ ਸ਼ਿਕਾਰ ਹੈ। ਇਕ ਹਮਲਾ ਹੈ, ਹਾਕਮ ਧਿਰ ਵਲੋਂ, ਜਿਨ੍ਹਾਂ ਨੇ ਪਹਿਲਾਂ ਤਾਂ ਇਸ ਜੁਝਾਰੂ ਦੇਸ਼ ਭਗਤੀ ਦੀ ਵਿਰਾਸਤ ਨੂੰ ਲੋਕਾਂ ਦੇ ਜ਼ਿਹਨ ਵਿਚੋਂ ਮਿਟਾਉਣ ਖਾਤਰ ਇਸ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰੀ ਰਖਿਆ ਤੇ ਇਨ੍ਹਾਂ ਸੂਰਬੀਰ ਯੋਧਿਆਂ ਨੂੰ ਅਤਿਵਾਦੀ, ਸਿਰਫਿਰੇ ਤੇ ਬੇਸਮਝ ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜਿਆ, ਹੁਣ ਜਦੋਂ ਇਨ੍ਹਾਂ ਸੂਰਬੀਰ ਯੋਧਿਆਂ ਦਾ ਸਿਰਜਿਆ ਇਤਿਹਾਸ ਹਨੇਰ ਗਲੀ ਵਿਚ ਫਸੇ ਲੋਕਾਂ ਲਈ ਰਾਹ ਦਾਸੇਰਾ ਬਣ ਰਿਹਾ ਹੈ, ਤਦ ਇਹੀ ਹਾਕਮ ਟੋਲਾ ਲੋਕਾਂ ਲਈ ਜਾਨਾਂ ਨਿਛਾਵਰ ਕਰਨ ਵਾਲੇ ਇਨ੍ਹਾਂ ਇਤਿਹਾਸ ਰਚੇਤਿਆਂ ਨੂੰ ਉਧਾਲਣ ਦਾ ਯਤਨ ਕਰ ਰਿਹਾ ਹੈ। ਉਹ ਇਨ੍ਹਾਂ ਦੇਸ਼ ਭਗਤਾਂ ਦੇ ਪੈਰੋਕਾਰ ਹੋਣ ਦਾ ਪਖੰਡ ਕਰਕੇ ਆਪਣੀਆਂ ਕਾਲੀਆਂ ਕਰਤੂਤਾਂ ਉਪਰ ਪਰਦਾ ਪਾਉਣ ਦਾ ਜੁਗਾੜ ਕਰਨਾ ਚਾਹੁੰਦੇ ਹਨ।

ਦੇਸ਼ ਭਗਤਾਂ ਦੀ ਵਿਰਾਸਤ ਉਪਰ ਦੂਸਰਾ ਹੱਲਾ ਹੈ, ਪਿਛਾਖੜੀ ਅਤੇ ਸਾਮਰਾਜ ਹਿਤੈਸ਼ੀ ਫਿਰਕੂ ਅਤੇ ਜਾਤੀ-ਪਾਤੀ ਤਾਕਤਾਂ ਦਾ। ਧਾਰਮਿਕ ਕੱਟੜਤਾ ਅਤੇ ਜਾਤੀ-ਪਾਤੀ ਵਲਗਣਾਂ ਤੋਂ ਪਰ੍ਹਾਂ ਹੱਟ ਕੇ ਬਰਾਬਰੀ, ਧਰਮ-ਨਿਰਪੱਖਤਾ ਅਤੇ ਇਨਕਲਾਬੀ ਵਿਚਾਰਾਂ ਦਾ ਝੰਡਾ ਬੁਲੰਦ ਕਰਨ ਵਾਲੇ ਸਮੂਹ ਦੇਸ਼ ਭਗਤਾਂ ਅਤੇ ਗਦਰੀ ਸੂਰਬੀਰਾਂ ਨੂੰ ਹਿੰਦੂ, ਸਿੱਖ ਜਾਂ ਕਿਸੇ ਖਾਸ ਜਾਤ ਤੇ ਫਿਰਕੇ ਨਾਲ ਸਬੰਧਤ ਹੋਣ ਦਾ ਵਿਸ਼ਲੇਸ਼ਣ ਲਗਾ ਕੇ ਅਸਲ ਵਿਚ ਉਹ ਇਨ੍ਹਾਂ ਮਹਾਪੁਰਸ਼ਾਂ ਦੀ ਵਿਚਾਰਧਾਰਾ ਨੂੰ ਖੁੰਡਿਆ ਕਰਨਾ ਚਾਹੁੰਦੇ ਹਨ ਅਤੇ ਧਰਮਾਂ ਤੇ ਜਾਤਾਂ ਦੀਆਂ ਸੌੜੀਆਂ ਤੇ ਸਵਾਰਥੀ ਵਲਗਣਾਂ ਵਿਚ ਸੁੰਗੇੜਨਾ ਚਾਹੁੰਦੇ ਹਨ।

ਇਤਿਹਾਸ ਗਵਾਹ ਹੈ ਕਿ ਗਦਰ ਪਾਰਟੀ ਵਲੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਾਮਰਾਜ ਵਿਰੁਧ ਲੜੀ ਗਈ ਲੜਾਈ ਵਿਚ ਉਨ੍ਹਾਂ ਦੀ ਧਰਮ-ਨਿਰਪੱਖ ਪਹੁੰਚ ਬਾਰੇ ਕਦੀ ਵੀ ਕਿਸੇ ਸ਼ੱਕ-ਸ਼ੁਭੇ ਦੀ ਗੁੰਜਾਇਸ਼ ਨਹੀਂ ਰਹੀ। ਫਿਰ ਵੀ ਜੇ ਸਾਨੂੰ ਅੱਜ ਇਸ ਮਸਲੇ ਬਾਰੇ ਵਾਰ ਵਾਰ ਗੱਲਬਾਤ ਕਰਨੀ ਪੈ ਰਹੀ ਹੈ ਤਾਂ ਇਸ ਪਿੱਛੇ ਉਨ੍ਹਾਂ ਕੁਝ ਮੁੱਠੀ ਭਰ ਲੋਕਾਂ ਦੀ ਗਿਣੀ ਮਿਥੀ ਯੋਜਨਾ ਨੂੰ ਪਰਦੇ ਵਿਚੋਂ ਬਾਹਰ ਲਿਆਉਣਾ ਸਾਡਾ ਮਕਸਦ ਹੈ ਜੋ ਪਿਛਲੇ ਕੁਝ ਸਮੇਂ ਤੋਂ ਗਦਰੀ ਬਾਬਿਆਂ ਵਲੋਂ ਦੇਸ਼ ਦੀ ਆਜ਼ਾਦੀ ਲਈ ਲੜੀ ਭਰਾਤਰੀ-ਭਾਵ ਉਪਰ ਆਧਾਰਤ, ਹਿੰਦੂ, ਸਿੱਖ ਤੇ ਮੁਸਲਮਾਨਾਂ ਦੀ ਸਾਂਝੀ ਲੜਾਈ ਨੂੰ ਕੇਵਲ ਤੇ ਕੇਵਲ 'ਸਿੱਖਾਂ ਦੀ ਲੜਾਈ' ਬਣਾ ਕੇ ਪੇਸ਼ ਕਰਨਾ ਚਾਹ ਰਹੇ ਹਨ। ਉਹ ਅਸਿੱਧੇ ਢੰਗ ਨਾਲ ਇਸ ਵਿਆਪਕ ਤੇ ਵਸੀਹ ਲੜਾਈ ਨੂੰ ਗਦਰੀ ਬਾਬਿਆਂ ਦੇ ਵੱਡੇ ਕੱਦ ਨੂੰ ਛੋਟਾ ਕਰਕੇ, ਆਪਣੀ ਛੋਟੀ ਲੜਾਈ ਦੇ ਹੱਕ ਵਿਚ ਭੁਗਤਾਉਣਾ ਚਾਹੁੰਦੇ ਹਨ। ਇੱਕ ਪਾਸੇ ਤਾਂ ਉਹ ਗਦਰ ਲਹਿਰ ਨੂੰ ਆਪਣੇ ਹੱਕ ਵਿਚ ਭੁਗਤਾਉਣਾ ਚਾਹੁੰਦੇ ਹਨ ਤੇ ਦੂਜੇ ਪਾਸੇ ਉਨ੍ਹਾਂ ਲੋਕਾਂ ਨੂੰ ਗਦਰੀ ਬਾਬਿਆਂ ਦੇ 'ਰਾਸ਼ਟਰਵਾਦੀ' ਹੋਣਾ ਵੀ ਸੁਖਾਉਂਦਾ ਨਹੀਂ। ਉਹ ਗੁਰੂਆਂ ਅਤੇ ਉਨ੍ਹਾਂ ਤੋਂ ਵਰੋਸਾਏ ਬਾਬਿਆਂ ਦੀ ਵਸੀਹ ਸੋਚ ਦੇ ਸਮੁੰਦਰ ਨੂੰ 'ਕੁੱਜੇ' ਵਿਚ ਸੁੰਗੇੜਨ 'ਤੇ ਤੁੱਲੇ ਹੋਏ ਹਨ।

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਲੋਕਾਂ ਨੂੰ ਪਹਿਲਾਂ ਕਦੀ ਇਨ੍ਹਾਂ ਬਾਬਿਆਂ ਦਾ ਮੋਹ-ਤੇਹ ਨਹੀਂ ਜਾਗਿਆ। ਹੁਣ ਜਦੋਂ ਪਿਛਲੇ ਸਾਲਾਂ ਤੋਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਦੇਸ਼-ਵਿਦੇਸ਼ ਵਿਚ ਗਦਰ ਲਹਿਰ ਦੀ ਸ਼ਤਾਬਦੀ ਨੂੰ ਵਿਸ਼ਵ ਪੱਧਰ ਉਤੇ ਮਨਾਉਣ ਦਾ ਹੋਕਾ ਦਿੱਤਾ ਹੈ ਤੇ ਇਸ ਤੋਂ ਪ੍ਰਭਾਵਿਤ ਹੋ ਕੇ ਦੇਸ਼-ਵਿਦੇਸ਼ ਵਿਚ ਗਦਰੀ ਬਾਬਿਆਂ ਦੇ ਵਾਰਸਾਂ ਨੇ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰਨੇ ਤੇ ਮੇਲੇ ਲਾਉਣੇ ਸ਼ੁਰੂ ਕੀਤੇ ਹਨ ਤਾਂ ਅਚਨਚੇਤ ਇਨ੍ਹਾਂ ਘੁਣਤਰੀ ਲੋਕਾਂ ਦੇ ਮਨਾਂ ਵਿਚ ਗਦਰੀ ਬਾਬਿਆਂ ਦਾ ਹੇਜ ਜਾਗ ਪਿਆ ਹੈ।

ਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਤੇ ਸਾਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ ਗਦਰੀ ਬਾਬਿਆਂ ਵਿਚੋਂ ਬਹੁਤ ਸਾਰੇ ਸਿੱਖੀ ਦੀ ਸਰਬੱਤ ਦੇ ਭਲੇ ਲਈ ਲੜੀ ਜਾਣ ਵਾਲੀ ਜੁਝਾਰੂ ਵਿਰਾਸਤ ਤੋਂ ਪ੍ਰਭਾਵਿਤ ਤੇ ਪ੍ਰੇਰਿਤ ਸਨ। ਅਸੀਂ ਇਹ ਵੀ ਮੰਨਦੇ ਹਾਂ ਕਿ ਗਦਰ ਪਾਰਟੀ ਦੇ ਬਹੁਤੇ ਆਗੂ ਜਾਂ ਵਰਕਰ ਸਿੱਖ ਧਰਮ ਵਿਚ ਯਕੀਨ ਰੱਖਣ ਵਾਲੇ ਸਨ। ਉਨ੍ਹਾਂ ਵਿਚੋਂ ਬਹੁਤ ਸਾਰੇ ਅੰਮ੍ਰਿਤਧਾਰੀ ਵੀ ਸਨ। ਇਸ ਵਿਚ ਵੀ ਸ਼ੱਕ ਨਹੀਂ ਕਿ ਗਦਰ ਲਹਿਰ ਦੇ ਉਥਾਨ ਅਤੇ ਪ੍ਰਚਾਰ-ਪਰਸਾਰ ਲਈ ਕੈਨੇਡਾ ਤੇ ਅਮਰੀਕਾ ਵਿਚਲੇ ਗੁਰਦੁਆਰੇ ਉਨ੍ਹਾਂ ਦੇ ਕੇਂਦਰੀ ਮਿਲਣ-ਵਿਚਰਨ ਤੇ ਵਿਚਾਰਨ ਵਾਲੇ ਅਸਥਾਨ ਸਨ। ਧਾਰਮਿਕ ਸਥਾਨ ਦੇ ਨਾਲ ਨਾਲ ਇਹ ਗੁਰਦੁਆਰੇ ਸਾਂਝੇ ਭਾਈਚਾਰਕ ਸਥਾਨ ਵੀ ਸਨ ਜਿਥੇ ਸਭ ਧਰਮਾਂ ਤੇ ਵਿਸ਼ਵਾਸਾਂ ਦੇ ਭਾਰਤੀ-ਪੰਜਾਬੀ ਮਿਲ ਬੈਠ ਕੇ ਆਪਣੇ ਸਾਂਝੇ ਮਸਲਿਆਂ ਅਤੇ ਦੁਸ਼ਵਾਰੀਆਂ ਦਾ ਟਾਕਰਾ ਕਰਨ ਲਈ ਸਾਂਝੀ ਰਾਇ ਬਣਾਉਂਦੇ ਤੇ ਆਪਣੀ ਕਾਰਜ ਸ਼ੈਲੀ ਉਲੀਕਦੇ ਸਨ। ਸਾਡਾ ਇਹ ਮੰਨਣਾ ਹੈ ਕਿ ਕਿਸੇ ਵੀ ਇਨਕਲਾਬੀ ਲੜਾਈ ਵਿਚ ਸਾਡਾ ਇਤਿਹਾਸ ਤੇ ਮਿਥਿਹਾਸ ਸਦਾ ਸਾਡਾ ਪ੍ਰੇਰਨਾ ਸਰੋਤ ਬਣਦਾ ਹੈ। ਉਸ ਤੋਂ ਮੁਨਕਰ ਹੋਣਾ ਹਕੀਕਤ ਤੋਂ ਇਨਕਾਰ ਕਰਨਾ ਹੈ। ਪਰ ਅਸੀਂ ਇਹ ਵੀ ਸਾਫ਼ ਕਰਨਾ ਚਾਹੁੰਦੇ ਹਾਂ ਕਿ ਗਦਰੀ ਬਾਬਿਆਂ ਨੇ ਧਰਮ ਨੂੰ ਨਿਰੋਲ ਨਿੱਜੀ ਮਸਲਾ ਸਮਝ ਕੇ ਹਰ ਇਕ ਨੂੰ ਉਸ ਦੇ ਵਿਸ਼ਵਾਸ ਅਨੁਸਾਰ ਜੀਣ ਅਤੇ ਮੰਨਣ ਦੀ ਖੁੱਲ੍ਹ ਦਿੱਤੀ ਸੀ ਪ੍ਰੰਤੂ ਦੇਸ਼ ਲਈ ਲੜੀ ਜਾਣ ਵਾਲੀ ਲੜਾਈ ਵਿਚ ਧਰਮ ਨੂੰ ਕਦੇ ਵੀ ਆੜ ਵਜੋਂ ਨਹੀਂ ਸੀ ਵਰਤਿਆ।

ਸਾਨੂੰ ਭੁਲੇਖਾ ਨਹੀਂ ਕਿ ਕੁਝ ਵਿਦਵਾਨ ਅੱਜ ਪੁਰਾਣੇ ਇਤਿਹਾਸ ਦੀ ਮਨਚਾਹੀ ਵਿਆਖਿਆ ਕਿਉਂ ਕਰ ਰਹੇ ਹਨ? ਫਿਰ ਵੀ ਅਸੀਂ ਦੱਸਣਾ ਚਾਹੁੰਦੇ ਹਾਂ ਕਿ ਜਿਹੜੇ 'ਹਿੰਦੁਸਤਾਨ' ਨੂੰ ਇਹ ਲੋਕ ਨਿਰੋਲ 'ਹਿੰਦੂਆਂ' ਦਾ ਮੁਲਕ ਮੰਨਵਾਉਣ 'ਤੇ ਤੁੱਲੇ ਹੋਏ ਹਨ, ਸਿੱਖ ਰਵਾਇਤਾਂ ਤੇ ਸਿੱਖ ਗੁਰੂਆਂ ਦਾ ਉਸ ਹਿੰਦੁਸਤਾਨ ਬਾਰੇ ਕੀ ਰਵੱਈਆ ਸੀ? ਅਸੀਂ ਇਹ ਵੀ ਸਾਫ ਕਰਨਾ ਚਾਹੁੰਦੇ ਹਾਂ ਕਿ ਜਿਹੜੇ 'ਰਾਸ਼ਟਰਵਾਦ' ਦੇ ਸੰਕਲਪ ਦੇ ਖਿਲਾਫ ਇਨ੍ਹਾਂ 'ਵਿਦਵਾਨਾਂ' ਨੇ ਰੌਲਾ ਚੁੱਕਿਆ ਹੋਇਆ ਹੈ ਤੇ ਜਿਸ ਰਾਸ਼ਟਰਵਾਦ ਲਈ ਲੜਨ ਕਰਕੇ ਇਹ ਸ਼ਹੀਦ ਭਗਤ ਸਿੰਘ ਤੇ ਗਦਰੀ ਬਾਬਿਆਂ ਦੇ ਆਲੋਚਕ ਵੀ ਹਨ, ਉਸ 'ਰਾਸ਼ਟਰਵਾਦ' ਨੂੰ ਦੇਸ਼ ਦੀ ਵੰਡ ਤੋਂ ਪਿਛਲੇ ਸੌੜੇ ਭਾਰਤੀ ਰਾਸ਼ਟਰਵਾਦ ਨਾਲ ਜੋੜ ਕੇ ਵੇਖਣਾ ਠੀਕ ਨਹੀਂ। ਹਰੇਕ ਰਾਜਨੀਤਕ ਸੰਕਲਪ ਨੂੰ ਵਿਸ਼ੇਸ਼ ਇਤਿਹਾਸਕ ਦੌਰ ਦੀਆਂ ਲੜਾਈਆਂ ਅਤੇ ਤਕਾਜ਼ਿਆਂ ਦੇ ਪ੍ਰਸੰਗ ਵਿਚ ਹੀ ਸਮਝਣਾ ਚਾਹੀਦਾ ਹੈ। ਉਸ ਸਮੇਂ ਸਾਰੇ ਭਾਰਤ ਵਾਸੀਆਂ ਲਈ ਜਾਤ, ਮਜ੍ਹਬ, ਫ਼ਿਰਕੇ ਜਾਂ ਇਲਾਕੇ ਤੋਂ ਉਪਰ ਉਠ ਕੇ ਅਤੇ ਆਪਸੀ ਪ੍ਰੇਮ-ਪਿਆਰ ਵਾਲਾ ਸਾਂਝਾ ਭਾਈਚਾਰਾ ਉਸਾਰ ਕੇ ਸਾਮਰਾਜ ਵਿਰੁਧ ਲੜਨਾ ਸਮੇਂ ਦੀ ਲੋੜ ਅਨੁਸਾਰ ਬਹੁਤ ਹੀ ਸ਼ਾਨਦਾਰ ਅਗਾਂਹਵਧੂ ਨਜ਼ਰੀਆ ਸੀ। ਗਦਰੀ ਬਾਬਿਆਂ ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਹੁਰਾਂ ਦੀ ਲੜਾਈ ਨੂੰ ਇਸੇ ਪਰਿਪੇਖ ਵਿਚ ਠੀਕ ਤਰ੍ਹਾਂ ਸਮਝਿਆ ਤੇ ਇਹਦਾ ਮੁਲੰਕਣ ਕੀਤਾ ਜਾ ਸਕਦਾ ਹੈ।

ਹੁਣ ਅਸੀਂ ਗੁਰੂਆਂ ਦੇ ਨਜ਼ਰੀਏ ਬਾਰੇ ਗੱਲ ਕਰਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਤਾਂ ਕਿਹਾ ਸੀ, 'ਨਾ ਹਮ ਹਿੰਦੂ ਨਾ ਮੁਸਲਮਾਨ।' ਉਨ੍ਹਾਂ ਨੇ ਇਹ ਆਖ ਕੇ ਇਕ ਤਰ੍ਹਾਂ ਨਾਲ ਆਪਣੇ ਆਪ ਨੂੰ ਫਿਰਕੂ ਵਲਗਣਾਂ ਤੋਂ ਪਾਰ ਕਰ ਲਿਆ ਸੀ ਅਤੇ ਆਪਣੇ ਕਲਾਵੇ ਵਿਚ ਸਾਰੀ ਮਨੁੱਖਤਾ ਸਮੋ ਲਈ ਸੀ। ਇੱਕ ਫਿਰਕੇ ਜਾਂ ਇੱਕ ਖਿੱਤੇ ਦੇ ਭਲੇ ਦੀ ਥਾਂ ਉਹ ਸਰਬੱਤ ਦਾ ਭਲਾ ਮੰਗਣ ਵਾਲੇ ਸਨ। ਇਸ ਵਿਸ਼ਵਾਸ ਵਾਲੇ ਗੁਰੂ ਸਾਹਿਬਾਨ ਲਈ ਕੀ ਇਹ ਮੁਲਕ ਪਰਾਇਆ ਜਾਂ ਬਿਗ਼ਾਨਾ ਸੀ ਜਾਂ ਕੇਵਲ ਇੱਕੋ ਫ਼ਿਰਕੇ ਦਾ ਹੀ ਸੀ? ਕੀ ਉਹ ਇਸ ਨੂੰ ਆਪਣਾ ਮੁਲਕ ਮੰਨਦੇ ਸਨ ਜਾਂ ਨਹੀਂ? ਬਾਬੇ ਨਾਨਕ ਨੇ ਤਾਂ ਬਾਬਰਵਾਣੀ ਉਚਾਰਦਿਆਂ 'ਹਿੰਦੁਸਤਾਨ' ਨੂੰ ਹੀ ਮੁੱਖ ਰਖਿਆ ਸੀ। 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ' ਆਖਣ ਵਾਲੇ ਗੁਰੂ ਨਾਨਕ ਸਾਹਿਬ ਤੋਂ ਬਾਬਰ ਦੇ ਹੱਲੇ ਵੇਲੇ ਹਿੰਦੁਸਤਾਨ ਨੂੰ ਪੈਂਦੀ ਮਾਰ ਬਰਦਾਸ਼ਤ ਨਹੀਂ ਸੀ ਹੋਈ। ਉਨ੍ਹਾਂ ਨੇ ਰੱਬ ਨੂੰ ਵੀ ਉਲਾਹਮਾ ਦਿੱਤਾ ਸੀ ਕਿ ਜੇ ਉਹ ਸਾਰੇ ਜੀਆਂ ਦਾ ਰਾਖਾ ਹੈ ਤਾਂ ਹੁਣ ਉਸ ਨੇ ਆਪਣੇ ਜੀਆਂ ਦੀ ਰੱਖਿਆ ਕਿਉਂ ਨਹੀਂ ਕੀਤੀ? ਉਸ ਰੱਬ ਨੇ ਸਕਤਿਆਂ ਤੋਂ ਉਨ੍ਹਾਂ ਦਾ ਬਚਾਅ ਕਿਉਂ ਨਹੀਂ ਕੀਤਾ? ਜੇ ਗੁਰੂ ਸਾਹਿਬਾਨ ਨੇ ਬਾਣੀ ਰਚੀ ਤਾਂ ਉਸ ਭਾਸ਼ਾ ਵਿਚ ਰਚੀ ਜਿਹੜੀ ਲਗਭਗ ਸਾਰੇ ਉਤਰੀ ਭਾਰਤ ਵਿਚ ਸਮਝੀ ਜਾਣ ਵਾਲੀ ਸੀ। ਉਨ੍ਹਾਂ ਦਾ ਇਹ ਯਤਨ ਵੀ ਵਸੀਹ ਹੋਣ ਦਾ ਸੀ, ਸੁੰਗੜਨ ਦਾ ਨਹੀਂ।

ਗੁਰੂ ਅਰਜਨ ਦੇਵ ਜੀ ਨੇ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਤਾਂ ਜਾਤ, ਮਜ਼ਹਬ ਤੇ ਇਲਾਕੇ ਦੇ ਭਿੰਨ-ਭੇਦ ਤੋਂ ਉਪਰ ਉਠ ਕੇ ਸਾਰੇ ਹਿੰਦੁਸਤਾਨ ਦੇ ਸੰਤਾਂ-ਭਗਤਾਂ ਦੀ ਬਾਣੀ ਨੂੰ ਇਸ ਵਿਚ ਸ਼ਾਮਲ ਕਰਕੇ ਇਸ ਨੂੰ ਸਮੁੱਚੀ ਮਾਨਵਤਾ ਦਾ ਗ੍ਰੰਥ ਬਣਾ ਦਿੱਤਾ। ਸਾਰਾ 'ਹਿੰਦੁਸਤਾਨ' ਤੇ 'ਹਿੰਦੁਸਤਾਨੀਅਤ' ਵੀ ਇਹਦੇ ਵਿਚ ਸ਼ਾਮਲ ਸੀ। ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਉਨ੍ਹਾਂ ਨੇ ਪੰਜ ਪਿਆਰੇ ਇਕੱਲੇ ਪੰਜਾਬ ਤੋਂ ਨਹੀਂ ਸਗੋਂ ਦੇਸ਼ ਦੇ ਵੱਖ-ਵੱਖ ਖਿੱਤਿਆਂ ਅਤੇ ਜਾਤਾਂ ਵਿਚੋਂ ਲਏ ਸਨ। ਇਹ ਦੱਸਣ ਦਾ ਮਕਸਦ ਸਿਰਫ ਇਹ ਹੈ ਕਿ ਸਿੱਖੀ ਸਾਰੀ ਮਨੁੱਖਤਾ ਨੂੰ ਕਲਾਵੇ ਵਿਚ ਲੈਂਦੀ ਸੀ। ਸਾਰੇ ਦੇਸ਼ ਨੂੰ ਆਪਣਾ ਸਮਝਦੀ ਸੀ ਤੇ ਗਦਰੀ ਬਾਬਿਆਂ ਨੇ ਵੀ ਗੁਰੂਆਂ ਵੱਲੋਂ ਦੱਸੀ ਤੇ ਸਮਝਾਈ ਇਸੇ ਸੱਚੀ ਸਿੱਖੀ ਨੂੰ ਆਪਣੇ ਦਿਲ ਵਿਚ ਵਸਾਇਆ ਸੀ। ਇਹ ਸਿੱਖੀ ਉਦੋਂ ਮੰਗ ਕਰਦੀ ਸੀ ਕਿ ਉਹਦੇ ਸਿੱਖ ਅੰਗਰੇਜ਼ ਸਾਮਰਾਜ ਦਾ ਮੁਕਾਬਲਾ ਕਰਨ ਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨ।

ਗ਼ਦਰੀਆਂ ਦੇ ਵਿਚਾਰ, ਵਿਹਾਰ ਤੇ ਕਿਰਦਾਰ ਉਤੇ ਸਹਿਜ ਝਾਤੀ ਪਾਇਆਂ ਹੀ ਉਨ੍ਹਾਂ ਦਾ ਧਰਮ-ਨਿਰਪੱਖ, ਦੇਸ਼-ਭਗਤ ਨਜ਼ਰੀਆ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਗਦਰ ਪਾਰਟੀ ਦੀ ਸਥਾਪਨਾ ਵੇਲੇ ਹੀ ਬਾਬਾ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ, ਲਾਲਾ ਹਰਦਿਆਲ ਨੂੰ ਜਨਰਲ ਸਕੱਤਰ ਤੇ ਭਾਈ ਕਾਂਸ਼ੀ ਰਾਮ ਮੜੌਲੀ ਨੂੰ ਖਜ਼ਾਨਚੀ ਬਣਾਉਣ ਤੋਂ ਹੀ ਪਾਰਟੀ ਦੀ ਮੁੱਢਲੀ ਧਰਮ-ਨਿਰਪੱਖ ਦਿੱਖ ਪ੍ਰਗਟ ਹੋ ਜਾਂਦੀ ਹੈ। ਗਦਰ ਸਾਹਿਤ ਵਿਚ ਵਾਰ-ਵਾਰ ਭਾਈਚਾਰਕ ਏਕੇ ਅਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਲੜੀ ਜਾਣ ਵਾਲੀ ਸਾਂਝੀ ਲੜਾਈ ਦੀ ਗੱਲ ਕੀਤੀ ਗਈ ਹੈ। 'ਗ਼ਦਰ ਦੀਆਂ ਗੂੰਜਾਂ' ਵਿਚ ਕੋਈ ਕਵਿਤਾ ਅਜਿਹੀ ਨਹੀਂ, ਜਿਸ ਵਿਚ ਥਾਂ-ਥਾਂ ਤੇ ਵਾਰ-ਵਾਰ ਹਿੰਦੁਸਤਾਨ ਦੀ ਗੁਲਾਮੀ ਦਾ ਜੂਲਾ ਗਲੋਂ ਲਾਹੁਣ ਦਾ ਹੋਕਾ ਨਾ ਦਿੱਤਾ ਗਿਆ ਹੋਵੇ। ਇਥੇ ਅਸੀਂ 'ਖਾਲਸਾ ਪੰਥ' ਨੂੰ ਸੰਬੋਧਤ ਹੋ ਕੇ ਲਿਖੀ ਇੱਕ ਕਵਿਤਾ 'ਪੰਥ ਅੱਗੇ ਪੁਕਾਰ' ਵਿਚੋਂ ਕੁਝ ਸਤਰਾਂ ਦੇ ਰਹੇ ਹਾਂ, ਜੋ ਦੱਸਦੀਆਂ ਹਨ ਕਿ ਸਿੱਖ, ਹਿੰਦੂ ਤੇ ਮੁਸਲਮਾਨ: ਇੱਕ ਦੇਸ਼ ਭਗਤ, ਇੱਕ ਇਨਕਲਾਬੀ ਤੇ ਇਕ ਰਾਸ਼ਟਰਵਾਦੀ ਦੀ ਹੋਂਦ ਅਸਲੋਂ ਇਕ ਮਿਕ ਸੀ। ਉਨ੍ਹਾਂ ਨੂੰ ਜਾਤਾਂ, ਫ਼ਿਰਕਿਆਂ ਅਤੇ ਚਿੰਨ੍ਹਾਂ ਦੇ ਆਧਾਰ 'ਤੇ ਵੰਡਿਆ ਨਹੀਂ ਸੀ ਜਾ ਸਕਦਾ। ਉਨ੍ਹਾਂ ਨੂੰ ਤਾਂ ਹਿੰਦ ਦੀ ਅਜ਼ਾਦੀ ਲਈ ਮਰ ਮਿਟਣਾ ਹੀ ਅਸਲੀ 'ਖ਼ਾਲਸਾ ਧਰਮ' ਲੱਗਦਾ ਹੈ।

ਪਰਉਪਰਕਾਰ ਕਾਰਨ ਗੁਰਾਂ ਸਾਜਿਆ ਸੀ।
ਹੱਥੀਂ ਕੀਤੇ ਸੀ ਜੰਗ ਕੁਮਾਲ ਸਿੰਘੋ।
ਏਸ ਹਿੰਦ ਦੀ ਰੱਖਿਆ ਕਰਨ ਖ਼ਾਤਰ।
ਵਾਰ ਦਿੱਤੇ ਸੀ ਜਿਗਰ ਦੇ ਲਾਲ ਸਿੰਘੋ।
ਭਾਰਤ ਮਾਤ ਦਾ ਜ਼ੁਲਮ ਮਟਾਣ ਖ਼ਾਤਰ।
ਚੁਣੇ ਗਏ ਸੀ ਵਿਚ ਦਵਾਲ ਸਿੰਘੋ।
ਅੱਜ ਮੁਲਕ ਅਜ਼ਾਦੀ ਵਿਚ ਖੇਡਣਾ ਸੀ।
ਕਰਦੇ ਪਿਆਰ ਜੇ ਗਦਰ ਦੇ ਨਾਲ ਸਿੰਘੋ।
ਭਾਰਤ ਮਾਤ ਦੇ ਬੱਚੇ ਨਾ ਮੂਲ ਬਿਕਦੇ।
ਲੈਂਦੇ ਗਦਰ ਜੇ ਅਸੀਂ ਸੰਭਾਲ ਸਿੰਘੋ।
ਜਿਨ੍ਹਾਂ ਗੋਰਿਆਂ ਤਿਲਕ ਨੂੰ ਕੈਦ ਕੀਤਾ।
ਉਨ੍ਹਾਂ ਕਰੋ ਹੁਣ ਗਰਕ ਪਤਾਲ ਸਿੰਘੋ।
ਬੈਠਾ ਵਿਚ ਜਪਾਨ ਦੇ ਬ੍ਰਕਤਉਲਾ।
ਤਕਵਾ ਰਖਿਆ ਜੁਲ ਜਲਾਲ ਸਿੰਘੋ।
ਕ੍ਰਿਸ਼ਨਾ ਵਰਮਾ ਜਾ ਵਿਚ ਫਰਾਂਸ ਬੈਠਾ।
ਮੈਡਮ ਕਾਮਾ ਦਾ ਕਰੋ ਖਿਆਲ ਸਿੰਘੋ।
ਭਾਰਤ ਮਾਤਾ ਦਾ ਭਾਰ ਉਤਾਰ ਦਿਓ।
ਭਾਰਤ ਮਾਤਾ ਦੇ ਨੌਨਿਹਾਲ ਸਿੰਘੋ।

ਇਹ 'ਸਿੱਖ ਵਿਦਵਾਨ' ਵੀ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਸਿੱਖੀ ਤਾਂ ਸਰਬੱਤ ਦੇ ਭਲੇ ਦਾ ਨਾਂ ਹੈ। ਪਰ ਇਨ੍ਹਾਂ ਦਾ ਮੁੱਖ ਬੁਲਾਰਾ ਇਸ ਗੱਲ 'ਤੇ ਦੁਖੀ ਹੈ ਕਿ ਗਦਰੀ ਬਾਬਿਆਂ ਨੇ, ਜੋ ਸਿੱਖ ਸਨ, ਹਿੰਦੁਸਤਾਨ ਵਿਚੋਂ ਨੌਜਵਾਨ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇ ਕੇ ਅਮਰੀਕਾ ਵਿਚ ਉਚੀ ਵਿੱਦਿਆ ਪ੍ਰਾਪਤ ਕਰਨ ਲਈ ਸੱਦਿਆ ਤਾਂ ਇਸ ਦਾ ਬਹੁਤਾ ਲਾਭ ਵੀ 'ਹਿੰਦੂ' ਵਿਦਿਆਰਥੀਆਂ ਨੇ ਲਿਆ। ਗਦਰੀ ਬਾਬੇ ਨੇ ਤਾਂ ਹਿੰਦੂ ਸਿੱਖ ਦਾ ਵਿਤਕਰਾ ਪਾਉਣਾ ਮੁਨਾਸਬ ਨਾ ਸਮਝਿਆ ਪਰ 'ਸਰਬੱਤ ਦੇ ਭਲੇ' ਦੀ ਗੱਲ ਕਰਨ ਵਾਲੇ ਇਸ ਵਿਦਵਾਨ ਨੂੰ 'ਹਿੰਦੂ' ਵਿਦਿਆਰਥੀ ਦੀ ਮਦਦ ਕਰਨੀ 'ਸਰਬੱਤ ਦੇ ਭਲੇ' ਦੇ ਦਾਇਰੇ ਅੰਦਰ ਆਉਂਦੀ ਨਹੀਂ ਲੱਗਦੀ। ਇਨ੍ਹਾਂ ਨੇ ਸਰਬੱਤ ਦੇ ਭਲੇ ਨੂੰ ਵੀ ਕਿੰਨਾ ਸੁੰਗੇੜ ਲਿਆ ਹੈ। ਇਹ ਝੂਠੇ ਮਜ੍ਹਬ ਲਈ ਲੋਕਾਂ ਨੂੰ ਲੜਾ ਲੜਾ ਕੇ ਮਰਵਾਉਣਾ ਚਾਹੁੰਦੇ ਹਨ। ਜਿਨ੍ਹਾਂ ਬਾਰੇ ਗ਼ਦਰੀਆਂ ਨੇ ਕਿਹਾ ਸੀ,

ਝੂਠੇ ਮਜ੍ਹਬਾਂ ਤੋਂ ਮਰਨ ਦਿਨ ਰਾਤ ਲੜ ਲੜ,
ਸੱਚੇ ਦੀਨ ਦੀ ਕਿਸੇ ਨੂੰ ਸੂਹ ਕੋਈ ਨਾ।

'ਸੱਚੇ ਦੀਨ' ਦੀ ਸੂਹ ਤਾਂ ਸੀ ਗਦਰੀ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਵਰਗਿਆਂ ਨੂੰ ਜਿਸ ਨੇ ਫ਼ਾਂਸੀ ਦੀ ਕੋਠੜੀ ਵਿਚੋਂ ਗ੍ਰੰਥੀ ਭਾਈ ਮਿਤ ਸਿੰਘ ਨੂੰ ਹਿੰਦੀਆਂ ਦੇ ਨਾਂ ਸੁਨੇਹਾ ਭੇਜਿਆ ਸੀ, ਜਿਸ ਵਿਚ ਏਕੇ ਦਾ ਸਿਧਾਂਤ ਇਸ ਪ੍ਰਕਾਰ ਦ੍ਰਿੜਾਇਆ ਸੀ, "ਇਸ ਗੁਲਾਮੀ ਦੇ ਸਰਾਪ ਤੋਂ ਬਚ ਕੇ ਨਿਕਲਣ ਲਈ ਪੂਰੇ ਜ਼ੋਰ ਨਾਲ ਯਤਨ ਕਰੋ। ਫਿਰ ਇਹ ਕੰਮ ਤਾਂ ਹੀ ਹੋ ਸਕੇਗਾ ਜੇ ਇਸ ਵਿਚ ਇਲਾਕਾਬੰਦੀ ਤੇ ਮਜ੍ਹਬੀ ਅਸਹਿਨਸ਼ੀਲਤਾ ਬਿਲਕੁਲ ਨਾ ਰਹੇ। ਨਾ ਮਾਝੇ ਮਾਲਵੇ ਤੇ ਦੁਆਬੇ ਦੇ ਸਵਾਲ ਉਠਣ, ਨਾ ਹੀ ਹਿੰਦੂ, ਮੁਸਲਿਮ ਤੇ ਸਿੱਖ ਮਜ੍ਹਬਾਂ ਦੇ ਸਵਾਜ ਉਠਣ।"

ਗ਼ਦਰੀ ਬਾਬਿਆਂ ਦੇ ਮਹਾਨ ਵਿਚਾਰਾਂ ਤੇ ਅਮਲਾਂ ਵਿਚੋਂ ਜੇਕਰ ਧਰਮ ਨਿਰਪੱਖਤਾ ਤੇ ਵਿਗਿਆਨਕ ਮਾਨਵਵਾਦੀ ਵਿਚਾਰਧਾਰਾ ਨੂੰ ਮਨਫ਼ੀ ਕਰ ਦਿੱਤਾ ਜਾਵੇ ਤਾਂ ਇਨ੍ਹਾਂ ਯੋਧਿਆਂ ਨਾਲ ਘੋਰ ਬੇਇਨਸਾਫ਼ੀ ਹੋਵੇਗੀ ਅਤੇ ਇਨਕਲਾਬੀ ਲਹਿਰ ਨਾਲ ਵੱਡਾ ਧਰੋਹ ਵੀ।

ਦੇਸ਼ ਭਗਤ ਯਾਦਗਾਰ ਕਮੇਟੀ ਇਤਿਹਾਸ ਦੇ ਇਨ੍ਹਾਂ ਨਿਵੇਕੇਲੇ ਰੋਸ਼ਨ ਦਿਮਾਗ ਲੋਕ ਨਾਇਕਾਂ ਦੀ ਦੇਸ਼ ਭਗਤੀ, ਧਰਮ ਨਿਰਪੱਖਤਾ ਅਤੇ ਵਿਗਿਆਨਕ ਵਿਚਾਰਧਾਰਾ ਉਪਰ ਪਹਿਰਾ ਦਿੰਦਿਆਂ ਇਸ ਨੂੰ ਅਗਾਂਹ ਤੋਰਨ ਦਾ ਹਰ ਸੰਭਵ ਯਤਨ ਕਰੇਗੀ ਅਤੇ ਇਸ ਨੂੰ ਕਮਜ਼ੋਰ ਤੇ ਕੁਰਾਹੇ ਪਾਉਣ ਵਾਲੀ ਕਿਸੇ ਵੀ ਸਾਜ਼ਿਸ਼ ਦਾ ਪਰਦਾ ਫਾਸ਼ ਕਰਦੀ ਰਹੇਗੀ।

ਸਾਲ 2013 ਵਿਚ ਗਦਰ ਪਾਰਟੀ ਦੀ ਜਨਮ ਸ਼ਤਾਬਦੀ ਸਾਡੀਆਂ ਬਰੂਹਾਂ 'ਤੇ ਆਣ ਢੁੱਕੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਇਸ ਸ਼ਤਾਬਦੀ ਵਰ੍ਹੇ ਨੂੰ ਨਿਵੇਕਲੇ ਢੰਗਾਂ ਨਾਲ ਯਾਦਗਾਰੀ ਬਣਾਉਣ ਦਾ ਯਤਨ ਕਰੇਗੀ ਤਾਂਕਿ ਆਪਣੇ ਸੀਮਤ ਯਤਨਾਂ ਤੇ ਸਾਧਨਾਂ ਰਾਹੀਂ ਸਮੂਹ ਦੇਸ਼ ਭਗਤਾਂ, ਗਦਰੀ ਬਾਬਿਆਂ ਅਤੇ ਮਹਾਨ ਕ੍ਰਾਂਤੀਕਾਰੀਆਂ ਦੇ ਸਜੋਏ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕੇ। ਇਹ ਕੰਮ ਕਿਸੇ ਸੀਮਤ ਸਮੇਂ ਦਾ ਨਹੀਂ ਸਗੋਂ ਇਸ ਵਿਚ ਲੰਮੇ ਸਮੇਂ ਦੀ ਨਿਰੰਤਰਤਾ ਚਾਹੀਦੀ ਹੈ, ਜਿਸ ਨਾਲ ਬਰਾਬਰੀ ਤੇ ਸਾਂਝੀਵਾਲਤਾ 'ਤੇ ਆਧਾਰਤ ਸਮਾਜਿਕ ਪਰਿਵਰਤਨ ਦਾ ਮਹਾਨ ਕਾਰਜ ਸਿਰੇ ਚਾੜ੍ਹਿਆ ਜਾ ਸਕੇ।

ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਜਿਉਂਦਿਆਂ ਰੱਖਣ ਲਈ ਇਨਕਲਾਬੀ ਤਬਦੀਲੀ ਦੀ ਲਹਿਰ ਨੂੰ ਹੋਰ ਤੇਜ਼ ਕਰਨ ਦੀਆਂ ਕੋਸ਼ਿਸ਼ਾਂ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਬਣਦਾ ਹਿੱਸਾ ਤੇ ਜ਼ਿੰਮੇਵਾਰੀ ਨਿਭਾਉਣ ਦਾ ਵਾਅਦਾ ਕਰਦੇ ਹੋਏ ਅਜਿਹੇ ਯਤਨਾਂ ਵਿਚ ਆਪ ਸਭ ਦੇ ਭਰਪੂਰ ਸਹਿਯੋਗ ਦੀ ਆਸ ਕਰਦੇ ਹਾਂ।

ਆਓ, ਰਲ ਕੇ ਇਸ ਮੌਕੇ ਪ੍ਰਣ ਕਰੀਏ ਕਿ ਗ਼ਦਰੀਆਂ ਵਲੋਂ ਬਰਾਬਰੀ, ਸਾਂਝੀਵਾਲਤਾ ਤੇ ਧਰਮ ਨਿਰਪੱਖਤਾ 'ਤੇ ਆਧਾਰਤ ਬਾਲ਼ੀ ਇਸ ਸੂਹੀ ਲਾਟ ਨੂੰ ਮਘਦੀ ਰੱਖਣ ਲਈ ਅਸੀਂ ਆਪਣਾ ਬਣਦਾ ਯੋਗਦਾਨ ਪਾਵਾਂਗੇ। ਆਓ ਸਾਰੇ ਅਗਲਾ ਵਰ੍ਹਾ 2013, ਗਦਰ ਪਾਰਟੀ ਦੀ ਸਥਾਪਨਾ ਸ਼ਤਾਬਦੀ ਦੇ ਨਾਂ ਕਰਕੇ ਇਸ ਦੇ ਸਬੰਧ ਵਿਚ ਬਹੁ-ਪੱਖੀ ਸਰਗਰਮੀਆਂ ਨੂੰ ਤੇਜ਼ ਕਰੀਏ ਤਾਂ ਕਿ ਸ਼ਤਾਬਦੀ ਸਮਾਰੋਹ ਇਤਿਹਾਸ ਦਾ ਇਕ ਯਾਦਗਾਰੀ ਪੰਨਾ ਬਣ ਸਕਣ।

***ਜਨਰਲ ਸਕੱਤਰ**
**ਦੇਸ਼ ਭਗਤ ਯਾਦਗਾਰ ਹਾਲ**
**ਜਲੰਧਰ।**

# ਜ਼ਿੰਦਗੀ ਦੀ ਤਾਲ ਬਣੇ ਜੇ ਤਾਲੀਆਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਜਗਨਾ ਤੇ ਭਜਨਾ-ਦੋਵੇਂ ਵੱਖੋ-ਵੱਖ ਮਾਵਾਂ ਦੇ ਪੇਟੋਂ ਜਨਮੇ ਵੀ ਸਕੇ ਭਰਾਵਾਂ ਤੋਂ ਵੱਧ ਇਕ-ਦੂਜੇ ਨੂੰ ਪਿਆਰ ਕਰਦੇ ਸਨ। ਉਨ੍ਹਾਂ ਵਲੋਂ ਜਵਾਨੀ ਸਮੇਂ ਕੀਤੀਆਂ ਹਾਸੇ-ਠੱਠੇ ਵਾਲੀਆਂ ਗੱਲਾਂ ਚੇਤੇ ਕਰ ਕੇ ਅੱਜ ਵੀ ਓਨਾ ਹੀ ਹਾਸਾ ਆਉਂਦਾ ਹੈ। ਜੀਵਨ ਵਿਚ ਜਾਣੇ-ਅਣਜਾਣੇ ਵਾਪਰ ਜਾਂਦੀਆ ਘਟਨਾਵਾਂ ਤੋਂ ਸੁਚੇਤ ਕਰਦੀਆਂ ਉਨ੍ਹਾਂ ਦੀਆਂ ਹੱਡਬੀਤੀਆਂ ਤੁਹਾਡੇ ਨਾਲ ਸਾਂਝੀਆਂ ਕਰਦਾ ਹਾਂ।

ਇਕ ਵਾਰ ਦੋਵਾਂ ਨੇ ਪੰਚਾਇਤ ਦੀ ਜ਼ਮੀਨ ਬੋਲੀ ਦੇ ਕੇ ਮਾਮਲੇ 'ਤੇ ਲੈ ਲਈ। ਲੋਕ ਹੈਰਾਨ ਕਿ ਐਡੇ ਵੱਡੇ ਟੱਕ ਨਾਲ ਮੱਥਾ ਲਾ ਲਿਆ, ਇਹ ਸਿਰੇ ਕਿਵੇਂ ਲਾਉਣਗੇ? ਦੋਹਾਂ ਨੇ ਸਖ਼ਤ ਮਿਹਨਤ ਕੀਤੀ। ਕਣਕ ਬੀਜੀ ਤਾਂ ਚਾਰੇ ਪਾਸੇ ਹਰਿਆਵਲ ਹੋ ਗਈ। ਪਹਿਲਾਂ ਪਾਣੀ ਲਾਉਣ ਲਈ ਨਾਲ ਵਗਦੇ ਸੂਏ ਵਿਚ ਪਾਈਪ ਸੁੱਟ ਲਿਆ। ਪਾਈਪ ਲੱਗਿਆ ਹੋਇਆ ਬੇਲਦਾਰ ਨੇ ਫੜ ਲਿਆ। ਜਗਨਾ ਤੇ ਭਜਨਾ ਨੱਕੇ ਮੋੜਦੇ ਹੋਏ ਸੂਏ 'ਤੇ ਆ ਚੜ੍ਹੇ।

"ਕੀ ਹਾਲ ਆ ਸਰਕਾਰਾਂ ਦਾ?" ਭਜਨੇ ਨੇ ਗੱਲਾਂ ਦੇ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਕਰਦਿਆਂ ਬੇਲਦਾਰ ਨੂੰ ਪੁੱਛਿਆ।

"ਹਾਲ ਤਾਂ ਤੁਸੀਂ ਬੇਹਾਲ ਕੀਤਾ ਪਿਆ ਹੈ। ਚੌਦਾਂ ਕਿਲ੍ਹਿਆਂ ਵਿਚ ਜਲ-ਥਲ ਕੀਤੀ ਪਈ ਹੈ। ਚੋਰੀ ਦਾ ਕੇਸ ਬਣੂੰਗਾ।" ਬੇਲਦਾਰ ਨੇ ਡੂੰਘੀ ਜਿਹੀ ਨਿਗ੍ਹਾ ਖੇਤ ਵੱਲ ਘੁੰਮਾਉਂਦਿਆਂ ਕਿਹਾ।

"ਬਰਸੀਨ ਦੀ ਪੰਡ ਲੈ ਜਾਹ! ਵਾਢੀ ਮੌਕੇ ਤੂੜੀ ਲੈ ਜਾਵੀਂ। ਵੱਡਾ ਆਇਆ ਚੋਰੀ ਦਾ ਕੇਸ ਬਣਾਉਣ ਵਾਲਾ।" ਜਗਨਾ ਲਾਲਚ ਅਤੇ ਡਰਾਵਾਂ ਇਕੱਠਾ ਦਿੰਦਾ ਹੋਇਆ ਬੋਲਿਆ।

ਭਜਨਾ ਸਿਆਣਪ ਵਰਤਦਿਆਂ ਗੱਲ ਦੀ ਤਹਿ ਲਾਉਣਾ ਚਾਹੁੰਦਾ ਸੀ ਪਰ ਜਗਨੇ ਦੀ ਅੜ੍ਹਬ ਬੋਲੀ ਨੇ ਚੋਰੀ ਦਾ ਕੇਸ ਬਣਾਉਣ ਦੀ ਕਸਰ ਬਾਕੀ ਨਾ ਛੱਡੀ। ਬੇਲਦਾਰ ਨੂੰ ਕਹਿੰਦਾ, "ਇਸ ਪਾਣੀ ਵਿਚੋਂ ਤਾਂ ਕਰੰਟ ਕੱਢਿਆ ਹੋਇਆ ਹੈ। ਇਹ ਸਾਰਾ ਵਾਧੂ ਪਾਣੀ ਹੈ, ਜੇ ਅਸੀਂ ਵਰਤ ਲਿਆ, ਤੇਰੀ ਮਕਾਣ ਤਾਂ ਨਹੀਂ ਆ ਗਈ।"

ਬੇਲਦਾਰ ਜਗਨੇ ਦੀਆਂ ਗੱਲਾਂ ਦਾ ਗੁੱਸਾ ਮੰਨ ਗਿਆ। ਕਹਿੰਦਾ, "ਨਾਲੇ ਚੋਰੀ, ਨਾਲੇ ਸੀਨਾਜ਼ੋਰੀ। ਜੇ ਕੇਸ ਨਾ ਬਣਾਇਆ ਤਾਂ ਮੈਂ ਵੀ ਆਪਣੇ ਪਿਉ ਦਾ ਨਹੀਂ।"

ਭਜਨਾ ਕਹਿੰਦਾ, "ਸਰਕਾਰ ਵੀਹ ਰੁਪਏ ਨਕਦ ਦੇਵਾਗਾਂ...ਸਾਲ ਭਰ ਮੂਲੀਆਂ, ਗੰਨੇ, ਸਾਗ ਤੇ ਤਰਾਂ ਮੁਫਤ ਲੈ ਜਾਇਆ ਕਰਿਉ। ਕੇਸ ਵਾਲੇ ਚੱਕਰਾਂ ਵਿਚ ਨਾ ਪਵੋ। ਰੋਜ਼ ਤੁਸੀਂ ਇਥੋਂ ਦੀ ਲੰਘਣਾ ਹੈ।"

ਬੇਲਦਾਰ ਨਾ ਮੰਨਿਆ। ਮੌਕੇ 'ਤੇ ਅਫਸਰ ਸੱਦ ਕੇ ਜਗਨੇ ਤੇ ਭਜਨੇ ਉਤੇ ਪਾਣੀ ਦੀ ਚੋਰੀ ਦਾ ਕੇਸ ਬਣਵਾ ਦਿੱਤਾ। ਪਿਉ ਦੇ ਪੁੱਤਾਂ ਨੇ ਕਣਕ ਸੂਏ ਦੇ ਪਾਣੀ ਨਾਲ ਹੀ ਪਾਲੀ। ਵਾਢੀ ਮੁੱਕੀ ਤਾਂ ਜ਼ੀਰੇ ਤਰੀਕਾਂ ਪੈਣ ਲੱਗ ਗਈਆਂ। ਦੋਵੇਂ ਕਚਹਿਰੀਆਂ ਵਿਚੋਂ ਤਰੀਕ ਭੁਗਤ ਕੇ ਬਾਹਰ ਨਿਕਲੇ। ਜਗਨਾ ਕਹਿੰਦਾ, "ਭਜਨਿਆ ਖਰਬੂਜੇ ਖਾ ਲਈਏ, ਭੁੱਖ ਲੱਗੀ ਹੈ।"

"ਉਧਰ ਚੱਲ ਪਹਿਲਾਂ, ਫਿਰ ਦੇਖਦੇ ਆਂ।" ਭਜਨਾ, ਜਗਨੇ ਨੂੰ ਤਰਾਂ ਵਾਲੀ ਰੇਹੜੀ 'ਤੇ ਲੈ ਗਿਆ।

"ਦੇਖ ਜਗਨਿਆ, ਖਰਬੂਜੇ ਦੀਆਂ ਪਹਿਲਾਂ ਛਿਲਕਾਂ ਲਹਿ ਗਈਆਂ, ਫਿਰ ਸਾਰੇ ਬੀਅ ਬਾਹਰ ਸੁੱਟ ਦਿੱਤੇ, ਆਪਣੇ ਪੱਲੇ ਕੀ ਰਹੂਗਾ? ਆਹ ਦੇਖ ਤਰਾਂ ਖਾਨੇ ਆਂ, ਨਾ ਤਾਂ ਛਿਲਕਾ ਲਾਹੁਣਾ ਪੈਣਾ ਤੇ ਨਾ ਬੀਅ ਸੁੱਟਣੇ ਪੈਣਗੇ। ਜਿੰਨੀਆਂ ਲਵਾਂਗੇ, ਉਨੀਆਂ ਹੀ ਢਿੱਡ ਵਿਚ ਪੈਣਗੀਆਂ।" ਭਜਨਾ ਆਪਣੀ ਸਿਆਣਪ ਦਾ ਝੰਡਾ ਗੱਡਦਾ ਬੋਲਿਆ।

"ਭਜਨਿਆ ਕਹਾਵਤਾਂ ਸੱਚੀਆਂ, ਆਪਣੇ ਮੂਰਖਾਂ ਕਰ ਕੇ ਹੀ ਬਣੀਆਂ ਹੋਣਗੀਆਂ। ਕਹਿੰਦੇ ਨੇ, ਜੱਟ ਗੰਨਾ ਨਹੀਂ ਦਿੰਦਾ, ਭੇਲੀ ਦੇ ਦਿੰਦਾ ਹੈ। ਮਿੱਠੀ ਬੋਲੀ ਬੰਦੇ ਨੂੰ ਫਾਂਸੀ ਦੇ ਤਖ਼ਤੇ ਤੋਂ ਉਤਾਰ ਲਿਆਉਂਦੀ ਹੈ। ਜੇ ਮੈਂ ਉਸ ਦਿਨ ਜ਼ੁਬਾਨ ਵੱਸ ਕੀਤੀ ਹੁੰਦੀ ਤਾਂ ਉਥੇ ਹੀ ਗੱਲ ਨਿਬੇੜ ਲੈਣੀ ਸੀ। ਸਾਨੂੰ ਭਾੜਾ ਪੱਟ ਕੇ ਜ਼ੀਰੇ ਨਾ ਆਉਣਾ ਪੈਂਦਾ...ਤਾਂ ਹੀ ਕਹਿੰਦੇ ਨੇ-ਪਹਿਲਾਂ ਤੋਲੋ ਫਿਰ ਬੋਲੋ।" ਜਗਨਾ ਆਪਣੀ ਗਲਤੀ ਮੰਨ ਗਿਆ।

"ਜਗਨਿਆ ਮਨ ਨਾ ਹੌਲਾ ਕਰ, ਚੱਲ ਤਰੀਕਾਂ ਦੇ ਬਹਾਨੇ ਜ਼ੀਰਾ ਸ਼ਹਿਰ ਘੁੰਮ ਲਿਆ। ਪਿੰਡ ਵਾਲੇ ਤਾਂ ਨਹੀਂ ਕਹਿਣਗੇ ਕਿ ਦੋਵੇਂ ਜਣੇ ਜਗਰਾਉਂ ਨਹੀਂ ਟੱਪੇ। ਨਾਲੇ ਤਰਾਂ ਤੇ ਖਰਬੂਜਿਆਂ ਦੇ ਫ਼ਰਕ ਦਾ ਪਤਾ ਲੱਗ ਗਿਆ।" ਭਜਨਾ ਕੀਤੀ ਹੋਈ ਚੋਰੀ ਤੋਂ ਸ਼ਰਮਿੰਦਾ ਹੋ ਕੇ ਮਨ ਵਿਚ ਹੀ ਰੋ ਉਠਿਆ ਸੀ। ਜਗਨੇ ਤੇ ਭਜਨੇ ਦੀ ਇਸ ਚੋਰੀ ਤੋਂ ਸਾਰੇ ਜ਼ਿਮੀਦਾਰਾਂ ਨੂੰ ਕੰਨ ਹੋ ਗਏ ਕਿ ਜੇ ਪਾਈਪ ਲਾਉਂਦੇ ਫੜੇ ਗਏ ਤਾਂ ਜ਼ੀਰੇ ਤਰੀਕਾਂ ਭੁਗਤਣੀਆਂ ਪੈਣਗੀਆਂ। ਇਸ ਨਾਲੋਂ ਤਾਂ ਡੀਜ਼ਲ ਫੂਕਿਆ ਚੰਗਾ ਹੈ।

ਜਗਨੇ ਦੀ ਤੀਵੀਂ ਨੂੰ ਨਿਆਣਾ-ਨਿੱਕਾ ਹੋਣ ਵਾਲਾ ਸੀ। ਉਧਰ, ਸੱਜਰ ਸੂਈ ਗਾਂ ਥਣਾਂ ਨੂੰ ਹੱਥ ਨਹੀਂ ਸੀ ਲਾਉਣ ਦਿੰਦੀ। ਸੱਟ-ਫੇਟ ਦੇ ਡਰੋਂ ਜਗਨੇ ਨੇ ਗਾਂ ਵੇਚਣ ਦਾ ਮਨ ਬਣਾ ਲਿਆ। ਭਜਨੇ ਨੂੰ ਨਾਲ ਲੈ ਕੇ ਜਗਰਾਉਂ ਦੀ ਮੰਡੀ ਤੁਰ ਪਏ। ਸਾਇਕਲ ਮਗਰ ਟੋਕਰੀ ਬੰਨ੍ਹ ਕੇ ਵੱਛੀ ਵਿਚ ਬਿਠਾ ਲਈ, ਤੇ ਗਾਂ ਮਗਰ ਤੋਰ ਲਈ। ਕਬੀਲਦਾਰੀ ਦੀਆਂ ਗੁਣਾਂ-ਤਕਸੀਮਾਂ ਕਰਦੇ ਮੰਡੀ ਵਿਚ ਵੜਨ ਲੱਗੇ ਤਾਂ ਭਜਨਾ ਬੋਲਿਆ, "ਜਗਨਿਆ! ਪਿੰਡ ਕਿਸੇ ਦਲਾਲ ਨਾਲ ਗੰਢ ਤੁੱਪ ਕਰ ਕੇ ਗਾਂ ਵੇਚ ਦਿੰਦਾ। ਆਹ ਵਾਧੂ ਦਾ ਨੈਣਾ ਦੇਵੀ ਦਾ ਚਾਲਾ ਪੁਆਈ ਜਾਨੈਂ।"

"ਭਜਨਿਆ! ਮੰਡੀ ਆ ਕੇ ਬੰਦੇ ਨੂੰ ਵਪਾਰ ਕਰਨ ਦੇ ਗੁਣ ਆ ਜਾਂਦੇ ਨੇ। ਇਥੇ ਯੂ.ਪੀ. ਤੋਂ ਵਪਾਰੀ ਆਉਂਦੇ ਨੇ, ਪੈਸੇ ਚੰਗੇ ਲਾ ਦਿੰਦੇ ਆ। ਨਾਲੇ ਆਪਣੀ ਗੇੜੀ ਹੋ ਜਾਊ, ਨਾਲੇ ਰਕਮ ਵੱਟੀ ਜਾਊ।" ਜਗਨਾ ਲੋੜੋਂ ਵੱਧ ਸਿਆਣਪ ਵਰਤਦਾ ਬੋਲਿਆ।

ਦੋਵੇਂ ਜਣੇ ਗਾਂ ਤੇ ਵੱਛੀ ਸਫੈਦੇ ਨਾਲ ਬੰਨ੍ਹ ਕੇ ਨਾਲ ਵਾਲੇ ਖੋਖੇ 'ਤੇ ਚਾਹ ਪੀਣ ਲੱਗ ਗਏ। ਜਗਨੇ ਦੀ ਗਾਂ ਸਾਂਭੀ ਹੋਣ ਕਰ ਕੇ ਵਪਾਰੀਆਂ ਨੂੰ ਆਪਣੇ ਵੱਲ ਖਿੱਚਦੀ ਸੀ। ਚਾਹ ਪੀ ਕੇ ਹਟੇ ਹੀ ਸੀ ਕਿ ਵਪਾਰੀ ਦਲਾਲ ਤੇ ਠੱਗ ਆ ਪਹੁੰਚੇ। ਗਾਂ ਦੀ ਪਿੱਠ 'ਤੇ ਥਾਪੀ ਮਾਰਦਾ ਇਕ ਵਪਾਰੀ ਬੋਲਿਆ, "ਸਰਦਾਰਾ ਕੀ ਮੁੱਲ ਕੱਢਿਆ ਵੱਛੀ ਦਾ?"

"ਛੇ ਹਜ਼ਾਰ ਰੁਪਏ, ਆਨਾ ਘੱਟ ਨਹੀਂ ਲੈਣਾ।" ਜਗਨਾ ਗਾਂ ਦੇ ਕੰਨ ਪਲੋਸਦਾ ਬੋਲਿਆ।

"ਸਰਦਾਰਾ! ਰੁਪਏ ਗਿਣ ਲੈ ਚਾਰ ਹਜ਼ਾਰ ਤੇ ਲੁਆ ਥਣਾਂ ਨੂੰ ਹੱਥ, ਸਾਡੇ ਕੋਲ ਇਕ ਨਗ ਘਟਦੈ।" ਦੂਜਾ ਵਪਾਰੀ ਬੋਲਿਆ।

"ਮੈਂ ਤੈਨੂੰ ਦੱਸ ਦਿੱਤਾ ਕਿ ਘਰ ਦੀ ਪਾਲੀ ਹੋਈ ਗਾਂ ਹੈ। ਤੀਵੀਂ ਦੇ ਦੁੱਖੋਂ ਵੇਚਦਾ ਹਾਂ, ਰੁਪਏ ਪੂਰੇ ਗਿਣਨੇ ਆ।" ਜਗਨੇ ਨੇ ਦੁਪੱਟੇ ਦਾ ਲੜ ਕੰਨਾਂ ਕੋਲ ਦਿੰਦਿਆਂ ਕਿਹਾ।

"ਹੱਥ ਕਰ ਅੱਗੇ।" ਤੇ ਇਕ ਦਲਾਲ ਨੇ ਜਗਨੇ ਦੇ ਕੁੜਤੇ ਥੱਲੇ ਜਗਨੇ ਦੇ ਹੱਥ ਦੀਆਂ ਦੋ ਉਂਗਲਾਂ ਘੁੱਟ ਦਿੱਤੀਆਂ ਤੇ ਬੋਲਿਆ, "ਸਰਦਾਰਾ ਹੁਣ ਪੱਕੀ ਹੋ ਗਈ, ਹੁਣ ਨਾ ਬੋਲੀਂ।" ਪਰ ਜਗਨੇ ਨੂੰ ਇਸ ਦੀ ਸਮਝ ਰਤਾ ਵੀ ਨਾ ਪਈ।

ਜਗਨੇ ਦੇ ਬੋਲਣ ਤੋਂ ਪਹਿਲਾਂ ਭਜਨਾ ਬੋਲਿਆ, "ਭਾਈ ਤੁਸੀਂ ਖੁੱਲ੍ਹ ਕੇ ਸੌਦਾ ਕਰੋ। ਆਹ ਬੁੱਕਲ ਵਿਚ ਕੀ ਗੁੜ ਭੰਨੀ ਜਾਂਦੇ ਹੋ?" ਸੱਚੀਂ ਵਿਚਾਰੇ ਵਪਾਰ ਤੋਂ ਅਣਜਾਣ ਸਨ, ਵਪਾਰੀਆਂ ਦੀ ਬੋਲੀ ਤੇ ਇਸ਼ਾਰਿਆਂ ਤੋਂ ਦੋਵੇਂ ਕੋਰੇ ਸਨ।

ਵਪਾਰੀ ਪੰਜ ਹਜ਼ਾਰ ਮੁੱਲ ਲਾ ਕੇ ਮੁੜ ਗਏ, ਜਗਨੇ ਨੇ ਗਾਂ ਨਾ ਵੇਚੀ। ਦੋਵੇਂ ਸਲਾਹਾਂ ਕਰ ਰਹੇ ਸੀ ਕਿ ਰੌਲਾ ਪੈ ਗਿਆ-ਫੜ ਲਓ, ਜਾਵੇ ਨਾ ਸਾਲਾ...ਚੋਰ ਹੈ। ਵੱਢ ਸੁੱਟੋ, ਦੋਵੇਂ ਰੌਲੇ ਵਾਲੇ ਪਾਸੇ ਭੱਜ ਤੁਰੇ। ਕੀ ਦੇਖਦੇ ਨੇ ਕਿ ਇਕ ਜੇਬ ਕਤਰਾ ਫੜਿਆ ਹੋਇਆ ਹੈ। ਜਦੋਂ ਵਾਪਸ ਮੁੜੇ ਤਾਂ ਨਾ ਸਫੈਦੇ ਨਾਲ ਗਾਂ ਤੇ ਨਾ ਵੱਛੀ।

ਜਗਨਾ ਬੋਲਿਆ, "ਭਜਨਿਆ ਲੁੱਟੇ ਗਏ, ਆਪਣੀ ਗਾਂ ਕੋਈ ਲੈ ਗਿਆ।"

"ਤੈਨੂੰ ਸਫੈਦੇ ਦਾ ਭੁਲੇਖਾ ਪੈਂਦਾ ਹੋਊ।" ਭਜਨਾ ਸਫੈਦਾ ਲੱਭਦਾ ਬੋਲਿਆ।

"ਆਹ ਦੇਖ ਟੈਂਪੂ ਵੀ ਇਥੇ ਖੜ੍ਹਾ ਹੈ ਤੇ ਚਾਹ ਵਾਲਾ ਖੋਖਾ ਵੀ ਇਥੇ ਹੀ ਹੈ। ਗਾਂ ਇਸੇ ਸਫੈਦੇ ਨਾਲ ਬੰਨ੍ਹੀ ਹੋਈ ਸੀ।" ਜਗਨੇ ਦਾ ਦੁਪੱਟਾ ਗਲ ਵਿਚ ਲਟਕ ਰਿਹਾ ਸੀ।

ਟੈਂਪੂ ਵਾਲੇ ਨੇ ਦੱਸਿਆ ਕਿ ਦੋ ਜਣੇ ਗਾਂ ਦਾ ਸੌਦਾ ਕਰ ਕੇ ਗਾਂ ਖੋਲ੍ਹ ਕੇ ਲੈ ਗਏ ਹਨ। ਤੁਸੀਂ ਰੌਲੇ ਵੱਲ ਤੁਰ ਗਏ ਤੇ ਉਹ ਆਪਸ ਵਿਚ ਸੌਦਾ ਤੈਅ ਕਰ ਗਏ। ਦੋਵਾਂ ਦੀਆਂ ਖਾਨਿਉਂ ਨਿਕਲ ਗਈਆਂ। ਮੰਡੀ ਵਿਚ ਵਪਾਰੀ ਤੇ ਦਲਾਲਾਂ ਨੂੰ ਲੱਭਦੇ ਫਿਰਨ। ਤੇਜ਼ੀ ਵਿਚ ਸਾਇਕਲ ਵੀ ਉਥੇ ਛੱਡ ਗਏ। ਜਦੋਂ ਵਾਪਸ ਮੁੜੇ ਤਾਂ ਕੋਈ ਸਾਇਕਲ ਵੀ ਲੈ ਗਿਆ। ਅਖੀਰ ਭਜਨੇ ਨੇ ਟਰੱਕ ਨਾਲ ਬੰਨ੍ਹੀਆਂ ਗਾਂਵਾਂ ਵਿਚ ਆਪਣੀ ਗਾਂ ਪਛਾਣ ਲਈ। ਜਗਨੇ ਨੂੰ ਲੈ ਕੇ ਪੁਲਿਸ ਚੌਕੀ ਗਿਆ ਤਾਂ ਅੱਗੇ ਪਿੰਡ ਵਾਲਾ ਗਾਮਾ ਪੁਲਸੀਆ ਖੜ੍ਹਾ ਸੀ। ਉਸ ਨੂੰ ਸਾਰੀ ਕਹਾਣੀ ਦੱਸੀ। ਉਸ ਨੇ ਦੋ ਪੁਲਸੀਏ ਲਏ ਨਾਲ, ਤੇ ਟਰੱਕ ਘੇਰ ਲਿਆ। ਅੱਧੇ ਘੰਟੇ ਦੀ ਜੱਦੋਜਹਿਦ ਮਗਰੋਂ ਉਨ੍ਹਾਂ ਨੇ ਗਾਂ ਤਾਂ ਨਾ ਮੋੜੀ, ਚਾਰ ਹਜ਼ਾਰ ਰੁਪਏ ਜਗਨੇ ਨੂੰ ਦੇਣਾ ਮੰਨ ਗਏ। ਪੁਲਸੀਆ ਕਹਿੰਦਾ, "ਪੈਸੇ ਫੜੋ ਤੇ ਬੱਸ ਚੜ੍ਹ ਜਾਓ। ਇਹ ਵਪਾਰੀ, ਦਲਾਲ, ਠੱਗ ਰਲੇ ਹੁੰਦੇ ਆ।"

ਭਜਨਾ ਕਹਿੰਦਾ, "ਸਾਇਕਲ ਦਾ ਕੀ ਬਣੂੰ? ਉਹ ਵੀ ਕੋਈ ਲੈ ਗਿਆ।" ਪੁਲਸੀਆ ਕਹਿੰਦਾ, "ਚੱਲ ਚੌਕੀ, ਉਥੇ ਕੋਈ ਦੇਖ ਲਓ।"

ਦੋਵੇਂ ਬੱਸ 'ਤੇ ਸਾਇਕਲ ਰੱਖ ਪਿੰਡ ਆ ਵੜੇ। ਘੁੱਟ-ਘੁੱਟ ਪੀਂਦੇ ਹੋਏ ਗੱਲੀਂ ਪੈ ਗਏ। ਭਜਨਾ ਬੋਲਿਆ, "ਜਗਨਿਆ ਅੱਜ ਇਕ ਗੱਲ ਤਾਂ ਸਿੱਧ ਹੋ ਗਈ ਹੈ ਕਿ ਆਪਣੀ ਚੀਜ਼ ਸੁੰਝੀ ਨਹੀਂ ਛੱਡਣੀ ਚਾਹੀਦੀ। ਕਿਸੇ ਦੇ ਪੈਂਦੇ ਰੌਲੇ ਵਿਚ ਆਪਣੀ ਹਾਜ਼ਰੀ ਲਵਾਉਣੀ ਮਹਿੰਗੀ ਪੈਂਦੀ ਹੈ। ਸਿਆਣਪ ਇਸੇ ਵਿਚ ਹੈ ਕਿ ਬੰਦਾ ਆਪਣਾ ਖਿਆਲ ਰੱਖੇ, ਆਪਣਾ ਘਰ ਸੁੰਞਾ ਛੱਡ ਕੇ ਦੂਜਿਆਂ ਦੇ ਘਰਾਂ ਵਿਚ ਚੌਧਰ ਕਰਨ ਦੀ ਕੋਸ਼ਿਸ਼ ਨਾ ਕਰੇ, ਨਹੀਂ ਤਾਂ ਸਾਡੇ ਆਲੀ ਹੋਊ।"

ਦੋਵੇਂ ਹੱਸਣ ਲੱਗੇ ਕਿ ਜੇ ਗਾਂ ਲੱਭਦੀ ਹੀ ਨਾ, ਫਿਰ ਕੀ ਕਰਦੇ?

ਗਾਮੇ ਪੁਲਸੀਏ ਨੇ ਪਿੰਡ ਆ ਕੇ ਜਗਨੇ ਤੇ ਭਜਨੇ ਨਾਲ ਹੋਈ ਬੀਤੀ ਦੱਸ ਦਿੱਤੀ। ਪਿੰਡ ਵਾਲੇ ਹੁਣ ਵੀ ਕਹਿ ਦਿੰਦੇ ਹਨ ਕਿ ਜੇ ਕਿਸੇ ਨੇ ਪਸ਼ੂ-ਢਾਂਡਾ ਮੰਡੀ ਵੇਚਣਾ ਹੋਵੇ ਤਾਂ ਜਗਨੇ ਤੇ ਭਜਨੇ ਨੂੰ ਲੈ ਜਾਇਓ, ਇਨ੍ਹਾਂ ਨੂੰ ਵਪਾਰ ਦਾ ਪਤਾ ਹੈ।

ਇਸੇ ਤਰ੍ਹਾਂ ਹੀ ਕੱਤਕ ਦਾ ਮਹੀਨਾ ਸੀ। ਵਾਹੀ-ਬਿਜਾਈ ਦੀ ਤਿਆਰੀ ਜ਼ੋਰਾਂ 'ਤੇ ਸੀ। ਪਿੰਡ 'ਚੋਂ ਕਿਸੇ ਦਾ ਗੱਭਰੂ ਪੁੱਤ ਸੁਰਗਵਾਸ ਹੋ ਗਿਆ। ਉਨ੍ਹਾਂ ਦੀ ਜ਼ਮੀਨ ਵੱਤਰ ਪਈ ਸੀ। ਉਹ ਵਿਚਾਰੇ ਆਪ ਦੁੱਖ ਵਿਚ ਡੁੱਬੇ ਹੋਏ ਸਨ। ਨੇੜੇ ਵਾਲਿਆਂ ਨੇ ਆਖਿਆ ਕਿ ਅਸੀਂ ਚਾਰ ਜੋੜੀਆਂ ਲਿਜਾ ਕੇ ਵਾਹੀ ਕਰ ਦਿੰਦੇ ਹਾਂ। ਜਗਨਾ ਵੀ ਤੜਕਿਓਂ ਉਠ ਕੇ ਬਲਦ ਜੋੜ ਕੇ ਲੈ ਗਿਆ। ਦੁੱਖ ਵਿਚ ਭਿੱਜੇ ਹੋਏ ਸਾਰੇ ਆਪਣੀਆਂ ਜੋੜੀਆਂ ਜੋੜ ਕੇ ਹਲ ਵਾਹੁਣ ਲੱਗ ਗਏ। ਜਗਨੇ ਨੇ ਹਲ ਵਿਚ ਹਲ ਪਾ ਲਿਆ, ਯਾਨਿ ਆਪਣਾ ਸਿਆੜ ਨਹੀਂ ਕੱਢਿਆ। ਕੱਢੇ ਹੋਏ ਸਿਆੜ ਵਿਚ ਆਪਣਾ ਹਲ ਘੁੰਮਾਈ ਗਿਆ ਕਿ ਬਲਦਾਂ ਦਾ ਜ਼ੋਰ ਨਾ ਲੱਗੇ। ਜਦੋਂ ਚਾਨਣ ਜਿਹਾ ਹੋਇਆ ਤਾਂ ਜਾਗਰ ਨੇ ਦੇਖਿਆ, ਜੋੜੀਆਂ ਚਾਰ ਚੱਲਦੀਆਂ ਹਨ ਪਰ ਵਾਹੀ ਅਗਾਂਹ ਤੁਰੀ ਨਹੀਂ, ਜਦੋਂ ਸਿਆੜਾਂ ਦੀ ਗਿਣਤੀ ਕੀਤੀ ਤਾਂ ਜਗਨੇ ਵਾਲੇ ਸਿਆੜ ਦੀ ਗੈਰਹਾਜ਼ਰੀ ਦਿਸੀ। ਜਾਗਰ ਨੂੰ ਪਤਾ ਲੱਗ ਗਿਆ ਕਿ ਜਗਨੇ ਨੇ ਕੱਢੇ ਹੋਏ ਸਿਆੜ ਵਿਚ ਹੀ ਹਲ ਰੱਖਿਆ ਹੈ। ਜਗਨਾ 'ਮੈਂ... ਮੈਂ...' ਕਰੀ ਜਾਵੇ। ਜਾਗਰ ਕਹਿੰਦਾ, "ਜੇ ਕਿਸੇ ਦੇ ਦੁੱਖ ਵਿਚ ਸ਼ਰੀਕ ਹੋਈਏ ਤਾਂ ਦਿਲ ਵਿਚ ਮੈਲ ਨਹੀਂ ਰੱਖੀਦੀ, ਜੇ ਕਿਸੇ ਦੀ ਮਦਦ ਲਈ ਕਦਮ ਪੁੱਟ ਹੀ ਲਿਆ ਤਾਂ ਪੈੜ 'ਤੇ ਪੈੜ ਨਹੀਂ ਨੱਪੀਦੀ, ਸਗੋਂ ਇਕ ਕਦਮ ਅਗਾਂਹ ਹੀ ਰੱਖੀਦਾ ਹੈ। ਪਤਾ ਨਹੀਂ ਲਗਦਾ ਕਦੋਂ ਕੀ ਹੋ ਜਾਂਦਾ ਹੈ! ਚਲਾਕੀ ਥਾਂ ਦੇਖ ਕੇ, ਸਮਾਂ ਦੇਖ ਕੇ ਕਰੀਦੀ ਹੈ।" ਜਗਨਾ ਸ਼ਰਮਿੰਦਾ ਹੋਇਆ ਕਹਿੰਦਾ ਕਿ ਬਾਕੀ ਰਹਿੰਦੀ ਜ਼ਮੀਨ ਮੈਂ ਇਕੱਲਾ ਹੀ ਵਾਹ ਦੇਵਾਂਗਾ। ਜਾਗਰ ਸਿਆਣਾ ਬੰਦਾ ਸੀ, ਉਸ ਨੇ ਗੱਲ ਪਿੰਡ ਨਹੀਂ ਦੱਸੀ।

ਇਸੇ ਤਰ੍ਹਾਂ ਹੀ ਇਕ ਵਾਰ ਮੱਝ ਖਰੀਦਣ ਜੱਸੋਵਾਲ ਚਲੇ ਗਏ। ਕਿਸੇ ਮਾਈ ਕੋਲ ਮੱਝ ਦੀ ਦੱਸ ਪਈ। ਜਗਨੇ ਨੇ ਜਾ ਕੇ ਫਤਿਹ ਬੁਲਾਈ, "ਬੇਬੇ ਮੱਝ ਦਾ ਕੀ ਲੈਣਾ? ਬੱਸ ਇਕੋ ਮੁੱਲ ਕਰੀਂ।" ਭਜਨਾ ਬੋਲਿਆ।

"ਸੌ-ਸੌ ਦੇ ਸੱਠ ਨੋਟ ਲੈਣੇ ਨੇ ਬਿੱਲੀ ਦੇ ਕੰਨ ਵਰਗੇ।" ਮਾਈ ਨੇ ਮੱਝ ਖੋਲ੍ਹ ਕੇ ਪਾਣੀ ਦੀ ਖੇਲ 'ਤੇ ਛੱਡਦਿਆਂ ਕਿਹਾ।

"ਬੇਬੇ ਨੋਟ ਦੇਵਾਂਗੇ ਬਿੱਲੀ ਦੇ ਕੰਨ ਵਰਗੇ ਪਰ ਪੂਰੇ ਚਾਲੀ।" ਜਗਨਾ ਬੋਲਿਆ।

"ਕੰਮ ਦੀ ਰੁੱਤ ਹੈ, ਘਰ ਨੂੰ ਜਾਉ, ਐਨੇ ਦੀ ਤਾਂ ਬੱਕਰੀ ਵੀ ਨਹੀਂ ਆਉਂਦੀ।" ਮਾਈ ਨੇ ਗੁੱਸੇ ਨਾਲ ਮੱਝ ਦੀ ਪੂਛ ਫੜ ਕੇ ਮੱਝ ਦੇ ਹੀ ਮਾਰਦਿਆਂ ਕਿਹਾ।

"ਬੇਬੇ ਤੈਨੂੰ ਕਿਤੇ ਦੇਖਿਆ ਲਗਦਾ ਹੈ।" ਭਜਨੇ ਨੇ ਪੁੱਛਿਆ।

"ਦਮਦਮਾ ਸਾਹਿਬ ਦੇਖਿਆ ਹੋਊ। ਸੰਗਰਾਂਦ ਵਾਲੇ ਦਿਨ ਸੇਵਾ ਕਰਨ ਜਾਨੀ ਆਂ।" ਮਾਈ ਨੇ ਖੁਰਲੀ ਵਿਚ ਪਈ ਤੂੜੀ ਨੂੰ ਹੱਥ ਮਾਰਦਿਆਂ ਕਿਹਾ।

"ਬੇਬੇ ਮੈਨੂੰ ਇਉਂ ਲੱਗਦਾ ਤੇਰੀ 'ਗਾਲਿਬ ਕੋਕਰੀ' ਵੀ ਕੋਈ ਰਿਸ਼ਤੇਦਾਰੀ ਹੈ।" ਜਗਨਾ ਮਾਈ ਦੇ ਨੇੜੇ ਹੋ ਗਿਆ।

"ਉਥੇ ਮੇਰੀ ਸੀਤੋ ਵਿਆਹੀ ਹੋਈ ਹੈ।" ਮਾਈ ਨੇ ਹੱਥ ਸਾਫ ਕਰਦਿਆਂ ਕਿਹਾ।

"ਬੇਬੇ ਕਿਨ੍ਹਾਂ ਦੇ!" ਜਗਨਾ ਇਕ ਦਮ ਬੋਲਿਆ।

"ਗਿੱਲਾਂ ਦੇ।" ਮਾਈ ਨੇ ਮੰਜਾ ਡਾਹੁੰਦਿਆਂ ਕਿਹਾ।

"ਬੇਬੇ ਗਿੱਲਾਂ ਦੇ ਹੀ ਮੇਰੀ ਭੂਆ ਵਿਆਹੀ ਹੈ, ਫਿਰ ਤਾਂ ਬਣ ਗਈ ਸਕੀਰੀ। ਹੁਣ ਤਾਂ ਮੱਝ ਚਾਰ ਹਜ਼ਾਰ ਦੀ ਹੀ ਦੇਣੀ ਪਊਗੀ।" ਜਗਨਾ ਸੌਦਾ ਪੱਕਾ ਕਰਦਾ ਬੋਲਿਆ।

"ਵੇ ਜਗਨਿਆ, ਭਜਨਿਆ! ਰਿਸ਼ਤੇਦਾਰੀਆਂ ਬਹੁਤੀਆਂ ਨਾ ਕੱਢੋ, ਰੁਪਏ ਪੂਰੇ ਛੇ ਹਜ਼ਾਰ ਲੈਣੇ ਨੇ...ਵੱਡਾ ਆਇਆ ਭੂਆ ਵਾਲਾ।" ਮਾਈ ਦੋਹਾਂ ਦੇ ਦਿਲ ਦੀਆਂ ਬੁੱਝ ਗਈ ਸੀ। ਉਹਨੇ ਦੋਹਾਂ ਨੂੰ ਦਰਵਾਜ਼ਾ ਦਿਖਾ ਦਿੱਤਾ।

"ਬੇਬੇ ਮੰਡੀ ਮੱਝ ਤੇਰੀ ਤਿੰਨ ਹਜ਼ਾਰ ਨੂੰ ਵੀ ਨਹੀਂ ਵਿਕਣੀ। ਅਸੀਂ ਤਾਂ ਸਕੀਰੀ ਕਰ ਕੇ ਚਾਰ ਹਜ਼ਾਰ ਕਹਿ ਬੈਠੇ ਆਂ।" ਭਜਨਾ ਬੋਲਿਆ।

"ਵੇ ਮੇਰੇ ਦਿਮਾਗ ਵਿਚ ਭਾਂਡਾ ਮੂਧਾ ਵੱਜਿਐ ਕਿ ਮੈਂ ਮੰਡੀ ਤੁਰੀ ਜਾਵਾਂ। ਉਥੇ ਜਾਣ ਤੇਰੇ ਵਰਗੇ ਜਿਹੜੇ ਆਪਣੇ-ਆਪ ਨੂੰ ਵਪਾਰੀ ਕਹਾਉਂਦੇ ਆ, ਤੇ ਕਹਿੰਦੇ ਆ-ਪੰਜਾਹਾਂ ਦੀ ਚੀਜ਼ ਪੰਜਾਂ ਵਿਚ ਦੇ ਦੇ।" ਮਾਈ ਨੇ ਮੰਜਾ ਖੜ੍ਹਾ ਕਰਦਿਆਂ ਕਿਹਾ।

"ਭਜਨਿਆ! ਲੱਗਦਾ ਬੇਬੇ ਨੂੰ ਵੀ ਗਾਂ ਵਾਲੀ ਗੱਲ ਦਾ ਪਤਾ ਲੱਗ ਗਿਐ।" ਜਗਨਾ ਹੈਰਾਨ ਹੁੰਦਾ ਬੋਲਿਆ।

"ਜਗਨਿਆ! ਦੇਖ ਲਾ ਬੇਬੇ ਕਿੰਨੀ ਸਿਆਣੀ ਆ, ਤੇ ਉਸ ਤੋਂ ਵੱਧ ਆਪਾਂ ਸਿਆਣੇ, ਲੋੜ ਵੇਲੇ ਬੇਬੇ ਨਾਲ ਕਿਵੇਂ ਰਿਸ਼ਤੇਦਾਰੀਆਂ ਕੱਢਣ ਲੱਗ ਪਏ, ਨਹੀਂ ਤਾਂ ਐਹੋ ਜਿਹੀ ਬੇਬੇ ਨੂੰ ਆਪਾਂ ਸਾਇਕਲ 'ਤੇ ਨਾ ਬਿਠਾਈਏ। ਕਹਿ ਦੇਈਏ ਬੇਬੇ ਸੁਧਾਰ ਤੱਕ ਲੈ ਤਾਂ ਜਾਂਦੇ ਪਰ ਟਾਇਰ ਵਿਚ ਹਵਾ ਘੱਟ ਹੈ। ਲੋੜ ਵੇਲੇ ਨਿਮਰਤਾ, ਤੇ ਹੰਕਾਰ ਨਾਲ ਧੌਣ ਆਕੜ ਹੀ ਜਾਂਦੀ ਹੈ।" ਭਜਨਾ ਗੱਲ ਸਿਆਣੀ ਕਰਦਾ ਬੋਲਿਆ।

ਜਿਵੇਂ ਮਰਜ਼ੀ ਸੀ, ਪਰ ਇਸ ਜੋੜੀ ਨੇ ਖੇਤਾਂ ਵਿਚ ਜ਼ਿੰਦਗੀ ਦਾ ਘੋਲ ਕਰਦਿਆਂ ਆਪਣੇ ਬੱਚੇ ਪੜ੍ਹਾ ਕੇ ਬਾਹਰ ਤੋਰ ਦਿੱਤੇ। ਜ਼ਿੰਦਗੀ ਵਿਚ ਨਾ ਕਿਸੇ ਦਾ ਮਾੜਾ ਕੀਤਾ ਤੇ ਨਾ ਕੋਈ ਨਸ਼ਾ ਕੀਤਾ। ਜਿੱਥੇ ਅੱਜ ਭਾਈਆਂ ਵਾਲੇ ਪਿਆਰ ਨੂੰ ਲਾਲਚ ਦਾ ਨਾਗ ਡੰਗ ਰਿਹਾ ਹੈ, ਉਥੇ ਜਗਨੇ ਤੇ ਭਜਨੇ ਦੇ ਪਿਆਰ ਦੀ ਕਿੱਕਲੀ ਜ਼ੋਰਾਂ 'ਤੇ ਹੈ। ਦੋਹਾਂ ਵੱਲੋਂ ਕੋਈ ਵੀ ਗੱਲ ਕੀਤੀ ਜਿਥੇ ਹਾਸੇ ਠੱਠੇ ਦਾ ਮਾਹੌਲ ਸਿਰਜਦੀ ਸੀ, ਉਥੇ ਵੱਡੀ ਸਿੱਖਿਆ ਵੀ ਦੇ ਜਾਂਦੀ ਸੀ। ਅੱਜ ਵੀ ਜਗਨੇ ਤੇ ਭਜਨੇ ਦੇ ਜੀਵਨ ਵਿਚੋਂ ਹਾਸੇ ਲਲਕਾਰੇ ਮਾਰ ਕੇ ਨਿਕਲਦੇ ਹਨ। ਨਵੀਂ ਪਨੀਰੀ ਵੀ ਦੋਹਾਂ ਦੀਆਂ ਹੱਡਬੀਤੀਆਂ ਧਿਆਨ ਨਾਲ ਸੁਣਦੀ ਹੈ। ਇਹੋ ਜਿਹੇ ਪਾਤਰ ਹੀ ਪਿੰਡਾਂ ਦੀਆਂ ਰੌਣਕਾਂ ਹੁੰਦੇ ਹਨ।

## ਕਾਵਿ-ਜਗਤ

### ਸਮਾਂ

ਸਮਾਂ ਸਭ ਤੋਂ ਹੈ ਵੱਧ ਬਲਵਾਨ ਲੋਕੋ,
ਸਾਹਮਣੇ ਸਮੇਂ ਕੋਈ ਸੂਰਮਾ ਢੁੱਕਦਾ ਨਹੀਂ।
ਅੰਬਰ, ਚੰਦ, ਤਾਰੇ ਹੈ ਸਮੇਂ ਥੱਲੇ,
ਡਰਦਾ ਸੂਰਜ ਵੀ ਚੜ੍ਹਨਾ ਤੋਂ ਉਕਦਾ ਨਹੀਂ।
ਹਿਮਾਲਾ ਪਰਬਤ ਦੀ ਭਾਵੇਂ ਮੂਹਰੇ ਕੰਧ ਹੋਵੇ,
ਚੱਕਰ ਸਮੇਂ ਦਾ ਕਦੇ ਵੀ ਰੁਕਦਾ ਨਹੀਂ।
ਨਾ ਇਹ ਠਹਿਰੇ ਨਾ ਠਹਿਰਨ ਦੀ ਜਾਂਚ ਜਾਣੇ,
ਪੰਧ ਏਸ ਦਾ ਕਦੇ ਵੀ ਮੁੱਕਦਾ ਨਹੀਂ।

ਸਮਾਂ ਆਉਂਦਾ ਤੇ ਸਮਾਂ ਹੈ ਚਲਾ ਜਾਂਦਾ,
ਪਿਛਾਂਹ ਮੁੜ ਕੇ ਇਹ ਕਦੇ ਵੀ ਤੱਕਦਾ ਨਹੀਂ।
ਇੱਕੋ ਚਾਲ ਇਹ ਮੁੱਢੋਂ ਹੈ ਤੁਰਿਆ ਆਉਂਦਾ,
ਕਦੇ ਵਧਦਾ ਤੇ ਕਦੇ ਘਟਦਾ ਨਹੀਂ।
ਜਿਹੜਾ ਸਮੇਂ ਦਾ ਕਰੇ ਸਤਿਕਾਰ ਲੋਕੋ,
ਪਾਸਾ ਉਸ ਤੋਂ ਸਮਾਂ ਵੀ ਵੱਟਦਾ ਨਹੀਂ।
ਰਾਜਾ ਰੰਕ ਤੋਂ ਉਹਨੂੰ ਬਣਾ ਦਿੰਦਾ,
ਭਾਵੇਂ ਆਪਣੇ ਆਪ ਉਹ ਕੱਖ ਦਾ ਨਹੀਂ।
ਪੂਜਾ ਸਮੇਂ ਦੀ ਪਹਿਲਾਂ ਭਗਵਾਨ ਨਾਲੋਂ,
ਜੋ ਕਰਦੇ ਨੇ ਨਾਮਣਾ ਖੱਟਦੇ ਨੇ।
ਪੜ੍ਹ ਕੇ ਵੇਖ ਲੋ ਵਰਕੇ ਕਿਤਾਬ ਵਾਲੇ,
ਜਾਂ ਪੰਨੇ ਇਤਿਹਾਸ ਦੇ ਵੀ ਇਹੀਓ ਦੱਸਦੇ ਨੇ।
ਅੰਗਰੇਜ਼ੀ ਰਾਜ ਵਿਚ ਨਾ ਸੂਰਜ ਛਿਪਦਾ ਸੀ,
ਜੋ ਸਮੇਂ ਨੂੰ ਮਹਾਨ ਉਲੱਥਦੇ ਨੇ।
ਇਸ ਲਈ ਸਮਾਂ ਹੈ ਸਭ ਤੋਂ ਬਲਵਾਨ ਲੋਕੋ,
ਬਚਨ ਕਹੇ ਇਹ ਕਿਸੇ ਨੇ ਸੱਚ ਦੇ ਨੇ।

ਜਿਹੜੇ ਸਮੇਂ ਦਾ ਕਰਨ ਸਤਿਕਾਰ ਲੋਕੋ,
ਅਨੰਦ ਜ਼ਿੰਦਗੀ ਦਾ ਵੀ ਉਹੀ ਮਾਣਦੇ ਨੇ।
ਜਿਹੜੇ ਸਮੇਂ ਦੀ ਨਹੀਂ ਪ੍ਰਵਾਹ ਕਰਦੇ,
ਖਾਕ ਦਰਾਂ-ਦਰਾਂ ਦੀ ਉਹੀਓ ਛਾਣਦੇ ਨੇ।
ਸਮਾਂ ਉਨ੍ਹਾਂ ਲਈ ਬਹਿਸ਼ਤਾਂ ਦਾ ਹੈ ਝੂਟਾ,
ਜਿਹੜੇ ਸਮੇਂ ਅੱਗੇ ਛਾਤੀਆਂ ਤਾਣਦੇ ਨੇ।
ਸੁੱਘੜ ਸੂਰਮੇ ਨੇ ਦੁਨੀਆਂ ਵਿਚ ਉਹ ਬੰਦੇ,
ਰਮਜ਼ ਸਮੇਂ ਦੀ ਜੋ ਪਹਿਲਾਂ ਪਛਾਣਦੇ ਨੇ।
ਦਿਨ ਅੱਜ ਦੇ ਕਰੋ ਇਹ ਪ੍ਰਣ ਪੱਕਾ,
ਕਰਨਾ ਆਦਰ ਅਸੀਂ ਸਮੇਂ ਦਾ ਭੁੱਲਦੇ ਨਹੀਂ।
ਸੱਚ ਬੋਲਾਂਗੇ ਕਰਾਂਗੇ ਕੰਮ ਚੰਗੇ,
ਮੋਹ ਮਾਇਆ ਦੇ ਤੱਕੜੇ ਤੁੱਲਦੇ ਨਹੀਂ।
ਇਕੋ ਸਿਮਰਾਂਗੇ ਨਾਮ ਪਰਮਾਤਮਾ ਦਾ,
ਜਿਸ ਦੀ ਮਿਹਰ ਬਿਨਾਂ ਪੱਤੇ ਵੀ ਝੁੱਲਦੇ ਨਹੀਂ।
ਪੈਰ ਪੁੱਟਾਂਗੇ ਉਹਦੀ ਰਜ਼ਾ ਦੇ ਵਿਚ ਰਹਿ ਕੇ,
ਐਵੇਂ ਮਿੱਟੀ ਧੂੜ ਦੇ ਵਿਚ ਅਸੀਂ ਧੁੱਲਦੇ ਨਹੀਂ।
ਕਹੇ 'ਬਾਠ' ਫਿਰ ਕਰੋ ਤੁਸੀਂ ਮੌਜ ਮੇਲਾ,
ਰਾਜੇ ਬਾਦਸ਼ਾਹ ਵੀ ਆਪ ਦੇ ਤੁੱਲਦੇ ਨਹੀਂ।

*-ਡਾ. ਨਾਜ਼ਰ ਸਿੰਘ ਬਾਠ ਨਿਮਾਣਾ ਨਿਊਜ਼ੀਲੈਂਡ।*

---

### ਸੱਚ ਦਾ ਵੇਲਾ

ਮੈਂ ਹੀ ਕਾਰਣ ਮੈਂ ਹੀ ਕਰਤਾ
ਜ਼ਿੰਦਗੀ ਦੀਆਂ ਤਪਸ਼ਾਂ 'ਤੇ ਬੈਠਾ
ਅਣਸੁਲਝੇ ਭੇਦਾਂ ਨੂੰ ਲਭਦਾ
ਸੋਚ ਮੇਰੀ ਲੱਟ ਲੱਟ ਬਲ ਪਈ
ਕਿੰਜ ਮੈਂ ਉਸ ਦੇ ਸੇਕ ਨੂੰ ਜਰਦਾ।

ਢਲਦੇ ਸੂਰਜ ਮਨ ਨੇ ਪੁਛਿਆ
ਅੱਜ ਤੱਕ ਪਲ ਜਿਹੜੇ ਤੂੰ ਜੀਵੇ
ਕਿੰਨੇ ਝੂਠੇ ਕਿੰਨੇ ਸੱਚੇ
ਸੱਚੀ ਗੱਲ ਤੂੰ ਸੁਣ ਮਨ ਮੇਰੇ
ਜੱਗ ਜੀਉਣਾ ਤਾਂ ਬਸ ਇਕ ਪਰਦਾ।

ਤਾਰੇ ਫੜ ਲੋ ਚੰਨ ਉਗਾ ਲੋ
ਸੂਰਜ ਨੂੰ ਗਲਵਕੜੀ ਲੈ ਲੋ
ਜਿੰਨੇ ਮਰਜ਼ੀ ਖ਼ਾਬ ਪਏ ਬੀਜੋ
ਖ਼ਾਬ ਸਿਰਫ਼ ਅੱਗਾਂ ਦੀ ਖੇਤੀ
ਮਨ ਦੀ ਅਗਨੀ ਮਨ ਹੀ ਸੜਦਾ।

ਭੀੜ ਅੱਖਰਾਂ ਦੀ ਪਾਏ ਭੁਲੇਖੇ
ਕਿਹੜਾ ਅੱਖਰ ਸੱਚ ਪਿਆ ਦੇਖੇ
ਸੱਚ ਦਾ ਅੱਖਰ ਸੱਚ ਬਿਆਨੇ
ਧੁਖਦੇ ਦਿਲ ਵਾਲਾ ਹੀ ਕੋਈ
ਧੁਖਦੀ ਹੋਈ ਗਾਥਾ ਨੂੰ ਪੜ੍ਹਦਾ।

ਝੱਖੜ ਝੁੱਲੇ ਰੇਤ ਉਡਾਵੇ
ਪੈਰਾਂ ਦੇ ਸਭ ਚਿੰਨ ਮਿਟਾਵੇ
ਰਾਹਾਂ ਦੀ ਹੁਣ ਸੁਧ ਬੁਧ ਕੋਈ ਨਾ
ਗਗਨਾਂ ਵਿਚ ਇੱਕ ਤਾਰਾ ਟੁੱਟਿਆ
ਕੋਈ ਨਹੀਂ ਉਸ ਦੀ ਕੰਨੀ ਫੜਦਾ।

ਕਿਹੜਾ ਪੂਰਾ ਕੌਣ ਅਧੂਰਾ
ਇਹ ਹੈ ਸਾਰੀ ਮਨ ਦੀ ਰਚਨਾ
ਸਾਹਾਂ ਨੂੰ ਵੀ ਧੋਖਾ ਦੇ ਕੇ
ਮੈਲੀ ਅੱਖ ਦੀ ਚਾਦਰ ਲੈ ਕੇ
ਆਪੇ ਨਾਲ ਆਪਾ ਪਿਆ ਲੜਦਾ।

*-ਦਿਲਜੋਧ ਸਿੰਘ*

ਇਤਿਹਾਸ ਦੇ ਝਰੋਖੇ 'ਚੋਂ

# ਅਮਰੀਕਾ ਦੀ ਗੁਲਾਮੀ ਪ੍ਰਥਾ ਅਤੇ ਨਸਲਵਾਦ ਦਾ ਪਿਛੋਕੜ

ਅਠਾਰਵੀਂ ਤੇ ਉਨੀਵੀਂ ਸਦੀ ਦੇ ਦਖਣੀ ਅਮਰੀਕਾ ਵਿਚ ਫੈਲੇ ਗੁਲਾਮੀ ਦੇ ਜ਼ੁਲਮੀ ਰਾਜ ਵਿਚੋਂ ਜਾਨ ਬਚਾਉਣ ਲਈ ਜਦੋਂ ਕੋਈ ਗੁਲਾਮ ਭੱਜਣਾ ਚਾਹੁੰਦਾ ਤਾਂ ਉਹ ਭੱਜ ਕੇ ਉਤਰੀ ਅਮਰੀਕਾ ਵੱਲ ਜਾਣ ਦੀ ਕੋਸ਼ਿਸ਼ ਕਰਦਾ। ਗੁਲਾਮਾਂ ਨੂੰ ਇਹ ਵਿਸ਼ਵਾਸ ਸੀ ਕਿ ਉਤਰੀ ਅਮਰੀਕਾ ਦੇ ਸੂਬਿਆਂ ਵੱਲ ਜਾ ਕੇ ਉਨ੍ਹਾਂ ਨੂੰ ਗੁਲਾਮੀ ਤੋਂ ਮੁਕਤੀ ਮਿਲ ਸਕਦੀ ਹੈ। ਅਜਿਹੀ ਸੋਚ ਉਨ੍ਹਾਂ ਦੇ ਦਿਮਾਗ ਵਿਚ ਘਰ ਕਰ ਗਈ ਸੀ। ਜਦੋਂ ਉਹ ਭੱਜ ਕੇ




**ਗੁਰਚਰਨ ਸਿੰਘ ਜੈਤੋ**
ਫੋਨ: 91-97794-26698

ਉਤਰ ਵੱਲ ਕਿਸੇ ਸੂਬੇ ਵਿਚ ਪਹੁੰਚ ਜਾਂਦੇ ਤਾਂ ਹੀ ਉਨ੍ਹਾਂ ਨੂੰ ਇਹ ਅਹਿਸਾਸ ਹੁੰਦਾ ਕਿ ਹੁਣ ਉਹ ਗੁਲਾਮ ਨਹੀਂ ਰਹੇ ਪਰ ਇਹ ਇਕ ਭੁਲੇਖਾ ਹੀ ਸੀ ਕਿਉਂਕਿ ਉਹ ਅਜੇ ਵੀ ਆਜ਼ਾਦ ਨਹੀਂ ਸਨ ਹੋਏ ਹੁੰਦੇ। ਕਾਲੇ ਅਮਰੀਕਨ ਗੁਲਾਮ ਆਜ਼ਾਦੀ ਅਤੇ ਗੁਲਾਮੀ ਵਿਚਕਾਰ ਲਮਕਦੇ ਰਹਿੰਦੇ। ਭਾਵੇਂ ਉਤਰੀ ਅਮਰੀਕਾ ਵਿਚ ਸਰਕਾਰੀ ਐਲਾਨਨਾਮੇ ਤਹਿਤ ਗੁਲਾਮੀ 1863 ਵਿਚ ਖਤਮ ਹੋ ਗਈ ਸੀ ਪਰ ਉਨ੍ਹਾਂ ਸੂਬਿਆਂ ਵਿਚ ਰਹਿੰਦੇ ਗੋਰੇ ਲੋਕ ਕਾਲੇ ਆਜ਼ਾਦ ਗੁਲਾਮਾਂ ਨੂੰ ਆਪਣੇ ਬਰਾਬਰ ਦੇ ਨਾਗਰਿਕ ਮੰਨਣ ਤੋਂ ਇਨਕਾਰੀ ਸਨ। ਗੋਰੇ ਤਾਂ ਉਨ੍ਹਾਂ ਨੂੰ ਇਨਸਾਨ ਵੀ ਨਹੀਂ ਸਨ ਸਮਝਦੇ!

ਉਤਰੀ ਅਮਰੀਕਾ ਵਿਚ ਨਸਲਵਾਦ ਗੁਲਾਮੀ ਵਿਚੋਂ ਹੀ ਪੈਦਾ ਹੋਇਆ ਸੀ ਤੇ ਗੋਰੇ ਲੋਕਾਂ ਦੀ ਸੋਚ ਗੁਲਾਮੀ ਨੂੰ ਸਹੀ ਮੰਨਦੀ ਸੀ। 'ਕਾਲੇ' ਅਤੇ 'ਗੋਰੇ' ਦੀ ਮੂਲ ਸੋਚ ਜਾਂ ਖਿਆਲ ਅਮਰੀਕਾ ਵਿਚ ਪਹਿਲਾਂ ਪਹੁੰਚੇ ਯੂਰਪੀ ਤੇ ਅਫ਼ਰੀਕਨ ਲੋਕਾਂ ਵਿਚ ਬਿਲਕੁਲ ਨਹੀਂ ਸੀ, ਸਗੋਂ ਇਹ ਹੌਲੀ ਹੌਲੀ ਅਮਰੀਕਾ ਵਿਚ ਹੀ ਉਪਜੀ। ਅਸਲ ਵਿਚ ਐਂਡਰਿਊ ਜੈਕਸਨ (ਅਮਰੀਕਾ ਦਾ 7ਵਾਂ ਪ੍ਰਧਾਨ) ਦੇ ਕਾਰਜ ਕਾਲ ਦੌਰਾਨ ਹੀ ਨਸਲਵਾਦ ਦੀ ਸੋਚ ਨੇ ਜਨਮ ਲਿਆ। ਉਸ ਦੇ ਕਾਰਜਕਾਲ ਦੌਰਾਨ ਜਦੋਂ ਅਮਰੀਕਾ ਦੇ ਨਾਗਰਿਕਾਂ ਨੂੰ ਵੋਟ ਪਾਉਣ ਦੇ ਹੱਕਾਂ ਦੀ ਗੱਲ ਚੱਲੀ ਤਾਂ ਵੋਟ ਪਾਉਣ ਦੇ ਅਧਿਕਾਰ ਸਿਰਫ ਗੋਰਿਆਂ ਨੂੰ ਹੀ ਮਿਲੇ। ਕਾਲੇ ਲੋਕਾਂ ਤੇ ਔਰਤਾਂ ਨੂੰ ਵੋਟ ਪਾਉਣ ਦੇ ਅਧਿਕਾਰ ਨਹੀਂ ਸਨ ਮਿਲੇ।

18ਵੀਂ ਸਦੀ ਦੇ ਸ਼ੁਰੂ ਤੋਂ ਯੂਰਪ ਤੋਂ ਲੋਕ ਉਤਰੀ ਅਮਰੀਕਾ ਵਿਚ ਆ ਕੇ ਵਸਣ ਲੱਗ ਪਏ ਸਨ। ਇਹ ਲੋਕ ਆਪਣੇ ਦੇਸ਼ ਵਿਚ ਪੱਖ-ਪਾਤ ਤੇ ਵਿਤਕਰੇ ਦਾ ਸ਼ਿਕਾਰ ਹੋ ਚੁੱਕੇ ਸਨ ਤੇ ਦੁਖੀ ਹੋ ਕੇ ਇਥੇ ਪਹੁੰਚੇ ਸਨ। ਅਮਰੀਕਾ ਪਹੁੰਚ ਕੇ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੇ ਹੱਕ ਇਥੇ ਫੈਲਦੇ ਜਾ ਰਹੇ ਸਨ। ਉਹ ਇਕ ਅਜਿਹੇ ਦੇਸ਼ ਪਹੁੰਚ ਗਏ ਸਨ ਜਿੱਥੇ ਗੋਰਿਆਂ ਦੀ ਨਸਲ ਨੂੰ ਬਹੁਤ ਉਚਾ ਸਮਝਿਆਂ ਜਾਂਦਾ ਸੀ। ਗੋਰਿਆਂ ਵਿਚ ਭਾਵੇਂ ਆਪਸੀ ਖਹਿਬਾਜ਼ੀ ਤੇ ਵਿਤਕਰੇ ਮੌਜੂਦ ਸਨ ਪਰ ਸਭ ਤੋਂ ਜ਼ਰੂਰੀ ਗੱਲ ਜਿਹੜੀ ਉਨ੍ਹਾਂ ਨੂੰ ਪਤਾ ਸੀ ਉਹ ਇਹ ਕਿ ਅਮਰੀਕਾ ਵਿਚ ਰਹਿਣ ਵਾਲੇ ਗੋਰਿਆਂ ਤੋਂ ਹੇਠਲੇ ਦਰਜੇ ਦੇ ਲੋਕ ਵੀ ਮੌਜੂਦ ਸਨ, ਜਿਨ੍ਹਾਂ ਨੂੰ ਉਹ ਘਟੀਆ ਸਮਝਦੇ ਸਨ। ਗਰੀਬ ਗੋਰਿਆਂ ਨੂੰ ਕਾਲਿਆਂ ਨਾਲੋਂ ਬਿਹਤਰ ਨਸਲ ਸਮਝਿਆ ਜਾਂਦਾ ਸੀ। ਉਹ ਤਾਂ ਉਤਰੀ ਅਮਰੀਕਾ ਦੇ ਮੂਲ ਵਾਸੀ (ਰੈਡ ਇੰਡੀਅਨਜ਼) ਨੂੰ ਵੀ ਆਪਣੇ ਤੋਂ ਘਟੀਆ ਸਮਝਦੇ ਸਨ। ਉਨ੍ਹਾਂ ਦੀ ਇਸ ਸੋਚ ਦਾ ਸਿਰਫ਼ ਇਕੋ ਕਾਰਨ ਸੀ ਕਿ ਉਹ ਆਪਣੇ ਆਪ ਨੂੰ ਗੋਰੇ ਹੋਣ ਕਰਕੇ ਬਿਹਤਰ ਸਮਝਦੇ ਸਨ। ਇਸ ਸੋਚ ਨੇ ਬਹੁਤੇ ਗੋਰਿਆਂ ਨੂੰ ਇਕ ਉਚੀ ਨਸਲ ਸਮਝਦਿਆਂ ਗੁਲਾਮੀ ਨੂੰ ਸਹੀ ਗਰਦਾਨਣਾ ਸ਼ੁਰੂ ਕਰ ਦਿੱਤਾ ਸੀ। ਛੋਟੇ ਮੋਟੇ ਕੰਮ ਕਰਨ ਵਾਲੇ ਗੋਰੇ ਵੀ ਇਸੇ ਸੋਚ ਦੇ ਧਾਰਨੀ ਸਨ ਭਾਵੇਂ ਉਨ੍ਹਾਂ ਨੂੰ ਗੁਲਾਮੀ ਦਾ ਕੋਈ ਫਾਇਦਾ ਨਹੀਂ ਸੀ ਹੁੰਦਾ ਤੇ ਨਾ ਹੀ ਗੁਲਾਮੀ ਨਾਲ ਉਨ੍ਹਾਂ ਦਾ ਕੋਈ ਦੂਰ ਨੇੜੇ ਦਾ ਵਾਸਤਾ ਸੀ। ਸਗੋਂ ਗੁਲਾਮੀ ਦਾ ਅਸਰ ਉਨ੍ਹਾਂ ਦੇ ਉਲਟ ਹੀ ਜਾਂਦਾ ਸੀ।

ਸੰਨ 1800 ਤੋਂ ਪਹਿਲਾਂ ਅਮਰੀਕਾ ਦੇ ਆਜ਼ਾਦ ਕਾਲੇ ਲੋਕਾਂ ਨੂੰ ਨਾਗਰਿਕਤਾ ਦੇ ਹੱਕ ਨਾਂਮਾਤਰ ਹੀ ਸਨ। ਕੁਝ ਥਾਂਵਾਂ 'ਤੇ ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਸੀ, ਉਹ ਅਦਾਲਤਾਂ ਦੀ ਜਿਊਰੀ ਵਿਚ ਸ਼ਾਮਲ ਹੋ ਸਕਦੇ ਸਨ ਤੇ ਉਚੀ ਦਸਤਕਾਰੀ ਵੀ ਕਰ ਸਕਦੇ ਸਨ ਪਰ ਜਿਉਂ ਜਿਉਂ ਗੁਲਾਮੀ ਦੀ ਸੋਚ ਜ਼ੋਰ ਫੜਦੀ ਗਈ ਨਸਲਵਾਦ ਤਕੜਾ ਹੁੰਦਾ ਗਿਆ, ਨਤੀਜਾ ਆਜ਼ਾਦ ਕਾਲੇ ਲੋਕਾਂ ਦੇ ਹੱਕ ਜਿਹੜੇ ਪਹਿਲਾਂ ਹੀ ਘੱਟ ਸਨ, ਹੋਰ ਘਟਦੇ ਗਏ। ਧਮਕੀਆਂ, ਨਫਰਤ, ਬਦਲਦੇ ਕਾਨੂੰਨ ਤੇ ਗੋਰਿਆਂ ਦੀਆਂ ਲਹੂ ਪੀਣੀਆਂ ਭੀੜਾਂ ਨੇ ਮਿਲ ਕੇ ਗੋਰਿਆਂ ਨੂੰ ਬਿਹਤਰ ਨਸਲ ਬਣਾਉਣਾ ਸ਼ੁਰੂ ਕਰ ਦਿੱਤਾ। ਜਿਸ ਦੇ ਅਸਰ ਹੇਠ ਕਾਲਿਆਂ ਦੇ ਨਾਗਰਿਕ ਹੱਕਾਂ ਤੇ ਡਾਕੇ ਪੈਂਦੇ ਰਹੇ ਤੇ ਉਨ੍ਹਾਂ ਦੇ ਹੱਕ ਘਟਦੇ ਰਹੇ। ਅਖੀਰ ਇਕ ਕਾਲੇ ਗੁਲਾਮ ਡਰੈਡ ਸਕੌਟ ਨੇ ਜਦੋਂ 1857 ਵਿਚ ਆਪਣੀ ਆਜ਼ਾਦੀ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ ਤਾਂ ਅਦਾਲਤ ਨੇ ਇਹ ਫ਼ੈਸਲਾ ਸੁਣਾ ਦਿੱਤਾ ਕਿ ਕਾਲੇ ਲੋਕ ਅਮਰੀਕਾ ਦੇ ਨਾਗਰਿਕ ਹੀ ਨਹੀਂ ਸਨ।



ਅਮਰੀਕਾ ਦੇ ਉਤਰ-ਪੂਰਬੀ ਸੂਬਿਆਂ ਵਿਚ ਕਾਲੇ ਨਾਗਰਿਕਾਂ ਨੇ ਬੜੇ ਵਿਤਕਰੇ ਭਰੇ ਜ਼ੁਲਮ ਸਹੇ। ਉਨ੍ਹਾਂ ਦੇ ਹੱਕਾਂ ਤੇ ਹਰ ਰੋਜ਼ ਡਾਕੇ ਪੈਣੇ ਸ਼ੁਰੂ ਹੋ ਗਏ। ਫਿਲਾਡੈਲਫੀਆ ਸੂਬੇ ਵਿਚ ਕਾਲਿਆਂ ਲਈ ਸੰਗੀਤ ਸਮਾਰੋਹਾਂ ਵਿਚ ਜਾਣਾ ਵਰਜਿਤ ਸੀ। ਉਨ੍ਹਾਂ ਨੂੰ ਸ਼ਹਿਰ ਵਿਚ ਚਲਣ ਵਾਲੀਆਂ ਬੱਸਾਂ 'ਤੇ ਚੜ੍ਹਨਾ ਮਨ੍ਹਾਂ ਸੀ। ਇਸੇ ਤਰਾਂ ਸਕੂਲਾਂ, ਚਰਚਾਂ, ਯਤੀਮਖਾਨਿਆਂ ਤੇ ਹੋਰ ਖਾਣ-ਪੀਣ ਵਾਲੀਆਂ ਥਾਂਵਾਂ 'ਤੇ ਕਾਲਿਆਂ ਦਾ ਜਾਣਾ ਮਨ੍ਹਾਂ ਸੀ।

ਕਾਲੇ ਲੋਕਾਂ ਨੂੰ ਉਚੀ ਦਸਤਕਾਰੀ ਕਰਨ ਤੋਂ ਵੀ ਮਨ੍ਹਾਂ ਕਰ ਦਿੱਤਾ ਗਿਆ ਸੀ ਜਦੋਂ ਕਿ ਉਹ ਕਈ ਕੰਮਾਂ ਵਿਚ ਮਾਹਰ ਮੰਨੇ ਜਾਂਦੇ ਸਨ। ਫੇਰ ਹੌਲੀ ਹੌਲੀ ਸਦੀ ਦੇ ਅੰਤ ਤਕ ਕਾਲੇ ਅਮਰੀਕਨਾਂ ਤੋਂ ਵੋਟ ਦੇ ਅਧਿਕਾਰ ਖੋਹ ਲਏ ਗਏ। ਜਦੋਂ ਕਿ ਇਨਕਲਾਬੀ ਖਾਨਾ ਜੰਗੀ ਪਿੱਛੋਂ ਕਈ ਸੂਬਿਆਂ ਨੇ ਇਹ ਹੱਕ ਬਹਾਲ ਵੀ ਕਰ ਦਿੱਤੇ ਸਨ। ਜਿੱਥੇ ਵੱਸ ਚਲਦਾ ਗੋਰੇ ਕਾਲਿਆਂ ਨਾਲ ਵਿਤਕਰਾ ਕਰਨੋਂ ਗੁਰੇਜ਼ ਨਹੀਂ ਸਨ ਕਰਦੇ। ਇਨ੍ਹਾਂ ਕਾਰਨਾਂ ਕਰਕੇ ਗੋਰਿਆਂ ਦੇ ਵੋਟ ਅਧਿਕਾਰ ਵਧਦੇ ਗਏ। 1807 ਵਿਚ ਨਿਊ ਜਰਸੀ ਸੂਬੇ ਵਿਚ ਕਾਲਿਆਂ ਦੇ ਵੋਟ ਅਧਿਕਾਰ ਖੋਹ ਲਏ ਗਏ। 1818 ਵਿਚ ਕੁਨੈਕਟੀਕਟ ਸੂਬੇ ਵਿਚ ਜਿਨ੍ਹਾਂ ਕਾਲਿਆਂ ਨੇ ਪਹਿਲਾਂ ਵੋਟ ਨਹੀਂ ਸੀ ਪਾਈ ਉਨ੍ਹਾਂ ਦੇ ਅਧਿਕਾਰ ਖਤਮ ਕਰ ਦਿੱਤੇ ਗਏ। 1821 ਵਿਚ ਨਿਊ ਯਾਰਕ ਵਿਚ ਗੋਰਿਆਂ ਲਈ ਜਾਇਦਾਦ ਦੇ ਹੱਕ ਰਾਖਵੇਂ ਰੱਖ ਕੇ ਕਾਲਿਆਂ ਦੇ ਖਤਮ ਕਰ ਦਿੱਤੇ ਜਿਸ ਦਾ ਨਤੀਜਾ ਇਹ ਹੋਇਆ ਕਿ ਦੋ ਚਾਰ ਪ੍ਰਤੀਸ਼ਤ ਕਾਲੇ ਲੋਕ ਵੋਟ ਪਾਉਣ ਜੋਗੇ ਰਹਿ ਗਏ। 1838 ਵਿਚ ਪੈਨਸਿਲਵੇਨੀਆ ਸੂਬੇ ਵਿਚ ਕਾਲੇ ਨਾਗਰਿਕਾਂ ਤੋਂ ਵੋਟ ਦੇ ਅਧਿਕਾਰ ਖੋਹ ਲਏ ਗਏ। ਸਿਰਫ ਕੁਝ ਸੂਬਿਆਂ ਵਿਚ ਕਾਲੇ ਨਾਗਰਿਕਾਂ ਦੇ ਵੋਟ ਅਧਿਕਾਰ ਸਲਾਮਤ ਰਹੇ ਤੇ ਉਹ ਸਨ ਮੇਨ, ਨਿਊ ਹੈਂਪਸ਼ਾਇਰ, ਵਰਮੌਂਟ ਤੇ ਮੈਸਾਚੁਸੈਟਸ।

ਅਮਰੀਕਾ ਦੇ ਉਤਰ ਪੱਛਮੀ ਹਿੱਸੇ ਵਾਲੇ ਸੂਬਿਆਂ ਦੇ ਹਾਲਾਤ ਬਹੁਤ ਵਿਗੜ ਚੁੱਕੇ ਸਨ। 1802 ਵਿਚ ਓਹਾਇਓ ਸੂਬੇ ਨੇ ਕਾਲੇ ਲੋਕਾਂ ਦੇ ਵੋਟ ਅਧਿਕਾਰ ਖੋਹ ਲਏ। ਇਸ ਸੂਬੇ ਦੇ ਕਾਨੂੰਨ ਅਨੁਸਾਰ ਕਾਲੇ ਲੋਕ ਕਿਸੇ ਦਫ਼ਤਰ ਵਿਚ ਕੰਮ ਨਹੀਂ ਸਨ ਕਰ ਸਕਦੇ ਤੇ ਨਾ ਹੀ ਉਹ ਅਦਾਲਤਾਂ ਵਿਚ ਕਿਸੇ ਗੋਰੇ ਦੇ ਵਿਰੁਧ ਗਵਾਹੀ ਦੇ ਸਕਦੇ ਸਨ। ਇਸ ਪਿੱਛੋਂ ਆਉਣ ਵਾਲੇ ਪੰਜਾਂ ਸਾਲਾਂ ਵਿਚ ਤਾਂ ਕਾਲੇ ਲੋਕਾਂ 'ਤੇ ਹੋਰ ਕਾਨੂੰਨੀ ਸ਼ਿਕੰਜੇ ਕੱਸ ਕੇ ਉਨ੍ਹਾਂ ਦੇ ਸਾਰੇ ਅਧਿਕਾਰ ਖੋਹ ਲਏ ਗਏ। ਕੋਈ ਵੀ ਕਾਲਾ ਆਦਮੀ ਆਪਣੀ ਆਜ਼ਾਦੀ ਦਾ ਸਰਟੀਫਿਕੇਟ ਦਿਖਾਏ ਬਿਨਾਂ ਉਸ ਸੂਬੇ ਵਿਚ ਨਹੀਂ ਸੀ ਰਹਿ ਸਕਦਾ। ਨਾ ਕੋਈ ਕਾਲਾ ਫੌਜ ਵਿਚ ਭਰਤੀ ਹੋ ਸਕਦਾ ਸੀ ਤੇ ਜੇ ਕੋਈ ਉਸ ਸੂਬੇ ਵਿਚ ਰਹਿਣਾ ਵੀ ਚਾਹੁੰਦਾ ਤਾਂ ਉਸ ਨੂੰ ਉਨ੍ਹਾਂ ਪੁਰਾਣੇ ਸਮਿਆਂ ਵਿਚ ਪੰਜ ਸੌ ਡਾਲਰ ਦਾ ਬੌਂਡ ਭਰਨਾ ਪੈਂਦਾ। 1831 ਵਿਚ ਤਾਂ ਹੱਦ ਹੀ ਹੋ ਗਈ ਜਦੋਂ ਇਹ ਕਾਨੂੰਨ ਪਾਸ ਕੀਤਾ ਗਿਆ ਕਿ ਕੋਈ ਕਾਲਾ ਵਿਅਕਤੀ ਜਿਊਰੀ ਦਾ ਮੈਂਬਰ ਨਹੀਂ ਬਣ ਸਕਦਾ, ਸੂਬੇ ਵੱਲੋਂ ਚਲਾਏ ਜਾਂਦੇ ਗਰੀਬ ਘਰਾਂ ਵਿਚ ਨਹੀਂ ਰਹਿ ਸਕਦਾ, ਪਾਗਲਖਾਨਿਆਂ ਵਿਚ ਦਾਖਲ ਨਹੀਂ ਹੋ ਸਕਦਾ ਤੇ ਕਿਸੇ ਵੀ ਸੰਸਥਾ ਵਿਚ ਕੰਮ ਨਹੀਂ ਕਰ ਸਕਦਾ। ਖੁਸ਼ਕਿਸਮਤੀ ਨਾਲ ਇਹ ਕਾਨੂੰਨ ਸਖਤੀ ਨਾਲ ਲਾਗੂ ਨਹੀਂ ਸਨ ਕੀਤੇ ਗਏ, ਨਹੀਂ ਤਾਂ ਇਨ੍ਹਾਂ ਕਾਨੂੰਨਾਂ ਅਨੁਸਾਰ ਕੋਈ ਵੀ ਕਾਲਾ ਬੰਦਾ ਓਹਾਇਓ ਸੂਬੇ ਵਿਚ ਵੜ ਨਹੀਂ ਸੀ ਸਕਦਾ।

ਇਲੀਨਾਏ ਸੂਬੇ ਵਿਚ ਕਾਲੇ ਲੋਕਾਂ ਦੇ ਆਉਣ 'ਤੇ ਸਖਤ ਪਾਬੰਦੀ ਲਾ ਦਿੱਤੀ ਗਈ ਤੇ ਇੰਡੀਆਨਾ ਨੇ ਤਾਂ ਆਜ਼ਾਦ ਕਾਲੇ ਲੋਕਾਂ ਦੇ ਉਸ ਸੂਬੇ ਵਿਚ ਆਉਣ 'ਤੇ ਪੱਕੀ ਰੋਕ ਲਾ ਦਿੱਤੀ ਸੀ। ਮਿਸ਼ੀਗਨ, ਆਇਓਆ ਤੇ ਵਿਸਕਾਨਸਿਨ ਸੂਬਿਆਂ ਵਿਚ ਵੀ ਹਾਲਾਤ ਕਿਸੇ ਤਰ੍ਹਾਂ ਵੀ ਕਾਲੇ ਅਮਰੀਕਨਾਂ ਦੇ ਹੱਕ ਵਿਚ ਨਹੀਂ ਸਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਉਤਰ ਪੱਛਮੀ ਸੂਬਿਆਂ ਵਿਚ ਕਾਲੇ ਲੋਕਾਂ ਦੀ ਆਬਾਦੀ ਇਕ ਪ੍ਰਤੀਸ਼ਤ ਤੋਂ ਘਟ ਹੀ ਰਹੀ।

ਅਮਰੀਕਨ ਕਾਲੇ ਲੋਕਾਂ ਨੇ ਉਤਰੀ ਅਮਰੀਕਨ ਗੋਰਿਆਂ ਹੱਥੋਂ ਬੇਅੰਤ ਤਸੀਹੇ ਝੱਲੇ। ਇਕਾ ਦੁੱਕਾ ਘਟਨਾਵਾਂ ਵਿਚ ਕਾਲੇ ਅਮਰੀਕਨਾਂ ਨੂੰ ਮਾਰ ਕੇ ਰੁੱਖਾਂ 'ਤੇ ਟੰਗ ਦਿੱਤਾ ਜਾਂਦਾ ਤੇ ਗੋਰੇ ਲੋਕ ਉਨ੍ਹਾਂ ਦੀਆਂ ਲਾਸ਼ਾਂ ਸਾਹਮਣੇ ਖੜ੍ਹ ਕੇ ਬੜੇ ਸ਼ੌਕ ਨਾਲ ਫੋਟੋਆਂ ਖਿਚਵਾਉਂਦੇ ਤੇ ਅਖ਼ਬਾਰਾਂ ਵਿਚ ਛਪਵਾਉਂਦੇ। ਅਜਿਹੇ ਹਾਦਸੇ 1820 ਤੋਂ ਲੈ ਕੇ 1850 ਤਕ ਦੇ ਸਾਲ ਅਮਰੀਕਾ ਦੇ ਕਾਲੇ ਇਤਿਹਾਸ ਦਾ ਹਿੱਸਾ ਬਣ ਚੁੱਕੇ ਹਨ, ਜਦੋਂ ਕਾਲੇ ਅਮਰੀਕਨ ਗੋਰੇ ਲੋਕਾਂ ਦੀ ਅੱਥਰੀ ਭੀੜ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੇ ਰਹੇ; ਜਦੋਂ ਗੋਰਿਆਂ ਨੇ ਲੁੱਟ-ਮਾਰ ਕੀਤੀ, ਕਾਲਿਆਂ ਦੇ ਘਰ, ਚਰਚ ਤੇ ਸਕੂਲ ਸਾੜੇ ਅਤੇ ਹੋਰ ਤਬਾਹੀ ਮਚਾਈ। ਉਨ੍ਹਾਂ ਨੇ ਕਾਲਿਆਂ ਨੂੰ ਪੱਥਰ ਮਾਰੇ, ਕੁਟਿਆ-ਮਾਰਿਆ ਤੇ ਉਨ੍ਹਾਂ ਨੂੰ ਕਤਲ ਕੀਤਾ। ਫਿਲਾਡੈਲਫੀਆ ਸੂਬਾ ਅਜਿਹੀਆਂ ਘਿਨਾਉਣੀਆਂ ਘਟਨਾਵਾਂ ਦਾ ਸ਼ਿਕਾਰ ਅਕਸਰ ਹੁੰਦਾ ਰਿਹਾ। ਇਸ ਸ਼ਹਿਰ ਦੇ ਅਫਸਰਾਂ ਨੇ ਕਾਲੇ ਲੋਕਾਂ ਦਾ ਬਚਾਅ ਕਰਨ ਤੋਂ ਆਪਣੇ ਹੱਥ ਪਿੱਛੇ ਖਿੱਚ ਲਏ ਸਨ, ਉਲਟਾ ਉਨ੍ਹਾਂ ਨੇ ਕਾਲੇ ਲੋਕਾਂ 'ਤੇ ਗੋਰਿਆਂ ਨੂੰ ਉਕਸਾਉਣ ਦੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ ਸਨ।

ਅਮਰੀਕਨ ਕਾਲੇ ਲੋਕ ਤੇ ਉਨ੍ਹਾਂ ਦੇ ਹਮਦਰਦ ਗੋਰੇ ਲੋਕ ਵੀ ਇਹ ਸਾਰਾ ਕੁਝ ਚੁੱਪ ਕਰਕੇ ਨਹੀਂ ਸਨ ਦੇਖ ਰਹੇ। ਉਨ੍ਹਾਂ ਨੇ ਉਤਰੀ ਅਮਰੀਕਨ ਗੋਰਿਆਂ ਦੇ ਜ਼ੁਲਮਾਂ ਨੂੰ ਚੁਣੌਤੀ ਦਿੱਤੀ ਤੇ ਇਸ ਦਾ ਵਿਰੋਧ ਕੀਤਾ। ਕਾਲੇ ਅਮਰੀਕਨਾਂ ਨੇ ਆਪਣੇ ਵੱਖਰੇ ਚਰਚ, ਸਕੂਲ ਤੇ ਯਤੀਮਖਾਨੇ ਬਣਾ ਲਏ। ਕਾਲੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਨਵੀਆਂ ਸੰਸਥਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਵਿਚ ਗੋਰੇ ਅਮਨਪਸੰਦ ਤੇ ਮਦਦਗਾਰ ਗੁਲਾਮੀ ਵਿਰੋਧੀ ਲੋਕਾਂ ਨੇ ਆਪਣਾ ਭਰਵਾਂ ਯੋਗਦਾਨ ਪਾਇਆ ਤੇ ਲੋੜਵੰਦਾਂ ਦੀ ਮਦਦ ਲਈ ਮਾਇਆ ਇਕੱਠੀ ਕੀਤੀ। ਕਾਲੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਲਈ ਕਾਨੂੰਨੀ ਚਾਰਾਜੋਈ ਕੀਤੀ ਤਾਂ ਕਿ ਉਨ੍ਹਾਂ ਉਤੇ ਲੱਗੀਆਂ ਗੈਰਕਾਨੂੰਨੀ ਪਾਬੰਦੀਆਂ ਹਟਾਈਆਂ ਜਾ ਸਕਣ। ਕਾਲੇ ਅਮਰੀਕਨਾਂ ਨੇ ਇਕੱਠੇ ਹੋ ਕੇ ਹੰਭਲੇ ਮਾਰਨ ਲਈ ਦੇਸ਼ ਵਿਚ ਥਾਂ ਥਾਂ ਕਾਨਫਰੰਸਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਗੁਲਾਮੀ ਦੀ ਘਿਨਾਉਣੀ ਪ੍ਰਥਾ ਨੂੰ ਜੜੋਂ ਪੁੱਟਿਆ ਜਾ ਸਕੇ, ਭਗੌੜੇ ਗੁਲਾਮਾਂ ਨੂੰ ਗੁਲਾਮੀ ਤੋਂ ਮੁਕਤੀ ਲਈ ਜ਼ਮੀਨਦੋਜ਼ ਰੇਲ ਰੋਡ (ਅੰਡਰ ਗਰਾਊਂਡ ਰੇਲ ਰੋਡ) ਵਰਗੀ ਤਕੜੀ ਸੰਸਥਾ ਹੋਂਦ ਵਿਚ ਆਈ ਜਿਸ ਨੇ ਹਜ਼ਾਰਾਂ ਭਗੌੜੇ ਗੁਲਾਮਾਂ ਨੂੰ ਸੁਰਖਿਅਤ ਕੈਨੇਡਾ ਪੁਚਾਇਆ ਜਿੱਥੇ ਜਾ ਕੇ ਗੁਲਾਮ ਆਜ਼ਾਦ ਹੋ ਜਾਇਆ ਕਰਦੇ ਸਨ। ਉਨ੍ਹਾਂ ਨੇ ਗੁਲਾਮਾਂ ਨੂੰ ਦਖਣ ਵਿਚ ਮੁੜ ਤੋਂ ਵੇਚਣ ਲਈ ਕੀਤੀਆਂ ਗੁਲਾਮਾਂ ਦੇ ਮਾਲਕਾਂ ਦੀਆਂ ਕੋਸ਼ਿਸ਼ਾਂ 'ਤੇ ਪਾਣੀ ਫੇਰ ਦਿੱਤਾ। ਕੁਝ ਸੂਬਿਆਂ ਨੂੰ ਮਨੁੱਖੀ ਅਧਿਕਾਰ ਦੇ ਹੱਕਾਂ ਲਈ ਕਾਨੂੰਨ ਬਣਾਉਣੇ ਪਏ ਤਾਂ ਕਿ ਗੁਲਾਮਾਂ ਨੂੰ ਗੁਲਾਮੀ ਤੋਂ ਮੁਕਤੀ ਮਿਲ ਸਕੇ। ਅਜਿਹੇ ਕਾਨੂੰਨਾਂ ਨੇ 1850 ਵਿਚ ਗੁਲਾਮੀ ਪ੍ਰਥਾ ਦੇ ਹੱਕ ਵਿਚ ਬਣੇ ਕਾਨੂੰਨ ਰੱਦ ਕਰਵਾਏ। ਕਾਲੇ ਅਮਰੀਕਨ ਲੋਕਾਂ ਦੇ ਮਨੁੱਖੀ ਮੂਲ ਅਧਿਕਾਰ ਬਹਾਲ ਕਰਨ ਲਈ ਅਬਰਾਹਮ ਲਿੰਕਨ ਵਰਗੇ ਸੁਹਿਰਦ ਪ੍ਰਧਾਨ ਨੇ 1863 ਵਿਚ ਅਮਰੀਕਨ ਆਜ਼ਾਦੀ ਦਾ ਐਲਾਨਨਾਮਾ ਜਾਰੀ ਕੀਤਾ ਜਿਸ ਰਾਹੀਂ ਅਮਰੀਕਾ ਵਿਚ ਰਹਿਣ ਵਾਲੇ ਹਰ ਨਾਗਰਿਕ ਦੇ ਹੱਕ ਬਰਾਬਰ ਕਰ ਦਿੱਤੇ ਗਏ। ਸੁਧਾਰਾਂ ਦੀ ਲਹਿਰ ਅਜਿਹੀ ਚੱਲੀ ਕਿ ਨਾ ਸਿਰਫ਼ ਇਕ ਕਾਲਾ ਅਮਰੀਕਨ ਬਰਾਕ ਓਬਾਮਾ 2008 ਵਿਚ ਅਮਰੀਕਾ ਦਾ ਰਾਸ਼ਟਰਪਤੀ ਬਣਿਆ ਸਗੋਂ ਅਮਰੀਕਨ ਲੋਕਾਂ ਨੇ ਉਸ ਨੂੰ 2012 ਵਿਚ ਦੁਬਾਰਾ ਰਾਸ਼ਟਰਪਤੀ ਚੁਣ ਲਿਆ।

## ਪਾਠਕਾਂ ਦੀ ਰਾਏ

# ਭਗਤ ਸਿੰਘ ਸ਼ਹੀਦ-ਏ-ਆਜ਼ਮ ਨਹੀਂ ਹੈ

ਸਿਰਦਾਰ ਕਪੂਰ ਸਿੰਘ ਨੇ ਆਪਣੀ ਪੁਸਤਕ 'ਸਾਚੀ ਸਾਖੀ' ਵਿਚ ਲਿਖਿਆ ਹੈ ਕਿ ਭਗਤ ਸਿੰਘ ਨੇ ਸਕਾਊਟ ਨੂੰ ਸਾਂਡਰਸ ਦੇ ਭੁਲੇਖੇ ਘਾਤ ਲਾ ਕੇ ਹਮਲਾ ਕਰ ਕੇ ਮਾਰ ਦਿੱਤਾ ਸੀ। ਫਿਰ ਕੇਸ ਕਟਵਾ ਕੇ ਭੱਜ ਨਿਕਲਿਆ ਸੀ। ਕਰਮ ਸਿੰਘ ਜ਼ਖਮੀ ਨੇ ਵੀ ਆਪਣੇ ਨਾਵਲ 'ਸਤਲੁਜ ਦੇ ਕੰਢੇ' ਵਿਚ ਇਸੇ ਘਟਨਾ ਦਾ ਜ਼ਿਕਰ ਕੀਤਾ ਹੈ। ਭਗਤ ਸਿੰਘ ਦਾ ਸਾਰਾ ਟੱਬਰ ਆਰੀਆ ਸਮਾਜੀਆਂ ਦਾ ਸੀ। ਸਿੱਖ ਵਿਦਵਾਨ ਅਜਮੇਰ ਸਿੰਘ ਨੇ ਆਪਣੀ ਪੁਸਤਕ 'ਕਿਸ ਬਿਧ ਰੁਲੀ ਪਾਤਸ਼ਾਹੀ' ਵਿਚ ਵੀ ਲਿਖਿਆ ਹੈ ਕਿ ਆਰੀਆ ਸਮਾਜ ਦਾ ਆਗੂ ਦਿਆ ਨੰਦ ਪੱਕਾ ਸਿੱਖ ਵਿਰੋਧੀ ਸੀ। ਉਸ ਨੇ ਆਪਣੀ ਕਿਤਾਬ 'ਸਤਿਆਰਥ ਪ੍ਰਕਾਸ਼' ਵਿਚ ਗੁਰੂ ਨਾਨਕ ਦੇਵ ਨੂੰ ਅਨਪੜ੍ਹ ਲਿਖਿਆ ਹੈ। ਗਿਆਨੀ ਦਿੱਤ ਸਿੰਘ ਨੇ ਇਸੇ ਦਿਆ ਨੰਦ ਨੂੰ ਮੇਜ 'ਤੇ ਬੈਠ ਕੇ ਦਲੀਲਾਂ ਨਾਲ ਹਰਾਇਆ ਸੀ।

ਚੰਦਰ ਸ਼ੇਖਰ ਆਜ਼ਾਦ ਅਤੇ ਭਗਵਤੀ ਚਰਨ ਦੀਆਂ ਕੁਰਬਾਨੀਆਂ ਭਗਤ ਸਿੰਘ ਨਾਲੋਂ ਕਿਤੇ ਵੱਧ ਹਨ। ਚੰਦਰ ਸ਼ੇਖਰ ਆਜ਼ਾਦ ਸੱਚੇ ਮਰਦਾਂ ਵਾਂਗ ਪੁਲਿਸ ਮੁਕਾਬਲੇ ਵਿਚ ਝਾਂਸੀ ਦੇ ਰੇਲਵੇ ਸਟੇਸ਼ਨ 'ਤੇ ਸ਼ਹੀਦ ਹੋਇਆ, ਭਗਤ ਸਿੰਘ ਵਾਂਗ ਡਰ ਕੇ ਕੇਸ ਕਟਵਾ ਕੇ ਭਗੌੜਾ ਨਹੀਂ ਸੀ ਬਣਿਆ ਜਦੋਂਕਿ ਭਗਵਤੀ ਚਰਨ ਰਾਵੀ ਦੇ ਬੇਟ ਵਿਚ ਬੰਬ ਬਣਾਉਣ ਦਾ ਤਜਰਬਾ ਕਰ ਰਿਹਾ ਸੀ ਤਾਂ ਕਿ ਜੇਲ੍ਹ ਵਿਚੋਂ ਭਗਤ ਸਿੰਘ ਨੂੰ ਛੁਡਾਇਆ ਜਾ ਸਕੇ।

ਪੰਜਾਬ ਟਾਈਮਜ਼ ਦੇ 27 ਅਕਤੂਬਰ 2012 ਦੇ ਅੰਕ ਵਿਚ ਬੂਟਾ ਸਿੰਘ ਨੇ ਭਗਤ ਸਿੰਘ ਨੂੰ ਸ਼ਹੀਦ ਲਿਖਿਆ ਹੈ ਜਦੋਂਕਿ ਹਕੀਕਤ ਵਿਚ ਹਿੰਦੂ ਭਗਤ ਸਿੰਘ ਨੂੰ ਸਿਰਫ ਇਸ ਲਈ ਸ਼ਹੀਦ ਕਹਿੰਦੇ ਹਨ ਕਿ ਭਗਤ ਸਿੰਘ ਦਾ ਟੱਬਰ ਪਤਿਤਪੁਣੇ ਦੀ ਵਕਾਲਤ ਕਰਦਾ ਸੀ। ਬੂਟਾ ਸਿੰਘ ਨੇ ਲਿਖਿਆ ਹੈ ਕਿ ਭਗਤ ਸਿੰਘ 23 ਸਾਲ ਦੀ ਉਮਰ ਵਿਚ ਮਰ ਗਿਆ। ਅਜਮੇਰ ਸਿੰਘ ਵਾਂਗ ਲੰਮੀ ਉਮਰ ਨਹੀਂ ਭੋਗੀ। ਮੈਂ ਇਥੇ ਕਹਾਂਗਾ ਕਿ ਜੋ ਸ਼ਹੀਦ ਹੁੰਦੇ ਹਨ, ਉਨ੍ਹਾਂ ਦਾ ਉਮਰ ਨਾਲ ਕੋਈ ਤਾਅਲੁਕ ਨਹੀਂ ਹੁੰਦਾ। ਸ. ਦਰਸ਼ਨ ਸਿੰਘ ਫੇਰੂਮਾਨ ਵਰਗਾ ਬਜ਼ੁਰਗ, ਹਕੀਕਤ ਰਾਏ ਵਰਗਾ ਬਾਲ ਸ਼ਹੀਦ ਵੀ ਹੋ ਸਕਦਾ ਹੈ, ਹਜ਼ਰਤ ਤੇ ਹੁਸੈਨ ਵੀ ਬਾਲ ਸ਼ਹੀਦ ਹੋ ਸਕਦੇ ਹਨ। ਸਾਰੇ ਹਿੰਦੂ ਅਤੇ ਬੂਟਾ ਸਿੰਘ ਵਰਗੇ ਲੇਖਕ ਇਸ ਕਰ ਕੇ ਭਗਤ ਸਿੰਘ ਨੂੰ ਸ਼ਹੀਦ ਕਹਿੰਦੇ ਹਨ ਕਿ ਭਗਤ ਸਿੰਘ ਦਾ ਟੱਬਰ ਪਤਿਤਪੁਣੇ ਦੀ ਵਕਾਲਤ ਕਰਦਾ ਸੀ।

3 ਨਵੰਬਰ ਦੇ ਪੰਜਾਬ ਟਾਈਮਜ਼ ਵਿਚ ਗੁਲਜ਼ਾਰ ਸਿੰਘ ਸੰਧੂ ਨੇ ਜੂਨ 1984 ਦੇ ਘੱਲੂਘਾਰੇ ਦੇ ਖਲਨਾਇਕ ਜਨਰਲ ਬਰਾੜ ਦੇ ਗੁਣ ਗਾਏ ਹਨ ਜਦੋਂਕਿ ਉਸ ਨੂੰ ਜਨਰਲ ਡਾਇਰ ਦਾ ਖਿਤਾਬ ਦੇਣਾ ਚਾਹੀਦਾ ਹੈ। ਇਹ ਉਹੀ ਜਨਰਲ ਬਰਾੜ ਹੈ ਜਿਸ ਉਤੇ ਹਾਲ ਹੀ ਵਿਚ ਇੰਗਲੈਂਡ ਵਿਚ ਹਮਲਾ ਹੋਇਆ ਅਤੇ ਉਹ ਡਰਦਾ ਮਾਰਾ ਆਪਣਾ ਪਿੰਡ ਪੱਤੋ ਹੀਰਾ ਛੱਡ ਕੇ ਮੁੰਬਈ ਲੁਕ ਕੇ ਰਹਿੰਦਾ ਹੈ। ਇਹ ਬਰਾੜ ਚੀਨ ਦੀ ਲੜਾਈ ਵਿਚ ਮੈਦਾਨ ਛੱਡ ਕੇ ਭੱਜ ਆਇਆ ਜਦੋਂਕਿ ਉਸ ਦੇ ਨਾਲ ਦੇ ਸਾਰੇ ਦੇ ਸਾਰੇ ਸਿੱਖ ਸ਼ਹੀਦ ਹੋ ਗਏ। ਨਾਵਲਕਾਰ ਗੁਰਮੇਲ ਸਿੰਘ ਸਿੱਧੂ ਇਸ ਦਾ ਚਸ਼ਮਦੀਦ ਗਵਾਹ ਹੈ। ਨਾਲੇ 1965 ਦੀ ਜੰਗ ਵਿਚ ਮਦਰਾਸੀ ਭੱਜ ਨਿਕਲੇ, ਜਨਰਲ ਹਰਬਖ਼ਸ਼ ਸਿੰਘ ਹੀ ਕੰਮ ਆਇਆ। 1971 ਦੀ ਲੜਾਈ ਵਿਚ ਜਨਰਲ ਜਗਜੀਤ ਸਿੰਘ ਅਰੋੜਾ ਨੇ ਇਕ ਲੱਖ ਹਥਿਆਰਬੰਦ ਫੌਜੀਆਂ ਤੋਂ ਹਥਿਆਰ ਰਖਵਾ ਲਏ ਪਰ ਇਸ ਜਨਰਲ ਕੇ ਐਸ ਬਰਾੜ ਨੇ ਜੂਨ 1984 ਵਿਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਸੰਗਤਾਂ ਉਤੇ ਜ਼ੁਲਮ ਕਰਨ ਦੀ ਹੱਦ ਮੁਕਾ ਦਿੱਤੀ।

*-ਦਵਿੰਦਰ ਸਿੰਘ ਖਟਕੜ*
*ਫੋਨ: 209-606-7452*

## ਪ੍ਰੇਰਕ-ਪ੍ਰਸੰਗ

### ਸਭ ਤੋਂ ਸ਼ਕਤੀਸ਼ਾਲੀ ਕੌਣ?

ਇੱਕ ਵਾਰ ਮਹਾਤਮਾ ਬੁੱਧ ਸ਼ਰਧਾਲੂਆਂ ਨਾਲ ਵਿਚਾਰ ਕਰ ਰਹੇ ਸਨ। ਉਨ੍ਹਾਂ ਇੱਕ ਪ੍ਰਸ਼ਨ ਰੱਖਿਆ, "ਕੀ ਤੁਹਾਡੇ ਵਿਚੋਂ ਕੋਈ ਦੱਸ ਸਕਦਾ ਹੈ ਕਿ ਪਹਾੜ ਤੋਂ ਸ਼ਕਤੀਸ਼ਾਲੀ ਕੀ ਚੀਜ਼ ਹੈ?"

ਇੱਕ ਚੇਲਾ ਝਟਪਟ ਬੋਲਿਆ, "ਮਹਾਤਮਾ ਜੀ! ਲੋਹਾ ਪਹਾੜ ਨਾਲੋਂ ਵੱਧ ਸ਼ਕਤੀਸ਼ਾਲੀ ਹੁੰਦਾ ਹੈ ਕਿਉਂਕਿ ਇਸ ਦੇ ਹੀ ਬਣੇ ਸੰਦਾਂ ਨਾਲ ਅਸੀਂ ਪਹਾੜ ਦੇ ਟੁਕੜੇ-ਟੁਕੜੇ ਕਰ ਸਕਦੇ ਹਾਂ।"

ਮਹਾਤਮਾ ਬੁੱਧ ਨੇ ਫੇਰ ਪ੍ਰਸ਼ਨ ਕੀਤਾ, "ਜੇ ਲੋਹਾ ਪਹਾੜ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੈ, ਤਾਂ ਦੱਸੋ ਲੋਹੇ ਤੋਂ ਵੱਧ ਤਾਕਤਵਰ ਕੀ ਚੀਜ਼ ਹੈ?"

ਪਹਿਲਾਂ ਵਾਂਗ ਹੀ ਇੱਕ ਚੇਲੇ ਨੇ ਇਕਦਮ ਜਵਾਬ ਦਿੱਤਾ, "ਲੋਹੇ ਨਾਲੋਂ ਵੱਧ ਸ਼ਕਤੀਸ਼ਾਲੀ ਤਾਂ ਅੱਗ ਹੈ ਜੋ ਆਪਣੇ ਸੇਕ ਨਾਲ ਲੋਹੇ ਨੂੰ ਮਿੰਟਾਂ ਵਿਚ ਹੀ ਗਲਾ ਦਿੰਦੀ ਹੈ।"

ਮਹਾਤਮਾ ਬੁੱਧ ਨੇ ਫੇਰ ਪ੍ਰਸ਼ਨ ਕੀਤਾ, "ਜੇ ਲੋਹੇ ਤੋਂ ਵੀ ਵੱਧ ਸ਼ਕਤੀਸ਼ਾਲੀ ਅੱਗ ਹੈ ਤਾਂ ਅੱਗ ਤੋਂ ਸ਼ਕਤੀਸ਼ਾਲੀ ਕਿਹੜੀ ਚੀਜ਼ ਹੈ?"

ਇੱਕ ਸ਼ਰਧਾਲੂ ਦਾ ਉਤਰ ਸੀ, "ਅੱਗ ਤੋਂ ਵੀ ਵੱਧ ਸ਼ਕਤੀਸ਼ਾਲੀ ਪਾਣੀ ਹੈ ਜੋ ਆਪਣੀ ਸ਼ਕਤੀ ਨਾਲ ਅੱਗ ਨੂੰ ਬੁਝਾ ਸਕਦਾ ਹੈ।"

ਇਹ ਜਵਾਬ ਸੁਣ ਕੇ ਮਹਾਤਮਾ ਬੁੱਧ ਨੇ ਫੇਰ ਸਵਾਲ ਕੀਤਾ, "ਜੇ ਪਾਣੀ ਅੱਗ ਨਾਲੋਂ ਜ਼ਿਆਦਾ ਸ਼ਕਤੀ ਰੱਖਦਾ ਹੈ ਤਾਂ ਪਾਣੀ ਤੋਂ ਵੱਧ ਸ਼ਕਤੀਸ਼ਾਲੀ ਕੌਣ ਹੈ?"

ਇਸ ਦਾ ਜਵਾਬ ਦਿੰਦਿਆਂ ਇੱਕ ਸ਼ਰਧਾਲੂ ਕਹਿਣ ਲੱਗਾ, "ਮਹਾਤਮਾ ਜੀ! ਪਾਣੀ ਤੋਂ ਵੀ ਵੱਧ ਸ਼ਕਤੀਸ਼ਾਲੀ ਹੈ ਹਵਾ ਜੋ ਜਿਵੇਂ ਚਾਹੇ ਪਾਣੀ ਨੂੰ ਨਚਾ ਸਕਦੀ ਹੈ।"

ਇਸ ਉਪਰੰਤ ਬੁੱਧ ਨੇ ਫੇਰ ਪ੍ਰਸ਼ਨ ਕੀਤਾ, "ਜੇ ਹਵਾ ਪਾਣੀ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ, ਤਾਂ ਦੱਸੋ ਹਵਾ ਤੋਂ ਸ਼ਕਤੀਸ਼ਾਲੀ ਕੌਣ ਹੋ ਸਕਦਾ ਹੈ?"

ਇਹ ਪ੍ਰਸ਼ਨ ਸੁਣਦਿਆਂ ਹੀ ਸਾਰੇ ਸ਼ਰਧਾਲੂ ਇੱਕ-ਦੂਜੇ ਵੱਲ ਵੇਖਣ ਲੱਗ ਪਏ ਅਤੇ ਇਸ ਸਵਾਲ ਦਾ ਜਵਾਬ ਦੇਣ ਵਿਚ ਅਸਮਰੱਥ ਜਾਪਣ ਲੱਗੇ। ਹੁਣ ਬੁੱਧ ਮੁਸਕਰਾਉਂਦੇ ਹੋਏ ਬੋਲੇ, "ਹਵਾ ਅਤੇ ਇਸ ਤੋਂ ਪਹਿਲਾਂ ਜਿੰਨੀਆਂ ਵੀ ਸ਼ਕਤੀਸ਼ਾਲੀ ਅਤੇ ਤਾਕਤਵਰ ਚੀਜ਼ਾਂ ਬਾਬਤ ਆਪਾਂ ਗੱਲ ਕੀਤੀ, ਉਨ੍ਹਾਂ ਸਭ ਸ਼ਕਤੀਆਂ ਤੋਂ ਵੀ ਸ਼ਕਤੀਸ਼ਾਲੀ ਹੈ ਮਨੁੱਖ ਦੇ ਦ੍ਰਿੜ ਇਰਾਦੇ ਅਤੇ ਸਵੈ-ਵਿਸ਼ਵਾਸ ਦੀ ਸ਼ਕਤੀ, ਜਿਹੜੀ ਆਪਣੀ ਸਮਰੱਥਾ ਅਤੇ ਕਾਬਲੀਅਤ ਨਾਲ ਬਾਕੀ ਸਭ ਸ਼ਕਤੀਆਂ ਨੂੰ ਕਾਬੂ ਕਰ ਸਕਦੀ ਹੈ ਅਤੇ ਇਨ੍ਹਾਂ ਦੀ ਸਹੀ ਵਰਤੋਂ ਕਰ ਸਕਦੀ ਹੈ। ਇਸ ਲਈ ਕਿਸੇ ਵੀ ਦੇਸ਼, ਕੌਮ ਅਤੇ ਸਮਾਜ ਦੀ ਤਰੱਕੀ ਲਈ ਦ੍ਰਿੜ੍ਹ ਵਿਸ਼ਵਾਸ ਦੀ ਸ਼ਕਤੀ ਬਹੁਤ ਅਹਿਮ ਰੋਲ ਅਦਾ ਕਰਦੀ ਹੈ।"

*-ਹਰਗੁਣਪ੍ਰੀਤ ਸਿੰਘ*

# ਤੂਤੀ ਬੋਲਣਾ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਅੱਜ ਤੋਂ ਕੋਈ ਢਾਈ ਦਹਾਕੇ ਪਹਿਲਾਂ ਮਲਕੀਤ ਸਿੰਘ ਦੇ ਗਾਣਿਆਂ ਦੀ ਤੂਤੀ ਬੋਲਦੀ ਸੀ। ਉਸ ਦਾ 'ਤੂਤਕ ਤੂਤਕ ਤੂਤੀਆਂ' ਮੁਖੜੇ ਵਾਲਾ ਗੀਤ ਸੁਣ ਸੁਣ ਕੇ ਕੰਨਾਂ ਵਿਚ ਝਰਨ ਝਰਨ ਹੋਣ ਲੱਗ ਪਈ ਸੀ। ਕਹਿੰਦੇ ਹਨ, ਉਸ ਦੀਆਂ ਵੀਹ ਲੱਖ ਤੋਂ ਵੀ ਵਧ ਸੀਡੀਆਂ ਵਿਕੀਆਂ। ਚੰਡੀਗੜ੍ਹ ਦੇ ਸੈਕਟਰ 17 ਵਿਚ, ਜਿਥੇ ਕਦੇ ਕੋਈ ਪੰਜਾਬੀ ਗੀਤ ਵੱਜਦਾ ਨਹੀਂ ਸੀ ਸੁਣਿਆ, ਹਰ ਦੁਕਾਨ 'ਤੇ 'ਤੂਤਕ ਤੂਤਕ ਤੂਤੀਆਂ' ਹੀ ਹੋਈ ਰਹਿੰਦੀ ਸੀ। ਕੁਝ ਲੋਕ ਸੋਚਦੇ ਸਨ ਕਿ ਇਸ ਗੀਤ ਦੇ 'ਤੂਤਕ ਤੂਤਕ ਤੂਤੀਆਂ' ਵਾਲੇ ਨਿਰਾਰਥਕ ਜਿਹੇ ਬੋਲ ਦੇ ਕੀ ਅਰਥ ਹੋ ਸਕਦੇ ਹਨ। ਗੀਤਾਂ ਵਿਚ ਲੈਅ ਰੱਖਣ ਲਈ ਅਜਿਹੇ ਬੋਲ ਅਕਸਰ ਹੀ ਜੋੜੇ ਜਾਂਦੇ ਹਨ ਜਿਵੇਂ ਬੋਲੀਆਂ ਵਿਚ 'ਧਾਵੇ ਧਾਵੇ ਧਾਵੇ' ਆਦਿ। ਪਰ ਭਾਸ਼ਾ ਵਿਵੇਚਕ ਨਿਰਾਰਥਕ ਜਾਪਦੇ ਬੋਲਾਂ ਵਿਚ ਵੀ ਅਰਥ ਲੱਭਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਪ੍ਰੋ. ਮੋਹਨ ਸਿੰਘ ਅਕਸਰ ਹੀ ਥਾਲੀ ਲੈ ਕੇ ਉਸ ਨੂੰ ਵਜਾਉਂਦਿਆਂ ਸੁਰ ਕੱਢਿਆ ਕਰਦਾ ਸੀ, 'ਤੂਣ ਤੂਣ ਤੂਣ, ਨਿੱਕਾ ਵਾਣ ਬੁਣ।' ਥੋੜੀ ਜਿਹੀ ਖੇਚਲ ਕੀਤਿਆਂ ਵੀ ਸਮਝ ਆ ਜਾਂਦੀ ਹੈ ਕਿ ਇਥੇ 'ਤੂਣ ਤੂਣ' ਦਰਅਸਲ ਕਿਸੇ ਤੂੰਬੀ ਜਿਹੇ ਤੰਤੀ ਸਾਜ਼ ਦੀ ਨਕਲ ਹੈ। ਅੰਗਰੇਜ਼ੀ ਦਾ thrum ਸ਼ਬਦ ਇਹੋ ਅਰਥ ਦਿੰਦਾ ਹੈ ਜੋ ਤੂਣ ਤੂਣ ਦੀ ਤਰ੍ਹਾਂ ਧੁਨੀ-ਅਨੁਕਰਮਕ ਹੈ।

ਕੁਝ ਚਿਰ ਪਹਿਲਾਂ 'ਸ਼ਬਦ ਝਰੋਖਾ' ਦੇ ਇਕ ਬਾਕਾਇਦਾ ਪਾਠਕ ਨੇ ਮੈਨੂੰ ਨਿੱਜੀ ਤੌਰ 'ਤੇ 'ਨਗਾਰਖਾਨੇ ਵਿਚ ਤੂਤੀ ਬੋਲਣਾ' ਕਹਾਵਤ ਦਾ ਮੁਢ ਪੁਛਿਆ। ਇਸ ਦੇ ਜਵਾਬ ਵਿਚ ਮੈਨੂੰ ਜੋ ਸਰਿਆ, ਮੈਂ ਉਸ ਅੱਗੇ ਨਿਜੀ ਤੌਰ 'ਤੇ ਪੇਸ਼ ਕਰ ਦਿੱਤਾ। ਅੱਜ ਤੂਤਕ ਤੂਤਕ ਦੀ ਗੱਲ ਛੇੜੀ ਹੈ ਤਾਂ ਮੈਨੂੰ ਲੱਗਾ ਇਸ ਮੁਹਾਵਰੇ ਬਾਰੇ ਦਿੱਤਾ ਜਵਾਬ ਵੀ ਮੈਨੂੰ ਹੋਰ ਪਾਠਕਾਂ ਨਾਲ ਸਾਂਝਾ ਕਰਨਾ ਚਾਹੀਦਾ ਹੈ। ਤੂਤੀ ਸ਼ਬਦ ਦੇ ਕਈ ਅਰਥ ਹਨ। ਇਹ ਅਰਬੀ ਤੋਂ ਆਇਆ ਹੈ। ਇਕ ਕਿਸਮ ਦੇ ਛੋਟੀ ਕਿਸਮ ਦੇ ਤੋਤੇ ਨੂੰ ਅਰਬੀ ਵਿਚ ਤੂਤੀ ਕਿਹਾ ਜਾਂਦਾ ਹੈ। ਇਸ ਦੀ ਚੁੰਝ ਪੀਲੀ, ਗਰਦਨ ਬੈਂਗਣੀ ਅਤੇ ਖੰਭ ਹਰੇ ਰੰਗ ਦੇ ਹੁੰਦੇ ਹਨ। ਇਸ ਦੀ ਆਵਾਜ਼ ਬੜੀ



ਮਿੱਠੀ ਅਤੇ ਸੁਰੀਲੀ ਹੁੰਦੀ ਹੈ। ਇਸ ਨੂੰ ਲੋਕ ਪਿੰਜਰਿਆਂ ਵਿਚ ਪਾਲਦੇ ਹਨ। ਪਰ ਸਾਡੇ ਮਤਲਬ ਦਾ ਅਰਥ ਹੈ, ਇਕ ਪ੍ਰਕਾਰ ਦਾ ਛੋਟਾ ਵਾਜਾ ਜੋ ਸ਼ਹਿਨਾਈ ਜਾਂ ਬੰਸਰੀ ਵਰਗਾ ਹੁੰਦਾ ਹੈ। ਬਾਦਸ਼ਾਹਾਂ ਦੇ ਮਹਿਲਾਂ ਅੱਗੇ ਨਗਾਰਖਾਨੇ ਹੋਇਆ ਕਰਦੇ ਸਨ ਜਿਨ੍ਹਾਂ ਵਿਚ ਨਗਾਰੇ ਰੱਖੇ ਜਾਂਦੇ ਸਨ। ਖਾਸ ਖਾਸ ਮੁਨਾਦੀਆਂ ਕਰਨ ਤੋਂ ਪਹਿਲਾਂ ਇਹ ਵਜਾਏ ਜਾਂਦੇ। ਨਗਾਰਾ ਵੱਜਣ ਪਿਛੋਂ ਕਾਰਿੰਦਾ ਮੁਨਾਦੀ ਪੜ੍ਹਦਾ ਸੀ। ਇਸ ਤਰ੍ਹਾਂ ਮੁਨਾਦੀਆਂ ਦਾ ਐਲਾਨ ਕੀਤਾ ਜਾਂਦਾ ਸੀ। 'ਨਗਾਰਖਾਨੇ ਵਿਚ ਤੂਤੀ ਬੋਲਣਾ' ਦਾ ਭਾਵ ਹੈ ਜਿਥੇ ਬੜੇ ਬੜੇ ਲੋਕਾਂ ਦੀ ਚਲਦੀ ਹੋਵੇ ਉਥੇ ਹਮਾਤੜ ਛੋਟੇ ਲੋਕਾਂ ਨੂੰ ਕੌਣ ਪੁਛਦਾ ਹੈ ਜਾਂ ਸ਼ੋਰ ਸ਼ਰਾਬੇ 'ਚ ਆਮ ਆਦਮੀ ਦੀ



*ਗਾਇਕ ਮਲਕੀਤ ਸਿੰਘ*

ਗੱਲ ਕੌਣ ਸੁਣਦਾ ਹੈ। ਸਪਸ਼ਟ ਹੈ ਕਿ ਇਹ ਅਖਾਣ ਨਗਾਰੇ ਦੀ ਭਾਰੀ ਆਵਾਜ਼ ਦੇ ਮੁਕਾਬਲੇ ਤੂਤੀ ਦੀ ਬਰੀਕ ਆਵਾਜ਼ ਦੇ ਨਿਗੂਣੇ ਹੋਣ ਤੋਂ ਬਣਿਆ।

ਤੂਤੀ ਬੋਲਣਾ ਇਕ ਹੋਰ ਮੁਹਾਵਰਾ ਹੈ। ਇਹ ਮੁਹਾਵਰਾ ਤੂਤੀ ਪੰਛੀ ਨਾਲ ਸਬੰਧਤ ਹੈ। ਪੁਰਾਣੇ ਜ਼ਮਾਨੇ ਵਿਚ ਰਈਸ ਲੋਕ ਕੁਕੜਾਂ ਦੀ ਲੜਾਈ ਕਰਵਾਇਆ ਕਰਦੇ ਸਨ। ਕੁਝ ਸ਼ੌਕੀਨ ਲੋਕ ਅੱਜ ਕਲ੍ਹ ਵੀ ਅਜਿਹਾ ਕਰਦੇ ਹਨ। ਬਹੁਤ ਲੋਕਾਂ ਨੇ ਖੂੰਖਾਰ ਹੁੰਦੇ ਕੁਕੜਾਂ ਦੀਆਂ ਲੜਾਈਆਂ ਦਾ ਅਨੰਦ ਮਾਣਿਆ ਹੋਵੇਗਾ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਅਹਿਲਕਾਰ ਲੋਕਾਂ ਦੇ ਹੋਰ ਸ਼ੌਕਾਂ ਵਿਚੋਂ ਤੂਤੀਆਂ ਰੱਖਣੀਆਂ ਤੇ ਉਨ੍ਹਾਂ ਦੀਆਂ ਆਵਾਜ਼ਾਂ ਦੇ ਮੁਕਾਬਲੇ ਕਰਾਉਣਾ ਵੀ ਹੁੰਦਾ ਸੀ। ਕਿਉਂਕਿ ਹਰ ਕੋਈ ਆਪਣੀ ਤੂਤੀ ਦੀ ਆਵਾਜ਼ ਵੱਲ ਹੀ ਚਿੰਤਿਤ ਹੁੰਦਾ ਸੀ, ਇਸ ਲਈ ਆਪਣੀ ਤੂਤੀ ਬੋਲਣਾ ਦਾ ਇਕ ਮਤਲਬ ਆਪਣੀ ਰੱਟ ਲਾਈ ਰੱਖਣਾ ਹੋ ਗਿਆ। ਪਰ ਇਸ ਮੁਹਾਵਰੇ ਦੀ ਵਧੇਰੇ ਵਰਤੋਂ ਧਾਕ ਜੰਮਣਾ ਮੁਹਾਵਰੇ ਜਿਹੀ ਹੈ। ਮੁਕਾਬਲੇ ਵਿਚ ਜਿਸ ਦੀ ਤੂਤੀ ਵਧੀਆ ਬੋਲੇਗੀ, ਉਸੇ ਦੀ ਬੱਲੇ ਬੱਲੇ ਹੋਵੇਗੀ। ਇਕ ਕਵੀ ਨੂੰ ਗਿਲਾ ਹੈ,

ਸਿਆਸਤ ਭੀ ਅਜੂਬੀ ਬੋਲਤੀ ਹੈ,
ਰਿਆਕਾਰੋਂ ਕੀ ਤੂਤੀ ਬੋਲਤੀ ਹੈ
ਜ਼ਮਾਨਾ ਬੇਰਹਿਮ ਹੈ ਕੁਛ ਭੀ ਬੋਲੇ
ਗਿਲਾ ਯੇ ਹੈ ਕਿ ਤੂ ਭੀ ਬੋਲਤੀ ਹੈ।

ਕਿਸੇ ਨੇ ਲਿਖਿਆ ਹੈ, "ਸਾਡੇ ਪਿੰਡ ਵਿਚ ਵੀ ਇਕ ਹੁੰਦਾ ਸੀ ਸਾਡਾ ਹਾਣੀ ਸ਼ਾਹ-ਤੋਤਾ ਹੱਟੀ ਵਾਲਾ। ਤੋਤੇ ਦੀ ਹੱਟੀ ਉਸ ਵੇਲੇ ਬੜੀ ਮਸ਼ਹੂਰ ਸੀ। ਤੋਤੇ ਦੀ ਪੂਰੇ ਇਲਾਕੇ 'ਚ ਤੂਤੀ ਬੋਲਦੀ ਸੀ।" ਕਿਸੇ ਵੇਲੇ ਤੋਤਾ ਸਿੰਘ ਵਜ਼ੀਰ ਦੀ ਵੀ ਬੜੀ ਤੂਤੀ ਬੋਲਦੀ ਸੀ।

ਅਮੀਰ ਖੁਸਰੋ ਆਪਣੇ ਆਪ ਨੂੰ ਹਿੰਦੁਸਤਾਨ ਦੀ ਤੂਤੀ ਕਹਾਉਣਾ ਪਸੰਦ ਕਰਦਾ ਸੀ, "ਮੈਂ ਹਿੰਦੁਸਤਾਨ ਦੀ ਤੂਤੀ ਹਾਂ, ਜੇਕਰ ਤੁਸੀਂ ਵਾਸਤਵ ਵਿਚ ਮੈਨੂੰ ਜਾਨਣਾ ਚਾਹੁੰਦੇ ਹੋ ਤਾਂ ਹਿੰਦਵੀ ਵਿਚ ਪੁਛੋ। ਮੈਂ ਤੁਹਾਨੂੰ ਅਨੂਪਮ ਗੱਲਾਂ ਦੱਸ ਸਕਾਂਗਾ।"

ਉਰਦੂ ਵਿਚ ਤੂਤੀ ਪੁਲਿੰਗ ਦੀ ਤਰ੍ਹਾਂ ਵਰਤਿਆ ਜਾਂਦਾ ਹੈ। ਮਿਸਾਲ ਵਜੋਂ ਕਿਸੇ ਸ਼ਾਇਰ ਨੇ ਲਿਖਿਆ ਹੈ,

"ਜਹਾਂ ਮੇਂ ਹੈਂ ਸ਼ਰਾਰਤ ਪੇਸ਼ਾ ਜਿਤਨੇ,
ਉਨਹੀਂ ਕਾ ਆਜ ਤੂਤੀ ਬੋਲਤਾ ਹੈ।

ਹੁਣ 'ਤੂਤਕ ਤੂਤਕ ਤੂਤੀਆਂ' ਦਾ ਅਰਥ ਸਮਝਣ ਦਾ ਜਤਨ ਕਰੀਏ। ਪਹਿਲਾਂ ਦੇਖੀਏ ਹੋਰ ਕੀ ਕਹਿੰਦੇ ਹਨ। ਕੁਝ ਲੋਕਾਂ ਦਾ ਵਿਚਾਰ ਹੈ ਕਿ 'ਤੂਤਕ ਤੂਤਕ ਤੂਤੀਆਂ' ਨੂੰ 'ਤੂੰ ਤੱਕ, ਤੂੰ ਤੱਕ, ਤੂੰ ਤੱਕ ਤੂਤੀਆਂ' ਦੀ ਤਰ੍ਹਾਂ ਲਿਖ ਕੇ ਪੜ੍ਹੀਏ ਤਾਂ ਇਸ ਦੇ ਅਰਥ ਸਮਝ ਆ ਸਕਦੇ ਹਨ। ਅਰਥਾਤ ਪ੍ਰੇਮਿਕਾ ਨੂੰ ਕਿਹਾ ਗਿਆ ਹੈ ਕਿ ਤੂੰ ਤੂਤ ਦਰਖਤ ਦੇ ਫਲ, ਤੂਤੀਆਂ ਵੱਲ ਤੱਕ। ਮਜ਼ੇਦਾਰ ਵਿਆਖਿਆ ਹੈ। ਮਲਕੀਤ ਸਿੰਘ ਨੇ ਆਪ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਉਸ ਨੇ ਇਹ ਬੋਲ ਵਿਆਹਾਂ ਵਿਚ ਬੈਂਡ ਵਾਜਿਆਂ ਦੀਆਂ ਸੁਰਾਂ ਤੋਂ ਨਕਲ ਕੀਤਾ ਸੀ। ਵਿਆਹਾਂ ਵਿਚ ਤੁਤਰੂ ਕਿਸਮ ਦੇ ਸਾਜ਼ ਹੀ ਵਜਾਏ ਜਾਂਦੇ ਹਨ ਤੇ ਇਨ੍ਹਾਂ ਸਾਜ਼ਾਂ ਵਿਚ ਜਦ ਫੂਕ ਮਾਰੀ ਜਾਂਦੀ ਹੈ ਤਾਂ ਤੂ ਤੂ ਦੀ ਆਵਾਜ਼ ਆਉਂਦੀ ਹੈ। ਇਸੇ ਕਰਕੇ ਇਨ੍ਹਾਂ ਦਾ ਨਾਮਕਰਣ ਵੀ ਧੁਨੀ-ਅਨੁਕ੍ਰਮਕ ਨਿਯਮ ਅਨੁਸਾਰ ਹੋਇਆ ਹੈ। ਕਈਆਂ ਦੇ ਨਾਂਵਾਂ ਵਿਚ 'ਤੂਤ' ਅਗੇਤਰ ਲਗਦਾ ਹੈ। ਅਰਬੀ ਫਾਰਸੀ ਵਿਚ ਤੂਤੀ ਜਿਹੇ ਹੀ ਇਕ ਸਾਜ਼ ਨੂੰ ਤੂਤਕ ਕਿਹਾ ਜਾਂਦਾ ਹੈ ਤੇ ਸੰਯੋਗ ਵੱਸ 'ਤੂਤਕ ਤੂਤਕ ਤੂਤੀਆਂ' ਦੇ ਬੋਲ ਵਿਚ ਵੀ ਏਹੀ ਸ਼ਬਦ ਆਇਆ ਹੈ।

# ਇੰਜ ਪਈ ਸਾਂਝ ਪੰਜਾਬ ਟਾਈਮਜ਼ ਨਾਲ

ਮੇਰੇ ਦਿਲ ਦੀ ਗੱਲ



ਨਿੰਮਾ ਡੱਲੇਵਾਲਾ
ਫੋਨ:513-432-9754

ਬੇਲਾਗ, ਬੇਬਾਕ ਅਤੇ ਨਿੱਧੜਕ ਪੱਤਰਕਾਰੀ ਦਾ ਮੁੱਦਈ 'ਪੰਜਾਬ ਟਾਈਮਜ਼' ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਪੰਜਾਬੀ ਅਖਬਾਰ ਹੈ। ਇਹ ਅਖਬਾਰ ਹੁਣ ਤੇਰਾਂ ਵਰ੍ਹੇ ਦਾ ਹੋਣ ਵਾਲਾ ਹੈ। ਇਸ ਵਿਚ ਛਪਦੀ ਸਾਹਿਤਕ ਸਮੱਗਰੀ ਅਤੇ ਹੋਰ ਲੇਖ ਬੜੇ ਮਿਆਰੀ ਹੁੰਦੇ ਹਨ ਜਿਸ ਦੀ ਪਾਠਕ ਕਦਰ ਵੀ ਕਰਦੇ ਹਨ।

ਮੈਨੂੰ ਦਸਵੀਂ ਕਲਾਸ ਤੋਂ ਹੀ ਲਿਖਣ ਦੇ ਨਾਲ ਇਕ ਹੋਰ ਸ਼ੌਕ ਸੀ, ਬਤੌਰ ਗੀਤਕਾਰ ਅਖ਼ਬਾਰ ਵਿਚ ਆਪਣੀ ਫੋਟੋ ਵੇਖਣ ਦਾ। ਕਈ ਨਾਮਵਰ ਕਲਾਕਾਰਾਂ ਨੇ ਮੇਰੇ ਗੀਤ ਵੀ ਗਾਏ ਪਰ ਇਹ ਸੁਪਨਾ ਅਧੂਰਾ ਹੀ ਰਿਹਾ। ਕਿਸਮਤ ਪੰਜਾਬ ਤੋਂ ਜਹਾਜ਼ ਵਿਚ ਬਿਠਾ ਅਮਰੀਕਾ ਦੀ ਧਰਤੀ ਤੇ ਲੈ ਆਈ ਤੇ ਮੈਂ ਆਪਣੇ ਸ਼ੌਂਕ ਦੀ ਗੱਠੜੀ ਨੂੰ ਵੀ ਦਿਲ ਦੇ ਮੋਢੇ ਟੰਗ ਵਤਨੋਂ ਦੂਰ ਨਾਲ ਲੈ ਆਇਆ। ਪੰਜਾਬ ਦੇ ਪਿੰਡ ਦੀ ਅਤੇ ਅਮਰੀਕਾ ਦੀ ਜ਼ਿੰਦਗੀ ਵਿਚਲੇ ਫ਼ਰਕ ਨੇ ਮਹਿਸੂਸ ਕਰਵਾ ਦਿੱਤਾ ਜਿਵੇਂ ਦੁਬਾਰਾ ਜਨਮ ਹੋਇਆ ਹੋਵੇ। ਇੰਜ ਲੱਗਾ ਜਿਵੇਂ ਨੱਬਿਆਂ ਤੱਕ ਅੱਪੜੀ ਗਿਣਤੀ ਨੂੰ ਦੁਬਾਰਾ ਜ਼ੀਰੋ ਤੋਂ ਗਿਣਨਾ ਪੈ ਗਿਆ ਹੋਵੇ। ਜ਼ਿੰਮੇਵਾਰੀਆਂ ਦੀ ਪੰਜਾਲੀ ਨੇ ਸਭ ਸ਼ੌਂਕ, ਖੁਸ਼ੀਆਂ ਤੇ ਮਨ ਦੇ ਚਾਵਾਂ ਨੂੰ ਕੰਮ ਤੇ ਕਮਾਈ ਵਿਚ ਤਬਦੀਲ ਕਰ ਦਿੱਤਾ। ਲੱਗੀ ਪੈਸਿਆਂ ਦੀ ਪੰਡ ਕਮਾ ਕੇ ਲਾਹੁਣ ਦੇ ਚੱਕਰਾਂ ਨੇ ਲਿਖਣ ਗਾਉਣ ਦੇ ਸ਼ੌਂਕ ਵਾਲੀ ਗੱਠੜੀ ਨੂੰ ਕਈ ਸਾਲ ਖੁੰਜੇ ਲਾਈ ਰੱਖਿਆ। ਸਾਲਾਂਬੱਧੀ ਮੁਸ਼ੱਕਤ ਮਗਰੋਂ ਕੁਝ ਸਾਹ ਸੁਖਾਲਾ ਹੋਇਆ ਤਾਂ ਕੁਝ ਧਿਆਨ ਸ਼ੌਂਕ ਵਾਲੀ ਗੱਠੜੀ ਵੱਲ ਹੋਇਆ। ਮੇਰੇ ਮਿੱਤਰਾਂ-ਨਿਧਾਨ ਤੇ ਹੈਪੀ ਨੇ ਮੈਨੂੰ ਆਰ ਲਾ ਕੇ ਸਟੇਜਾਂ 'ਤੇ ਚੜ੍ਹਾਉਣਾ ਸ਼ੁਰੂ ਕੀਤਾ ਤੇ ਲੋਕਾਂ ਵੀ ਭਰਵਾਂ ਹੁੰਗਾਰਾ ਦਿੱਤਾ। ਜਨਵਰੀ 2010 ਵਿਚ ਲਾਗਲੇ ਸ਼ਹਿਰ ਡੇਅਟਨ (ਓਹਾਇਓ) ਵਿਚ ਲੋਹੜੀ ਦੇ ਪ੍ਰੋਗਰਾਮ 'ਤੇ ਮੈਨੂੰ ਗਾਉਣ ਦਾ ਮੌਕਾ ਮਿਲਿਆ, ਜਿਥੇ ਗਾਏ ਗੀਤਾਂ ਵਿਚੋਂ ਇਕ ਗੀਤ ਸੀ-ਕੁੜੀਆਂ ਦੀ ਲੋਹੜੀ ਵੀ ਪੁਆਇਆ ਕਰੋ। ਇਹ ਗੀਤ ਵਾਹ-ਵਾਹ ਖੱਟ ਗਿਆ। ਉਥੇ ਮੇਰੀ ਮੁਲਾਕਾਤ ਪੰਜਾਬ ਟਾਈਮਜ਼ ਦੇ ਆਨਰੇਰੀ ਸਲਾਹਕਾਰ ਬੋਰਡ ਦੇ ਮੈਂਬਰ ਸ. ਸਰਵਣ ਸਿੰਘ ਟਿਵਾਣਾ ਨਾਲ ਹੋਈ ਜਿਸ ਨੇ ਮੇਰੀ ਉਂਗਲ ਫੜ 'ਪੰਜਾਬ ਟਾਈਮਜ਼' ਦੇ ਹੱਥ ਦੇ ਦਿੱਤੀ ਤੇ ਆਪਣਾ ਫੋਨ ਨੰਬਰ ਦਿੰਦਿਆਂ ਕਿਹਾ ਕਿ ਸ਼ਿਕਾਗੋ ਏਰੀਏ ਵਿਚ ਅਸੀਂ ਪ੍ਰੋਗਰਾਮ ਕਰਵਾਉਂਦੇ ਰਹਿੰਦੇ ਹਾਂ ਤੇ ਅਗਲੇ ਮਹੀਨੇ ਪੰਜਾਬ ਟਾਈਮਜ਼ ਨਾਟਿਟ ਹੈ, ਤੂੰ ਸੰਪਰਕ ਵਿਚ ਰਹੀਂ। ਨਾਈਟ ਤੋਂ ਇਕ ਦਿਨ ਪਹਿਲਾਂ ਮੈਂ ਬਾਈ ਟਿਵਾਣੇ ਨੂੰ ਫੋਨ ਕੀਤਾ ਤਾਂ ਉਸ ਨੇ ਅੱਗੇ ਹੈਪੀ ਹੀਰ ਨੂੰ ਫੋਨ ਕਰਨ ਨੂੰ ਕਿਹਾ ਜਿਸ ਕੋਲ ਨਾਈਟ 'ਤੇ ਪਹੁੰਚਣ ਵਾਲੇ ਕਲਾਕਾਰਾਂ ਨੇ ਪਹੁੰਚਣਾ ਸੀ। ਮੈਂ ਬਾਈ ਹੈਪੀ ਨੂੰ ਫੋਨ ਉਤੇ ਦੋ ਗੀਤ ਸੁਣਾਏ ਤਾਂ ਉਸ ਨੇ ਝੱਟ ਆਉਣ ਲਈ ਕਿਹਾ ਤੇ ਮੈਂ ਪੱਗ ਬੰਨ੍ਹ ਗੱਡੀ ਨੂੰ ਸਲਫ ਮਾਰ ਰਵਾਨਾ ਹੋ ਗਿਆ ਪੰਜ ਘੰਟੇ ਦੀ ਡਰਾਇਵ 'ਤੇ ਸ਼ਿਕਾਗੋ ਨੂੰ। ਇਸ ਪ੍ਰੋਗਰਾਮ 'ਤੇ ਕੈਲੀਫੋਰਨੀਆ ਤੋਂ ਬੱਬੂ ਗੁਰਪਾਲ, ਰਾਜੇਸ਼ ਰਾਜੂ ਅਤੇ ਸੁਖਪਾਲ ਸੁੱਖ ਗਾਉਣ ਲਈ ਪਹੁੰਚੇ ਹੋਏ ਸਨ। ਨਾਲ ਨਰਿੰਦਰ ਬੱਗੇ ਦਾ ਮਿਊਜ਼ਿਕ ਗਰੁਪ ਸੀ। ਹੈਪੀ ਹੀਰ ਨੇ ਉਨ੍ਹਾਂ ਨਾਲ ਮਿਲਾਇਆ। ਰਿਹਰਸਲ ਵੇਲੇ ਉਨ੍ਹਾਂ ਨੂੰ ਗਾਉਂਦੇ ਸੁਣ, ਮੈਨੂੰ ਜੋ ਆਉਂਦਾ ਸੀ, ਉਹ ਵੀ ਭੁੱਲ ਗਿਆ ਤੇ ਮੈਂ ਕਿਹਾ ਮੈਂ ਨਹੀਂ ਗਾਉਣਾ ਮੇਰੀ ਮਿਊਜ਼ਿਕ ਨਾਲ ਤਿਆਰੀ ਨਹੀਂ ਤਾਂ ਬੱਗੇ ਨੇ ਕਿਹਾ ਚਿੰਤਾ ਨਾ ਕਰ ਅਸੀਂ ਆਪੇ ਗਵਾ ਲਵਾਂਗੇ ਤੇਰੇ ਕੋਲੋਂ।

ਪ੍ਰੋਗਰਾਮ ਸ਼ਾਮਬਰਗ ਇੰਡੀਆ ਹਾਊਸ ਵਿਚ ਸੀ। ਮੰਚ ਸੰਚਾਲਨ ਬਾਈ ਗੁਰਮੁੱਖ ਭੁੱਲਰ ਨੇ ਮੇਰੇ ਰਿਕਾਰਡ ਹੋਏ ਗੀਤਾਂ ਨੂੰ ਵਿਸਥਾਰਦਿਆਂ ਬੜੀ ਕਦਰ ਨਾਲ ਮੈਨੂੰ ਦਰਸ਼ਕਾਂ ਦੇ ਰੂ-ਬ-ਰੂ ਕੀਤਾ। ਦੋ ਗੀਤ ਗਾਉਣ ਦਾ ਮਿਲਿਆ ਸਮਾਂ ਪੰਜਾਬ ਟਾਈਮਜ਼ ਨਾਲ ਇਕ ਸਾਂਝ ਵਾਲੀ ਸ਼ੁਰੂਆਤ ਸਾਬਤ ਹੋਇਆ। ਅਗਲੇ ਹਫ਼ਤੇ ਅਖ਼ਬਾਰ ਵਿਚ ਗਾਉਂਦੇ ਦੀ ਫੋਟੋ ਵੇਖ ਚਿਰਾਂ ਦਾ ਸੁਪਨਾ ਪੂਰਾ ਹੋਇਆ।

ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨਾਲ ਮੁਲਾਕਾਤ ਸਾਲ ਦੇ ਵਕਫੇ ਬਾਅਦ ਅਗਲੀ ਨਾਈਟ 'ਤੇ ਹੋਈ। ਅਖ਼ਬਾਰ ਦਾ ਮੁੱਢ ਕੌਣ ਹੈ? ਮੈਨੂੰ ਉਦੋਂ ਪਤਾ ਲੱਗਾ ਜਦੋਂ ਅਗਲੇ ਸਾਲ 2011 ਦੀ ਪੰਜਾਬ ਟਾਈਮਜ਼ ਨਾਈਟ ਦੀ ਖ਼ਬਰ ਪੜ੍ਹ ਕੇ ਮੈਂ ਫੋਨ ਕਰਿਆ ਤੇ ਕਿਹਾ, "ਮੈਂ ਨਿੰਮਾ ਡੱਲੇਵਾਲਾ, ਪਿਛਲੀ ਨਾਈਟ 'ਤੇ ਆਇਆ ਸੀ ਤੇ ਇਸ ਵਾਰ ਵੀ ਆਉਣਾ ਚਾਹੁੰਦਾ ਹਾਂ।" ਤਾਂ ਅੱਗੇ ਜਵਾਬ ਸੀ, "ਅੱਛਾ, ਨਿੰਮਾ ਵੀ ਗਾਉਣਾ ਚਾਹੁੰਦਾ ਹੈ।" ਤਾਂ ਮੈਂ ਕੁਝ ਪਲਾਂ ਲਈ ਹੈਰਾਨ ਜਿਹਾ ਹੋ ਗਿਆ ਕਿ ਇਹ ਕੌਣ ਸਖ਼ਸ਼ ਹੈ, ਜੋ ਸਾਲ ਪਿਛਲੀ ਨਾਈਟ ਵੇਲੇ ਦਾ ਮੇਰਾ ਨਾਂ ਚੇਤੇ ਰੱਖੀ ਬੈਠੈ। ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਤੂੰ ਕਿਸੇ ਨੂੰ ਵੀਲ੍ਹਚੇਅਰ 'ਤੇ ਬੈਠੇ ਨੂੰ ਵੇਖਿਆ ਸੀ, "ਉਹ ਮੈਂ ਹੀ ਹਾਂ, ਅਖ਼ਬਾਰ ਦਾ ਸੰਪਾਦਕ।"

ਮੈਂ ਅੱਗੋਂ ਫੱਟ ਆਖਿਆ ਕਿ ਫਿਰ ਤਾਂ ਮੇਰੀ ਮੁੱਢ ਤੱਕ ਪਹੁੰਚ ਹੋਈ ਹੈ। ਕਹਿੰਦੇ, "ਹਾਂ, ਤੇਰੀ ਮੁੱਢ ਤੱਕ ਪਹੁੰਚ ਹੋਈ ਹੈ ਤੇ ਆਪਣੀ ਕੋਈ ਫੋਟੋ ਘੱਲ ਜਾਂ ਮੈਂ ਪੁਰਾਣੀ ਨਾਈਟ ਵੇਲੇ ਦੀ ਲੱਭ ਲਵਾਂਗਾ।" ਉਸ ਵਕਤ ਵੀ ਇਕ ਅਜੀਬ ਜਿਹੀ ਖੁਸ਼ੀ ਮਿਲੀ ਸੀ। ਅਖ਼ਬਾਰ ਵਿਚ ਲੱਗੀ ਫੋਟੋ ਵੇਖ ਕੇ ਬਾਈ ਟਿਵਾਣੇ ਨੇ ਫੋਨ ਕਰਿਆ, "ਬਈ ਹੁਣ ਤਾਂ ਤੇਰੀ ਅਖ਼ਬਾਰ ਵਾਲਿਆਂ ਨਾਲ ਸਿੱਧੀ ਗੱਲ ਹੈ ਤੇ ਇਹ ਵੀ ਆਖਿਆ ਕਿ ਚਲੋ ਸਾਡਾ ਲਾਇਆ ਬੂਟਾ ਵੱਧ ਰਿਹਾ ਹੈ।" ਜਿਸ ਵੇਲੇ ਤੋਂ ਮੈਂ ਪੰਜਾਬ ਟਾਈਮਜ਼ ਨਾਲ ਜੁੜਿਆ ਹਾਂ, ਉਸੇ ਦਿਨ ਤੋਂ ਇਹ ਮੈਨੂੰ ਲੋਕਾਂ ਨਾਲ ਜੋੜਦਾ ਆ ਰਿਹਾ ਹੈ। ਪਤਾ ਨਹੀਂ ਹੋਰ ਕਿੰਨਿਆਂ ਨਾਲ ਜੋੜੇਗਾ।

ਮੈਂ ਆਪਣੇ-ਆਪ ਨੂੰ ਕੁਝ ਘੜੀਆਂ ਸੁੰਨ ਜਿਹਾ ਮਹਿਸੂਸ ਕੀਤਾ, ਜਦੋਂ ਅਮੋਲਕ ਵੀਰ ਨੂੰ ਇਸ ਵਾਰ ਫਿਰ ਵੀਲ੍ਹਚੇਅਰ ਉਤੇ ਵੇਖਿਆ। ਪਿਛਲੇ ਸਾਲ ਮੈਂ ਸੋਚਿਆ ਸੀ ਕਿ ਕਿਸੇ ਸੱਟ ਲੱਗਣ ਕਾਰਨ ਕੁਝ ਚਿਰਾਂ ਲਈ ਵੀਲਚੇਅਰ ਉਤੇ ਆਏ ਹੋਣਗੇ। ਕਾਰਨ ਪੁੱਛਣਾ ਚਾਹਿਆ ਪਰ ਨਾ ਪੁੱਛ ਸਕਿਆ। ਹਫ਼ਤਾ ਸੋਚਣ ਮਗਰੋਂ ਪੁੱਛੇ ਬਿਨਾਂ ਨਾ ਰਿਹਾ ਗਿਆ। ਫੋਨ ਉਤੇ ਪੁੱਛਣ ਤੇ ਉਨ੍ਹਾਂ ਆਪਣਾ ਕੁਝ ਦੁੱਖ ਮੇਰੇ ਨਾਲ ਸਾਂਝਾ ਕਰਨ ਮਗਰੋਂ ਆਖਿਆ ਕਿ ਇਸ ਤੋਂ ਅੱਗੇ ਨਾ ਪੁੱਛੀ, ਮੈਂ ਘੋੜੇ ਵਰਗਾ ਹਾਂ। ਫੋਨ ਤੇ ਆਵਾਜ਼ ਦੀ ਗੜਕ ਤੋਂ ਬਿਲਕੁਲ ਘੋੜੇ ਵਰਗੀ ਬੜ੍ਹਕ ਸੀ। ਇੰਜ ਲੱਗਦਾ ਜਿਵੇਂ ਉਨ੍ਹਾਂ ਆਪਣੇ ਦੁੱਖ ਨੂੰ ਮੁਹਰੇ ਲਾਇਆ ਹੋਵੇ।

ਇਸ 'ਪੰਜਾਬ ਟਾਈਮਜ਼ ਨਾਈਟ' ਤੋਂ ਬਾਅਦ ਵੱਡੀ ਸਾਰੀ ਫੋਟੋ ਸਮੇਤ ਮੇਰੇ ਬਾਰੇ ਪੰਜਾਬ ਟਾਈਮਜ਼ ਵਿਚ ਲੇਖ ਛਪਿਆ ਜਿਸ ਨੇ ਮੈਨੂੰ ਰੂਹ ਤੱਕ ਬਾਗੋਬਾਗ ਕਰ ਦਿੱਤਾ। ਮੈਂ ਚਾਹੁੰਦਾ ਸਾਂ ਕਿ ਅਖ਼ਬਾਰ ਵਿਚ ਆਪਣੇ ਗੀਤ ਦਿਆ ਕਰਾਂ ਪਰ ਇਕ ਸਮੱਸਿਆ ਸੀ ਕਿ ਚੰਗੇ ਗੀਤ ਦੇ ਚੋਰੀ ਹੋਣ ਦਾ ਡਰ ਸੀ ਅਤੇ ਮਾੜਾ ਗੀਤ ਉਂਜ ਕਿਸੇ ਨੇ ਪਸੰਦ ਨਹੀਂ ਸੀ ਕਰਨਾ। ਫਿਰ ਸ਼ੌਕ ਜਾਗਿਆ ਆਰਟੀਕਲ ਲਿਖਣ ਦਾ। ਕੁਝ ਵਿਸ਼ਿਆਂ ਬਾਰੇ ਅਕਸਰ ਮੈਂ ਸੋਚਦਾ ਹੁੰਦਾ ਸੀ ਕਿ ਜੇ ਕਦੀ ਲਿਖਣ ਦਾ ਸਬੱਬ ਬਣਿਆ ਤਾਂ ਜ਼ਰੂਰ ਲਿਖਾਂਗਾ। ਗੀਤ ਸਭ ਵਿਸ਼ਿਆਂ ਦੇ ਲਿਖੇ ਹਨ ਪਰ ਗੀਤ ਤੇ ਲੇਖ ਵਿਚ ਬੜਾ ਅੰਤਰ ਹੈ। ਗੀਤ ਸੁਰ 'ਚ ਲਿਪਟ ਕਿਸੇ ਆਵਾਜ਼ ਵਿਚ ਰਿਕਾਰਡ ਹੋਏ ਬਿਨਾਂ ਸੁਨੇਹਾ ਲੋਕਾਂ ਤੱਕ ਪੁੱਜਦਾ ਨਹੀਂ ਕਰ ਸਕਦਾ ਪਰ ਆਰਟੀਕਲ ਅਖ਼ਬਾਰ ਦੀ ਸਹਾਇਤਾ ਨਾਲ ਆਪਣਾ ਪੈਗ਼ਾਮ ਖੁਦ ਆਪ ਲੋਕਾਂ ਦੇ ਘਰੀਂ ਪਹੁੰਚਾ ਦਿੰਦਾ ਹੈ।

ਪਹਿਲੀ ਲਿਖਤ ਲਿਖੀ 'ਧੀਆਂ' ਬਾਰੇ ਜੋ ਛਪ ਤਾਂ ਗਈ ਪਰ ਅਮੋਲਕ ਭਾਅ ਜੀ ਕਹਿਣ ਲੱਗੇ, 'ਨਿੰਮਿਆ ਇਸ ਵਿਸ਼ੇ 'ਤੇ ਬੜਾ ਕੁਝ ਛਪ ਚੁੱਕਿਆ, ਕੁਝ ਨਵਾਂ ਲਿਖ।' ਇਸ ਡਾਂਟ ਨਾਲ ਨਿਰਾਸ਼ਾ ਹੋਈ ਤਾਂ ਘਰੇ ਬੈਠੇ ਸੋਚਦੇ ਦੀ ਨਜ਼ਰ ਸਾਹਮਣੇ ਪਏ ਫੁੱਲਾਂ ਦੇ ਗੁਲਦਸਤੇ 'ਤੇ ਪਈ, ਮੈਂ ਲੇਖ ਲਿਖ ਦਿੱਤਾ 'ਫੁੱਲਾਂ ਦੇ ਨਸੀਬ।' ਜਦੋਂ ਮੈਂ ਆਪਣੀ ਫੋਟੋ ਲੇਖ ਦੇ ਨਾਲ ਲਾਉਣ ਬਾਰੇ ਪੁੱਛਿਆ ਤਾਂ ਜਵਾਬ ਸੀ, 'ਨਿੰਮਿਆ ਹਾਲੇ ਫੋਟੋ ਜੋਗਾ ਨਹੀਂ ਹੋਇਆ।' ਇਕ ਵਿਸ਼ਾ ਪਰਦੇਸਾਂ ਦੀ ਜ਼ਿੰਦਗੀ ਬਾਰੇ ਚਿਰਾਂ ਤੋਂ ਮਨ ਵਿਚ ਖਟਕਦਾ ਸੀ, ਜਿਸ 'ਤੇ ਲਿਖਿਆ ਲੇਖ ਪੰਜਾਬ ਟਾਈਮਜ਼ ਵਿਚ ਛਪਿਆ ਤਾਂ ਕਿਸੇ ਕਲਾਕਾਰ ਦੀ ਕੈਸਟ ਵਾਂਗੂੰ ਸੁਪਰਹਿੱਟ ਹੋਇਆ, ਜਿਸ ਵਿਚ ਬਿਨਾਂ ਕਹਿਣ ਤੋਂ ਫੋਟੋ ਲਗਣ ਦੀ ਸਮਰੱਥਾ ਸੀ। ਇਸ ਲੇਖ ਬਾਰੇ ਛੇ ਮਹੀਨੇ ਬਾਅਦ ਤੱਕ ਵੀ ਫੋਨ ਕਾਲਾਂ ਆਉਂਦੀਆਂ ਰਹੀਆਂ ਕੋਈ ਆਖੇ ਮੈਂ ਚਾਰ ਵਾਰੀ ਪੜ੍ਹਿਆ, ਕੋਈ ਆਖੇ ਛੇ ਵਾਰੀ ਤੇ ਇਕ ਪੰਜਾਬ ਟਾਈਮਜ਼ ਨਾਲ ਜੁੜੇ ਵੀਰ ਦੀ ਕਾਲ ਆਈ ਕਿ ਮੈਂ ਪੰਦਰਵੀਂ ਵਾਰੀ ਪੜ੍ਹ ਰਿਹਾ ਹਾਂ। ਉਸ ਲਿਖਤ ਨੇ ਪੰਜਾਬ ਟਾਈਮਜ਼ ਦੀ ਧਰਤੀ 'ਤੇ ਮੇਰੀਆਂ ਜੜ੍ਹਾਂ ਹੋਰ ਵੀ ਮਜ਼ਬੂਤ ਕਰ ਦਿੱਤੀਆਂ,

ਮੈਂ ਪੰਜਾਬ ਟਾਈਮਜ਼ ਨਾਲ ਕੀ ਜੁੜਿਆ,
ਦਿੱਤਾ ਕਈਆਂ ਸੰਗ ਇਸ ਜੋੜ ਮੈਨੂੰ।
ਮੇਰੇ ਧਰਿਆ ਤਾਜ ਸਿਰ ਇੱਜ਼ਤਾਂ ਦਾ,
ਕੋਈ ਜਾਪੇ ਨਾ ਅੱਜ ਥੋੜ ਮੈਨੂੰ।
ਇਹਦਾ ਮਾਣ ਬਖ਼ਸ਼ਿਆਂ ਇੰਜ ਲੱਗਦਾ,
ਜਿਵੇਂ ਮਿਲਿਆ ਲੱਖ ਕਰੋੜ ਮੈਨੂੰ।
ਮੇਰਾ ਦਿਲ ਵੀ ਹੁਣ ਆਖ ਦਿੰਦਾ,
ਹੁਣ ਨਿੰਮਿਆ ਕਾਹਦੀ ਲੋੜ ਤੈਨੂੰ।

ਕੁਝ ਚੰਗਾ ਲਿਖਣ ਦੀ ਮੈਨੂੰ ਆਈ ਜਾਚ ਵਿਚ ਸੰਪਾਦਕ ਅਮੋਲਕ ਸਿੰਘ ਦਾ ਵੱਡਾ ਹੱਥ ਹੈ। ਉਨ੍ਹਾਂ ਨਾਲ ਪਈ ਅਖ਼ਬਾਰ ਵਾਲੀ ਸਾਂਝ, ਦਿਲ ਵਾਲੀ ਸਾਂਝ ਬਣਦੀ ਹੋਈ ਅੱਜ ਇਕ ਪਰਿਵਾਰਿਕ ਸਾਂਝ ਬਣ ਗਈ। ਉਨ੍ਹਾਂ ਦੇ ਬੇਟੇ ਦੇ ਵਿਆਹ ਵਿਚ ਸ਼ਿਰਕਤ ਕਰਨ ਵੇਲੇ ਮਿਲਿਆ ਸਤਿਕਾਰ ਜਦੋਂ ਮਰਜ਼ੀ ਮਹਿਸੂਸ ਕਰ ਤਾਜ਼ਾ ਕਰ ਲਵਾਂ। ਇਸ ਵਿਆਹ ਦੌਰਾਨ ਸੇਖੋਂ ਪਰਿਵਾਰ ਨਾਲ ਐਸੀ ਨੇੜਤਾ ਬਣੀ ਜੋ ਸਾਰਿਆਂ ਤੋਂ ਵੀ ਵੱਧ ਲੱਗਦੀ ਹੈ, ਜਿਸ ਨਾਲ ਸ਼ਿਕਾਗੋ ਏਰੀਏ ਵਿਚ ਇਕ ਹੋਰ ਘਰ ਨਾਲ ਗੂੜ੍ਹੀ ਸਾਂਝ ਪੈ ਗਈ। ਵੀਰ ਸਵਰਨ ਸਿੰਘ ਸੇਖੋਂ ਅਤੇ ਉਨ੍ਹਾਂ ਦੀ ਪਤਨੀ ਨਿੱਕੀ ਸੇਖੋਂ (ਜੋ ਪੰਜਾਬ ਟਾਈਮਜ਼ ਦੇ ਨਵੇਂ ਸਲਾਹਕਾਰ ਹਨ) ਨਾਲ ਭੈਣਾਂ-ਭਰਾਵਾਂ ਵਰਗਾ ਪਿਆਰ ਬਣ ਗਿਆ ਹੈ। ਇਸ ਵਰ੍ਹੇ ਮਾਰਚ ਮਹੀਨੇ ਪੰਜਾਬ ਟਾਈਮਜ਼ ਨਾਈਟ 'ਤੇ ਫਿਰ ਗਾਉਣ ਦਾ ਮੌਕਾ ਮਿਲਿਆ ਤੇ ਮਨ ਹੋਰ ਵੀ ਖੁਸ਼ ਹੋਇਆ।

ਸੰਪਾਦਕ ਦੀ ਦਲੇਰੀ ਨੂੰ ਦਾਦ ਦੇਣੀ ਬਣਦੀ ਹੈ ਜੋ ਇਕ ਘਾਤਕ ਬਿਮਾਰੀ ਦੀ ਲਪੇਟ ਵਿਚ ਹੋਣ ਦੇ ਬਾਵਜੂਦ ਸਮਾਜ ਤੇ ਭਾਈਚਾਰੇ ਪ੍ਰਤੀ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾ ਰਹੇ ਹਨ ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮੇਰੀ ਕਲਮ ਵੱਲੋਂ ਕੁਝ ਸਤਰਾਂ ਉਨ੍ਹਾਂ ਦੀ ਸਲਾਮਤੀ ਲਈ,

ਕੋਈ ਦੁੱਧ ਮੰਗਦਾ ਕੋਈ ਪੁੱਤ ਮੰਗਦਾ,
ਕੋਈ ਮੰਗਦਾ ਮਹਿਲ-ਚੁਬਾਰੇ।
ਮੈਂ ਉਨ੍ਹਾਂ ਦੀ ਖੈਰਾ ਮੰਗਾਂ,
ਨਿੱਤ ਜਾ ਕੇ ਗੁਰਦੁਆਰੇ।
ਰੱਬ ਕਰੇ ਮਿਲ ਜਾਣ ਉਨ੍ਹਾਂ ਨੂੰ,
ਦੁਨੀਆਂ ਦੇ ਸੁੱਖ ਸਾਰੇ।
ਟੁੱਟ ਜਾਵਣ ਸਭ ਦੁੱਖ ਉਨ੍ਹਾਂ ਦੇ,
ਨਿੰਮਾ ਇਹੋ ਅਰਜ਼ ਗੁਜ਼ਾਰੇ।

## ਗੀਤ

ਸੁੱਤੀ ਹੋਈ ਲੋਕਤਾ ਜਗਾਈਏ ਹਾਣੀਓ,
ਆਓ, ਨਵੇਂ ਪੈਂਡਿਆਂ ਨੂੰ ਗਾਹੀਏ ਹਾਣੀਓ।

ਰਾਤ ਹੋਈ ਲੰਮੀ, ਨਾ ਸਵੇਰਾ ਦਿਸਦਾ,
ਗਲੀ ਚਾਰੇ ਨੁੱਕਰੀਂ ਹਨੇਰਾ ਦਿਸਦਾ।
ਇਹ ਚੰਦੋਆ ਕਾਲਖਾਂ ਦਾ ਚਾਈਏ ਹਾਣੀਓ।

ਪਾਹਰੂ ਹੋਏ ਚੋਰ, ਵਾੜ ਖਾਏ ਖੇਤ ਨੂੰ,
ਖੰਡ ਕਿਵੇਂ ਆਖੀਏ, ਟਿੱਬੇ ਦੀ ਰੇਤ ਨੂੰ।
ਦੁੱਧ ਵਿਚੋਂ ਪਾਣੀ ਨੂੰ ਸੁਕਾਈਏ ਹਾਣੀਓ।

'ਕੱਠੇ ਹੋਣ ਨਾਲ ਹੀ ਕਮਾਲ ਹੋਏਗਾ,
ਸਾਰਿਆਂ ਨੂੰ ਸਾਂਝ ਦਾ ਖਿਆਲ ਹੋਏਗਾ।
'ਨਵਰਾਹੀ' ਦੇਰ ਨਾ ਲਗਾਈਏ ਹਾਣੀਓ।
ਸੁੱਤੀ ਹੋਈ ਲੋਕਤਾ ਜਗਾਈਏ ਹਾਣੀਓ।


*-ਨਵਰਾਹੀ ਘੁਗਿਆਣਵੀ*

## ਕਹਾਣੀ

# ਤੱਤਾ ਗੁੜ

***ਜਿਨ੍ਹਾਂ ਪਾਠਕਾਂ ਦਾ ਖੇਤਾਂ ਨਾਲ ਵਾਹ ਰਿਹਾ ਹੈ, ਖਾਸ ਕਰਕੇ ਜਿਹੜੇ ਇਲਾਕਿਆਂ ਵਿਚ ਗੰਨਾ ਬੀਜਿਆ ਜਾਂਦਾ ਹੈ, ਉਹ ਜਾਣਦੇ ਹਨ ਕਿ ਘੁਲਾੜੀ ਜਾਂ ਵੇਲਣੇ 'ਤੇ ਨਿਕਲੇ ਤਾਜ਼ਾ ਰਸ ਜਾਂ ਰਹੁ ਅਤੇ ਤੱਤੇ ਗੁੜ ਦਾ ਕੀ ਸਵਾਦ ਹੁੰਦਾ ਹੈ? ਬਥੇਰੇ ਪਾਠਕ ਇਹ ਮੰਨਣਗੇ ਕਿ ਉਸ ਤੱਤੇ ਗੁੜ ਤੋਂ ਦੀ ਸੌ ਨਿਆਮਤਾਂ ਕੁਰਬਾਨ ਕੀਤੀਆਂ ਜਾ ਸਕਦੀਆਂ ਹਨ। ਪੰਜਾਬ ਟਾਈਮਜ਼ ਵਿਚ ਛਪਦੇ 'ਆਖ ਤਸਵੀਰਾਂ ਬੋਲਦੀਆਂ' ਕਾਲਮ ਵਿਚ ਛਪਦੀਆਂ ਤਸਵੀਰਾਂ ਉਪਰ ਜਗਮੀਤ ਸਿੰਘ ਪੰਧੇਰ ਦੀਆਂ ਲਿਖੀਆਂ ਕੈਪਸ਼ਨਾਂ ਪਾਠਕਾਂ ਨੇ ਪੜ੍ਹੀਆਂ ਹੀ ਹੋਣਗੀਆਂ। ਇਸ ਕਹਾਣੀ ਵਿਚ ਸ. ਪੰਧੇਰ ਨੇ ਉਸ ਤੱਤੇ ਗੁੜ ਦੀ ਗੱਲ ਕੀਤੀ ਹੈ ਜਿਸ ਨੂੰ ਅਮਰੀਕਾ ਬੈਠੇ ਅਸੀਂ ਜਿਵੇਂ ਤਰਸ ਹੀ ਗਏ ਹਾਂ। -ਸੰਪਾਦਕ***

ਫੌਜ ਵਿਚੋਂ ਪੈਨਸ਼ਨ ਲੈ ਕੇ ਆਏ ਵਿਹੜੇ ਵਾਲੇ ਨਾਜਰ ਫੌਜੀ ਨੇ ਆਪਣੀ ਜੋੜੀ ਪੂੰਜੀ ਨਾਲ ਆਰਥਿਕ ਤੌਰ 'ਤੇ ਟੁੱਟੇ ਇਕ ਜੱਟ ਕੋਲੋਂ ਇਕ ਕਿੱਲਾ ਜ਼ਮੀਨ ਖਰੀਦ ਲਈ। ਖੇਤ ਵਿਚ ਕਮਾਦ ਪਹਿਲਾਂ ਹੀ ਬੀਜਿਆ ਹੋਇਆ ਸੀ। ਕੱਸੀ ਦਾ ਪਾਣੀ ਲਗਦਾ ਸੀ। ਨਾਜਰ ਫੌਜੀ ਦੇ ਟੱਬਰ ਦੇ ਕੁੱਲ ਚਾਰ ਜੀਅ ਸਨ। ਨਾਜਰ, ਉਹਦੇ ਘਰ ਵਾਲੀ ਤੇਜੋ ਅਤੇ ਉਨ੍ਹਾਂ ਦੇ ਦੋ ਛੋਟੇ-ਛੋਟੇ ਪੁੱਤ ਮੀਤਾ ਅਤੇ ਜੀਤਾ। ਜ਼ਮੀਨ ਦੇ ਖੁਦ ਮਾਲਕ ਬਣਨ ਦਾ ਹੌਸਲਾ ਮਾਨੋ ਨਾਜਰ ਤੇ ਤੇਜੋ ਨੂੰ ਉਡਾਈ ਫਿਰਦਾ ਸੀ। ਦੋਵਾਂ ਨੇ ਰਲ ਕੇ ਐਨੀ ਮਿਹਨਤ ਕੀਤੀ ਕਿ ਸਾਰੇ ਕਮਾਦ ਦੇ ਖੇਤ ਵਿਚ ਕੋਈ ਕੱਖਾਂ ਦੀ ਤਿੜ੍ਹ ਦੇਖਣ ਨੂੰ ਵੀ ਨਹੀਂ ਸੀ ਲੱਭਦੀ। ਕਮਾਦ ਦੇ ਹਰੇਕ ਮੇੜ੍ਹੇ ਨੂੰ ਪਲੋਸ ਪਲੋਸ ਕੇ ਪਾਲਿਆ, ਉਨ੍ਹਾਂ ਦੋਵਾਂ ਜੀਆਂ ਨੇ ਰਲ ਕੇ। ਖੇਤ ਦੇ ਕੋਲੋਂ ਲੰਘਣ ਵਾਲਾ ਖੜ੍ਹ-ਖੜ੍ਹ ਕੇ ਵੇਖਦਾ। ਬਹੁਤੇ ਜੱਟ ਅੰਦਰੋ ਅੰਦਰੀ ਭਾਵੇਂ ਖਾਰ ਹੀ ਖਾਂਦੇ ਪਰ ਮੂੰਹੋਂ ਉਹ ਵੀ ਨਾਜਰ ਫੌਜੀ ਦੀ ਸਿਫ਼ਤ ਕਰਨੋਂ ਨਾ ਰਹਿ ਸਕਦੇ।



**ਜਗਮੀਤ ਸਿੰਘ ਪੰਧੇਰ**
ਫੋਨ: 91-98783-37222

"ਬਈ ਊਂ ਤਾਂ ਕਮਾਲ ਕਰ'ਤੀ ਫੌਜੀ ਨੇ! ਨੇੜੇ ਤੇੜੇ ਇੱਖ ਤਾਂ ਨੀ ਇਹਦੇ ਨਾਲ ਦਾ ਕਿਸੇ ਦਾ," ਇਕ ਦੇ ਮੂੰਹੋਂ ਨਿਕਲਦਾ।

"ਓਏ ਹੋਵੇ ਵੀ ਕਿਉਂ ਨਾ ਭਾਈ। ਫੌਜੀ ਤੇ ਫੌਜਣ ਦਿਨ ਰਾਤ ਇੱਖ 'ਚ ਈ ਵੜੇ ਰਹਿੰਦੇ ਨੇ," ਦੂਜਾ ਗੁੱਝੇ ਮਖੌਲ ਨਾਲ ਸਿਫ਼ਤ ਕਰ ਜਾਂਦਾ।

ਘੁਲਾੜੀਆਂ ਚੱਲ ਪਈਆਂ। ਪਹਿਲਾਂ ਪਿੰਡ ਦੇ ਜੱਟਾਂ ਨੇ ਆਪਣੇ-ਆਪਣੇ ਕਮਾਦ ਪੀੜੇ ਅਤੇ ਆਖਰ ਤੇ ਵਾਰੀ ਮਿਲੀ ਨਾਜਰ ਫੌਜੀ ਨੂੰ। ਸਾਰਾ ਟੱਬਰ ਇਕ ਅਜੀਬ ਤਰ੍ਹਾਂ ਦੇ ਚਾਅ ਨਾਲ ਪੱਬਾਂ ਭਾਰ ਹੋਇਆ ਪਿਆ ਸੀ। ਤੇਜੋ ਆਗਾਂ ਦਾ ਲਾਲਚ ਦੇ ਕੇ ਗੰਨੇ ਘੜਨ ਵਾਲੀਆਂ ਔਰਤਾਂ ਨੂੰ ਵਿਹੜੇ 'ਚੋਂ ਇਕੱਠੀਆਂ ਕਰਕੇ ਵਾਢੇ 'ਚ ਲਿਜਾ ਰਹੀ ਸੀ ਅਤੇ ਨਾਜਰ ਆਪਣੇ ਘਰਾਂ ਦੇ ਬੰਦਿਆਂ ਨੂੰ ਇਕੱਠੇ ਕਰ ਰਿਹਾ ਸੀ। ਸਾਰੇ ਪਿੰਡ ਵਿਚ ਗੁੜ ਦਾ ਮਾਹਿਰ ਪਕਾਵਾ ਇਕ ਬੰਦਾ ਸੀ, ਉਹ ਸੀ ਤੋਖੀ ਝਿਊਰ। ਸਾਰੇ ਪਿੰਡ ਦਾ ਗੁੜ ਉਸੇ ਨੇ ਪਕਾਇਆ ਸੀ ਪਰ ਨਾਜਰ ਫੌਜੀ ਦੀ ਵਾਰੀ ਵੇਲੇ ਉਹ ਨਖਰੇ ਕਰਨ ਲੱਗ ਪਿਆ।

"ਲੈ ਬਈ ਚਾਚਾ, ਤੂੰ ਹੁਣ ਮੇਰੀ ਮਦਾਦ ਕਰਨੀ ਐਂ। ਸਾਨੂੰ ਤਾਂ ਕੋਈ ਹਿਸਾਬ-ਕਿਤਾਬ ਨੀ ਹੈਗਾ। ਅਸੀਂ ਤਾਂ ਤੇਰੀ ਕਮਾਨ ਥੱਲੇ ਈ ਚੱਲਾਂਗੇ।" ਨਾਜਰ ਫੌਜੀ ਨੇ ਤੋਖੀ ਨੂੰ ਅੱਧ ਕੁ ਦਾ ਹੋ ਕੇ ਬੇਨਤੀ ਕੀਤੀ।

"ਨਾ ਬਈ ਫੌਜੀਆ। ਮੇਰੀ ਤਾਂ ਬੇਵਾਹ ਐ ਹੁਣ। ਜਵਾਬ ਤਾਂ ਤੈਨੂੰ ਕੋਈ ਨੀ ਸੀ ਪਰ ਕੀ ਕਰਾਂ, ਬੀਹ ਟੈਂਟੇ ਨੇ ਕੱਲੀ ਜਾਨ ਨੂੰ। ਕੱਲ੍ਹ ਨੂੰ ਵੱਡੀ ਕੁੜੀ ਨੂੰ ਵਿਦਾ ਕਰਨੈ। ਉਹਦਾ ਕੋਈ ਲੀੜ੍ਹੇ ਕੱਪੜੇ ਦਾ ਜੁਗਾੜ ਵੀ ਕਰਨਾ ਪੈਣਾ। ਤੂੰ ਤਾਂ ਭਾਈ ਹੁਣ ਕਿਸੇ ਹੋਰ ਬੰਦੇ ਦਾ ਇੰਤਜ਼ਾਮ ਕਰ ਲੈ।" ਤੋਖੀ ਨੇ ਗੁੱਝੇ ਢੰਗ ਨਾਲ ਗਰਜ ਭਰਿਆ ਬਹਾਨਾ ਬਣਾਇਆ।

"ਨਾ ਬਈ ਚਾਚਾ, ਤੈਥੋਂ ਬਿਨਾਂ ਹੈ ਨੀ ਕੋਈ ਪਾਰਖੂ। ਔਖਾ-ਸੌਖਾ ਤੂੰ ਹੀ ਸਾਂਭ ਇਹ ਡਿਊਟੀ ਤਾਂ। ਕੁੜੀ ਖਾਤਰ ਲੀੜੇ-ਕੱਪੜੇ ਦਾ ਵੀ ਕੋਈ ਨਾ ਕੋਈ ਜੁਗਾੜ ਮੈਂ ਕਰ ਦੂੰ ਗਾ। ਪਰ ਤੂੰ ਮੇਰਾ ਡੰਗ ਸਾਰ ਕਿਵੇਂ ਨਾ ਕਿਵੇਂ।" ਨਾਜਰ ਫੌਜੀ ਨੇ ਤੋਖੀ ਦੀ ਰਮਜ਼ ਪਛਾਣ ਕੇ ਨਾਂਹ ਕਰਨ ਦੇ ਬਹਾਨੇ ਦਾ ਰਾਹ ਬੰਦ ਕਰ ਦਿੱਤਾ।

"ਚੱਲ ਚੰਗਾ ਫੇਰ ਮੱਲਾ, ਜੇ ਤੂੰ ਬਹੁਤਾ ਖਹਿੜੇ ਪੈਨੈਂ ਤਾਂ ਮੈਂ ਕਿਹੜਾ ਤੈਥੋਂ ਬਾਹਰ ਆਂ।" ਜਿੰਮੇਵਾਰੀ ਸਾਂਭਦੇ ਹੋਏ ਤੋਖੀ ਨੂੰ ਇਸ ਗੱਲ ਦੀ ਹੈਰਾਨੀ ਸੀ ਕਿ ਫੌਜੀ ਨੇ ਕਿੰਨੀ ਛੇਤੀ ਉਸ ਦੀ ਰਮਜ਼ ਸਮਝ ਲਈ ਸੀ।

ਘੁਲਾੜੀ ਚੱਲ ਪਈ। ਬੇਲਣਿਆਂ ਵਿਚ ਗੰਨੇ ਲੱਗਣ ਲੱਗ ਪਏ। ਪੀੜੇ ਹੋਏ ਗੰਨੇ ਦੇ ਰਸ ਦੀ ਤਤੀਰੀ ਪੀਪੇ ਵਿਚ ਡਿੱਗਣ ਲੱਗੀ ਅਤੇ ਤੱਥੋ ਦੂਜੇ ਪਾਸੇ ਇਕੱਠੇ ਹੋਣ ਲੱਗੇ। ਰਸ ਨਾਲ ਭਰੇ ਹੋਏ ਬਾਹੇ ਇੱਕ ਇੱਕ ਕਰਕੇ, ਕੜਾਹੇ ਉਪਰ ਰੱਖੀ ਹੋਈ ਟੋਕਰੀ ਵਿਚ ਵਿਛਾਏ ਮਲਮਲ ਦੇ ਕੱਪੜੇ ਵਿਚੋਂ ਪੁਣ ਕੇ ਕੜਾਹੇ ਵਿਚ ਪੈਣ ਲੱਗੇ। ਕੜਾਹੇ ਥੱਲੇ ਖੋਰੀ ਦੀ ਅੱਗ ਲਟ-ਲਟ ਬਲਣ ਲੱਗੀ। ਗਰਮ ਹੋ ਰਹੇ ਰਸ ਦੇ ਉਪਰ ਆਉਂਦੀ ਮੈਲ ਨੂੰ ਤੋਖੀ ਝਿਊਰ ਨਾਲ ਦੀ ਨਾਲ ਲਾਹ ਕੇ ਬਾਹਰ ਰੱਖੇ ਇੱਕ ਪੀਪੇ ਵਿਚ ਪਾਈ ਜਾਂਦਾ। ਅੱਗ ਦੇ ਸੇਕ ਨਾਲ ਗਾੜ੍ਹੇ ਹੋ ਰਹੇ ਰਸ ਵਿਚੋਂ ਉਠ ਰਹੀਆਂ ਬੁਲਬਲੀਆਂ ਵਿਚੋਂ ਪੈਦਾ ਹੋ ਰਹੀ ਮਿਠਾਸ ਦੀ ਮਹਿਕ ਚੁਫੇਰੇ ਨੂੰ ਨਸ਼ਿਆ ਰਹੀ ਸੀ।

ਰੋਟੀ ਲੈ ਕੇ ਆਈ ਤੇਜੋ ਨੇ ਸਭ ਤੋਂ ਪਹਿਲਾਂ ਤੋਖੀ ਝਿਊਰ ਨੂੰ ਆਵਾਜ਼ ਮਾਰੀ, "ਆ ਜੋ ਚਾਚਾ ਜੀ, ਪਹਿਲਾਂ ਤੁਸੀਂ ਪ੍ਰਸ਼ਾਦਾ ਛੱਕ ਲੋ।"

"ਨਹੀਂ ਭਾਈ ਮੈਂ ਤਾਂ ਘਰੋਂ ਖਾ ਕੇ ਆਇਆ ਸੀ, ਤੂੰ ਏਨ੍ਹਾਂ ਨੂੰ ਦੇਹ।" ਤੋਖੀ ਨੇ ਆਪਣੇ ਮੂੰਹ ਵੱਲ ਆਉਂਦੀ ਭਾਫ਼ ਨੂੰ ਅੱਖਾਂ ਮੂਹਰੇ ਹੱਥ ਕਰਕੇ ਰੋਕਦੇ ਹੋਏ ਮੂੰਹ ਜਿਹਾ ਵੱਟ ਕੇ ਰੋਟੀ ਖਾਣ ਤੋਂ ਇਨਕਾਰ ਕਰ ਦਿੱਤਾ।

ਇਕੱਲਾ-ਇਕੱਲਾ ਜਾਣਾ ਰੋਟੀ ਖਾਣ ਬਾਅਦ ਮੁੜ ਆਪਣੇ-ਆਪਣੇ ਕੰਮ 'ਤੇ ਲਗਦਾ ਰਿਹਾ। ਸਭ ਤੋਂ ਪਿੱਛੋਂ ਨਾਜਰ ਫੌਜੀ ਪੀਪੇ 'ਚ ਪਏ ਪਾਣੀ ਨਾਲ ਹੱਥ ਧੋ ਕੇ ਰੋਟੀ ਖਾਣ ਲਈ ਤੇਜੋ ਕੋਲ ਆ ਬੈਠਾ। ਦੋਵਾਂ ਦੀਆਂ ਅੱਖਾਂ ਮਿਲੀਆਂ ਤਾਂ ਉਨ੍ਹਾਂ ਨੂੰ ਇਕ ਖਾਸ ਤਰ੍ਹਾਂ ਦੀ ਖੁਸ਼ੀ ਭਰੀ ਤਸੱਲੀ ਇਕ-ਦੂਜੇ ਦੇ ਚਿਹਰੇ 'ਤੇ ਝਲਕਦੀ ਨਜ਼ਰ ਆਈ।

"ਲੈ ਹੁਣ ਇਉਂ ਕਰ, ਦੋਨਾਂ ਜੁਆਕਾਂ ਨੂੰ ਰਸ ਨਾਲ ਫੁੱਲ ਕਰ ਦੇਹ ਪਹਿਲਾਂ ਤਾਂ। ਔਹ ਦੇਖ, ਐਵੇਂ ਗੰਨਿਆਂ ਨਾਲ ਜਬਾੜੇ ਪੜਵਾਈ ਜਾਂਦੇ ਐ। ਨਾਲੇ ਤੂੰ ਆਪ ਪੀ ਲੈ ਦੋ ਗਿਲਾਸ।" ਤੇਜੋ ਤੋਂ ਰਾਟੀ ਫੜਦੇ ਹੋਏ ਨਾਜਰ ਫੌਜੀ ਨੇ ਮੀਤੇ ਤੇ ਜੀਤੇ ਵੱਲ ਇਸ਼ਾਰਾ ਕਰਕੇ ਆਖਿਆ।

"ਨਿਆਣਿਆਂ ਨੂੰ ਪਿਆ ਦਿੰਨੀ ਆਂ। ਮੇਰਾ ਤਾਂ ਚਲ ਕੀ ਐ?" ਤੇਜੋ ਨੇ ਬਾਕੀ ਰੋਟੀਆਂ ਪੋਣੇ ਵਿਚ ਵਲੇਟਦਿਆਂ, ਟੇਢੀ ਅੱਖ ਨਾਲ ਨਾਜਰ ਵੱਲ ਝਾਕਦੇ ਹੋਏ ਕਿਹਾ।

"ਲੈ ਕਿਉਂ ਤੇਰਾ ਕਿਉਂ ਨੀ ਕੁਸ਼? ਸਾਰਾ ਘਰ-ਬਾਰ ਤੇਰਾ, ਔਹ ਖੇਤ ਤੇਰਾ, ਆਹ ਜੁਆਕ ਤੇਰੇ, ਔਰ...ਔਰ...ਔਰ ਹਮ ਵੀ ਤੇਰੇ।" ਮੂੰਹ ਵਿਚ ਬੁਰਕੀ ਪਾਉਂਦੇ ਹੋਏ ਫੌਜੀ ਨੇ ਤੇਜੋ ਨੂੰ ਛੇੜਖਾਨੀ ਭਰੀ ਟਕੋਰ ਮਾਰੀ।

"ਚਲ ਛੱਡ ਪਰ੍ਹੇ ਜੀ। ਤੂੰ ਤਾਂ ਹੋਰ ਈ ਗੱਲ ਬਣਾ ਲੀ।" ਤੇਜੋ ਮੁਸਕਰਾਉਂਦੀ ਹੋਈ ਜੁਆਕਾਂ ਨੂੰ ਰਸ ਪਿਲਾਉਣ ਦੇ ਬਹਾਨੇ ਉਠ ਕੇ ਚਲੀ ਗਈ।

ਤੇਜੋ ਨੇ ਚੁੰਨੀ ਦੇ ਲੜ ਨਾਲ ਪੁਣ ਕੇ ਦੋਵਾਂ ਜੁਆਕਾਂ ਨੂੰ ਰਸ ਦੇ ਗਿਲਾਸ ਭਰ ਕੇ ਫੜਾ ਦਿੱਤੇ ਅਤੇ ਜੁਆਕ ਗਟਾਗਟ ਰਸ ਅੰਦਰ ਸੁੱਟ ਕੇ ਡੱਕਾਰ ਮਾਰਦੇ ਹੋਏ ਕੜਾਹੇ ਵੱਲ ਨੂੰ ਦੁੜੰਗੇ ਮਾਰ ਗਏ ਕਿਉਂਕਿ ਉਨ੍ਹਾਂ ਦੀ ਅਸਲ ਨੀਤ ਤਾਂ ਤੱਤੇ ਗੁੜ ਵਿਚ ਸੀ। ਤੇਜੋ ਦਾ ਜੀਅ ਤਾਂ ਕੀਤਾ ਰਸ ਪੀਣ ਨੂੰ ਪਰ ਆਲੇ-ਦੁਆਲੇ ਤੁਰੇ ਫਿਰਦੇ ਬੰਦਿਆਂ ਤੋਂ ਜਕ ਕੇ ਮਨ ਮਾਰ ਲਿਆ। ਮੀਤਾ ਤੇ ਜੀਤਾ ਦੂਰ ਖੜ੍ਹੇ ਕੜਾਹੇ ਵਿਚ ਉਠਦੇ ਬੁਲਬਲਿਆਂ ਵਿਚੋਂ ਨਿਕਲਦੀ ਮਿਠਾਸ ਭਰੀ ਭਾਫ਼ ਲਲਚਾਈਆਂ ਨਜ਼ਰਾਂ ਨਾਲ ਦੇਖਦੇ ਰਹੇ। ਕੜਾਹੇ ਦੇ ਸਿਰਹਾਣੇ ਬੈਠਾ ਤੋਖੀ ਜਦੋਂ ਉਨ੍ਹਾਂ ਵੱਲ ਕੌੜ ਜਿਹਾ ਝਾਕਦਾ ਤਾਂ ਦੋਵੇਂ ਨਿਆਣੇ ਡਰਦੇ ਹੋਏ ਜਾਣ ਬੁਝ ਕੇ ਦੂਜੇ ਪਾਸੇ ਵੇਖਣ ਲੱਗ ਪੈਂਦੇ। ਅਖੀਰ ਉਨ੍ਹਾਂ ਤੋਂ ਰਿਹਾ ਨਾ ਗਿਆ। ਭਾਂਡਿਆਂ ਦੀ ਸੁੱਕ-ਮਾਂਜ ਕਰਦੀ ਤੇਜੋ ਦੇ ਮੋਢੇ ਲੱਗ ਕੇ ਪੁੱਛਣ ਲੱਗੇ, "ਬੇਬੇ, ਗੁੜ ਕਦੋਂ ਕੁ ਬਣ ਜੂ?"

"ਮੈਨੂੰ ਤਾਂ ਪਤਾ ਨੀ ਪੁੱਤ, ਔਹ ਥੋਡਾ ਬਾਬਾ ਬੈਠਾ ਨਾ, ਕੜਾਹੇ ਕੋਲ ਉਹਨੂੰ ਪੁੱਛ ਲੋ ਜਾ ਕੇ।" ਤੇਜੋ ਨੇ ਤੋਖੀ ਵੱਲ ਇਸ਼ਾਰਾ ਕਰਕੇ ਜੁਆਕਾਂ ਨੂੰ ਉਸ ਵੱਲ ਤੋਰ ਦਿੱਤਾ।

ਦੋਵੇਂ ਨਿਆਣੇ ਇਕ ਦੂਜੇ ਦਾ ਹੱਥ ਫੜੀ, ਡਰਦੇ ਡਰਦੇ ਤੋਖੀ ਦੇ ਕੋਲ ਜਾਣ ਦੀ ਬਜਾਏ ਦੂਰ ਖੜ੍ਹੇ ਹੀ ਇਕ ਦੂਜੇ ਨੂੰ 'ਤੂੰ ਪੁੱਛ', 'ਤੂੰ ਪੁੱਛ' ਦੀਆਂ ਉਂਗਲਾਂ ਲਾਉਂਦੇ ਰਹੇ। ਤੋਖੀ ਵੀ ਤਾੜ ਗਿਆ ਕਿ ਕੋਈ ਗੱਲ ਐ।

"ਕੀ ਗੱਲ ਆ ਓਏ? ਐਥੇ ਖੜ੍ਹੇ ਕੁਣਕਿਓਂ-ਕੁਣਕੀ ਹੋਈ ਜਾਨੇ ਓਂ? ਤੋਖੀ ਨੇ ਤਲਖੀ ਨਾਲ ਪੁੱਛਿਆ।

"ਨਹੀਂ ਬਾਬਾ, ਆਹ ਕਹਿੰਦੈ ਬਈ ਗੁੜ ਕਦੋਂ ਕੁ ਬਣ ਜੂ?" ਮੀਤੇ ਨੇ ਗੱਲ ਜੀਤੇ ਸਿਰ ਪਾ ਦਿੱਤੀ।

"ਹਾਲੇ ਨੀ ਬਣਦਾ। ਬਹੁਤ ਟੈਮ ਲੱਗੂ ਹਾਲੇ ਜਾਓ ਭੱਜੋ ਤੁਸੀਂ ਘਰ ਨੂੰ।" ਤੋਖੀ ਨੇ ਖਿਝ ਭਰੇ ਬੋਲਾਂ ਨਾਲ ਨਿਆਣਿਆਂ ਨੂੰ ਝਿੜਕ ਦਿੱਤਾ।

ਤੋਖੀ ਝਿਊਰ ਦੀ ਚੁਭਵੀਂ ਆਵਾਜ਼, ਤੇਜੋ ਦੇ ਕੰਨੀਂ ਪੈ ਤਾਂ ਗਈ ਪਰ ਉਹ ਚੁੱਪ ਕੀਤੀ, ਵੱਟ ਜਿਹਾ ਖਾ ਕੇ ਭਾਂਡੇ ਇਕੱਠੇ ਕਰਨ ਲੱਗ ਪਈ।


ਨਿਆਣੇ ਨਿਰਾਸ਼ ਜਿਹੇ ਹੋ ਕੇ ਫੇਰ ਤੇਜੋ ਕੋਲ ਆ ਖੜ੍ਹੇ। "ਬੇਬੇ, ਬਾਬਾ ਤਾਂ ਕਹਿੰਦੈ ਹਾਲੇ ਨੀ ਬਣਦਾ ਗੁੜ ਬਹੁਤਾ ਟੈਮ ਲੱਗੂ।"

"ਫੇਰ ਮੈਂ ਕੀ ਕਰਾਂ? ਐਥੇ ਬੈਠੇ ਰਹੋ। ਜਦੋਂ ਬਣ ਗਿਆ ਆਪਦੇ ਪਿਓ ਨੂੰ ਆਖ ਦਿਓ।" ਤੇਜੋ ਦੇ ਬੋਲਾਂ ਵਿਚੋਂ ਔਖ ਜੁਆਕਾਂ 'ਤੇ ਨਿਕਲ ਗਈ ਅਤੇ ਉਹ ਭਾਂਡੇ, ਬਾਲਟੀ ਵਿਚ ਰੱਖ ਕੇ ਤੇਜ਼ੀ ਨਾਲ ਘਰ ਵੱਲ ਤੁਰ ਪਈ।

"ਤੇਜੋ! ਬਿੰਦ ਕੁ ਅਟਕ ਜਾ, ਤੱਤਾ ਗੁੜ੍ਹ ਲੈ ਜੀਂ। ਕਿਤੇ ਆਂਢੀ-ਗੁਆਂਢੀ ਦੇ ਮੂੰਹ ਪਊ, ਚੰਗਾ ਹੁੰਦੈ।" ਨਾਜਰ ਨੇ ਤੇਜੋ ਨੂੰ ਤੁਰਦੀ ਦੇਖ ਦੂਰੋਂ ਹੀ ਉਚੀ ਆਵਾਜ਼ ਵਿਚ ਹਾਕ ਮਾਰੀ।

"ਨਹੀਂ ਸਰ ਜੂ, ਤੂੰ ਈ ਲੈ ਆਈਂ। ਮੇਰੇ ਤਾਂ ਸੌ ਧੰਦੇ ਪਏ ਨੇ ਕਰਨ ਆਲੇ।" ਤੇਜੋ ਨੇ ਪਿੱਛੇ ਮੁੜੇ ਬਿਨਾਂ ਹੀ ਜਵਾਬ ਦਿੱਤਾ। ਫੌਜੀ ਨੂੰ ਉਸ ਦੇ ਬੋਲਾਂ ਵਿਚ ਨਾਰਾਜ਼ਗੀ ਤਾਂ ਝਲਕੀ ਪਰ ਕਾਰਨ ਪੱਲੇ ਨਾ ਪਿਆ। ਦਿਮਾਗ 'ਤੇ ਬਹੁਤਾ ਜੋਰ ਦੇਣ ਦੀ ਬਜਾਏ ਉਹ ਮੁੜ ਆਪਣੇ ਕੰਮ ਲੱਗ ਗਿਆ।

ਤੋਖੀ ਨੇ ਮਕਸੂਦ ਨੂੰ ਕੜਾਹੇ 'ਚੋਂ ਉਪਰ



ਚੁੱਕ ਕੇ ਉਸ ਤੋਂ ਡਿਗਦੀ ਗਾੜ੍ਹੀ ਧਾਰ ਨੂੰ ਪੂਰੇ ਗਹੁ ਨਾਲ ਦੇਖਿਆ ਅਤੇ ਉਂਗਲਾਂ ਨਾਲ ਪੱਤ ਦੀ ਜਾਚ ਕਰਕੇ ਨਾਜਰ ਨੂੰ ਹਾਕ ਮਾਰੀ।

"ਲੈ ਬਈ ਫੌਜੀਆ ਆਓ ਹੁਣ, ਲਊ ਵਾਖਰੂ ਦਾ ਨਾਉਂ। ਪੱਤ ਨੂੰ ਗੰਡ 'ਚ ਪਾ ਦਿਓ। ਹੁਣ ਵੱਤ ਐ।"

ਛਟੀਆਂ ਦੀ ਬਣੀ ਕੁੱਲੀ ਵਿਚ ਪਏ ਗੰਡ ਵਿਚ ਕੜਾਹਾ ਉਲੱਦ ਦਿੱਤਾ ਗਿਆ।

"ਬਾਪੂ, ਹੁਣ ਤਾਂ ਬਣ ਗਿਆ ਗੁੜ?" ਨਿਆਣਿਆਂ ਨੂੰ ਕਾਹਲ ਸੀ।

"ਆਹੋ ਪੁੱਤ, ਬਣ ਤਾਂ ਗਿਆ ਪਰ ਹਾਲੇ ਵੱਧ ਤੱਤਾ। ਮੂੰਹ ਮੱਚ ਜੂ। ਬਿੰਦ ਕੁ ਅਟਕ ਜੋ।" ਫੌਜੀ ਨਿਆਣਿਆਂ ਨੂੰ ਗੱਲ ਸਮਝਾ ਕੇ ਰਸ ਦੇ ਬਾਹੇ ਚੁੱਕ ਕੇ ਕੜਾਹੇ 'ਤੇ ਪਈ ਟੋਕਰੀ 'ਚ ਉਲਟਾਉਣ ਲੱਗ ਪਿਆ। ਕੁਝ ਚਿਰ ਪਿਛੋਂ ਤੋਖੀ ਕੜਾਹੇ ਕੋਲੋਂ ਉਠ ਕੇ ਗੰਡ ਕੋਲ ਚਲਾ ਗਿਆ ਅਤੇ ਚੰਡਣੀ ਗੰਡ ਵਿਚ ਫੇਰ ਕੇ ਪਰਖ ਕਰਨ ਲੱਗਾ।

"ਕਿਉਂ ਚਾਚਾ, ਕਿਵੇਂ ਐਂ? ਹੋਈਏ ਫਿਰ ਰੈਡੀ।" ਫੌਜੀ ਨੇ ਗੰਡ ਕੋਲੋਂ ਉਠ ਕੇ ਬਾਹਰ ਆਉਂਦੇ ਤੋਖੀ ਤੋਂ ਪੁੱਛਿਆ।

"ਨਹੀਂ, ਹਾਲੇ ਹੋਰ ਅਟਕ ਜੋ। ਹਾਲੇ ਨਾ ਛੇੜਿਓ। ਮੈਂ ਆਉਨਾਂ ਪਾਣੀ ਪੀ ਕੇ ਔਹ ਖੂਹ ਤੋਂ।" ਤੋਖੀ ਚਿਤਾਵਨੀ ਦੇ ਕੇ ਖਾਲ ਦੀ ਵੱਟ ਪੈ ਕੇ ਪਾਣੀ ਪੀਣ ਤੁਰ ਪਿਆ।

"ਪਾਣੀ ਤਾਂ ਚਾਚਾ ਐਥੇ ਘੜੇ 'ਚ ਸੱਜਰਾ ਲਿਆ ਕੇ ਰੱਖਿਆ ਪਿਐ।" ਨਾਜਰ ਨੇ ਤੁਰੇ ਜਾਂਦੇ ਤੋਖੀ ਨੂੰ ਹਾਕ ਮਾਰੀ।

"ਨਹੀਂ ਕੋਈ ਨਾ, ਮੈਨੂੰ ਪਤੈ।" ਬਿਨਾਂ ਪਿੱਛੇ ਝਾਕੇ ਜਵਾਬ ਦੇ ਕੇ ਤੋਖੀ ਖੂਹ ਵੱਲ ਤੁਰਿਆ ਗਿਆ।

"ਦੋਵੇਂ ਨਿਆਣੇ ਹੁਣ ਫੇਰ ਹੌਸਲਾ ਜਿਹਾ ਫੜ ਕੇ ਨਾਜਰ ਕੋਲ ਆ ਗਏ। ਨਾਜਰ ਦੋਵਾਂ ਨੂੰ ਗੰਡ ਕੋਲ ਲੈ ਗਿਆ ਤੇ ਕਪਾਹ ਦੀ ਛਟੀ ਦਾ ਇਕ-ਇਕ ਡੱਕਾ ਫੜਾ ਕੇ ਗੰਡ ਕੋਲ ਬਿਠਾ ਦਿੱਤਾ ਤੇ ਉਨ੍ਹਾਂ ਨੂੰ ਇਕ ਥਾਂ 'ਤੇ ਡੱਕਾ ਫੇਰ ਕੇ ਗੁੜ ਠੰਡਾ ਕਰਨ ਦਾ ਵੱਲ ਦੱਸ ਕੇ ਆਪਣੇ ਕੰਮ ਜਾ ਲੱਗਿਆ। ਦੋਵੇਂ ਜੁਆਕ ਆਪੋ-ਆਪਣੇ ਡੱਕਿਆਂ ਨੂੰ ਗੰਡ ਵਿਚ ਗੋਲ-ਗੋਲ ਘੁਮਾ ਕੇ ਗੁੜ ਠੰਢਾ ਕਰਨ ਦੀ ਖੋੜ ਵਿਚ ਰੁੱਝ ਗਏ। ਗੁੜ ਦਾ ਰੰਗ ਭੂਰਾ ਜਿਹਾ ਹੁੰਦਾ ਦੇਖ ਕੇ ਉਨ੍ਹਾਂ ਦੇ ਮੂੰਹ 'ਚੋਂ ਲਾਲਾਂ ਡਿੱਗਣ ਲੱਗੀਆਂ। ਸੁਆਦ ਦੇਖਣ ਦੀ ਕਾਹਲ 'ਚ ਮੀਤੇ ਤੋਂ ਰਿਹਾ ਨਾ ਗਿਆ। ਗੁੜ ਨਾਲ ਲਿਬੜਿਆ ਡੱਕਾ ਅਚਾਨਕ ਹੀ ਉਸ ਨੇ ਮੂੰਹ ਵਿਚ ਪਾ ਲਿਆ। ਬੱਸ ਫਿਰ ਕੀ ਸੀ, 'ਤੱਤਾ ਗੁੜ' ਬੁੱਲ੍ਹਾਂ ਨੂੰ ਚਿੰਬੜ ਗਿਆ। ਬੁੱਲ੍ਹਾਂ 'ਤੇ ਤੇਜ਼ੀ ਨਾਲ ਹੱਥ ਘਸਾਉਂਦਾ ਜਦੋਂ ਉਹ ਟੱਪਣ ਜਿਹਾ ਲੱਗਾ ਤਾਂ ਜੀਤੇ ਨੇ ਟਕੋਰ ਮਾਰੀ, "ਕਿਉਂ ਆਈ ਲੱਜਤ? ਕਿੰਨਾ ਕੁ ਮਿੱਠੈ?"

"ਬੱਸ ਕਰ ਓਏ ਵੱਡਿਆ ਸਿਆਣਿਆਂ।" ਬੁੱਲ੍ਹਾਂ ਉਪਰ ਹੱਥ ਫੇਰਦੇ ਹੋਏ ਮੀਤੇ ਨੇ ਜੀਤੇ ਵੱਲ ਨੂੰ ਅੱਖਾਂ ਕੱਢੀਆਂ ਪਰ ਜੀਤੇ ਨੂੰ ਅੱਗੋਂ ਹੱਸਦਾ ਵੇਖ ਕੇ ਉਸ ਦਾ ਆਪਣਾ ਵੀ ਹਾਸਾ ਨਿਕਲ ਗਿਆ।

ਪਾਣੀ ਪੀ ਕੇ ਮੁੜਦਾ ਤੋਖੀ ਜਦੋਂ ਕੁੱਲੀ ਵਿਚ ਦਾਖਲ ਹੋਇਆ ਤਾਂ ਦੋਵੇਂ ਜੁਆਕ ਹਾਸਾ ਭੁੱਲ ਕੇ ਸਹਿਮ ਗਏ। ਗੰਡ 'ਚ ਡੱਕੇ ਮਾਰਦੇ ਨਿਆਣਿਆਂ ਨੂੰ ਦੇਖ ਕੇ ਤੋਖੀ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। "ਓਏ ਆਹ ਕੀ ਲੋਹੜਾ ਮਾਰਿਆ ਫੌਜੀਆ? ਸਾਰੀ ਕਰੀ ਕਰਾਈ ਖੂਹ 'ਚ ਪਾ'ਤੀ। ਸਾਰਾ ਗੰਡ ਭਿੱਟ ਤਾ। ਬਾਬੇ ਨੂੰ ਮੱਥਾ ਨੀ ਟੇਕਿਆ, ਸ਼ਹੀਦਾਂ ਦੀ ਭੇਲੀ ਨੀ ਕੱਢੀ, ਪਹਿਲਾਂ ਆਪ ਡਫਣ ਬਹਿ'ਗੇ। ਰਹਿ ਗਿਆ ਨਾ ਫੇਰ ਉਹੀ...! ਹਟਾ ਨੀ ਸੀ ਹੁੰਦਾ, ਇਹਨੂੰ ਗੰਦੀ 'ਲਾਦ ਨੂੰ?" ਫੌਜੀ ਦੀ ਬੁਰੀ ਤਰ੍ਹਾਂ ਝਾੜਝੰਬ ਕਰਕੇ ਤੋਖੀ ਨਿਆਣਿਆਂ ਨੂੰ ਟੁੱਟ ਕੇ ਪੈ ਗਿਆ। "ਚਲੋ ਓਏ, ਭੱਜੋ ਇਥੋਂ। ਸਾਲੇ ਸਵੇਰ ਦੇ ਨੀਤਾਂ ਦਖਾਈ ਜਾਂਦੇ ਐ?" ਨਿਆਣੇ ਸੁੰਗੜਦੇ ਜਿਹੇ ਕੁੱਲੀ ਵਿਚੋਂ ਬਾਹਰ ਨਿਕਲ ਗਏ। ਨਾਜਰ ਨੂੰ ਤੋਖੀ 'ਤੇ ਗੁੱਸਾ ਤਾਂ ਆਇਆ ਪਰ ਗਰਜ ਨੇ ਉਸ ਦੇ ਗੁੱਸੇ ਨੂੰ ਕਾਬੂ ਕਰ ਲਿਆ।

"ਓ, ਚੱਲ ਨਿਆਣੇ ਨੇ ਚਾਚਾ, ਤਾਂ ਕੀ ਹੋ ਗਿਆ? ਕਾਹਨੂੰ ਤੱਤਾ ਹੁੰਨੈਂ? ਤੂੰ ਤਾਂ ਸਿਆਣੈਂ।" ਨਾ ਚਾਹੁੰਦੇ ਹੋਏ ਵੀ ਫੌਜੀ ਨੇ ਤੋਖੀ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕੀਤੀ।

"ਅੱਛਾ! ਤੇਰੇ ਭਾਅ ਦਾ ਹਾਲੇ ਹੋਇਆ ਈ ਨੀ ਕੁਝ? ਸਾਰੀ ਕਰੀ ਕਰਾਈ ਖੂਹ 'ਚ ਪਾ'ਤੀ। ਹਾਲੇ ਰੜਕ ਐ? ਚੱਲ ਭਾਈ ਠੀਕ ਐ, ਸਾਂਭੋ ਆਪਦਾ ਲਕਾ-ਤੁਕਾ, ਮੈਂ ਤਾਂ ਚੱਲਿਆਂ। ਮੈਥੋਂ ਨੀ ਐਹੋ ਜਿਹਾ ਚਘਲਖਾਨਾ ਦੇਖ ਹੁੰਦਾ।" ਤੋਖੀ ਆਪਣੇ ਮਨ ਦੀ ਭੜਾਸ ਕੱਢਦਾ ਜੁੱਤੀ ਪਾਉਣ ਲੱਗ ਪਿਆ।

"ਕਾਹਨੂੰ ਚਾਚਾ, ਹੁਣ ਵਿਚਾਲੇ ਡੋਬਾ ਦਿੰਨੈਂ? ਚੱਲ 'ਗਾਹਾਂ ਤਾਂ ਜਿਵੇਂ ਤੇਰਾ ਆਡਰ ਹੋਊ ਓਕੂੰ ਕਰਲਾਂਗੇ।" ਫੌਜੀ ਨੇ ਮਨ 'ਤੇ ਕਾਬੂ ਪਾ ਕੇ ਮਿੰਨਤ ਜਿਹੀ ਕੀਤੀ।

ਘੁਲਾੜੀ 'ਚ ਗੰਨੇ ਲਾਉਂਦੇ ਨਾਜਰ ਦੇ ਚਾਚੇ ਦੇ ਪੁੱਤ ਘੁੱਦੂ ਤੋਂ ਹੋਰ ਬਰਦਾਸ਼ਤ ਨਾ ਹੋਇਆ ਤੇ ਉਹ ਗੰਨੇ ਛੱਡ ਕੇ ਉਠ ਖੜ੍ਹਾ ਹੋਇਆ।

"ਓਏ ਫੌਜੀਆ, ਕਿਉਂ ਲੇਲ੍ਹੜੀਆਂ ਕੱਢੀ ਜਾਨੈਂ ਇਹਦੀਆਂ ਮਲੰਗ ਦੀਆਂ?" ਕੁਸ ਤਾਂ ਕਣ ਰੱਖ। ਜਾਣ ਦੇ, ਜੇ ਜਾਂਦੈ। ਮਸਾਂ ਤਾਂ ਦਿਨ ਆਈਐ। ਹੁਣ ਜੁਆਕ ਤਾਂ ਨੀ ਤਰਸਾਉਣੇ ਇਹਦੇ ਥੱਲੇ ਲੱਗ ਕੇ? ਕਦੋਂ ਦਾ ਮੈਂ ਇਹਦੇ ਮੂੰਹ ਵੰਨੀ ਦੇਖੀ ਜਾਨਾਂ।" ਘੁੱਦੂ ਨੇ ਰੜਕ ਭਰੀ ਚਣੌਤੀ ਨਾਲ ਦੋ ਟੁੱਕ ਫੈਸਲਾ ਕਰ ਦਿੱਤਾ।

"ਓਏ ਨਹੀਂ, ਮੈਂ ਤਾਂ ਸੋਚਦਾ ਸੀ ਬਈ...ਬਈ ਆਪਾਂ ਨੂੰ ਹਸਾਬ ਨੀ। ਆਪਾਂ ਕਿਤੇ ਸਾਰੀ ਕਰੀ-ਕਰਾਈ...?" ਫੌਜੀ ਦੇ ਬੋਲਾਂ 'ਚੋਂ ਛੁਪਿਆ ਡਰ ਭਾਂਪ ਕੇ ਘੁੱਦੇ ਨੇ ਉਸ ਨੂੰ ਸਾਰੀ ਗੱਲ ਪੂਰੀ ਨਹੀਂ ਕਰਨ ਦਿੱਤੀ।

"ਛੱਡ ਪਰ੍ਹੇ ਯਾਰ, ਤੂੰ ਤਾਂ ਫੌਜੀ ਈ ਓ ਰਿਹਾ। ਸਾਰੀ ਉਮਰ ਕੱਢ'ਤੀ ਮੈਂ ਜੱਟਾਂ ਦੀਆਂ ਘੁਲਾੜੀਆਂ 'ਤੇ। ਕੀ ਨੀ ਕਰ ਸਕਦੇ ਆਪਾਂ? ਇੱਕ ਅੱਧੀ ਵਾਰੀ ਜਾਣੀ ਮਾੜਾ ਮੋਟਾ ਫਰਕ ਰਹਿ ਜੂ। 'ਗਾਹਾਂ ਨੂੰ ਏਹਦੇ ਅਰਗੇ ਘੜੰਮ ਚੌਧਰੀ ਦੇ ਮਗਰ-ਮਗਰ ਤਾਂ ਨੀ ਫਿਰਨਾ ਪਊ?" ਘੁੱਦੂ ਦੇ ਰੜਕਵੇਂ ਬੋਲਾਂ ਨੇ ਫੌਜੀ ਦਾ ਚਿੱਤ ਤਾਂ ਟਿਕਾਣੇ ਕਰ ਦਿੱਤਾ ਪਰ ਤੋਖੀ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ।

"ਦੇਖ ਲੂੰ ਮੈਂ ਤੈਨੂੰ ਵੱਡੇ ਪਕਾਵੇ ਨੂੰ?" ਤੋਖੀ ਬੁੜ ਬੁੜ ਕਰਦਾ ਘੁੱਦੂ ਵੱਲ ਅੱਖਾਂ ਕੱਢਦਾ ਹੋਇਆ ਤੁਰ ਚੱਲਿਆ।

"ਚਾਚਾ, ਤੱਤਾ ਤੱਤਾ ਗੁੜ ਤਾਂ ਲੈਂਦਾ ਜਾਹ ਜੁਆਕਾਂ ਵਾਸਤੇ।" ਫੌਜੀ ਨੇ ਪਿੱਛੋਂ ਆਵਾਜ਼ ਮਾਰੀ।

ਘੁੱਦੂ ਨੂੰ ਫੌਜੀ 'ਤੇ ਗੁੱਸਾ ਤਾਂ ਬਹੁਤ ਆਇਆ ਪਰ ਉਸ ਦੇ ਖਾਨੇ ਇਹ ਗੱਲ ਨਾਂ ਪਈ ਕਿ ਫੌਜੀ ਨੇ ਤਰਸ ਕੀਤਾ ਹੈ ਕਿ ਮਖੌਲ?

ਬਿਨਾਂ ਪਿੱਛੇ ਝਾਕੇ ਅਤੇ ਬਿਨਾਂ ਕੋਈ ਜਵਾਬ ਦਿੱਤੇ ਤੋਖੀ ਨੇ ਗੁੱਸੇ ਵਿਚ ਆਪਣੀ ਚਾਲ ਕੁਝ ਹੋਰ ਤੇਜ਼ ਕਰ ਦਿੱਤੀ।

"ਚਾਚਾ, ਹੁਣ ਤਾਂ ਛੇਤੀ ਬਣ ਜਿਆ ਕਰੂ ਗੁੜ, ਹੁਣ ਤਾਂ ਬਾਬਾ ਚੱਲਿਆ ਗਿਆ?" ਗੁੜ ਦਾ ਲਿਬੜਿਆ ਡੱਕਾ ਮੂੰਹ ਵਿਚ ਪਾਉਂਦੇ ਹੋਏ ਮੀਤੇ ਨੇ ਚਿੱਤੋਂ ਖੁਸ਼ੀ ਜ਼ਾਹਰ ਕਰਦੇ ਬੜੀ ਉਤਸੁਕਤਾ ਨਾਲ ਘੁੱਦੂ ਵੱਲ ਝਾਕਦਿਆਂ ਪੁੱਛਿਆ।


"ਨਹੀਂ ਪੁੱਤ, ਵੱਧ ਕਣ ਆਲਾ ਵਧੀਆ ਗੁੜ ਬਣਾਉਣ ਨੂੰ ਟੈਮ ਤਾਂ ਲਗਦਾ ਈ ਹੁੰਦੈ। ਬਸ ਫਰਕ ਇਹ ਐ ਬਈ ਆਪਾਂ ਹੁਣ ਆਪਣੇ ਮਨ ਦੀ ਮਰਜ਼ੀ ਕਰਾਂਗੇ।" ਘੁੱਦੂ ਦੇ ਇਨ੍ਹਾਂ ਬੋਲਾਂ ਨਾਲ ਦੋਵਾਂ ਜਵਾਕਾਂ ਨੂੰ ਇਕ ਅਜੀਬ ਕਿਸਮ ਦਾ ਚਾਅ ਜਿਹਾ ਚੜ੍ਹ ਗਿਆ ਅਤੇ ਉਹ ਡੱਕੇ ਸੁੱਟ ਕੇ ਛੇਤੀ-ਛੇਤੀ ਅੱਧ ਚੰਡੇ ਤੱਤੇ ਗੁੜ ਦੀਆਂ ਪਿੰਨੀਆਂ ਵੱਟ ਕੇ ਛੜੱਪੇ ਮਾਰਦੇ ਆਪਦੀ ਬੇਬੇ ਨੂੰ ਨਵੀਂ ਗੱਲ ਸੁਣਾਉਣ ਲਈ ਘਰ ਵੱਲ ਭੱਜ ਗਏ।

#

# ਧੂੜਾਂ 'ਚ ਗਵਾਚ ਗਈ ਸੰਜੀਵ ਦੀ ਮੁਹੱਬਤ



ਸੰਜੀਵ ਕੁਮਾਰ ਦਾ ਨਾਂ ਆਪਣੇ ਨਾਲ ਕੰਮ ਕਰਨ ਵਾਲੀਆਂ ਅਭਿਨੇਤਰੀਆਂ ਨਾਲ ਜੁੜਦਾ ਰਿਹਾ। ਸਾਇਰਾ ਬਾਨੋ ਤੇ ਆਸ਼ਾ ਪਾਰੇਖ ਅਜਿਹੀਆਂ ਨਾਇਕਾਵਾਂ ਰਹੀਆਂ ਜਿਨ੍ਹਾਂ ਪ੍ਰਤੀ ਸੰਜੀਵ ਕੁਮਾਰ ਆਕਰਸ਼ਿਤ ਹੋਏ ਪਰ ਨੂਤਨ, ਜਾਹਿਦਾ, ਹੇਮਾ ਮਾਲਿਨੀ, ਸੁਲਕਸ਼ਣਾ ਪੰਡਿਤ ਤੇ ਜੈਸ਼੍ਰੀ ਟੀ ਨਾਲ ਉਨ੍ਹਾਂ ਦੇ ਪ੍ਰੇਮ ਪ੍ਰਸੰਗ ਫਿਲਮੀ ਗਲਿਆਰਿਆਂ ਦੀਆਂ ਸੁਰਖੀਆਂ ਬਣੇ। ਅਸਲ ਵਿਚ ਉਨ੍ਹਾਂ ਦੇ ਫਿਲਮੀ ਦੁਨੀਆ ਵਿਚ ਕਦਮ ਰੱਖਣ ਤੋਂ ਪਹਿਲਾਂ ਹੀ ਇਕ ਅਜਿਹਾ ਵਾਕਿਆ ਹੋਇਆ ਸੀ ਜਿਸ ਦਾ ਪ੍ਰਭਾਵ ਹਮੇਸ਼ਾਂ ਉਨ੍ਹਾਂ ਦੇ ਜੀਵਤ 'ਤੇ ਰਿਹਾ।



ਗੱਲ ਉਸ ਵੇਲੇ ਦੀ ਹੈ ਜਦੋਂ ਸੰਜੀਵ ਕੁਮਾਰ ਮੁੰਬਈ ਥੀਏਟਰ ਤੇ ਫਿਲਮੀ ਦੁਨੀਆ ਵਿਚ ਸਥਾਪਤ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ਤੇ ਭੂਲੇਸ਼ਵਰ ਸਥਿਤ ਇਕ ਫਲੈਟ ਵਿਚ ਆਪਣੀ ਮਾਂ, ਭੈਣ ਤੇ ਭਰਾ ਨਾਲ ਰਹਿੰਦੇ ਸਨ। ਉਨ੍ਹਾਂ ਦੇ ਗੁਆਂਢ ਵਿਚ ਇਕ ਕੁੜੀ ਰਹਿੰਦੀ ਸੀ ਨੀਲਾ। ਉਹ ਵੀ ਗੁਜਰਾਤੀ ਸੀ ਤੇ ਉਸ ਦੇ ਪਿਤਾ ਦਾ ਬਰਤਨਾਂ ਦਾ ਕਾਰੋਬਾਰ ਸੀ। ਨੀਲਾ ਨੂੰ ਦੇਖ ਕੇ ਸੰਜੀਵ ਦੇ ਮਨ ਵਿਚ ਪਹਿਲੀ ਵਾਰ ਪਿਆਰ ਦਾ ਅਹਿਸਾਸ ਜਾਗਿਆ ਸੀ ਪਰ ਸੰਜੀਵ ਖੁੱਲ੍ਹ ਕੇ ਆਪਣੀ ਗੱਲ ਨਾ ਕਹਿ ਸਕੇ। ਨੀਲਾ ਸੰਜੀਵ ਦੀ ਭੈਣ ਗਾਇਤਰੀ ਦੀ ਸਹੇਲੀ ਸੀ ਤੇ ਉਹ ਵੀ ਸੰਜੀਵ ਨਾਲ ਪਿਆਰ ਕਰਦੀ ਸੀ। ਤਿੰਨ ਸਾਲਾਂ ਤਕ ਅੱਖਾਂ ਹੀ ਅੱਖਾਂ ਵਿਚ ਗੱਲਾਂ ਚੱਲਦੀਆਂ ਰਹੀਆਂ ਪਰ ਜਦੋਂ ਨੀਲਾ ਦੇ ਮਾਤਾ-ਪਿਤਾ ਨੇ ਉਸ ਲਈ ਵਰ ਲੱਭਣਾ ਸ਼ੁਰੂ ਕੀਤਾ ਤਾਂ ਉਸ ਨੇ ਗਾਇਤਰੀ ਨੂੰ ਆਪਣੇ ਮਨ ਦੀ ਗੱਲ ਦੱਸ ਦਿੱਤੀ।

ਗਾਇਤਰੀ ਨੇ ਇਹ ਗੱਲ ਆਪਣੀ ਮਾਂ ਨੂੰ ਦੱਸੀ ਤਾਂ ਉਨ੍ਹਾਂ ਨੇ ਸੰਜੀਵ ਨਾਲ ਗੱਲ ਕੀਤੀ। ਸੰਜੀਵ ਨੇ ਵੀ ਸਿਰ ਝੁਕਾ ਕੇ ਇਸ ਪਿਆਰ ਦੀ ਹਾਮੀ ਭਰੀ। ਫਿਰ ਸੰਜੀਵ ਦੀ ਮਾਂ ਨੇ ਇਹ ਗੱਲ ਨੀਲਾ ਦੀ ਮਾਂ ਨੂੰ ਦੱਸੀ ਤੇ ਸੰਜੀਵ ਦਾ ਰਿਸ਼ਤਾ ਉਨ੍ਹਾਂ ਦੇ ਸਾਹਮਣੇ ਰੱਖਿਆ ਪਰ ਮੁਸ਼ਕਲਾਂ ਬਹੁਤ ਸਨ। ਸਭ ਤੋਂ ਪਹਿਲਾਂ ਇਹੀ ਕਿ ਸੰਜੀਵ ਆਪਣਾ ਕਰੀਅਰ ਬਣਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਸਨ ਤੇ ਉਨ੍ਹਾਂ ਦੀ ਆਰਥਿਕ ਹਾਲਤ ਕਮਜ਼ੋਰ ਸੀ। ਉਧਰ ਨੀਲਾ ਦੇ ਪਿਤਾ ਨੂੰ ਇਕ ਅਦਾਕਾਰ ਨਾਲ ਆਪਣੀ ਬੇਟੀ ਦਾ ਰਿਸ਼ਤਾ ਪਸੰਦ ਨਹੀਂ ਸੀ।

ਮਾਮਲਾ ਇਹ ਵੀ ਸੀ ਕਿ ਨੀਲਾ ਦਾ ਪਰਿਵਾਰ ਸੰਜੀਵ ਕੁਮਾਰ ਦੇ ਪਰਿਵਾਰ ਨਾਲੋਂ ਕਾਫੀ ਖੁਸ਼ਹਾਲ ਸੀ। ਸੰਜੀਵ ਦੀ ਮਾਂ ਦੀ ਇੱਛਾ ਸੀ ਕਿ ਕਿਉਂਕਿ ਉਨ੍ਹਾਂ ਦਾ ਬੇਟਾ ਸੰਘਰਸ਼ ਕਰ ਰਿਹਾ ਹੈ ਇਸ ਲਈ ਚਾਰ ਸਾਲ ਤਕ ਰੁਕ ਲਿਆ ਜਾਵੇ ਪਰ ਨੀਲਾ ਦੇ ਘਰਦਿਆਂ ਨੂੰ ਇਹ ਮਨਜ਼ੂਰ ਨਹੀਂ ਸੀ। ਕੁਝ ਦਿਨਾਂ ਪਿੱਛੋਂ ਸੰਜੀਵ ਦੇ ਦੇਖਦਿਆਂ ਹੀ ਦੇਖਦਿਆਂ ਨੀਲਾ ਦਾ ਵਿਆਹ ਕਰ ਦਿੱਤਾ ਗਿਆ। ਇਸ ਘਟਨਾ ਦਾ ਸੰਜੀਵ ਕੁਮਾਰ ਦੇ ਮਨ 'ਤੇ ਡੂੰਘਾ ਅਸਰ ਪਿਆ ਤੇ ਉਹ ਸਿਰਫ ਆਪਣੇ ਕੰਮ ਵਿਚ ਡੁੱਬ ਗਏ। ਫਿਰ ਉਨ੍ਹਾਂ ਨੇ ਕਦੇ ਵੀ ਵਿਆਹ ਬਾਰੇ ਨਹੀਂ ਸੋਚਿਆ।


# ਚੱਕਰਵਿਊਹ ਵਿਚੋਂ ਨਿਕਲਿਆ ਈਸ਼ਾ ਲਈ ਰਾਹ



ਅਦਾਕਾਰਾ ਈਸ਼ਾ ਗੁਪਤਾ ਫਿਲਮ 'ਚੱਕਰਵਿਊਹ' ਨਾਲ ਆਪਣੇ ਬੇਹੱਦ ਗਲੈਮਰਸ ਅਕਸ ਨੂੰ ਤੋੜਨ ਵਿਚ ਸਫਲ ਰਹੀ ਹੈ। ਇਹ 26 ਸਾਲਾ ਸੁੰਦਰੀ ਹੁਣ ਹੁਣ ਐਕਸ਼ਨ ਫਿਲਮਾਂ ਕਰਨੀਆਂ ਚਾਹੁੰਦੀ ਹੈ। ਉਸ ਨੇ ਕਿਹਾ ਕਿ ਉਹ ਇਕ ਅਜਿਹੀ ਫਿਲਮ ਕਰਨਾ ਚਾਹੇਗੀ ਜੋ ਅਸਲ ਵਿਚ ਪੂਰੀ ਤਰ੍ਹਾਂ ਮਾਰ-ਧਾੜ ਤੇ ਐਕਸ਼ਨ ਭਰਪੂਰ ਫਿਲਮ ਹੋਵੇ। ਉਂਝ ਉਹ ਇਹ ਵੀ ਕਹਿੰਦੀ ਹੈ ਕਿ ਉਸ ਨੂੰ ਇਹ ਬਿਲਕੁਲ ਨਹੀਂ ਪਤਾ ਕਿ ਉਸ ਨੂੰ ਅਜਿਹੀਆਂ ਫਿਲਮਾਂ ਕਿਉਂ ਪਸੰਦ ਹਨ? ਈਸ਼ਾ ਨੇ ਫਿਲਮ 'ਜੰਨਤ-2' ਨਾਲ ਬੇਹੱਦ ਗਲੈਮਰਸ ਅਵਤਾਰ ਵਿਚ ਆਪਣੇ ਬਾਲੀਵੁੱਡ ਕਰੀਅਰ ਦੀ ਸ਼ੁਰੂਆਤ ਕੀਤੀ ਸੀ ਤੇ ਇਸ ਤੋਂ ਬਾਅਦ ਉਸ ਦੀ ਪ੍ਰਦਰਸ਼ਿਤ ਫਿਲਮ 'ਰਾਜ਼-3' ਵਿਚ ਵੀ ਉਸ ਦਾ ਅਜਿਹਾ ਹੀ ਸੈਕਸੀ ਕਿਰਦਾਰ ਸੀ। ਫਿਲਮ 'ਚੱਕਰਵਿਊਹ' ਵਿਚ ਉਸ ਦੇ ਪੁਰਾਣੇ ਅਕਸ 'ਚ ਸੁਧਾਰ ਹੋਇਆ ਹੈ ਤੇ ਹੁਣ ਉਹ ਐਕਸ਼ਨ ਫਿਲਮ ਕਰਨ ਬਾਰੇ ਸੋਚ ਰਹੀ ਹੈ। ਉਸ ਦਾ ਕਹਿਣਾ ਹੈ ਕਿ ਫਿਲਮੀ ਪਰਦੇ ਦੇ ਖਲਨਾਇਕ ਅਸਲ ਜ਼ਿੰਦਗੀ ਵਿਚ ਕਾਫੀ ਚੰਗੇ ਹੁੰਦੇ ਹਨ ਜਿਵੇਂ 'ਚੱਕਰਵਿਊਹ' ਦੇ ਮਨੋਜ ਵਾਜਪੇਈ।

# ਅਮੀਸ਼ਾ ਪਟੇਲ ਦੇ ਦਿਨ ਪਰਤੇ

ਅਮੀਸ਼ਾ ਪਟੇਲ ਦੀ ਬਾਰਾਂ ਸਾਲ ਪਹਿਲਾਂ ਰਿਤਿਕ ਰੌਸ਼ਨ ਨਾਲ 'ਕਹੋ ਨਾ ਪਿਆਰ ਹੈ' ਫ਼ਿਲਮ ਆਈ ਸੀ ਪਰ ਉਸ ਨੂੰ ਰਿਤਿਕ ਰੌਸ਼ਨ ਜਿੰਨਾ ਫਾਇਦਾ ਨਹੀਂ ਸੀ ਹੋਇਆ। ਰਿਤਿਕ ਨਿਰਮਾਤਾ ਨਿਰਦੇਸ਼ਕ ਰਾਕੇਸ਼ ਰੌਸ਼ਨ ਦਾ ਬੇਟਾ ਹੋਣ ਕਰਕੇ ਫਾਇਦਾ ਲੈ ਗਿਆ ਜਦੋਂਕਿ ਅਮੀਸ਼ਾ ਗ਼ੈਰ-ਫ਼ਿਲਮੀ ਪਰਿਵਾਰ ਵਿਚੋਂ ਹੋਣ ਕਰਕੇ ਕਾਫ਼ੀ ਪਿੱਛੇ ਰਹਿ ਗਈ।



ਰਿਤਿਕ ਦੀ ਫ਼ਿਲਮ ਦੇ ਬਾਅਦ ਹੀ ਅਨਿਲ ਸ਼ਰਮਾ ਦੀ ਫ਼ਿਲਮ 'ਗ਼ਦਰ-ਏਕ ਪ੍ਰੇਮ ਕਥਾ' ਸੁਪਰ ਡੁਪਰ ਹਿੱਟ ਰਹੀ ਜਿਸ ਕਰਕੇ ਅਮੀਸ਼ਾ ਨੇ ਢੇਰ ਸਾਰੀਆਂ ਫ਼ਿਲਮਾਂ ਕੀਤੀਆਂ ਜਿਵੇਂ 'ਬਦਰੀ', 'ਯੇਹ ਜ਼ਿੰਦਗੀ ਕਾ ਸਫ਼ਰ', 'ਕ੍ਰਾਂਤੀ', 'ਕਯਾ ਯਹੀ ਪਿਆਰ ਹੈ', 'ਆਪ ਮੁਝੇ ਅੱਛੇ ਲਗਨੇ ਲਗੇ', 'ਹਮਰਾਜ਼', 'ਪਰਵਾਨਾ', 'ਸੁਨੋ ਸਸੁਰਜੀ', 'ਵਾਅਦਾ', ਐਲਾਨ', 'ਜ਼ਮੀਰ', 'ਮੰਗਲ ਪਾਂਡੇ', 'ਮੇਰੇ ਜੀਵਨ ਸਾਥੀ', 'ਤੀਸਰੀ ਆਂਖ', 'ਅਨਕਹੀ', 'ਆਪ ਕੀ ਖਾਤਰ', 'ਹਨੀਮੂਨ', 'ਟ੍ਰੈਵਲਜ਼ ਪ੍ਰਾ. ਲਿ.', 'ਹੇ ਬੇਬੀ', 'ਭੂਲ ਭੁਲੱਈਆ', 'ਓਮ ਸ਼ਾਂਤੀ ਓਮ', 'ਪਰਮਵੀਰ ਚੱਕਰ', 'ਚਤੁਰ ਸਿੰਘ ਟੂ ਸਟਾਰ' ਕੀਤੀਆਂ।

ਇਸ ਸਮੇਂ ਅਮੀਸ਼ਾ ਪਟੇਲ ਕੋਲ 12 ਫ਼ਿਲਮਾਂ ਹਨ ਜਿਨ੍ਹਾਂ ਵਿਚ 'ਰਨ ਭੋਲਾ ਰਨ', 'ਸ਼ਾਰਟ ਕੱਟ ਰੋਮੀਓ', 'ਰੇਸ-2', 'ਭਈਆ ਜੀ ਸੁਪਰਹਿੱਟ', 'ਸਿੰਘ ਸਾਹਿਬ ਦਾ ਗ੍ਰੇਟ','ਦੇਸੀ ਮੈਜਿਕ', 'ਪੈਰਾਡਾਇਸ ਸਟਰੀਟ' ਦੇ ਇਲਾਵਾ ਕਈ ਦੱਖਣ ਦੀਆਂ ਫ਼ਿਲਮਾਂ ਹਨ। ਅਮੀਸ਼ਾ ਹੁਣ ਸੱਚੀ ਸੀਰੀਅਸ ਹੋ ਕੇ ਆਪਣੇ ਕੈਰੀਅਰ 'ਤੇ ਧਿਆਨ ਦੇ ਰਹੀ ਹੈ। 37 ਸਾਲਾ ਅਮੀਸ਼ਾ ਪਟੇਲ ਚਾਹੁੰਦੀ ਹੈ ਕਿ ਉਹ ਹਰ ਸਮੇਂ ਫ਼ਿਲਮਾਂ ਵਿਚ ਬਿਜ਼ੀ ਰਹੇ। ਫ਼ਿਲਮਾਂ ਦੇ ਨਾਲ-ਨਾਲ ਉਹ ਸਮਾਜਿਕ ਸੰਸਥਾਵਾਂ ਨਾਲ ਵੀ ਜੁੜੀ ਹੋਈ ਹੈ ਜੋ ਸਮਾਜ ਭਲਾਈ ਦੇ ਕੰਮ ਕਰਦੀਆਂ ਹਨ ਪਰ ਉਹ ਇਸ ਪ੍ਰਚਾਰ ਤੋਂ ਕਾਫ਼ੀ ਦੂਰ ਹੀ ਰਹਿੰਦੀ ਹੈ।

## *ਜ਼ਿੰਦਗੀ ਦੀ ਬਾਤ ਪਾਉਂਦੀ ਫਿਲਮ*

# ਲਾਈਫ ਇਜ਼ ਗੁੱਡ

ਫ਼ਿਲਮ 'ਲਾਈਫ ਇਜ਼ ਗੁੱਡ' ਜ਼ਿੰਦਗੀ ਵਿਚ ਨਵੇਂ-ਨਵੇਂ ਪਹਿਲੂ ਲੱਭਦੀ ਹੈ। ਇਹ ਲੇਖਕ ਸੁਜੀਤ ਸੇਨ ਦੀ ਨਿੱਜੀ ਜ਼ਿੰਦਗੀ ਵਿਚ ਹੋਈਆਂ ਘਟਨਾਵਾਂ 'ਤੇ ਲਿਖੀ ਕਹਾਣੀ 'ਫ੍ਰੈਂਡਸ਼ਿਪ ਵਿਦ ਏ ਗਰਲ' 'ਤੇ ਆਧਾਰਤ ਹੈ। ਫ਼ਿਲਮ ਦੱਸਦੀ ਹੈ ਕਿ ਜਦੋਂ ਇਨਸਾਨ ਨੂੰ ਇਹ ਲੱਗਣ ਲੱਗੇ ਕਿ ਜ਼ਿੰਦਗੀ ਵਿਚ ਹੁਣ ਕੁਝ ਨਹੀਂ ਰਿਹਾ, ਉਦੋਂ ਹੀ ਇਕ ਨਵੀਂ ਸ਼ੁਰੂਆਤ ਹੁੰਦੀ ਹੈ।

ਮਨੁੱਖੀ ਰਿਸ਼ਤਿਆਂ 'ਤੇ ਆਧਾਰਤ ਕਈ ਫ਼ਿਲਮਾਂ ਬਣ ਚੁੱਕੀਆਂ ਹਨ ਪਰ ਰਿਸ਼ਤਿਆਂ ਦੇ ਨਾਲ-ਨਾਲ ਜ਼ਿੰਦਗੀ ਦਾ ਫਲਸਫਾ ਦੱਸਣ ਵਾਲੀਆਂ ਚੋਣਵੀਆਂ ਫ਼ਿਲਮਾਂ ਹੀ ਬਣੀਆਂ ਹਨ। ਇਕ ਲੰਬੇ ਅਰਸੇ ਪਿੱਛੋਂ ਜੈਕੀ ਸ਼ਰਾਫ ਦੇ ਮੁੱਖ ਕਿਰਦਾਰ ਨਾਲ ਇਹ ਫ਼ਿਲਮ ਸਜੀ ਹੈ। ਇਸ ਫ਼ਿਲਮ ਵਿਚ ਮਿਸ਼ਟੀ ਦੀ ਭੂਮਿਕਾ ਤਿੰਨ ਵੱਖ-ਵੱਖ ਕਲਾਕਾਰਾਂ ਤਿੰਨ ਸਾਲ ਦੀ ਸਾਨੀਆ ਅੰਕਲੇਸਰੀਆ, 13 ਸਾਲਾ ਅੰਕਿਤਾ ਸ੍ਰੀਵਾਸਤਵ ਤੇ 21 ਸਾਲਾ ਅਨੰਨਿਆ ਵਿੱਜ ਨੇ ਨਿਭਾਈ ਹੈ।



'ਲਾਈਫ ਇਜ਼ ਗੁੱਡ' ਦੇ ਨਿਰਮਾਤਾ ਆਨੰਦ ਸ਼ੁਕਲਾ ਦੱਸਦੇ ਹਨ ਕਿ ਜਦੋਂ ਵੀ ਲੱਗਦੈ ਕਿ ਜ਼ਿੰਦਗੀ ਵਿਚ ਸਭ ਕੁਝ ਖਤਮ ਹੋ ਗਿਆ, ਉਦੋਂ ਹੀ ਇਕ ਨਵੀਂ ਸ਼ੁਰੂਆਤ ਹੁੰਦੀ ਹੈ। ਇਸ ਨਜ਼ਰੀਏ ਤੋਂ ਦੇਖਣ 'ਤੇ ਹੀ ਜ਼ਿੰਦਗੀ ਵਿਚ ਖੁਸ਼ੀਆਂ ਆਉਂਦੀਆਂ ਹਨ। ਇਕ ਚੀਜ਼ ਖਤਮ ਤਾਂ ਦੂਜੀ ਚੀਜ਼ ਸ਼ੁਰੂ ਹੁੰਦੀ ਹੈ ਪਰ ਉਸ ਨੂੰ ਦੇਖਣਾ ਆਉਣਾ ਚਾਹੀਦਾ ਹੈ ਜਦੋਂ ਕੋਈ ਨਵਾਂ ਐਲੀਮੈਂਟ ਆਉਂਦਾ ਹੈ ਤਾਂ ਹਰ ਕੋਈ ਆਪਣੇ-ਆਪ ਉਸ ਨਾਲ ਜੁੜ ਜਾਂਦਾ ਹੈ। ਇਸ ਫ਼ਿਲਮ ਦੀ ਕਹਾਣੀ ਦੇ ਕੇਂਦਰ ਵਿਚ ਰਾਮੇਸ਼ਵਰ (ਜੈਕੀ ਸ਼ਰਾਫ) ਹੈ। ਰਾਮੇਸ਼ਵਰ ਆਪਣੀ ਜ਼ਿੰਦਗੀ ਦੇ ਉਸ ਮੁਕਾਮ 'ਤੇ ਪਹੁੰਚ ਗਿਆ ਹੈ, ਜਿਥੇ ਉਸ ਨੂੰ ਲੱਗਦਾ ਕਿ ਹੁਣ ਉਸ ਦੀ ਜ਼ਿੰਦਗੀ ਵਿਚ ਕੁਝ ਨਹੀਂ ਬਚਿਆ ਪਰ ਉਦੋਂ ਹੀ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਅਜੇ ਤਾਂ ਜ਼ਿੰਦਗੀ ਵਿਚ ਬਹੁਤ ਕੁਝ ਹੈ ਤੇ ਉਸ ਦੀ ਜ਼ਿੰਦਗੀ ਬਦਲ ਜਾਂਦੀ ਹੈ। ਬਚਪਨ ਤੋਂ ਰਾਮੇਸ਼ਵਰ ਆਪਣੀ ਮਾਂ ਨਾਲ ਬਹੁਤ ਪਿਆਰ ਕਰਦਾ ਹੈ। ਉਹ ਆਪਣੀ ਮਾਂ ਦੇ ਪਿਆਰ ਵਿਚ ਇੰਨਾ ਕੁ ਡੁੱਬਿਆ ਹੋਇਆ ਹੈ ਕਿ ਮਾਂ ਤੋਂ ਵੱਖ ਹੋਣ ਦੀ ਕਲਪਨਾ ਤੱਕ ਨਹੀਂ ਕਰ ਸਕਦਾ।

ਇਸੇ ਕਾਰਨ ਉਹ ਵਿਆਹ ਵੀ ਨਹੀਂ ਕਰਦਾ ਪਰ ਜਦੋਂ ਉਸ ਦੀ ਮਾਂ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਹੁਣ ਮੇਰੀ ਜ਼ਿੰਦਗੀ ਵਿਚ ਕੁਝ ਨਹੀਂ ਹੈ। ਸਭ ਕੁਝ ਖਤਮ ਹੋ ਗਿਆ ਹੈ। ਉਹ ਤਣਾਅ ਵਿਚ ਪਹੁੰਚ ਜਾਂਦਾ ਹੈ। ਉਹ ਆਤਮ-ਹੱਤਿਆ ਦਾ ਯਤਨ ਕਰਦਾ ਹੈ। ਉਦੋਂ ਹੀ ਉਸ ਦੀ ਜ਼ਿੰਦਗੀ ਵਿਚ ਇਕ ਛੇ ਸਾਲ ਦੀ ਕੁੜੀ ਮਿਸ਼ਟੀ (ਸਾਨੀਆ ਅੰਕਲੇਸਰੀਆ) ਆਉਂਦੀ ਹੈ, ਬਸ ਇਥੋਂ ਹੀ ਰਾਮੇਸ਼ਵਰ ਦੀ ਪੂਰੀ ਜ਼ਿੰਦਗੀ ਬਦਲ ਜਾਂਦੀ ਹੈ। ਉਹ 6 ਸਾਲ ਦੀ ਬੱਚੀ ਆਪਣੀ ਮਾਸੂਮੀਅਤ ਨਾਲ ਰਾਮੇਸ਼ਵਰ ਦੀ ਜ਼ਿੰਦਗੀ ਵਿਚ ਖੁਸ਼ਹਾਲੀ ਲਿਆਉਂਦੀ ਹੈ।

ਫਿਰ ਰਾਮੇਸ਼ਵਰ ਦੀ ਜ਼ਿੰਦਗੀ ਦਾ ਕੇਂਦਰ ਉਹ ਕੁੜੀ ਬਣ ਜਾਂਦੀ ਹੈ ਜਿਸ ਨੂੰ ਉਹ ਪਾਲ-ਪੋਸ ਕੇ ਨਾ ਸਿਰਫ ਵੱਡੀ ਕਰਦਾ ਹੈ ਸਗੋਂ ਉਸ ਦਾ ਵਿਆਹ ਵੀ ਕਰਦਾ ਹੈ। ਇਸ ਫ਼ਿਲਮ ਦਾ ਨਿਰਦੇਸ਼ਕ ਅਨੰਤ ਨਾਰਾਇਣ ਮਹਾਦੇਵਨ ਹੁਣ ਤੱਕ 'ਦਿਲ ਵਿਲ ਪਿਆਰ ਵਿਆਰ', 'ਯੇ ਦਿਲ ਮਾਂਗੇ ਮੋਰ', 'ਅਕਸਰ', 'ਵਿਕਟੋਰੀਆ ਨੰ. 203', 'ਅਗਰ', 'ਅਨਾਮਿਕਾ', 'ਰੈੱਡ ਅਲਰਟ' ਤੇ 'ਸਟੇਇੰਗ ਅਲਾਈਵ' ਵਰਗੀਆਂ ਫ਼ਿਲਮਾਂ ਬਣਾ ਚੁੱਕਾ ਹੈ।

*-ਪਰਸ਼ੋਤਮ ਸਿੰਘ*



SECURE YOUR HOME & BUSINESS
PARTNER WITH
PIXIM
EVERY PIXEL TELLS A STORY
WDR TECHNOLOGY
VISTA
CCTV TECHNOLOGY
Why VISTA CCTV TECHNOLOGY
HIGH QUALITY PRODUCT WITH 2 YEARS WARRANTY
HIGH BRAND REPUTATION
16 YEARS HISTORY IN CCTV
ADVANCE PRODUCT DESIGN
TRAINED TECHNICAL STAFF
PROFESSIONAL INSTALLATION
QUALITY & RESOLUTION BUILD BY TECHNOLOGY NOT BY THE PRICE
High End HD Series
SPECIAL OFFER 4 CAMERAS WITH 4 CH DVR LED MONITOR INCLUDED $1449 +Tax
SPECIAL OFFER 8 CAMERAS INSTALLATION INCLUDED LED MONITOR INCLUDED $2849 +Tax
SPECIAL OFFER 12 CAMERAS INSTALLATION INCLUDED LED MONITOR INCLUDED $4249 +Tax
24/7 HIGH END SECURITY SOLUTION
WE INSTALL ANYWHERE IN USA
14 YEARS EXPERIENCE IN CCTV BUSINESS
Call Sukhpal 661-586-5080
Email : sales@ezchase.com
Customer Service: 1-800-235-1391




ooraa
CREDIT CARD
ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?
ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
ਆਪਣਾ ਕਰੈਡਿਟ ਬਹਾਲ ਕਰਾਓ
Bankruptcy ਤੋਂ ਬਚੋ!
ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ
Achieve financial peace of mind
Get the fast results
100% confidential
Prevent wages garnishment and bank levies
We work in USA & Canada
Resolve your IRS Tax Debt / Problems
100% SATISFACTION GUARANTEED
ਅੱਜ ਹੀ ਸਾਨੂੰ ਕਾਲ ਕਰੋ
(888) 888-9914
www.ooraa.org




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP



YOUR SHOWS
ਤੁਹਾਡੀ ਇੱਛਾ ਅਨੁਸਾਰ
WATCH AMERICAN AND PUNJABI CHANNELS LIKE NEVER BEFORE WITH HOPPER
CATCH KINNA SOHNA TAINU RABB NE BANAYA ON GET PUNJABI WHILE RECORDING GURUMA ON JUS ONE AND PIERS MORGAN TONIGHT ON CNN. ALL AT THE SAME TIME.
SIGN UP TODAY AND RECEIVE
$75 AMERICAN EXPRESS REWARD CARD!
USE CODE: 02INTLDM1
HOME OF SOUTH ASIAN ENTERTAINMENT
PACKAGES STARTING FROM $24.99/MO
jus punjabi
PTC PUNJABI
JUS one
GET ਪੰਜਾਬੀ
gPunjab
MH ONE
CHANNEL SELECTION WILL VARY BY PACKAGE
+
GET Hopper
FREE
WHEN YOU SIGN UP FOR
AMERICA'S TOP 120
OR HIGHER
Monthly DVR fee and receiver fees apply
AMERICA'S TOP 120
SIGN UP TODAY AND GET A $20 MONTHLY DISCOUNT, YOU PAY ONLY $24.99/MO. FOR 12 MONTHS
ENJOY TOP 120 CHANNELS, LIKE:
nick
CNN
food network HD
REQUIRES 24 MONTH AGREEMENT
PICK EITHER PACKAGE OR BOTH!
1.888.242.2276
DISHPUNJABITV.COM
FACEBOOK.COM/DISHPUNJABITV
Must subscribe to a qualifying American HD package to qualify for Hopper receiver. International programming requires additional $10/mo International Basic package or any America's Top package.
American Express® Reward Card: Offer valid for activation and installation of qualifying DISH service and subscription to a South Asian Package $24.99 or greater by 1/16/13. Must activate service by calling 1.888.723.0197 and provide Offer Code 02INTLDM1. Allow 6-8 weeks after service activation for Reward Card delivery. Offer Code required at time of order for service, prior to activation. Limit one Reward Card per DISH account activation. May not be combined with other special offers. After service activation, visit www.mydishrewards.com or call 1-877-682-1215 to check the status of Reward Card and for applicable restrictions for Reward Card usage. This Card is provided pursuant to a loyalty, reward or promotional program and can be used only at US merchants that accept American Express Cards except cruise lines, casinos, ATMs, and recurring billing. © 2012 American Express Prepaid Card Management Corporation. American Express is not a sponsor of the promotion and is not responsible for administration or fulfillment. Neither DISH nor American Express is responsible for Reward Card unclaimed after 180 days of eligibility.
Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. All equipment is leased and must be returned to DISH upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. All prices, packages, programming, features, functionality and offers subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/16/13. © 2012, DISH Network L.L.C. All rights reserved.
© 2012 Viacom International Inc. All Rights Reserved. Nickelodeon, SpongeBob SquarePants and all related titles, logos and characters are trademarks of Viacom International Inc. Created by Stephen Hillenburg.
dish

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਭਨਾਂ ਨੂੰ ਲੱਖ ਲੱਖ ਵਧਾਈ

**ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ**

# Golden State Realty

**Real Estate and Loans Under One Roof**

**ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ**

## Reo/Short Sale Specialist

### We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### WE CAN SELL HUD HOMES ANY WHERE IN CALIFORNIA

### ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento



*2004 to 2006 Award Winner Top 1% Listing Realtor in Bay Area

**Fremont Office:**
86 Pilgrim Loop
Fremont CA 94539
Tel:510-440-9292, Fax:510-656-8941

**Sacramento Office:**
8695 Territorial Way,
Elk Grove CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

### Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969,
NMLS# 352095

## JUST SOLD

1. 4205 Lunar Way
Union City, CA 94587
2. 5329 Calabria Way
Sacramento CA 95835
3. 3167 San Bernardino Way
Union City, CA 94587
4. 34782 Klondike Dr.
Union City, CA 94587
5. 32467 Woodland Dr.,
Union City, CA 94587
6. 1969 Catalpa Way
Hayward, CA 94545
7. 2952 Remington Way
San Jose, CA 95148
8. 32452 Springwood Dr.,
Union City, CA 94587
9. 648 Cayuga Dr.,
San Jose, CA 95123

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**